**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
***Refinance Now***
@ZERO COST
Call Sukhi Gill:510-207-9067

*Jassi Gill*
CA DRE Lic.#01180969 CA DRE# 00966763

**Hardeep S.Rai**
ਇੰਮੀਗ੍ਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Obama Care Covered CA**
ਐਪਲੀਕੇਸ਼ਨ ਭਰਨ ਲਈ ਸਾਨੂੰ ਫੋਨ ਕਰੋ
ਕੋਈ ਫੀਸ ਨਹੀਂ
COVERED CALIFORNIA Certified Insurance Agent
**Ph: 510-797-7989**
e-mail: Duabba1@gmail.com
2450 Peralta Blvd. # 203, Fremont, CA 94536
*Insurance Services Since 1999 License # 0C70672*



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 09, March 4, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਦਿੱਲੀ ਗੁਰਦੁਆਰਾ ਚੋਣਾਂ ਵਿਚ ਬਾਦਲ ਧੜੇ ਦੀ ਮੁੜ ਸਰਦਾਰੀ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬਾਦਲਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਬਾਜ਼ੀ ਮਾਰ ਲਈ ਹੈ। ਐਤਕੀਂ ਕਮੇਟੀ ਦੀਆਂ ਕੁੱਲ 46 ਸੀਟਾਂ ਲਈ 26 ਫਰਵਰੀ ਨੂੰ ਵੋਟਾਂ ਪਈਆਂ ਸਨ। ਸਿੱਖ ਕਤਲੇਆਮ ਸਮੇਂ ਸਭ ਤੋਂ ਵੱਧ ਨੁਕਸਾਨ ਝੱਲਣ ਵਾਲੇ ਤਿਲਕ ਨਗਰ ਵਿਚ ਅਕਾਲੀ ਦਲ ਬਾਦਲ ਦੇ ਉਮੀਦਵਾਰ ਆਤਮਾ ਸਿੰਘ ਲੁਬਾਣਾ ਅਤੇ ਗ੍ਰੇਟਰ ਕੈਲਾਸ਼ ਤੋਂ ਮਨਜੀਤ ਸਿੰਘ ਜੀ.ਕੇ. ਜੇਤੂ ਰਹੇ।

ਸਭ ਤੋਂ ਰੋਚਕ ਮੁਕਾਬਲਾ ਪੰਜਾਬੀ ਬਾਗ ਹਲਕਾ ਨੰਬਰ-9 ਵਿਚ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਪ੍ਰਧਾਨ ਤੇ ਦਿੱਲੀ ਕਮੇਟੀ ਦੇ ਜਰਨਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਅਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਰਮਿਆਨ ਰਿਹਾ। ਇਥੋਂ ਮਨਜਿੰਦਰ ਸਿੰਘ ਸਿਰਸਾ ਜੇਤੂ ਰਹੇ। ਇਸ ਹਲਕੇ ਵਿਚ 7280 ਵੋਟਾਂ ਹਨ ਜਿਨ੍ਹਾਂ ਵਿਚੋਂ 600 ਵੋਟਾਂ ਜਾਅਲੀ ਜਾਂ ਸਹੀ ਨਾ ਹੋਣ ਕਰ ਕੇ ਕੱਟੀਆਂ ਗਈਆਂ ਸਨ। 1200 ਨਵੀਆਂ ਵੋਟਾਂ ਬਣੀਆਂ ਸਨ। ਪਿਛਲੀਆਂ ਚੋਣਾਂ ਦੌਰਾਨ ਮਨਜਿੰਦਰ ਸਿੰਘ ਸਿਰਸਾ ਨੇ ਪਰਮਜੀਤ ਸਿੰਘ ਸਰਨਾ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ ਸੀ।

ਇਸ ਵਾਰ ਦਿੱਲੀ ਕਮੇਟੀ ਚੋਣਾਂ ਵਿਚ ਸਿਰਫ ਦੋ ਨਹੀਂ, ਬਲਕਿ ਪੰਜ ਪਾਰਟੀਆਂ ਚੋਣ ਮੈਦਾਨ ਵਿਚ ਨਿੱਤਰੀਆਂ ਸਨ। ਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ ਧੜਾ) ਦੇ ਨਾਲ ਆਮ ਆਦਮੀ ਪਾਰਟੀ ਵੱਲੋਂ ਪੰਥਕ ਸੇਵਾ ਦਲ ਵੀ ਨਿਤਰਿਆ ਸੀ। ਇਸ ਨੂੰ 'ਆਪ' ਦੇ ਦਿੱਲੀ ਤੋਂ ਐਮ.ਐਲ.ਏ. ਅਵਤਾਰ ਸਿੰਘ ਕਾਲਕਾਜੀ ਚਲਾ ਰਹੇ ਹਨ, ਪਰ ਇਹ ਦਲ ਖਾਤਾ ਵੀ ਨਾ ਖੋਲ੍ਹ ਸਕਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਕਾਲ ਵੈਲਫੇਅਰ ਸੁਸਾਇਟੀ ਵੀ ਮੈਦਾਨ ਵਿਚ ਨਿੱਤਰੀ। ਇਸ ਦੇ ਨਾਲ ਹੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਸੰਸਥਾ ਸਿੱਖ ਸਦਭਾਵਨਾ ਦਲ ਵੀ ਪੂਰੇ ਜੋਸ਼ ਨਾਲ ਚੋਣ ਮੈਦਾਨ ਵਿਚ ਉਤਰਿਆ ਸੀ। ਭਾਈ ਵਡਾਲਾ ਨੇ ਪਿਛਲੇ 5 ਮਹੀਨਿਆਂ ਤੋਂ ਦਿੱਲੀ ਵਿਚ ਹੀ ਡੇਰੇ ਲਾਏ ਹੋਏ ਸਨ। ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਰੋਹ ਨੂੰ ਵੇਖਦੇ ਹੋਏ ਪਹਿਲੀ ਵਾਰ ਬਾਦਲ ਪਰਿਵਾਰ ਇਨ੍ਹਾਂ ਚੋਣਾਂ ਤੋਂ ਦੂਰ ਹੀ ਰਿਹਾ। ਬਾਦਲ ਪਰਿਵਾਰ ਵਿਚੋਂ ਉਪ ਮੁੱਖ ਮੰਤਰੀ ਦੀ ਪਤਨੀ ਹਰਸਿਮਰਤ ਕੌਰ ਬਾਦਲ ਹੀ ਇਨ੍ਹਾਂ ਵਿਚ ਸਰਗਰਮ ਨਜ਼ਰ ਆਏ। ਇਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਬਾਦਲ ਪਰਿਵਾਰ ਨੂੰ ਆਪਣੇ ਪ੍ਰਚਾਰ ਪੋਸਟਰਾਂ ਵਿਚੋਂ ਗਾਇਬ ਕਰੀ ਰੱਖਿਆ।




ਦੱਸਣਯੋਗ ਹੈ ਕਿ ਚੋਣਾਂ ਵਿਚ ਇਸ ਵਾਰ ਸਿਰਫ 45.76 ਫੀਸਦੀ ਵੋਟਿੰਗ ਹੋਈ ਸੀ, ਹਾਲਾਂਕਿ ਇਸ ਵਾਰ ਉਮੀਦਵਾਰਾਂ ਵੱਲੋਂ ਕਾਫੀ ਜ਼ਿਆਦਾ ਵੋਟਿੰਗ ਦੀ ਉਮੀਦ ਕੀਤੀ ਜਾ ਰਹੀ ਸੀ, ਪਰ ਵੋਟਰਾਂ ਦਾ ਉਤਸ਼ਾਹ ਕਾਫੀ ਮੱਠਾ ਨਜ਼ਰ ਆਇਆ। ਦਿੱਲੀ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 55 ਹੈ ਜਿਨ੍ਹਾਂ ਵਿਚ 46 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, ਜਦਕਿ 9 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਨ੍ਹਾਂ 9 ਮੈਂਬਰਾਂ ਵਿਚ ਦੋ ਮੈਂਬਰ ਦਿੱਲੀ ਦੇ ਸਿੱਖਾਂ ਵਿਚੋਂ ਹੁੰਦੇ ਹਨ, ਇਕ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਹੁੰਦਾ ਹੈ ਅਤੇ ਚਾਰ ਮੈਂਬਰਾਂ ਨੂੰ ਅਕਾਲ ਤਖਤ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਚੁਣ ਕੇ ਭੇਜਿਆ ਜਾਂਦਾ ਹੈ। ਬਾਕੀ ਦੋ ਮੈਂਬਰ ਦਿੱਲੀ ਕਮੇਟੀ ਦੇ ਕਾਰਜਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਨਾਮਜ਼ਦ ਕੀਤੇ ਜਾਂਦੇ ਹਨ। ਕਮੇਟੀ ਦੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਕਮੇਟੀ ਦੀ ਐਕਜ਼ੈਕਟਿਵ ਕਮੇਟੀ ਵਿਚ ਪੰਦਰਾਂ ਮੈਂਬਰ ਹੁੰਦੇ ਹਨ ਜਿਨ੍ਹਾਂ ਵਿਚ ਕਮੇਟੀ ਦਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਜਾਇੰਟ ਸਕੱਤਰ ਸਮੇਤ 10 ਹੋਰ ਕਮੇਟੀ ਮੈਂਬਰ ਸ਼ਾਮਲ ਹੁੰਦੇ ਹਨ।

# ਸਿੱਖਾਂ ਅਤੇ ਡੇਰਾ ਪ੍ਰੇਮੀਆਂ 'ਚ ਟਕਰਾਅ ਵਧਿਆ



## ਪਿਉ-ਪੁੱਤ ਦੀ ਮੌਤ ਪਿੱਛੋਂ ਦੋਵੇਂ ਧਿਰਾਂ ਆਹਮੋ-ਸਾਹਮਣੇ

**ਚੰਡੀਗੜ੍ਹ:** ਖੰਨਾ ਦੇ ਪਿੰਡ ਜਗੇੜਾ ਦੇ ਨਾਮ ਚਰਚਾ ਘਰ ਵਿਚ ਡੇਰਾ ਸਿਰਸਾ ਦੇ ਪ੍ਰੇਮੀ ਪਿਉ-ਪੁੱਤ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਹੱਤਿਆ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਕਸਬਾ ਮੱਲਾਂਵਾਲਾ ਵਿਚ ਡੇਰਾ ਪ੍ਰੇਮੀਆਂ ਤੇ ਕੁਝ ਸਿੱਖ ਜਥੇਬੰਦੀਆਂ ਦਰਮਿਆਨ ਝੜਪਾਂ ਨੇ ਸੂਬੇ ਦਾ ਮਾਹੌਲ ਇਕ ਵਾਰ ਫਿਰ ਤਲਖ਼ ਕਰ ਦਿੱਤਾ ਹੈ। ਰੋਹ ਵਿਚ ਆਏ ਡੇਰਾ ਪ੍ਰੇਮੀਆਂ ਨੇ ਲਾਸ਼ਾਂ ਸੜਕ 'ਤੇ ਰੱਖ ਕੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਜਿਸ ਪਿੱਛੋਂ ਵੱਡੀ ਗਿਣਤੀ ਵਿਚ ਡੇਰਾ ਪ੍ਰੇਮੀ ਦੂਰ ਦੁਰਾਡੇ ਤੋਂ ਆਉਣੇ ਸ਼ੁਰੂ ਹੋ ਗਏ। ਅਣਸੁਖਾਵੇਂ ਹਾਲਾਤ ਨਾਲ ਨਜਿੱਠਣ ਲਈ ਦੰਗਾ ਵਿਰੋਧੀ ਦਸਤੇ ਵੀ ਬੁਲਾਏ ਗਏ।


ਇਨ੍ਹਾਂ ਘਟਨਾਵਾਂ ਨੇ ਸੂਬੇ ਵਿਚ ਮਾੜੀ ਕਾਨੂੰਨ ਵਿਵਸਥਾ ਦੀ ਪੋਲ ਵੀ ਖੋਲ੍ਹ ਦਿੱਤੀ ਹੈ। ਦਹਾਕੇ ਭਰ ਤੋਂ ਪੰਜਾਬ ਵਿਚ ਡੇਰਾ ਪ੍ਰੇਮੀਆਂ ਵੱਲੋਂ ਕਰਵਾਈਆਂ ਜਾ ਰਹੀਆਂ ਨਾਮ ਚਰਚਾਵਾਂ ਵਿਵਾਦਾਂ ਵਿਚ ਹਨ। ਡੇਰਾ ਸਿਰਸਾ ਦਾ ਪੰਜਾਬ ਵਿਚਲਾ ਮੁੱਖ ਡੇਰਾ ਸਲਾਬਤਪੁਰਾ ਵਿਖੇ ਹੈ। ਬਠਿੰਡਾ ਜ਼ਿਲ੍ਹੇ ਵਿਚ ਡੇਰਾ ਸਿਰਸਾ ਦੇ ਕਰੀਬ ਅੱਠ ਨਾਮ ਚਰਚਾ ਘਰ ਹਨ। ਬਠਿੰਡਾ ਵਿਚ ਮਈ 2007 ਵਿਚ ਡੇਰਾ ਪ੍ਰੇਮੀਆਂ ਤੇ ਸਿੱਖਾਂ ਵਿਚਾਲੇ ਵਿਵਾਦ ਛਿੜਿਆ ਸੀ। ਉਦੋਂ ਤੋਂ ਹੁਣ ਤੱਕ ਚਾਰ ਡੇਰਾ ਪ੍ਰੇਮੀਆਂ ਦੇ ਕਤਲ ਹੋ ਚੁੱਕੇ ਹਨ, ਜਦੋਂਕਿ ਤਿੰਨ ਪੈਰੋਕਾਰਾਂ ਨੇ ਰੋਸ ਵਜੋਂ ਖੁਦਕੁਸ਼ੀ ਕੀਤੀ ਸੀ। ਹੁਣ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਮੁਖੀ ਵੱਲੋਂ ਇਕ ਸਿਆਸੀ ਪਾਰਟੀ ਨੂੰ ਹਮਾਇਤ ਦੇ ਐਲਾਨ ਨਾਲ ਪਹਿਲਾਂ ਹੀ ਇਸ ਮੁੱਦੇ 'ਤੇ ਧੁਖ ਰਿਹਾ ਵਿਵਾਦ ਹੋਰ ਤੇਜ਼ ਹੋ ਗਿਆ ਸੀ।

ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਮੌੜ ਵਿਖੇ ਕਾਂਗਰਸ ਦੇ ਉਮੀਦਵਾਰ ਅਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ ਉਪਰ ਵੀ

**(ਬਾਕੀ ਸਫਾ 6 'ਤੇ)**


**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING Presents
PARADISE BALLROOMS banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING • SEVERAL BAR OPTIONS
• SILVERWARE • SECURITY
• CHINAWARE • WAIT STAFF
• DECORATED HALL • FULL SETUP INCLUDING TABLE CLOTH, NAPKINS, CHAIRS ETC.
• LINEN
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖਿਆ ਸੰਸਥਾਵਾਂ ਦੇ ਅਕਾਦਮਿਕ ਆਡਿਟ ਦਾ ਫੈਸਲਾ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧੀਨ ਚੱਲ ਰਹੀਆਂ ਸਾਰੀਆਂ ਸਿੱਖਿਆ ਸੰਸਥਾਵਾਂ ਦਾ ਅਕਾਦਮਿਕ ਆਡਿਟ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਇਥੇ ਖ਼ਾਲਸਾ ਕਾਲਜ ਵਿਚ ਡਾਇਰੈਕਟਰ ਸਿੱਖਿਆ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਰੱਖੀ ਬੈਠਕ ਦੌਰਾਨ ਕੀਤਾ।

ਪ੍ਰੋ. ਬਡੂੰਗਰ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਉਨ੍ਹਾਂ ਵਿਚ ਕੌਮਾਂਤਰੀ ਮਿਆਰਾਂ ਮੁਤਾਬਕ ਤਬਦੀਲੀਆਂ ਲਿਆਉਣੀਆਂ ਜ਼ਰੂਰੀ ਹਨ। ਵਿਸ਼ਵ ਦੀਆਂ ਬਿਹਤਰੀਨ ਸੰਸਥਾਵਾਂ ਵਿਚ ਵਿੱਤੀ ਦੇ ਨਾਲ-ਨਾਲ ਅਕਾਦਮਿਕ ਆਡਿਟ ਵੀ ਕੀਤੇ ਜਾਂਦੇ ਹਨ ਜਿਸ ਰਾਹੀਂ ਸੰਸਥਾ ਦੇ ਗੁਣਾਂ ਤੇ ਖਾਮੀਆਂ ਦਾ ਅਧਿਐਨ ਕਰ ਕੇ ਸੁਧਾਰ ਹਿੱਤ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਵਿਸ਼ਵੀ ਮਿਆਰਾਂ ਉੱਪਰ ਕੀਤਾ ਜਾਣ ਵਾਲਾ 'ਸਵਾਕ' ਵਿਸ਼ਲੇਸ਼ਣ ਵੀ ਕੀਤਾ ਜਾਵੇਗਾ। ਇਸ ਮੰਤਵ ਲਈ ਡਾਇਰੈਕਟਰ ਸਿੱਖਿਆ ਡਾ. ਧਰਮਿੰਦਰ ਸਿੰਘ ਉੱਭਾ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ। ਪ੍ਰੋ. ਬਡੂੰਗਰ ਨੇ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੰਸਥਾਵਾਂ ਦੇ ਸਟਾਫ਼ ਤੇ ਪ੍ਰਿੰਸੀਪਲਾਂ ਦੇ ਓਰੀਐਂਟੇਸ਼ਨ ਤੇ ਰਿਫਰੈਸ਼ਰ ਪ੍ਰੋਗਰਾਮ ਕਰਾਉਣ ਸਬੰਧੀ ਹਦਾਇਤ ਵੀ ਕੀਤੀ ਹੈ ਅਤੇ ਇਸ ਮੰਤਵ ਲਈ ਟਰੇਨਿੰਗ ਸਕੂਲ ਕਾਇਮ ਕਰਨ ਦਾ ਫ਼ੈਸਲਾ ਕੀਤਾ ਹੈ।

ਮੀਟਿੰਗ ਵਿਚ ਡਾ. ਧਰਮਿੰਦਰ ਸਿੰਘ ਉੱਭਾ, ਪ੍ਰਿੰਸੀਪਲ ਮੇਜਰ ਜਨਰਲ ਜੀ.ਐੱਸ. ਲਾਂਬਾ, ਸ਼੍ਰੋਮਣੀ ਕਮੇਟੀ ਦੇ ਐਡੀਸ਼ਨਲ ਸਕੱਤਰ ਪਰਮਜੀਤ ਸਿੰਘ ਸਰੋਆ, ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ, ਪ੍ਰਿੰਸੀਪਲ ਡਾ. ਰਮਨਜੀਤ ਕੌਰ, ਡਾ. ਕਰਮਵੀਰ ਸਿੰਘ, ਡਾ. ਰਜਿੰਦਰ ਕੌਰ, ਡਾ. ਹਰਮੀਤ ਕੌਰ, ਪ੍ਰੋ. ਜਸਲੀਨ ਕੌਰ, ਪ੍ਰੋ. ਜਸਪ੍ਰੀਤ ਕੌਰ, ਡਾ. ਰਵਿੰਦਰਜੀਤ ਸਿੰਘ ਅਤੇ ਡਾ. ਜਗਜੀਤ ਸਿੰਘ ਹਾਜ਼ਰ ਸਨ।

## ਪਾਕਿਸਤਾਨ 'ਚ ਵੱਡੇ ਪਰਦੇ 'ਤੇ ਦਿਸੇਗਾ ਸਿੱਖ ਨੌਜਵਾਨ

**ਅੰਮ੍ਰਿਤਸਰ:** ਪਾਕਿਸਤਾਨ ਦੇ ਇਤਿਹਾਸ 'ਚ ਪਹਿਲੀ ਵਾਰ ਪਗੜੀਧਾਰੀ ਸਿੱਖ ਨੌਜਵਾਨ ਵੱਡੇ ਪਰਦੇ 'ਤੇ ਆਪਣੀ ਅਦਾਕਾਰੀ ਦੇ ਜਲਵੇ ਦਿਖਾਏਗਾ। ਲਾਹੌਰ ਦੇ ਤਰਨਜੀਤ ਸਿੰਘ ਨੂੰ ਵੱਡੇ ਬਜਟ ਦੀ ਬਣ ਰਹੀ ਪਾਕਿਸਤਾਨੀ ਫਿਲਮ 'ਏ ਦਿਲ ਮੇਰੇ ਚਲ ਰੇ' ਵਿਚ ਸਹਿ-ਅਭਿਨੇਤਾ ਵਜੋਂ ਲਿਆ ਗਿਆ ਹੈ।

ਉਮਰ ਪ੍ਰੋਡਕਸ਼ਨ ਵੱਲੋਂ ਬਣਾਈ ਜਾ ਰਹੀ ਇਸ ਫਿਲਮ ਦੇ ਨਿਰਦੇਸ਼ਕ ਜ਼ਮਾਲ ਸ਼ਾਹ ਹਨ। ਤਰਨਜੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਸੱਤ ਸਾਲ ਤੋਂ ਵੱਖ ਵੱਖ ਪਾਕਿਸਤਾਨੀ ਟੀ.ਵੀ. ਚੈਨਲਾਂ ਲਈ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰਦਾ ਆ ਰਿਹਾ ਹੈ ਤੇ ਉਹ ਹੁਣ ਤੱਕ 200 ਤੋਂ ਵਧੇਰੇ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰ ਚੁੱਕਾ ਹੈ। ਫਿਲਮ 'ਏ ਦਿਲ ਮੇਰੇ ਚਲ ਰੇ' ਫਿਲਮ ਦੀ ਸ਼ੂਟਿੰਗ ਲਾਹੌਰ, ਇਸਲਾਮਾਬਾਦ ਅਤੇ ਕਰਾਚੀ ਵਿਚ ਕੀਤੀ ਗਈ ਹੈ ਅਤੇ ਇਹ ਇਸ ਸਾਲ ਦੇ ਅਖੀਰ ਤੱਕ ਸਿਨੇਮਾ ਘਰਾਂ ਵਿਚ ਆ ਜਾਵੇਗੀ।

## ਵਿਦੇਸ਼ੀ ਕੈਦੀਆਂ ਦੀ ਜਾਣਕਾਰੀ ਤਲਬ

ਚੰਡੀਗੜ੍ਹ: ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਵਿਦੇਸ਼ੀ ਕੈਦੀਆਂ ਦੀ ਰਿਹਾਈ ਦਾ ਰਾਹ ਪੱਧਰਾ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਇਨ੍ਹਾਂ ਕੈਦੀਆਂ ਦੀ ਜਾਣਕਾਰੀ ਤਲਬ ਕਰ ਲਈ ਹੈ। ਦਰਅਸਲ ਸੁਪਰੀਮ ਕੋਰਟ ਨੇ ਦੇਸ਼ ਦੀਆਂ ਹਾਈਕੋਰਟਾਂ ਨੂੰ ਪੱਤਰ ਲਿਖ ਕੇ ਆਪੇ ਨੋਟਿਸ ਲੈਣ ਦੀ ਹਦਾਇਤ ਕੀਤੀ ਸੀ ਕਿ ਜੇਲ੍ਹਾਂ ਵਿਚ ਬੰਦੀਆਂ ਦੀ ਹਾਲਤ ਸੁਧਾਰੀ ਜਾਵੇ।

ਵਿਸ਼ੇਸ਼ ਕਰ ਕੇ ਅੰਡਰ ਟਰਾਇਲ ਬੰਦੀਆਂ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਇਨ੍ਹਾਂ ਦੇ ਮਾਮਲਿਆਂ ਵਿਚ ਦੋਸ਼ ਪੱਤਰ ਸਮੇਂ ਸਿਰ ਦਾਖਲ ਕੀਤੇ ਜਾਣ ਤਾਂ ਜੋ ਉਨ੍ਹਾਂ ਦੀ ਜ਼ਮਾਨਤ ਸਬੰਧੀ ਮਾਮਲਿਆਂ ਦਾ ਨਿਬੇੜਾ ਸਮੇਂ ਸਿਰ ਕੀਤਾ ਜਾ ਸਕੇ। ਕਿਸੇ ਵੀ ਅੰਡਰ ਟਰਾਇਲ ਬੰਦੀ ਨੂੰ ਛੇ ਮਹੀਨੇ ਤੋਂ ਵੱਧ ਜੇਲ੍ਹ ਵਿਚ ਨਾ ਰੱਖਣ ਦੀ ਹਦਾਇਤ ਸੁਪਰੀਮ ਕੋਰਟ ਨੇ ਕੀਤੀ ਸੀ।

ਇਸ ਤੋਂ ਇਲਾਵਾ ਮਹਿਲਾ ਕੈਦੀਆਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਬਿਹਤਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਸੇ ਪੱਤਰ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪੇ ਨੋਟਿਸ ਲੈ ਕੇ ਸਰਕਾਰ ਕੋਲੋਂ ਰਿਪੋਰਟ ਮੰਗੀ ਸੀ।

# ਬਕਿੰਘਮ ਪੈਲੇਸ ਵਿਚ ਭਾਰਤੀ ਜ਼ਾਇਕਾ

**ਲੰਡਨ:** ਮਹਾਰਾਣੀ ਐਲਿਜ਼ਬੈਥ 2 ਵੱਲੋਂ 'ਯੂ ਕੇ-ਭਾਰਤ ਸਭਿਆਚਾਰ ਸਾਲ' ਦੀ ਮੇਜ਼ਬਾਨੀ ਦੇ ਐਲਾਨ ਨਾਲ ਇਥੋਂ ਦਾ ਬਕਿੰਘਮ ਪੈਲੇਸ ਭਾਰਤੀ ਜ਼ਾਇਕੇ ਦੇ ਇਤਿਹਾਸਕ ਸੁਆਦ ਲਈ ਤਿਆਰ ਹੋ ਜਾਵੇਗਾ। ਦਿਨ ਦੀ ਸ਼ੁਰੂਆਤ ਗ੍ਰੇਨੇਡੀਅਰ ਗਾਰਡਜ਼ ਦੇ ਬੈਂਡ ਨਾਲ ਹੋਵੇਗੀ ਜੋ ਕੇਂਦਰੀ ਲੰਡਨ ਵਿਚ ਪੈਲੇਸ ਦੇ ਬਾਹਰ ਜੁੜੀ ਭੀੜ ਨੂੰ ਰਵਾਇਤੀ ਗਾਰਡ ਸੈਰੇਮਨੀ ਦੌਰਾਨ ਏ.ਆਰ. ਰਹਿਮਾਨ ਦੇ ਔਸਕਰ ਜੇਤੂ ਗੀਤ 'ਜੈ ਹੋ' ਸਮੇਤ ਹੋਰ ਭਾਰਤੀ ਥੀਮ 'ਤੇ ਆਧਾਰਤ ਧੁਨਾਂ ਵਜਾਉਣਗੇ। ਮਗਰੋਂ ਸ਼ਾਮ ਨੂੰ 90 ਸਾਲਾ ਮਹਾਰਾਣੀ ਅਤੇ ਉਨ੍ਹਾਂ ਦੇ ਪਤੀ ਡਿਊਕ ਆਫ਼ ਐਡਿਨਬਰਾ ਪ੍ਰਿੰਸ ਫਿਲਿਪ, ਪੋਤਾ ਪ੍ਰਿੰਸ ਵਿਲੀਅਮ ਤੇ ਉਸ ਦੀ ਪਤਨੀ ਕੇਟ ਮਿਡਲਟਨ ਯੂ ਕੇ-ਭਾਰਤ ਸਭਿਆਚਾਰਕ ਸਬੰਧਾਂ ਦੇ ਜਸ਼ਨਾਂ ਵਜੋਂ ਪਲੇਠੀ ਰਿਸੈਪਸ਼ਨ ਦੀ ਮੇਜ਼ਬਾਨੀ ਕਰਨਗੇ। ਇਸ ਮੌਕੇ ਦੋਵਾਂ ਮੁਲਕਾਂ ਦੇ ਹਿੱਤਾਂ ਨਾਲ ਜੁੜੀਆਂ ਉਚ ਸ਼ਖ਼ਸੀਅਤਾਂ ਵੀ ਹਾਜ਼ਰ ਹੋਣਗੀਆਂ।

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



## ਵਿਆਹ ਤੋਂ 27 ਸਾਲ ਬਾਅਦ ਦੇਸ਼ ਨਿਕਾਲਾ

**ਲੰਡਨ:** ਬਰਤਾਨੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ 27 ਸਾਲ ਤੋਂ ਯੂ.ਕੇ. ਵਿਚ ਵਿਆਹ ਕਰਵਾ ਕੇ ਰਹਿ ਰਹੀ ਦੋ ਬੱਚਿਆਂ ਦੀ ਮਾਂ ਨੂੰ ਦੇਸ਼ ਨਿਕਾ.ਲਾ ਦੇ ਦਿੱਤਾ ਹੈ। ਇਰਾਨਾ ਕਲੈਨਿਲ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਸਿੰਗਾਪੁਰ ਡਿਪੋਰਟ ਕਰ ਦਿੱਤਾ ਹੈ।

ਇਰਾਨਾ ਕਲੈਨਿਲ 1988 ਵਿਚ ਬਰਤਾਨੀਆ ਪਹੁੰਚੀ ਸੀ ਜਿਥੇ ਉਸ ਨੇ ਬਰਤਾਨੀਆ ਦੇ ਨਾਗਰਿਕ ਜ਼ੋਨ ਨਾਲ ਵਿਆਹ ਕਰਵਾ ਲਿਆ। ਇਸ ਤੋਂ ਬਾਅਦ ਉਸ ਦੇ ਦੋ ਬੱਚੇ ਪੈਦਾ ਹੋਏ, ਪਰ ਬਰਤਾਨੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ ਉਸ ਨੂੰ ਇਮੀਗ੍ਰੇਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ।

ਕਲੈਨਿਲ ਦੀ ਲੰਡਨ ਰਹਿੰਦੀ ਨਣਦ ਐਂਜਲਾ ਨੇ ਪੁਸ਼ਟੀ ਕੀਤੀ ਹੈ ਕਿ ਉਸ ਦੀ ਭਾਬੀ ਨੂੰ ਡਿਪੋਰਟ ਕਰ ਦਿੱਤਾ ਗਿਆ ਹੈ। ਉਨ੍ਹਾਂ ਬਰਤਾਨੀਆ ਸਰਕਾਰ ਦੇ ਇਸ ਹੁਕਮ ਨੂੰ ਗੈਰ ਮਨੁੱਖੀ ਵਤੀਰਾ ਕਰਾਰ ਦਿੱਤਾ ਹੈ। ਕਲੈਨਿਲ ਨੇ ਬਰਤਾਨੀਆ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਦੇ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਵੀ ਦਿੱਤੀ ਸੀ। ਇਸ ਉਤੇ ਅੱਠ ਹਜ਼ਾਰ ਪੌਂਡ ਖਰਚਾ ਵੀ ਹੋਇਆ, ਪਰ ਅਦਾਲਤ ਨੇ ਫ਼ੈਸਲਾ ਇਮੀਗ੍ਰੇਸ਼ਨ ਵਿਭਾਗ ਦੇ ਹੱਕ ਵਿਚ ਦੇ ਦਿੱਤਾ। ਕਲੈਨਿਲ 27 ਸਾਲ ਤੋਂ ਸੈਲਾਨੀ ਵੀਜ਼ੇ ਉਤੇ ਬਰਤਾਨੀਆ ਵਿਚ ਰਹਿ ਰਹੀ ਸੀ। ਉਸ ਦਾ ਸੈਲਾਨੀ ਵੀਜ਼ਾ ਪਿਛਲੇ ਸਾਲ ਖ਼ਤਮ ਹੋ ਗਿਆ ਸੀ।

## ਦੋ ਧੀਆਂ ਨੂੰ ਨਹਿਰ 'ਚ ਸੁੱਟਿਆ, ਇਕ ਦੀ ਮੌਤ

**ਲੁਧਿਆਣਾ:** ਬਾੜੇਵਾਲ ਨੇੜੇ ਜਾਂਦੀ ਸਿੱਧਵਾਂ ਨਹਿਰ ਵਿਚ ਡੁੱਬਣ ਨਾਲ ਨਾਬਾਲਗ ਲੜਕੀ ਦੀ ਮੌਤ ਹੋ ਗਈ ਹੈ ਜਦਕਿ ਉਸ ਦੀ ਭੈਣ ਦੀ ਹਾਲਤ ਗੰਭੀਰ ਹੈ। ਲੜਕੀ ਦੀ ਸ਼ਨਾਖਤ ਪ੍ਰਿਯਾ (15) ਵਜੋਂ ਕੀਤੀ ਗਈ। ਉਸ ਦੀ ਭੈਣ ਆਸ਼ਾ (14) ਹਸਪਤਾਲ ਦਾਖਲ ਹੈ।

ਜਾਂਚ ਅਧਿਕਾਰੀ ਐਸ.ਐਚ.ਓ. ਦਵਿੰਦਰ ਸ਼ਰਮਾ ਨੇ ਦੱਸਿਆ ਕਿ ਆਸ਼ਾ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦੇ ਮਾਂ-ਪਿਓ ਨਹੀਂ ਹਨ ਅਤੇ ਉਹ ਰੇਲਵੇ ਸਟੇਸ਼ਨ 'ਤੇ ਰਹਿੰਦੀਆਂ ਹਨ। ਕਿਸੇ ਰਾਹਗੀਰ ਨੇ ਉਨ੍ਹਾਂ ਨੂੰ ਖਾਣ ਲਈ ਪੈਟੀ ਦਿੱਤੀ ਸੀ ਜਿਸ ਨੂੰ ਖਾਣ ਉਪਰੰਤ ਉਹ ਬੇਹੋਸ਼ ਹੋ ਗਈਆਂ। ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਹ ਨਹਿਰ ਦੇ ਕੰਢੇ ਸੀ। ਉਨ੍ਹਾਂ ਦੱਸਿਆ ਕਿ ਡਾਕਟਰੀ ਜਾਂਚ ਦੌਰਾਨ ਇਨ੍ਹਾਂ ਨਾਲ ਸਰੀਰਕ ਛੇੜਖਾਨੀ ਦੀ ਪੁਸ਼ਟੀ ਨਹੀਂ ਹੋਈ ਹੈ। ਡੀ.ਸੀ.ਪੀ. ਭੁਪਿੰਦਰ ਨੇ ਦੱਸਿਆ ਕਿ ਲੜਕੀ ਆਸ਼ਾ ਵੱਲੋਂ ਪੁਲਿਸ ਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਪਿਤਾ ਵੱਲੋਂ ਹੀ ਉਨ੍ਹਾਂ ਨੂੰ ਜ਼ਹਿਰੀਲੀ ਪੈਟੀ ਖੁਆ ਕੇ ਉਨ੍ਹਾਂ ਨੂੰ ਨਹਿਰ ਵਿਚ ਸੁੱਟ ਦਿੱਤਾ ਗਿਆ ਸੀ, ਪਰ ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਇਸ ਬਿਆਨ ਦੀ ਵੀ ਤਸਦੀਕ ਕੀਤੀ ਜਾ ਰਹੀ ਹੈ ਕਿਉਂਕਿ ਲੜਕੀ ਵਾਰ-ਵਾਰ ਆਪਣੇ ਬਿਆਨ ਬਦਲ ਰਹੀ ਹੈ।

## ਸ਼੍ਰੋਮਣੀ ਕਮੇਟੀ ਬਣਾਏਗੀ ਦੋ ਸਰਾਵਾਂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਨਵੀਆਂ ਸਰਾਵਾਂ ਅਤੇ ਕਾਰ ਤੇ ਮੋਟਰਸਾਈਕਲ-ਸਕੂਟਰ ਪਾਰਕਿੰਗ ਬਣਾਉਣ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦਸਿਆ ਕਿ ਪ੍ਰੋ. ਬਡੂੰਗਰ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਫੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦੀ ਅਕਾਲੀ ਮਾਰਕਿਟ ਸਥਿਤ ਪੰਜ ਏਕੜ ਜ਼ਮੀਨ ਵਿਚ ਸ਼ਰਧਾਲੂਆਂ ਲਈ ਬਹੁ-ਮੰਜ਼ਿਲੀ ਸਰਾਂ, ਪਾਰਕਿੰਗ ਸਥਾਨ, ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਲਈ ਘਰ ਤੇ ਇਸ ਸਥਾਨ 'ਤੇ ਕਾਬਜ਼ ਦੁਕਾਨਦਾਰਾਂ ਲਈ ਦੁਕਾਨਾਂ ਬਣਾਈਆਂ ਜਾਣਗੀਆਂ।

ਇਸ ਦਾ ਨਕਸ਼ਾ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਅਕਾਲੀ ਮਾਰਕਿਟ ਦੇ ਦੋ ਰਸਤਿਆਂ ਦਾ ਵਿਸਥਾਰ ਵੀ ਕੀਤਾ ਜਾਵੇਗਾ। ਰਾਮਸਰ ਰੋਡ ਵਿਖੇ ਖਾਲੀ ਹੋਣ ਵਾਲੀ ਜਗ੍ਹਾ 'ਤੇ ਵੀ ਬਹੁ-ਮੰਜ਼ਲੀ ਸਰਾਂ ਬਣਾਈ ਜਾਵੇਗੀ। ਬੁਰਜ ਅਕਾਲੀ ਫੂਲਾ ਸਿੰਘ ਦੇ ਪਿਛਲੇ ਪਾਸੇ ਹੰਸਲੀ ਵਾਲੀ ਜਗ੍ਹਾ 'ਤੇ ਪਾਰਕਿੰਗ ਬਣਾਉਣ ਨੂੰ ਵੀ ਪ੍ਰਵਾਨਗੀ ਦਿਤੀ ਗਈ ਹੈ।

## ਕਸ਼ਮੀਰ ਵਿਚ ਸੋਧੀਆਂ ਪੈਲੇਟ ਬੰਦੂਕਾਂ ਵਰਤਣ ਦਾ ਫ਼ੈਸਲਾ

**ਨਵੀਂ ਦਿੱਲੀ:** ਜੰਮੂ ਤੇ ਕਸ਼ਮੀਰ ਵਿਚ ਮੁਜ਼ਾਹਰਿਆਂ ਵਿਚ ਪੈਲੇਟ ਬੰਦੂਕਾਂ ਦੀ ਵਰਤੋਂ ਨਾਲ ਸੈਂਕੜੇ ਲੋਕਾਂ ਦੇ ਗੰਭੀਰ ਰੂਪ ਵਿਚ ਅੱਖਾਂ ਤੋਂ ਜ਼ਖ਼ਮੀ ਹੋਣ ਪਿੱਛੋਂ ਹੁਣ ਕਿਸੇ ਅਤਿਵਾਦ ਵਿਰੋਧੀ ਕਿਸੇ ਆਪਰੇਸ਼ਨ ਤੋਂ ਪਹਿਲਾਂ ਜਾਂ ਦੌਰਾਨ ਕਿਸੇ ਵੀ ਮੁਜ਼ਾਹਰੇ ਨੂੰ ਰੋਕਣ ਲਈ ਸੋਧੀਆਂ ਹੋਈਆਂ ਪੈਲੇਟ ਬੰਦੂਕਾਂ ਦੀ ਵਰਤੋਂ ਕੀਤੀ ਜਾਵੇਗੀ।

ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਕੇ. ਦੁਰਗਾ ਪ੍ਰਸਾਦ ਜੋ ਸੇਵਾ ਮੁਕਤ ਹੋ ਗਏ ਹਨ, ਨੇ ਦੱਸਿਆ ਕਿ ਸੀ.ਆਰ.ਪੀ.ਐਫ. ਨੇ ਸੋਧੀਆਂ ਹੋਈਆਂ ਪੈਲੇਟ ਬੰਦੂਕਾਂ ਵਰਤਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਘੱਟ ਤੋਂ ਘੱਟ ਲੋਕ ਜ਼ਖ਼ਮੀ ਹੋਣ। ਇਸੇ ਦੌਰਾਨ ਨਕਸਲੀ ਇਲਾਕਿਆਂ ਵਿਚ ਛੁਪਾ ਕੇ ਰੱਖੇ ਦੇਸੀ ਬੰਬਾਂ ਅਤੇ ਬਾਰੂਦੀ ਸੁਰੰਗਾਂ ਜਿਨ੍ਹਾਂ ਨਾਲ ਦੇਸ਼ ਦੇ ਸਭ ਤੋਂ ਵੱਡੇ ਨੀਮ ਫ਼ੌਜੀ ਬਲ ਸੀ.ਆਰ.ਪੀ.ਐਫ. ਦਾ ਭਾਰੀ ਜਾਨੀ ਨੁਕਸਾਨ ਹੁੰਦਾ ਹੈ, ਦਾ ਪਤਾ ਲਾਉਣ ਲਈ ਹੁਣ ਸੀ.ਆਰ.ਪੀ.ਐਫ. ਨਵੇਂ ਯੰਤਰ 'ਰੋਬੋ ਕਾਪ' ਦੀ ਸਹਾਇਤਾ ਲਵੇਗੀ। ਸ੍ਰੀ ਦੁਰਗਾ ਨੇ ਕਿਹਾ ਕਿ ਆਈ.ਆਈ.ਟੀ. ਮੁੰਬਈ ਦੇ ਸਲਾਹ-ਮਸ਼ਵਰੇ ਨਾਲ ਰੋਬੋਟਿਕ ਯੰਤਰ ਦੀਆਂ ਖੂਬੀਆਂ ਦਾ ਪਤਾ ਲਾਇਆ ਜਾ ਰਿਹਾ ਹੈ।

## ਪੱਤਰਕਾਰ ਖ਼ੁਦਕੁਸ਼ੀ ਕੇਸ 'ਚ ਸਾਬਕਾ ਵਿਧਾਇਕ ਦੋਸ਼ੀ ਕਰਾਰ

**ਅੰਬਾਲਾ:** ਨਰਾਇਣਗੜ੍ਹ ਦੇ ਸਾਬਕਾ ਵਿਧਾਇਕ ਅਤੇ ਹੁੱਡਾ ਸਰਕਾਰ ਵਿਚ ਮੁੱਖ ਪਾਰਲੀਮਾਨੀ ਸਕੱਤਰ ਰਹੇ ਰਾਮ ਕਿਸ਼ਨ ਗੁੱਜਰ ਸਮੇਤ ਤਿੰਨ ਵਿਅਕਤੀਆਂ ਨੂੰ ਅਦਾਲਤ ਨੇ ਨਰਾਇਣਗੜ੍ਹ ਦੇ ਪੱਤਰਕਾਰ ਪੰਕਜ ਖੰਨਾ ਦੇ ਖ਼ੁਦਕੁਸ਼ੀ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਕੇਂਦਰੀ ਜੇਲ੍ਹ ਭੇਜ ਦਿੱਤਾ। ਕੇਸ ਦਾ ਫ਼ੈਸਲਾ 2 ਮਾਰਚ ਨੂੰ ਸੁਣਾਇਆ ਜਾਵੇਗਾ। ਦੋ ਹੋਰ ਦੋਸ਼ੀਆਂ ਮਿਕੀ ਲਾਲਾ ਅਤੇ ਅਜੀਤ ਅਗਰਵਾਲ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ ਹੈ।

### -ਮੂਰਥਲ ਕਾਂਡ-

## ਜੱਜ 'ਤੇ ਦਬਾਅ ਨਾ ਪਾਉਣ ਦੀ ਹਦਾਇਤ

**ਚੰਡੀਗੜ੍ਹ:** ਐਡੀਸ਼ਨਲ ਸੈਸ਼ਨ ਜੱਜ ਗਗਨ ਗੀਤ ਕੌਰ ਵੱਲੋਂ ਮੂਰਥਲ ਬਲਾਤਕਾਰ ਕੇਸ ਵਿਚ ਸੀ ਬੀ ਆਈ ਨੂੰ ਕਟਹਿਰੇ ਵਿਚ ਖੜ੍ਹਾ ਕੀਤੇ ਜਾਣ ਤੋਂ ਤਿੰਨ ਮਹੀਨੇ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਹ ਕਹਿੰਦਿਆਂ ਸਮੁੱਚੇ ਅਦਾਲਤੀ ਢਾਂਚੇ ਨੂੰ ਹਲੂਣ ਕੇ ਰੱਖ ਦਿੱਤਾ ਕਿ ਇਹ ਮੰਨਦੀ ਹੈ ਕਿ ਜੱਜ ਉਤੇ ਇਸ ਮਾਮਲੇ ਵਿਚ ਦਬਾਅ ਪਾਇਆ ਗਿਆ ਸੀ। ਇਸ ਦੇ ਨਾਲ ਹੀ ਬੈਂਚ ਨੇ ਹਰਿਆਣਾ ਸਰਕਾਰ ਨੂੰ ਵੀ ਆਖਿਆ ਕਿ ਉਹ ਜੱਜ ਉਤੇ ਦਬਾਅ ਨਾ ਪਾਵੇ।

ਜਸਟਿਸ ਐਸ ਐਸ ਸਾਰੋਂ ਅਤੇ ਜਸਟਿਸ ਦਰਸ਼ਨ ਸਿੰਘ ਨੇ ਭਾਵੇਂ ਵਿਸਥਾਰ ਵਿਚ ਜਾਣ ਤੋਂ ਨਾਂਹ ਕਰ ਦਿੱਤੀ, ਪਰ ਇਸ ਨਾਲ ਹੇਠਲੀ ਨਿਆਂ ਪਾਲਿਕਾ ਦੇ ਆਜ਼ਾਦੀ ਨੂੰ ਬਚਾਉਣ ਦਾ ਮਾਮਲਾ ਇਕ ਵਾਰੀ ਫਿਰ ਉਭਰ ਕੇ ਸਾਹਮਣੇ ਆ ਗਿਆ ਹੈ।

*To Advertise with Punjab Times*
***Call: 847-359-0746***

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes and Gardens Real Estate | MASON-McDUFFIE

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
email: sanjana4loans@gmail.com

Arcus Lending — America's Premier Mortgage Experts
Arcus NMLS # 1035734
ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਸਿੱਖ ਕਤਲੇਆਮ: ਹਾਈ ਕੋਰਟ ਨੇ ਸੱਜਣ ਕੁਮਾਰ ਕੇਸ ਬਾਰੇ ਮੰਗੇ ਵੇਰਵੇ

**ਨਵੀਂ ਦਿੱਲੀ**: ਦਿੱਲੀ ਹਾਈ ਕੋਰਟ ਨੇ ਸਿੱਖ ਕਤਲੇਆਮ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਕਤਲੇਆਮ ਸਬੰਧੀ ਕਾਂਗਰਸ ਆਗੂ ਸੱਜਣ ਕੁਮਾਰ ਖਿਲਾਫ਼ ਦਾਇਰ ਵੱਖ-ਵੱਖ ਕਤਲ ਕੇਸਾਂ ਦੇ ਸਮੇਂ ਬਾਰੇ ਜਾਣਕਾਰੀ ਦੇਣ ਲਈ ਆਖਿਆ ਹੈ। ਬੈਂਚ ਨੇ ਹੁਕਮਾਂ ਵਿਚ ਆਖਿਆ, 'ਤੁਸੀਂ (ਸਿੱਟ) ਲਾਜ਼ਮੀ ਮੁਦਾਇਲਾ (ਸੱਜਣ ਕੁਮਾਰ) ਦੀ ਸ਼ਮੂਲੀਅਤ ਵਾਲੇ ਕੇਸਾਂ ਦੀ ਜਾਂਚ ਕੀਤੀ ਹੋਵੇਗੀ। ਇਸ ਕਾਰਨ, ਤੁਹਾਨੂੰ ਲਾਜ਼ਮੀ ਉਸ ਤੇ ਹੋਰਨਾਂ ਖਿਲਾਫ਼ ਦਰਜ ਐਫ.ਆਈ. ਆਰਜ਼. ਦੇ ਸਮੇਂ ਦਾ ਪਤਾ ਹੋਵੇਗਾ।'

ਕੇਸ ਦਰਜ ਹੋਣ ਦੇ ਸਮੇਂ ਦੀ ਮੰਗ ਇਸ ਕਾਰਨ ਕੀਤੀ ਗਈ ਹੈ, ਕਿਉਂਕਿ ਸੱਜਣ ਕੁਮਾਰ ਕਤਲੇਆਮ ਕੇਸਾਂ ਵਿਚ ਮੁਲਜ਼ਮ ਹੈ ਅਤੇ ਅਦਾਲਤ ਨੇ ਸ਼ੱਕ ਜ਼ਾਹਰ ਕੀਤਾ ਹੈ ਕਿ ਕੋਈ ਇਕ ਬੰਦਾ ਇੰਨੇ ਕੇਸਾਂ ਵਿਚ ਕਿਵੇਂ ਸ਼ਾਮਲ ਹੋ ਸਕਦਾ ਹੈ। ਅਦਾਲਤ ਨੇ ਸਿੱਟ ਨੂੰ ਹੇਠਲੀ ਅਦਾਲਤ ਦੇ ਉਸ ਫੈਸਲੇ ਦੀ ਕਾਪੀ ਵੀ ਦੇਣ ਲਈ ਆਖਿਆ ਹੈ, ਜਿਸ ਰਾਹੀਂ ਮੁਲਜ਼ਮ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਸੀ। ਅਦਾਲਤ ਨੇ ਸੱਜਣ ਕੁਮਾਰ ਤੇ ਹੋਰਨਾਂ ਮੁਲਜ਼ਮਾਂ ਖਿਲਾਫ਼ ਇਸ ਸਬੰਧੀ ਦਾਖਲ ਚਾਰਜਸ਼ੀਟ ਵੀ ਪੇਸ਼ ਕਰਨ ਲਈ ਆਖਿਆ ਹੈ। ਅਦਾਲਤ ਨੇ ਹੁਕਮ ਦਿੱਤਾ ਕਿ ਇਹ ਸਾਰੇ ਦਸਤਾਵੇਜ਼ ਮਾਮਲੇ ਦੀ ਸੁਣਵਾਈ ਦੀ ਅਗਲੀ ਤਰੀਕ 14 ਮਾਰਚ ਨੂੰ ਪੇਸ਼ ਕੀਤੇ ਜਾਣ। ਸਿੱਟ ਨੂੰ ਇਹ ਹੁਕਮ ਉਦੋਂ ਦਿੱਤੇ, ਜਦੋਂ ਇਹ ਸੱਜਣ ਕੁਮਾਰ ਖਿਲਾਫ਼ ਦਰਜ 10 ਐਫ.ਆਈ.ਆਰ. ਵਿਚੋਂ ਦੋ ਦਾ ਸਮਾਂ ਦੱਸਣ ਵਿਚ ਨਾਕਾਮ ਰਹੀ। ਸਿੱਟ ਵੱਲੋਂ ਅਦਾਲਤ ਵਿਚ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਸੰਜੇ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਭੜਕੇ ਦੰਗਿਆਂ ਸਬੰਧੀ ਮੁਲਜ਼ਮ ਖਿਲਾਫ਼ ਦਿੱਲੀ ਵਿਚ 10 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਸਾਰੀਆਂ ਐਫ.ਆਈ.ਆਰ. ਦਾ ਸਮਾਂ ਵੱਖੋ-ਵੱਖਰਾ ਹੈ, ਜਿਸ ਤੋਂ ਮੁਲਜ਼ਮ ਦੀ ਮਾਮਲਿਆਂ ਵਿਚ ਸ਼ਮੂਲੀਅਤ ਦਾ ਪਤਾ ਲੱਗਦਾ ਹੈ। ਗੌਰਤਲਬ ਹੈ ਕਿ ਬੈਂਚ ਵੱਲੋਂ ਮੁਲਜ਼ਮ ਨੂੰ ਤਿੰਨ ਸਿੱਖਾਂ ਦੇ ਕਤਲ ਕੇਸ ਵਿਚ ਹੇਠਲੀ ਅਦਾਲਤ ਵੱਲੋਂ ਬੀਤੀ 21 ਦਸੰਬਰ ਨੂੰ ਦਿੱਤੀ ਅਗਾਊਂ ਜ਼ਮਾਨਤ ਰੱਦ ਕਰਨ ਸਬੰਧੀ ਸੁਣਵਾਈ ਕੀਤੀ ਜਾ ਰਹੀ ਹੈ।



## ਹੁਣ ਮਸ਼ੀਨ ਹੀ ਫੜੇਗੀ ਟਾਈਟਲਰ ਦਾ 'ਝੂਠ'

**ਨਵੀਂ ਦਿੱਲੀ:** ਜਗਦੀਸ਼ ਟਾਈਟਲਰ ਨੇ ਭਾਵੇਂ 'ਲਾਈ ਡਿਟੈਕਟਰ' ਟੈਸਟ ਕਰਵਾਉਣ ਤੋਂ ਨਾਂਹ ਕੀਤੀ ਸੀ, ਪਰ ਦਿੱਲੀ ਅਦਾਲਤ ਨੇ 16 ਮਾਰਚ ਨੂੰ ਟਾਈਟਲਰ ਦਾ ਲਾਈ ਡਿਟੈਕਟਰ ਕਰਵਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। 1984 ਦੇ ਸਿੱਖ ਕਤਲੇਆਮ ਮਾਮਲਿਆਂ ਵਿਚ ਜਗਦੀਸ਼ ਟਾਈਟਲਰ ਖਿਲਾਫ ਕਈ ਮੁਕੱਦਮੇ ਚੱਲ ਰਹੇ ਹਨ। ਜ਼ਿਕਰਯੋਗ ਹੈ ਕਿ ਟਾਈਟਲਰ ਦਾ ਲਾਈ ਡਿਟੈਕਟਰ ਕਰਵਾਉਣ ਦੀ ਮੰਗ ਕਰਦੀ ਪਟੀਸ਼ਨ ਪਾਈ ਗਈ ਸੀ, ਪਰ ਟਾਈਟਲਰ ਨੇ ਟੈਸਟ ਕਰਵਾਉਣ ਤੋਂ ਨਾਂਹ ਕਰ ਦਿੱਤੀ ਸੀ। ਇਸ ਦੇ ਨਾਲ ਹੀ ਦਿੱਲੀ ਦੀਆਂ ਵੱਖ-ਵੱਖ ਅਦਾਲਤਾਂ ਵਿਚ ਵੱਖ-ਵੱਖ ਮਾਮਲਿਆਂ ਦੀਆਂ ਸੁਣਵਾਈਆਂ ਵੀ ਹੋਈਆਂ। ਕੜਕੜਡੂੰਮਾ ਅਦਾਲਤ ਅੰਦਰ ਚੱਲੇ ਮਾਮਲੇ ਅੰਦਰ ਅਭਿਸ਼ੇਕ ਵਰਮਾ ਤੇ ਜਗਦੀਸ਼ ਟਾਈਟਲਰ ਨੇ ਅਪਣੇ ਲਿਖਤੀ ਬਿਆਨ ਦਰਜ ਕਰਵਾਏ ਸਨ। ਇਸ ਮਾਮਲੇ ਵਿਚ ਅਗਲੀ ਸੁਣਵਾਈ 16 ਮਾਰਚ ਨੂੰ ਹੋਵੇਗੀ। ਦੂਜਾ ਮਾਮਲਾ ਦਵਾਰਕਾ ਅਦਾਲਤ ਵੱਲੋਂ ਦਿੱਤੀ ਸੱਜਣ ਕੁਮਾਰ ਨੂੰ ਜ਼ਮਾਨਤ ਖਿਲਾਫ ਹਾਈ ਕੋਰਟ ਵਿਚ ਚੱਲੀ ਸੁਣਵਾਈ ਵਿਚ ਐਸ.ਆਈ.ਟੀ. ਵੱਲੋਂ ਅਦਾਲਤ ਨੂੰ ਕਤਲੇਆਮ ਵਾਲੇ ਦਿਨਾਂ ਦੇ ਸੱਜਣ ਕੁਮਾਰ ਦੇ ਵੇਰਵੇ ਦਾਖਲ ਕਰਵਾਏ ਗਏ। ਇਨ੍ਹਾਂ ਅੰਦਰ ਸੱਜਣ ਕੁਮਾਰ ਕਿਥੇ-ਕਿਥੇ ਗਿਆ ਤੇ ਦੰਗਿਆਂ ਵਿਚ ਸੱਜਣ ਕੁਮਾਰ ਵੱਲੋਂ ਕੀ ਰੋਲ ਨਿਭਾਇਆ ਗਿਆ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 14 ਮਾਰਚ ਨੂੰ ਹੋਵੇਗੀ।

## ਅਭਿਸ਼ੇਕ ਨੇ ਸ਼ਰਤ ਤਹਿਤ ਦਿੱਤੀ ਟੈਸਟ ਲਈ ਸਹਿਮਤੀ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਨਾਮਜ਼ਦ ਅਭਿਸ਼ੇਕ ਵਰਮਾ ਨੇ ਕਿਹਾ ਹੈ ਕਿ ਉਹ ਲਾਈ-ਡੀਟੈਕਟਰ ਟੈਸਟ ਕਰਵਾਉਣ ਲਈ ਤਿਆਰ ਹੈ, ਪਰ ਇਸ ਤੋਂ ਪਹਿਲਾਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਜਿਸ ਨੂੰ ਸੀ.ਬੀ.ਆਈ. ਨੇ ਇਸ ਮਾਮਲੇ 'ਚ ਕਲੀਨ ਚਿੱਟ ਦਿੱਤੀ ਹੈ, ਵੀ ਇਸ ਟੈਸਟ ਲਈ ਸਹਿਮਤੀ ਦੇਵੇ। ਵਰਮਾ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਨੂੰ ਖਤਰਾ ਦੱਸਦਿਆਂ ਅਦਾਲਤ ਨੂੰ ਕਿਹਾ ਕਿ ਉਸ ਨੂੰ ਪੋਲੀਗ੍ਰਾਫ ਟੈਸਟ ਕਰਵਾਉਣ 'ਤੇ ਕੋਈ ਇਤਰਾਜ ਨਹੀਂ ਹੈ, ਜੇਕਰ ਉਸ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਸ ਟੈਸਟ ਦੀ ਵੀਡੀਓਗ੍ਰਾਫੀ ਕੀਤੀ ਜਾਂਦੀ ਹੈ।

# ਅਰਦਾਸ ਮਾਮਲੇ 'ਚ ਮਲੂਕਾ ਨੂੰ ਪੰਥ ਵਿਚੋਂ ਛੇਕਿਆ




**ਅੰਮ੍ਰਿਤਸਰ:** ਸਿੱਖ ਅਰਦਾਸ ਦੀ ਤੋੜ-ਮਰੋੜ ਕਰਨ ਦੇ ਮਾਮਲੇ ਵਿਚ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ। ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਮਲੂਕਾ ਨੂੰ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਦੋ ਵਾਰ ਪੇਸ਼ ਨਹੀਂ ਹੋਏ। ਇਸ ਲਈ ਮੀਟਿੰਗ ਦੌਰਾਨ ਮਲੂਕਾ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕੀਤਾ ਹੈ। ਉਂਜ, ਮਲੂਕਾ ਇਸ ਮਾਮਲੇ ਵਿਚ ਅਕਾਲ ਤਖਤ ਸਾਹਿਬ ਵੱਲੋਂ ਲਾਈ ਗਈ ਧਾਰਮਿਕ ਸਜ਼ਾ ਪੂਰੀ ਕਰ ਚੁੱਕੇ ਹਨ। ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਵੱਲੋਂ ਸਿਕੰਦਰ ਸਿੰਘ ਮਲੂਕਾ, ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਖਿਲਾਫ ਸਖਤ ਕਾਰਵਾਈ ਦਾ ਐਲਾਨ ਕੀਤਾ ਗਿਆ।

ਪਿਛਲੀ ਮੀਟਿੰਗ ਸਮੇਂ ਮੁਤਵਾਜ਼ੀ ਜਥੇਦਾਰਾਂ ਵੱਲੋਂ ਇਨ੍ਹਾਂ ਆਗੂਆਂ ਨੂੰ 'ਦੋਸ਼ੀ' ਕਰਾਰ ਦਿੱਤਾ ਗਿਆ ਸੀ। ਇਸ ਮੌਕੇ ਇਨ੍ਹਾਂ ਨਾਲ ਕੋਈ ਸਬੰਧ ਨਾ ਰੱਖਣ ਦਾ ਆਦੇਸ਼ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ 'ਤੇ ਸਿੱਖ ਅਰਦਾਸ ਦੀ ਨਕਲ ਦੇ ਦੋਸ਼ ਲੱਗੇ ਸਨ। ਇਸ ਸਬੰਧੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਤਨਖਾਹ ਲਾਈ ਜਾ ਚੁੱਕੀ ਹੈ। ਇਸੇ ਤਰ੍ਹਾਂ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿਪਲੀ ਵਾਲੇ 'ਤੇ ਵਿਆਖਿਆ ਦੌਰਾਨ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕਰਨ ਦੇ ਦੋਸ਼ ਲੱਗੇ ਸਨ ਤੇ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੇ ਵਿਚਾਰਅਧੀਨ ਸੀ। ਕਾਬਲੇਗੌਰ ਹੈ ਕਿ ਆਪਣੇ ਚੋਣ ਦਫਤਰ ਦੇ ਉਦਘਾਟਨ ਮੌਕੇ ਕੀਤੀ ਅਰਦਾਸ ਨੂੰ ਲੈ ਕੇ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਵਿਵਾਦਾਂ ਵਿਚ ਘਿਰ ਗਏ ਸਨ।

ਮਲੂਕਾ ਤੇ ਉਥੇ ਮੌਜੂਦ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇਸ ਬਾਰੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਸੀ, ਪਰ ਉਨ੍ਹਾਂ ਵੱਲੋਂ ਕੋਈ ਵੀ ਪੇਸ਼ ਨਹੀਂ ਹੋਇਆ। ਇਸ ਬਾਰੇ ਬਣਾਈ ਜਾਂਚ ਕਮੇਟੀ ਵੱਲੋਂ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਸਿਕੰਦਰ ਸਿੰਘ ਮਲੂਕਾ, ਸਤਨਾਮ ਸਿੰਘ ਭਾਈਰੂਪਾ ਤੇ ਮੇਜਰ ਸਿੰਘ ਨੂੰ ਪਹਿਲਾਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਹੁਣ ਇਨ੍ਹਾਂ ਤਿੰਨਾਂ ਦੋਸ਼ੀਆਂ ਨੂੰ ਪੰਥ ਵਿਚੋਂ ਛੇਕਿਆ ਕੀਤਾ ਜਾਂਦਾ ਹੈ। ਉਨ੍ਹਾਂ ਪੰਥ ਨੂੰ ਅਪੀਲ ਕੀਤੀ ਕਿ ਕੋਈ ਵੀ ਇਨ੍ਹਾਂ ਨਾਲ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਭਾਈਚਾਰਕ ਸਾਂਝ ਨਾ ਰੱਖੇ। ਇਸ ਤੋਂ ਇਲਾਵਾ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿਪਲੀਵਾਲਾ ਨੂੰ ਵੀ ਪੰਥ ਵਿਚੋਂ ਛੇਕਣ ਦਾ ਹੁਕਮ ਜਾਰੀ ਕੀਤਾ ਗਿਆ।

# ਨਾਬਾਲਗ ਨਾਲ ਜਬਰ ਜਨਾਹ ਕਰਨ ਵਾਲੇ ਨੌਜਵਾਨ ਨੂੰ 28 ਸਾਲ ਕੈਦ

**ਫਿਰੋਜ਼ਪੁਰ:** ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਵਾਲੇ ਇਕ 20 ਵਰ੍ਹਿਆਂ ਦੇ ਨੌਜਵਾਨ ਨੂੰ ਅਦਾਲਤ ਨੇ 28 ਸਾਲ ਕੈਦ ਦੀ ਸਜ਼ਾ ਦਾ ਹੁਕਮ ਸੁਣਾ ਕੇ ਜੇਲ੍ਹ ਭੇਜ ਦਿੱਤਾ ਹੈ। ਪੀੜਤ ਲੜਕੀ ਦੇ ਪਿਤਾ ਨੇ ਪੁਲਿਸ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਉਸ ਦੀ ਦਸਵੀਂ ਜਮਾਤ 'ਚ ਪੜ੍ਹਦੀ ਲੜਕੀ ਨੂੰ ਮੁਲਜ਼ਮ ਅੱਧੀ ਰਾਤ ਵੇਲੇ ਘਰੋਂ ਵਰਗਲਾ ਕੇ ਲੈ ਗਿਆ ਸੀ ਅਤੇ ਉਸ ਨਾਲ ਜਬਰ ਜਨਾਹ ਕੀਤਾ।



ਇਸ ਸਬੰਧੀ ਥਾਣਾ ਅਮੀਰ ਖਾਸ ਪੁਲਿਸ ਨੇ 20 ਅਪਰੈਲ 2015 ਨੂੰ ਕੇਸ ਦਰਜ ਕਰ ਕੇ ਚਲਾਨ ਅਦਾਲਤ 'ਚ ਪੇਸ਼ ਕਰ ਦਿੱਤਾ। ਸਬੂਤਾਂ ਨੂੰ ਧਿਆਨ 'ਚ ਰੱਖਦੇ ਹੋਏ ਅਦਾਲਤ ਨੇ ਨਾਮਜ਼ਦ ਸੰਦੀਪ ਸਿੰਘ ਪੁੱਤਰ ਸ਼ਗਨ ਸਿੰਘ ਵਾਸੀ ਪਿੰਡ ਨੂਰੇ ਕੇ (ਥਾਣਾ ਅਮੀਰ ਖਾਸ) ਨੂੰ ਦੋਸ਼ੀ ਕਰਾਰ ਦਿੰਦੇ ਹੋਏ ਆਈ.ਪੀ.ਸੀ ਦੀ ਧਾਰਾ 376 ਅਧੀਨ 10 ਸਾਲ ਤੇ 10 ਹਜ਼ਾਰ ਜੁਰਮਾਨਾ, ਬੱਚਿਆਂ ਨਾਲ ਸਰੀਰਕ ਸ਼ੋਸ਼ਣ ਕਰਨ 'ਚ 10 ਸਾਲ ਤੇ 10 ਹਜ਼ਾਰ ਰੁਪਏ, ਅਗਵਾ ਕਰਨ ਵਿਚ 5 ਸਾਲ ਤੇ 5 ਹਜ਼ਾਰ ਰੁਪਏ, ਵਰਗਲਾਉਣ 'ਚ 3 ਸਾਲ ਤੇ ਤਿੰਨ ਹਜਾਰ ਰੁਪਏ (ਕੁੱਲ ਸਜ਼ਾ 28 ਸਾਲ) ਦੀ ਸਜ਼ਾ ਦਾ ਹੁਕਮ ਸੁਣਾਇਆ ਹੈ।

# ਡੇਰਾ ਸਿਰਸਾ ਤੋਂ ਸਿਆਸੀ ਹਮਾਇਤ ਬਾਰੇ ਜਾਂਚ ਦਾ ਘੇਰਾ ਹੋਵੇਗਾ ਮੋਕਲਾ

## ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਮਾਇਤ ਬਾਰੇ ਵੀ ਹੋਵੇਗੀ ਜਾਂਚ

**ਪਟਿਆਲਾ:** ਵਿਧਾਨ ਸਭਾ ਚੋਣ ਪਿੜ 2017 ਲਈ ਸਿੱਖ ਉਮੀਦਵਾਰਾਂ ਵੱਲੋਂ ਅਕਾਲ ਤਖਤ ਦੇ 2007 ਨੂੰ ਜਾਰੀ ਹੋਏ ਹੁਕਮਨਾਮੇ ਨੂੰ ਉਲੰਘ ਕੇ ਡੇਰਾ ਸੱਚਾ ਸੌਦਾ ਸਿਰਸਾ ਤੋਂ ਸਿਆਸੀ ਹਮਾਇਤ ਲੈਣ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਢੀ ਜਾਂਚ ਦੀ ਸੂਈ ਪੰਜ ਸਾਲ ਪਿੱਛੇ ਵੱਲ ਵੀ ਘੁੰਮ ਰਹੀ ਹੈ।



ਸਿਆਸੀ ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ 2012 ਦੇ ਵਿਧਾਨ ਸਭਾ ਪਿੜ ਲਈ ਸਿਆਸੀ ਹਮਾਇਤ ਲਈ ਡੇਰਾ ਸੱਚਾ ਸੌਦਾ ਸਿਰਸਾ ਜਾਂ ਇਸ ਦੇ ਰਾਜਸੀ ਵਿੰਗ ਦੇ ਕਥਿਤ ਸੰਪਰਕ ਵਿਚ ਰਹੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਦੇ ਇਕ ਮੈਂਬਰ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਸਿਰਸਾ ਖਿਲਾਫ਼ ਸਮਾਜਿਕ ਬਾਈਕਾਟ ਸਬੰਧੀ 2007 ਨੂੰ ਜਾਰੀ ਹੁਕਮਨਾਮੇ ਤੋਂ ਬਾਅਦ ਜੋ ਵੀ ਸਿੱਖ ਆਗੂ ਕਿਸੇ ਚੋਣ ਜਾਂ ਹੋਰ ਮਕਸਦ ਲਈ ਸਿਆਸੀ ਹਮਾਇਤ ਜੁਟਾਉਣ ਡੇਰਾ ਮੁਖੀ ਜਾਂ ਡੇਰੇ ਦੇ ਸਿਆਸੀ ਵਿੰਗ ਦੇ ਸੰਪਰਕ ਵਿਚ ਰਿਹਾ ਹੈ, ਉਸ ਨੂੰ ਵੀ ਪੜਤਾਲ ਦੇ ਕਟਹਿਰੇ ਵਿਚ ਲਿਆਂਦਾ ਜਾਵੇ। ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮੰਨਿਆ ਹੈ ਕਿ ਤਿੰਨ ਮੈਂਬਰੀ ਗਠਿਤ ਜਾਂਚ ਕਮੇਟੀ ਦੀ ਅਜਿਹੀ ਮੰਗ ਸੀ ਕਿ ਪੜਤਾਲ ਹੁਕਮਨਾਮੇ ਦੇ ਵੇਲੇ ਤੋਂ ਹੀ ਕੀਤੀ ਜਾਵੇ ਤੇ ਅਜਿਹੇ ਵਿਚ ਜਾਂਚ ਕਮੇਟੀ ਨੂੰ ਖੁੱਲ੍ਹ ਦੇ ਦਿੱਤੀ ਹੈ ਕਿ ਉਹ 2017 ਹੀ ਨਹੀਂ, ਬਲਕਿ 2012 ਜਾਂ ਇਸ ਪਿੱਛੋਂ ਵੀ 2007 ਤੱਕ ਜਾਂਚ ਕਰ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਕੌਮ ਲਈ ਇਹ ਮਸਲਾ ਗੰਭੀਰ ਤੇ ਵੱਡੇ ਦਾਇਰੇ ਦਾ ਹੋਣ ਦੀ ਵਜ੍ਹਾ ਨਾਲ ਹੀ ਜਾਂਚ ਕਮੇਟੀ ਦਾ ਸਮਾਂ ਵਧਾ ਕੇ 7 ਮਾਰਚ ਤੱਕ ਤੈਅ ਕੀਤਾ ਗਿਆ ਹੈ। ਇਹ ਪੁੱਛਣ 'ਤੇ ਕਿ ਕੀ ਕੈਪਟਨ ਅਮਰਿੰਦਰ ਸਿੰਘ ਵੀ 2012 ਦੀਆਂ ਚੋਣਾਂ ਦੌਰਾਨ ਡੇਰਾ ਸਿਰਸਾ ਗਏ ਸਨ, ਬਾਰੇ ਆਖਿਆ ਕਿ ਇਸ ਮਾਮਲੇ ਨੂੰ ਹੁਣ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਵੇਖਣਾ ਹੈ। ਉਨ੍ਹਾਂ ਆਖਿਆ ਕਿ ਹੁਣ ਤੱਕ 22 ਅਜਿਹੇ ਸਿੱਖ ਉਮੀਦਵਾਰਾਂ ਦੀ ਸ਼ਨਾਖ਼ਤ ਹੋਈ ਹੈ, ਜੋ ਇਨ੍ਹਾਂ ਚੋਣਾਂ ਦੌਰਾਨ ਡੇਰੇ ਸਿਰਸਾ ਤੋਂ ਸਿਆਸੀ ਹਮਾਇਤ ਲੈਣ ਦੀ ਹੋੜ ਵਿਚ ਰਹੇ ਹਨ। ਉਂਜ ਜਾਂਚ ਕਮੇਟੀ ਮਸਲੇ ਨੂੰ ਘੋਖ ਰਹੀ ਹੈ। ਸ. ਬਡੂੰਗਰ ਨੇ ਦੱਸਿਆ ਕਿ ਤਿੰਨ ਮੈਂਬਰੀ ਜਾਂਚ ਕਮੇਟੀ ਨਿਰਪੱਖਤਾ ਨਾਲ ਪੜਤਾਲ ਕਰ ਰਹੀ ਹੈ ਤੇ 7 ਮਾਰਚ ਨੂੰ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਦੇਵੇਗੀ।

## ਕਮੇਟੀ ਨਿਰਪੱਖ ਹੋ ਕੇ ਜਾਂਚ ਕਰੇਗੀ: ਬਡੂੰਗਰ

**ਸ੍ਰੀ ਮੁਕਤਸਰ ਸਾਹਿਬ:** ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਵੱਲੋਂ ਡੇਰਾ ਸਿਰਸਾ ਦੀ ਹਮਾਇਤ ਲੈਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਦੇ ਮੈਂਬਰਾਂ ਵੱਲੋਂ ਬਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਜਾਂਚ ਕਮੇਟੀ 7 ਮਾਰਚ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਰਿਪੋਰਟ ਸੌਂਪੇਗੀ ਤੇ ਜੋ ਵੀ ਦੋਸ਼ੀ ਪਾਏ ਗਏ, ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਅਮਲੀ ਕਾਰਵਾਈ ਕੀਤੀ ਜਾਵੇਗੀ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਕਿੰਨਾ ਵੀ ਵੱਡਾ ਆਗੂ ਕਿਉਂ ਨਾ ਹੋਵੇ।



# ਡੋਨਲਡ ਟਰੰਪ ਦੀਆਂ ਨੀਤੀਆਂ ਨੇ ਦਿੱਤੀ ਨਸਲਪ੍ਰਸਤੀ ਨੂੰ ਹਵਾ

## ਅਮਰੀਕਾ ਵਿਚ ਭਾਰਤੀ ਇੰਜੀਨੀਅਰ ਦੀ ਹੱਤਿਆ ਪਿੱਛੋਂ ਛਿੜੀ ਚਰਚਾ



**ਕੈਨਸਸ ਸਿਟੀ, ਮਿਜ਼ੌਰੀ:** ਇਥੋਂ ਕਰੀਬ 20 ਮੀਲ ਦੂਰ ਓਲੱਥ ਸ਼ਹਿਰ ਵਿਚ ਇਕ ਬਾਰ ਵਿਚ ਇਕ ਵਿਅਕਤੀ ਵੱਲੋਂ ਭਾਰਤੀ ਮੂਲ ਦੇ ਇਕ ਇੰਜੀਨੀਅਰ ਦੀ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਦੇ ਮਾਮਲੇ ਨੇ ਨਸਲੀ ਵਿਤਕਰੇ ਦੇ ਮੁੱਦੇ ਨੂੰ ਮੁੜ ਉਭਾਰ ਦਿੱਤਾ ਹੈ। ਅਮਰੀਕੀ ਮੀਡੀਆ ਦੇ ਇਕ ਵਰਗ ਨੇ ਸ੍ਰੀਨਿਵਾਸਨ ਦੀ ਹੱਤਿਆ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਲਕ ਵਿਚ ਵਿਦੇਸ਼ੀਆਂ, ਖਾਸ ਕਰ ਕੇ ਇਸਲਾਮੀ ਮੁਲਕਾਂ ਲੋਕਾਂ ਖਿਲਾਫ਼ ਭੰਡੀ-ਪ੍ਰਚਾਰ ਤੇ ਬੰਦਿਸ਼ਾਂ ਨਾਲ ਜੋੜਿਆ ਹੈ।

ਗੋਲੀਆਂ ਚਲਾਉਂਦੇ ਸਮੇਂ ਦੋਸ਼ੀ ਚੀਕਦਾ ਹੋਇਆ 'ਅਤਿਵਾਦੀ' ਤੇ 'ਮੇਰੇ ਦੇਸ਼ 'ਚੋਂ ਬਾਹਰ ਨਿਕਲ ਜਾਓ' ਕਹਿ ਰਿਹਾ ਸੀ। ਪੁਲਿਸ ਨੇ ਵੀ ਇਸ ਨੂੰ ਨਸਲੀ ਅਪਰਾਧ ਦਾ ਮਾਮਲਾ ਦੱਸਿਆ ਹੈ। ਯਾਦ ਰਹੇ ਕਿ ਇਕ ਝੜਪ ਤੋਂ ਬਾਅਦ 51 ਸਾਲਾ ਸਾਬਕਾ ਜਲ ਸੈਨਿਕ ਨੇ ਨਸਲੀ ਹਮਲੇ ਤਹਿਤ ਗੋਲੀਆਂ ਚਲਾ ਦਿੱਤੀਆਂ ਸਨ ਜਿਸ 'ਚ ਸ੍ਰੀਨਿਵਾਸਨ ਕੁਚੀਭੋਟਲਾ (32) ਦੀ ਮੌਤ ਹੋ ਗਈ।

ਸ੍ਰੀਨਿਵਾਸਨ ਓਲੱਥ ਸਥਿਤ ਗਾਰਮਿਨ ਹੈੱਡਕੁਆਰਟਰ 'ਚ ਕੰਮ ਕਰਦਾ ਸੀ। ਹਮਲੇ ਵਿਚ ਇਕ ਹੋਰ ਭਾਰਤੀ ਅਤੇ ਉਸ ਦਾ ਕੁਲੀਗ ਆਲੋਕ ਮਦਸਾਨੀ ਵੀ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਗੋਲੀਬਾਰੀ ਵਿਚ ਜ਼ਖਮੀ ਦੂਜੇ ਵਿਅਕਤੀ ਦੀ ਪਛਾਣ ਅਮਰੀਕੀ ਨਾਗਰਿਕ ਈਆਨ ਗ੍ਰੀਲਟ (24) ਵਜੋਂ ਹੋਈ ਹੈ ਜਿਸ ਨੇ ਇਨ੍ਹਾਂ ਦਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਹ ਘਟਨਾ ਓਲੱਥ ਦੇ ਆਸਟਿਨ ਬਾਰ ਐਂਡ ਗ੍ਰਿੱਲ ਵਿਚ ਹੋਈ। ਐਡਮ ਪੁਰੀਨਤੋਨ ਦੀ ਪੀੜਤਾਂ ਨਾਲ ਨਸਲੀ ਮੁੱਦਿਆਂ 'ਤੇ ਬਹਿਸ ਹੋ ਗਈ ਸੀ ਅਤੇ ਉਹ ਉਨ੍ਹਾਂ 'ਤੇ ਗੋਲੀਆਂ ਚਲਾਉਣ ਤੋਂ ਪਹਿਲਾਂ 'ਮੇਰੇ ਦੇਸ਼ 'ਚੋਂ ਨਿਕਲ ਜਾਓ' ਅਤੇ 'ਅਤਿਵਾਦੀ' ਕਹਿ ਰਿਹਾ ਸੀ। ਪੁਲਿਸ ਅਨੁਸਾਰ ਪੁਰੀਨਤੋਨ ਬਹਿਸ ਤੋਂ ਬਾਅਦ ਬਾਰ 'ਚੋਂ ਚਲਾ ਗਿਆ ਸੀ, ਪਰ ਫਿਰ ਉਹ ਬੰਦੂਕ ਲੈ ਕੇ ਉਥੇ ਵਾਪਸ ਆਇਆ ਤੇ ਤਿੰਨਾਂ ਨੂੰ ਗੋਲੀ ਮਾਰ ਦਿੱਤੀ। ਬਾਰ ਦੇ ਮਾਲਕ ਉਸ ਸਮੇਂ ਬਾਸਕਟਬਾਲ ਮੈਚ ਦੇਖ ਰਹੇ ਸਨ। ਦੋਸ਼ੀ ਐਡਮ ਪੁਰੀਨਤੋਨ ਨੂੰ ਘਟਨਾ ਦੇ 5 ਘੰਟੇ ਬਾਅਦ ਗ੍ਰਿਫਤਾਰ ਕਰ ਲਿਆ ਗਿਆ।

**ਐਫ.ਬੀ.ਆਈ. ਕਰੇਗੀ ਇੰਜੀਨੀਅਰ ਦੇ ਕਤਲ ਦੀ ਜਾਂਚ:** ਦੋ ਭਾਰਤੀ ਇੰਜੀਨੀਅਰਾਂ 'ਤੇ ਸ਼ਰੇਆਮ ਗੋਲੀਬਾਰੀ ਦੀ ਮਾਮਲੇ ਦੀ ਜਾਂਚ ਅਮਰੀਕਾ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਐਫ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ। ਐਫ.ਬੀ.ਆਈ. ਇਹ ਜਾਣਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਮਾਮਲਾ ਨਸਲੀ ਨਫਰਤ ਵਾਲਾ ਸੀ ਜਾਂ ਨਹੀਂ। ਪੁਲਿਸ ਨੇ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਇਸ ਮਾਮਲੇ ਨੂੰ ਨਸਲੀ ਹਮਲਾ ਕਰਾਰ ਦਿੱਤਾ ਹੈ।

### ਅਮਰੀਕਾ ਵਿਚ ਵੱਸਦੇ ਸਿੱਖ ਰਹਿਣ ਚੌਕਸ

**ਵਾਸ਼ਿੰਗਟਨ:** ਕੰਸਾਸ ਵਿਚ ਵਾਪਰੇ ਨਸਲੀ ਹਮਲੇ ਤੋਂ ਬਾਅਦ ਸਿੱਖ ਸਿਵਲ ਰਾਈਟਸ ਗਰੁੱਪ ਨੇ ਅਮਰੀਕਾ ਵਸਦੇ ਸਿੱਖਾਂ ਨੂੰ ਵਧੇਰੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਇਸ ਘਟਨਾ ਨੇ ਅਮਰੀਕਾ ਵਸਦੇ ਸਿੱਖਾਂ ਨੂੰ ਵਿਸਕਾਨਸਿਨ ਗੁਰਦੁਆਰੇ 'ਚ ਵਾਪਰੀ ਘਟਨਾ ਦੀ ਯਾਦ ਦਿਵਾ ਦਿੱਤੀ ਜਦੋਂ ਅੰਨ੍ਹੇਵਾਹ ਗੋਲੀਬਾਰੀ ਵਿਚ 6 ਸਿੱਖ ਮਾਰੇ ਗਏ ਸਨ। ਜਥੇਬੰਦੀ ਨੇ ਅਮਰੀਕਾ ਦੇ ਸਿੱਖਾਂ ਨੂੰ ਵੱਧ ਚੌਕਸ ਰਹਿਣ ਦੀ ਬੇਨਤੀ ਕਰਦਿਆਂ ਕਿਹਾ ਹੈ ਕਿ ਕਿਸੇ ਵੱਲੋਂ ਵੀ ਧਮਕੀ ਮਿਲਣ 'ਤੇ ਜਾਂ ਨਸਲੀ ਸ਼ਬਦ ਕਹਿਣ ਉਤੇ ਤੁਰਤ ਲਾਅ

### ਮ੍ਰਿਤਕ ਇੰਜੀਨੀਅਰ ਦੀ ਪਤਨੀ ਦੇ ਸਵਾਲ...



**ਹਿਊਸਟਨ:** ਮ੍ਰਿਤਕ ਭਾਰਤੀ ਇੰਜੀਨੀਅਰ ਦੀ ਪਤਨੀ ਨੇ ਅਮਰੀਕੀ ਸਰਕਾਰ ਤੋਂ ਜਵਾਬ ਮੰਗਿਆ ਹੈ ਕਿ ਉਹ ਘੱਟ ਗਿਣਤੀਆਂ ਖਿਲਾਫ਼ ਨਫਰਤੀ ਅਪਰਾਧ ਰੋਕਣ ਲਈ ਕੀ ਕਰੇਗੀ। ਸ੍ਰੀਨਿਵਾਸਨ ਦੀ ਪਤਨੀ ਸੁਨੈਨਾ ਦੁਮਾਲਾ ਨੇ ਕਿਹਾ ਕਿ ਅਮਰੀਕਾ ਵਿਚ ਘੱਟ ਗਿਣਤੀਆਂ ਖਿਲਾਫ਼ ਪੱਖਪਾਤ ਦੀਆਂ ਰਿਪੋਰਟਾਂ ਕਾਰਨ ਉਹ ਡਰੇ ਹੋਏ ਹਨ ਅਤੇ ਦੁਬਿਧਾ ਵਿਚ ਹਨ, 'ਕੀ ਉਹ ਇਥੋਂ ਦੇ ਨਹੀਂ ਹਨ।' ਜੀ.ਪੀ.ਐਸ. ਬਣਾਉਣ ਵਾਲੀ ਕੰਪਨੀ ਗਾਰਮਿਨ, ਜਿਸ 'ਚ ਸ੍ਰੀਨਿਵਾਸ ਕੰਮ ਕਰਦਾ ਸੀ, ਵੱਲੋਂ ਕਰਾਈ ਨਿਊਜ਼ ਕਾਨਫਰੰਸ ਦੌਰਾਨ ਸੁਨੈਨਾ ਨੇ ਪੁੱਛਿਆ ਕਿ ਘੱਟ ਗਿਣਤੀਆਂ ਖਿਲਾਫ਼ ਨਫਰਤੀ ਅਪਰਾਧ, ਜਿਸ ਦਾ ਸ਼ਿਕਾਰ ਉਸ ਦਾ ਪਤੀ ਵੀ ਹੋ ਗਿਆ, ਨੂੰ ਰੋਕਣ ਲਈ ਡੋਨਲਡ ਟਰੰਪ ਦੀ ਅਮਰੀਕੀ ਸਰਕਾਰ ਕੀ ਕਰੇਗੀ। ਟਰੰਪ ਦਾ ਜ਼ਿਕਰ ਕੀਤੇ ਬਗੈਰ ਸੁਨੈਨਾ ਨੇ ਕਿਹਾ, 'ਇਸ ਮੁਲਕ ਲਈ ਬਾਹਰੋਂ ਆਉਣ ਵਾਲਾ ਹਰ ਬੰਦਾ ਨੁਕਸਾਨ ਪਹੁੰਚਾਉਣ ਵਾਲੀ ਨਹੀਂ ਹੈ।' ਗੋਲੀਬਾਰੀ ਦੀਆਂ ਘਟਨਾਵਾਂ ਤੋਂ ਚਿੰਤਤ ਸੁਨੈਨਾ ਦੁਚਿੱਤੀ ਵਿਚ ਹੈ ਕਿ ਉਸ ਦੇ ਪਰਿਵਾਰ ਨੂੰ ਅਮਰੀਕਾ ਵਿਚ ਰਹਿਣਾ ਚਾਹੀਦਾ ਹੈ ਜਾਂ ਨਹੀਂ। ਸੁਨੈਨਾ ਨੇ ਕਿਹਾ, 'ਉਹ ਇਸ ਤਰ੍ਹਾਂ ਦੀ ਮੌਤ ਦਾ ਹੱਕਦਾਰ ਨਹੀਂ ਸੀ। ਮੈਨੂੰ ਨਹੀਂ ਪਤਾ ਕੀ ਕਹਿਣਾ ਹੈ। ਅਸੀਂ ਕਈ ਵਾਰ ਅਖਬਾਰਾਂ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਬਾਰੇ ਪੜ੍ਹਦੇ ਸੀ। ਮੈਂ ਹਮੇਸ਼ਾ ਚਿੰਤਤ ਹੁੰਦੀ ਸੀ, ਕੀ ਅਸੀਂ ਅਮਰੀਕਾ ਵਿਚ ਰਹਿ ਕੇ ਠੀਕ ਕਰ ਰਹੇ ਹਾਂ? ਪਰ ਉਹ ਹਰ ਵਾਰ ਮੈਨੂੰ ਭਰੋਸਾ ਦਿੰਦਾ ਸੀ ਕਿ ਅਮਰੀਕਾ ਵਿਚ ਬਹੁਤ ਕੁਝ ਚੰਗਾ ਵੀ ਵਾਪਰਦਾ ਹੈ।'

# ਟਰੰਪ ਦੀ ਜਿੱਤ ਪਿੱਛੋਂ ਨਸਲੀ ਵਿਤਕਰੇ ਦੇ ਮਾਮਲੇ 115 ਫੀਸਦੀ ਵਧੇ




**ਹਿਊਸਟਨ:** ਨਿਊ ਯਾਰਕ ਪੁਲਿਸ ਵਿਭਾਗ ਮੁਤਾਬਕ ਰਾਸ਼ਟਰਪਤੀ ਚੋਣਾਂ ਵਿਚ ਡੋਨਲਡ ਟਰੰਪ ਦੀ ਜਿੱਤ ਤੋਂ ਬਾਅਦ ਨਸਲੀ ਭੇਦਭਾਵ ਦੇ ਮਾਮਲਿਆਂ ਵਿਚ 115 ਫੀਸਦੀ ਵਾਧਾ ਹੋਇਆ ਹੈ। ਟਰੰਪ ਦੇ ਜਿੱਤ ਦੇ 10 ਦਿਨ ਦੇ ਅੰਦਰ ਹੀ ਹੇਟ ਕ੍ਰਾਇਮ ਦੇ 867 ਕੇਸ ਦਰਜ ਕੀਤੇ ਗਏ ਸਨ। ਸਭ ਤੋਂ ਜ਼ਿਆਦਾ ਹਮਲੇ ਮੁਸਲਮਾਨਾਂ 'ਤੇ ਹੋ ਰਹੇ ਹਨ। ਕਾਊਂਸਲਿੰਗ ਆਫ ਅਮਰੀਕਨ ਇਸਲਾਮਿਕ ਰਿਲੇਸ਼ਨ ਮੁਤਾਬਕ ਪਿਛਲੇ ਸਾਲ ਤਕਰੀਬਨ 400 ਅਜਿਹੇ ਮਾਮਲੇ ਦਰਜ ਕੀਤੇ ਗਏ ਹਨ। ਜਦ ਕਿ ਇਸ ਸਾਲ ਦੋ ਮਹੀਨਿਆਂ ਵਿਚ ਹੀ 175 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ।

**50 ਫੀਸਦੀ ਅਮਰੀਕੀਆਂ ਦੇ ਮਨੋਂ ਲੱਥਾ ਰਾਸ਼ਟਰਪਤੀ ਟਰੰਪ:** ਐਨ.ਬੀ.ਸੀ. ਨਿਊਜ਼ ਤੇ ਸਰਵੇ ਮੰਕੀ ਦੇ ਸਾਂਝੇ ਸਰਵੇਖਣ ਮੁਤਾਬਕ ਟਰੰਪ ਵੱਲੋਂ ਰਾਸ਼ਟਰਪਤੀ ਦਾ ਅਹੁਦਾ ਸਾਂਭਣ ਤੋਂ ਬਾਅਦ ਅੱਧੇ ਅਮਰੀਕੀਆਂ ਨੇ ਟਰੰਪ ਦੇ ਕੰਮਕਾਜ ਦੇ ਤਰੀਕੇ ਨਾਲ ਅਸਹਿਮਤੀ ਪ੍ਰਗਟਾਈ ਹੈ। ਸਰਵੇ ਮੁਤਾਬਕ 53 ਫੀਸਦੀ ਲੋਕਾਂ ਨੇ ਅਸਹਿਮਤੀ ਪ੍ਰਗਟਾਈ ਹੈ ਜਦਕਿ 43 ਫੀਸਦੀ ਲੋਕ ਟਰੰਪ ਦੇ ਕੰਮਕਾਜ ਦੇ ਤਰੀਕੇ ਤੋਂ ਸੰਤੁਸ਼ਟ ਹਨ। 30 ਫੀਸਦੀ ਤੋਂ ਵੱਧ ਲੋਕਾਂ ਨੇ ਸੰਘੀ ਸਰਕਾਰ ਦੇ ਕੰਮਕਾਜ 'ਤੇ ਗੁੱਸਾ ਵੀ ਪ੍ਰਗਟ ਕੀਤਾ।


ਦੋ ਤਿਹਾਈ ਅਮਰੀਕੀ ਮੰਨਦੇ ਹਨ ਕਿ ਅਗਲੇ ਚਾਰ ਸਾਲਾਂ ਤੱਕ ਉਨ੍ਹਾਂ ਦਾ ਦੇਸ਼ ਕਿਸੇ ਵੱਡੀ ਲੜਾਈ ਵਿਚ ਫਸ ਜਾਏਗਾ। ਇਨ੍ਹਾਂ ਵਿਚੋਂ 36 ਫੀਸਦੀ ਲੋਕ ਲੜਾਈ ਦੇ ਡਰ ਤੋਂ ਕਾਫੀ ਚਿੰਤਤ ਹਨ। ਸਰਵੇ ਮੁਤਾਬਕ ਟਰੰਪ ਵੱਲੋਂ 7 ਮੁਸਲਿਮ ਦੇਸ਼ਾਂ ਦੇ ਲੋਕਾਂ ਦੇ ਅਮਰੀਕਾ ਦਾਖਲ ਹੋਣ 'ਤੇ ਲਾਈ ਰੋਕ ਨੂੰ ਅੱਧੇ ਲੋਕ ਸਹੀ ਮੰਨਦੇ ਹਨ ਜਦਕਿ 47 ਫੀਸਦੀ ਲੋਕ ਇਸ ਨੂੰ ਜਾਇਜ਼ ਨਹੀਂ ਠਹਿਰਾਉਂਦੇ।

### ਅਮਰੀਕੀ ਨੌਜਵਾਨ ਬਣਿਆ ਹੀਰੋ



**ਹਿਊਸਟਨ:** ਕੰਸਾਸ ਵਿਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ 'ਤੇ ਹੋਏ ਹਮਲੇ ਵਿਚ ਦੂਜੇ ਭਾਰਤੀ ਨੂੰ ਬਚਾਉਣ ਵਿਚ ਇਕ ਅਮਰੀਕੀ ਨੌਜਵਾਨ ਦੀ ਭੂਮਿਕਾ ਸਾਹਮਣੇ ਆਈ ਹੈ। ਈਆਨ ਗ੍ਰੀਲਟ ਨਾਂ ਦੇ ਇਸ ਨੌਜਵਾਨ ਨੇ ਭਾਰਤੀ ਨੂੰ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ। ਘਟਨਾ ਦੌਰਾਨ ਜ਼ਖ਼ਮੀ ਹੋਏ ਹਸਪਤਾਲ ਦੇ ਬੈੱਡ 'ਤੇ ਲੇਟੇ ਈਆਨ ਗ੍ਰੀਲਟ ਨੇ ਆਪਣੇ ਆਪ ਨੂੰ 'ਹੀਰੋ' ਮੰਨਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਮੈਂ ਓਹੀ ਕੀਤਾ ਜੋ ਇਕ ਮਨੁੱਖ ਨੂੰ ਦੂਜੇ ਲਈ ਕਰਨਾ ਚਾਹੀਦਾ ਹੈ। ਸਭ ਤੋਂ ਉਪਰ ਇਨਸਾਨੀਅਤ ਹੈ।

# ਤਿੰਨ ਲੱਖ ਭਾਰਤੀ ਹੋਣਗੇ ਅਮਰੀਕਾ ਤੋਂ ਬਾਹਰ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਦੀ ਨਵੀਂ ਇਮੀਗ੍ਰੇਸ਼ਨ ਨੀਤੀ ਨਾਲ ਭਾਰਤੀ ਮੂਲ ਦੇ ਤਿੰਨ ਲੱਖ ਅਮਰੀਕੀ ਸਿੱਧੇ ਤੌਰ ਉਤੇ ਪ੍ਰਭਾਵਿਤ ਹੋਣਗੇ। ਇਨ੍ਹਾਂ ਯੋਜਨਾਵਾਂ ਨਾਲ ਮੁਲਕ ਦੇ 1.10 ਕਰੋੜ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਉਤੇ ਦੇਸ਼ ਵਾਪਸੀ ਦੀ ਤਲਵਾਰ ਲਟਕ ਗਈ ਹੈ। ਟਰੰਪ ਨੇ ਬਿਨਾਂ ਦਸਤਾਵੇਜ਼ਾਂ ਦੇ ਲੱਖਾਂ ਆਵਾਸੀਆਂ ਨੂੰ ਵਾਪਸ ਉਨ੍ਹਾਂ ਦੇ ਮੁਲਕ ਭੇਜਣ ਲਈ ਜ਼ਮੀਨੀ ਪੱਧਰ ਉਤੇ ਕਾਰਵਾਈ ਮੁਕੰਮਲ ਕਰਨ ਮਗਰੋਂ ਇਸ ਸਬੰਧੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਸੰਘੀ ਆਵਾਸੀ ਕਾਨੂੰਨ ਸਖਤੀ ਨਾਲ ਲਾਗੂ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐਚ.ਐਸ.) ਨੇ ਆਵਾਸ ਯੋਜਨਾ ਸਬੰਧੀ ਦੋ ਨਵੇਂ ਮੈਮੋਰੰਡਮ ਜਾਰੀ ਕੀਤੇ ਹਨ।

ਅੰਦਰੂਨੀ ਸੁਰੱਖਿਆ ਬਾਰੇ ਵਿਭਾਗ ਨੇ ਇਨਫੋਰਸਮੈਂਟ ਮੀਮੋ ਵਿਚ ਕਿਹਾ ਹੈ ਕਿ ਹੁਣ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਵਿਦੇਸ਼ੀਆਂ, ਚਾਹੇ ਉਹ ਕਿਸੇ ਵੀ ਵਰਗ ਜਾਂ ਸ਼੍ਰੇਣੀ ਨਾਲ ਸਬੰਧਤ ਹੋਣ, ਨਾਲ ਕਿਸੇ ਤਰ੍ਹਾਂ ਦੀ ਨਰਮੀ ਨਹੀਂ ਵਰਤੀ ਜਾਵੇਗੀ। ਮੁਲਾਜ਼ਮ ਵਰਗ ਨਾਲ ਸਬੰਧਤ ਵਿਭਾਗ ਨੂੰ ਅਜਿਹੇ ਕਿਸੇ ਵਿਦੇਸ਼ੀ ਨੂੰ ਗ੍ਰਿਫਤਾਰ ਜਾਂ ਹਿਰਾਸਤ ਵਿਚ ਲੈਣ ਦਾ ਪੂਰਾ ਅਧਿਕਾਰ ਹੈ, ਜਿਸ ਬਾਰੇ ਆਵਾਸ ਅਧਿਕਾਰੀ ਨੂੰ ਲੱਗਦਾ ਹੈ ਕਿ ਉਸ ਵੱਲੋਂ ਆਵਾਸ ਨੇਮਾਂ ਦੀ ਉਲੰਘਣਾ ਕੀਤਾ ਗਈ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਦੋ ਇਨਫੋਰਸਮੈਂਟ ਮੈਮੋਰੰਡਮ ਜਾਰੀ ਕੀਤੇ ਹਨ ਜਿਸ ਨਾਲ ਗੈਰਕਾਨੂੰਨੀ ਆਵਾਸੀਆਂ ਉਤੇ ਸ਼ਿਕੰਜਾ ਕੱਸਿਆ ਜਾਵੇਗਾ। ਅਣਅਧਿਕਾਰਤ ਅੰਕੜਿਆਂ ਮੁਤਾਬਕ ਤਿੰਨ ਲੱਖ ਦੇ ਕਰੀਬ ਭਾਰਤੀ ਮੂਲ ਦੇ ਅਮਰੀਕੀ ਗੈਰਕਾਨੂੰਨੀ ਢੰਗ ਨਾਲ ਮੁਲਕ ਵਿਚ ਰਹਿ ਰਹੇ ਹਨ।

### ਅਮਰੀਕਾ ਦੀ ਹੱਦ ਟੱਪਦੇ ਪੰਜ ਭਾਰਤੀ ਫੜੇ

**ਵਾਸ਼ਿੰਗਟਨ:** ਮਾਨਸਨ ਇਲਾਕੇ ਨੇੜੇ ਅਮਰੀਕਾ ਵਿਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ 5 ਭਾਰਤੀ ਗ੍ਰਿਫਤਾਰ ਹੋ ਗਏ। ਅਮਰੀਕਾ 'ਚ ਦਾਖਲ ਹੋਣ ਲਈ ਇਨ੍ਹਾਂ ਦੀ ਮਦਦ ਕਰਨ ਵਾਲੇ ਇਕ ਕੈਨੇਡੀਅਨ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਅਦਾਲਤ 'ਚ ਪੇਸ਼ੀ ਹੋਣ ਤੋਂ ਬਾਅਦ ਹੀ ਤੈਅ ਹੋ ਸਕੇਗਾ ਕਿ ਇਹ ਕਾਨੂੰਨਨ ਅਮਰੀਕਾ ਵਿਚ ਰਹਿ ਸਕਦੇ ਹਨ ਜਾਂ ਨਹੀਂ। ਕੈਨੇਡਾ ਦੇ ਸ਼ਖਸ ਖਿਲਾਫ ਮਨੁੱਖੀ ਤਸਕਰੀ ਕਰਨ ਦਾ ਮੁਕੱਦਮਾ ਚਲਾਇਆ ਜਾਵੇਗਾ। ਉਹ ਕਿਰਾਏ ਦੇ ਵਾਹਨ 'ਤੇ ਉਨ੍ਹਾਂ ਨੂੰ ਸਰਹੱਦ ਪਾਰ ਕਰਵਾ ਰਿਹਾ ਸੀ। ਪੀਊ ਰਿਪੋਰਟ ਦੇ ਵੇਰਵਿਆਂ ਮੁਤਾਬਕ 2009 ਤੋਂ 2014 ਤੱਕ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਸ਼ਾਮਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ 1,30,000 ਤੋਂ ਵਧ ਕੇ 5,00,000 ਹੋ ਗਈ ਹੈ।

### ਮੀਡੀਆ ਨਾਲ ਟਰੰਪ ਦੀ ਨਾਰਾਜ਼ਗੀ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਅਤੇ ਮੀਡੀਆ ਵਿਚਾਲੇ ਜਾਰੀ ਤਣਾਅ ਦੌਰਾਨ ਵ੍ਹਾਈਟ ਹਾਊਸ ਨੇ 'ਦਿ ਨਿਊ ਯਾਰਕ ਟਾਈਮਜ਼', 'ਸੀ.ਐਨ.ਐਨ' ਅਤੇ 'ਬੀ.ਬੀ.ਸੀ.' ਸਮੇਤ ਹੋਰ ਕਈ ਪ੍ਰਮੁੱਖ ਮੀਡੀਆ ਸੰਗਠਨਾਂ ਦੇ ਪੱਤਰਕਾਰਾਂ ਨੂੰ ਆਫ-ਕੈਮਰਾ ਪ੍ਰੈੱਸ ਕਾਨਫਰੰਸ ਵਿਚ ਸ਼ਾਮਲ ਹੋਣ 'ਤੇ ਰੋਕ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਲਾਨਾ ਕੰਜ਼ਰਵੇਟਿਵ ਪੋਲਿਟੀਕਲ ਐਕਸ਼ਨ ਕਾਨਫਰੰਸ ਵਿਚ ਮੀਡੀਆ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਮੀਡੀਆ ਦਾ ਜ਼ਿਆਦਾਤਰ ਵਰਗ 'ਅਮਰੀਕੀ ਲੋਕਾਂ ਦਾ ਦੁਸ਼ਮਣ' ਹੈ, ਜਿਸ ਦੇ ਕੁਝ ਘੰਟਿਆਂ ਬਾਅਦ ਹੋਈ ਕਾਨਫਰੰਸ ਲਈ ਵ੍ਹਾਈਟ ਹਾਊਸ ਵੱਲੋਂ ਕੁਝ ਕੰਜ਼ਰਵੇਟਿਵ ਮੀਡੀਆ ਸੰਗਠਨਾਂ ਨੂੰ ਹੀ ਸੱਦਾ ਦਿੱਤਾ ਗਿਆ। ਦਿ ਨਿਊ ਯਾਰਕ ਟਾਈਮਜ਼, ਪੋਲਿਟੀਕਲ ਬੱਜ਼ਫੀਡ, ਬੀਬੀਸੀ ਅਤੇ ਗਾਰਡੀਅਨ ਦੇ ਅਮਰੀਕੀ ਪ੍ਰਸ਼ਾਸਨ ਦੀ ਤਰਜਮਾਨ ਸਾਰ੍ਹਾ ਸੈਂਡਰਜ਼ ਨੇ ਇਕ ਬਿਆਨ ਵਿਚ ਇਸ ਕਦਮ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਮੀਡੀਆ ਨੂੰ ਪ੍ਰਸ਼ਾਸਨ ਤੋਂ ਦੂਰ ਰੱਖਣ ਦਾ ਮਾਮਲਾ ਨਹੀਂ ਹੈ ਅਤੇ ਵ੍ਹਾਈਟ ਹਾਊਸ ਕੋਲ ਇਕ ਪੂਲ ਹੈ ਤਾਂ ਕਿ ਹਰ ਕਿਸੇ ਦੀ ਨੁਮਾਇੰਦਗੀ ਹੋਵੇ ਅਤੇ ਉਨ੍ਹਾਂ ਨੂੰ ਸਾਡੇ ਤੋਂ ਜਾਣਕਾਰੀ ਮਿਲੇ। ਅਸੀਂ ਪੂਲ ਨੂੰ ਸੱਦਾ ਦਿੱਤਾ ਤਾਂ ਜੋ ਹਰ ਕਿਸੇ ਦਾ ਪ੍ਰਤੀਨਿਧ ਹੋਵੇ। ਅਸੀਂ ਇਸ ਦਾ ਵਿਸਥਾਰ ਕਰਨ ਲਈ ਪੂਲ ਤੋਂ ਇਲਾਵਾ ਕੁਝ ਹੋਰ ਲੋਕਾਂ ਨੂੰ ਵੀ ਸ਼ਾਮਲ ਕੀਤਾ। ਹੋਰ ਕੋਈ ਗੱਲ ਨਹੀਂ ਹੈ।

### ਮੈਕਸੀਕੋ ਕੰਧ ਬਾਰੇ ਟਰੰਪ ਦਾ ਨਵਾਂ ਬਿਆਨ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਮੈਕਸੀਕੋ ਸਰਹੱਦ ਉਤੇ ਪ੍ਰਸਤਾਵਿਤ ਕੰਧ ਦਾ ਨਿਰਮਾਣ ਸਮੇਂ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਸੀ.ਪੀ.ਏ.ਸੀ. (ਕੰਜ਼ਰਵੇਟਿਵ ਪੁਲਿਟੀਕਲ ਐਕਸ਼ਨ ਕਾਂਗਰਸ) ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ "ਅਮਰੀਕੀ ਨਾਗਰਿਕ ਹਮੇਸ਼ਾ ਉਨ੍ਹਾਂ ਦੀ ਪਹਿਲ ਰਹਿਣਗੇ, ਅਤੇ ਉਹ ਸਰਹੱਦ 'ਤੇ ਵੱਡੀ ਕੰਧ ਜ਼ਰੂਰ ਬਣਾਉਣਗੇ। ਬੁਰੇ ਲੋਕਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣਾ ਮੇਰੀ ਪਹਿਲ ਰਹੇਗੀ।" ਮੇਰੀ ਲੈਂਡ ਵਿਚ ਜਦੋਂ ਟਰੰਪ ਭਾਸ਼ਣ ਦੇ ਰਹੇ ਸਨ ਤਾਂ ਭੀੜ ਯੂ.ਐਸ.ਏ., ਯੂ.ਐਸ.ਏ. ਦੇ ਨਾਅਰੇ ਲਾ ਰਹੀ ਸੀ। ਟਰੰਪ ਦੀ ਟਿੱਪਣੀ ਤੋਂ ਇਕ ਦਿਨ ਪਹਿਲਾਂ ਹੀ ਅਮਰੀਕਾ ਦੇ ਵਿਦੇਸ਼ ਮੰਤਰੀ ਰੇਕਸ ਟਿਲਰਸਨ ਤੇ ਅੰਦਰੂਨੀ ਸੁਰੱਖਿਆ ਮੰਤਰੀ ਜਾਨ ਕੈਲੀ ਨੇ ਮੈਕਸੀਕੋ ਸਿਟੀ ਵਿਚ ਮੈਕਸੀਕੋ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਆਸਕਰ ਵਿਚ ਚਮਕੀ ਚੰਨ ਚਾਨਣੀ

**ਲਾਸ ਏਂਜਲਸ:** ਇਸ ਵਾਰ ਦੇ 89ਵੇਂ ਅਕੈਡਮੀ ਐਵਾਰਡਜ਼ (ਆਸਕਰਜ਼) ਲਈ ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਫਿਲਮ 'ਲਾ ਲਾ ਲੈਂਡ' ਨੂੰ ਪਿੱਛੇ ਧੱਕਦਿਆਂ 'ਮੂਨਲਾਈਟ' ਨੇ ਬਿਹਤਰੀਨ ਫਿਲਮ ਦਾ ਪੁਰਸਕਾਰ ਜਿੱਤ ਲਿਆ। ਬਿਹਤਰੀਨ ਨਿਰਦੇਸ਼ਕ ਦਾ ਖਿਤਾਬ ਫਿਲਮ 'ਲਾ ਲਾ ਲੈਂਡ' ਲਈ ਡੇਮੀਅਨ ਸ਼ਾਜ਼ੇਲ ਦੀ ਝੋਲੀ ਪਿਆ, ਜਦਕਿ ਸਰਵੋਤਮ ਅਦਾਕਾਰ ਤੇ ਅਦਾਕਾਰਾ ਲਈ ਕ੍ਰਮਵਾਰ ਕੇਸੀ ਐਫਲੇਕ (ਮਾਨਚੈਸਟਰ ਬਾਇ ਦਿ ਸੀਅ) ਤੇ ਐਮਾ ਸਟੋਨ (ਲਾ ਲਾ ਲੈਂਡ) ਦੇ ਹਿੱਸੇ ਆਇਆ। ਭਾਰਤੀ ਮੂਲ ਦਾ ਅਦਾਕਾਰ ਦੇਵ ਪਟੇਲ ਜਿਸ ਨੂੰ ਸਰਵੋਤਮ ਸਹਾਇਕ ਅਦਾਕਾਰ ਦੀ ਸ਼੍ਰੇਣੀ ਵਿਚ ਨਾਮਜ਼ਦ ਕੀਤਾ ਗਿਆ ਸੀ, ਨਾਕਾਮ ਰਿਹਾ। ਇਹ ਐਵਾਰਡ ਫਿਲਮ 'ਮੂਨਲਾਈਟ' ਲਈ ਮਾਹੇਰਸ਼ਾਲਾ ਅਲੀ ਨੂੰ ਮਿਲਿਆ। ਸਹਾਇਕ ਅਦਾਕਾਰਾ ਲਈ ਆਸਕਰ ਵਾਇਓਲਾ ਡੇਵਿਸ ਨੂੰ ਫਿਲਮ 'ਫ਼ੈਂਸਿਜ਼' ਲਈ ਮਿਲਿਆ। ਇਥੇ ਡੌਲਬੀ ਥੀਏਟਰ ਵਿਚ ਹੋਏ ਸਮਾਗਮ ਦੀ ਮੇਜ਼ਬਾਨੀ ਜਿੰਮੀ ਕਿਮਲ ਨੇ ਕੀਤੀ। ਜਿੰਮੀ ਨੇ ਇਸ ਦੌਰਾਨ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ਼ ਮਜ਼ਾਹੀਆ ਲਹਿਜ਼ੇ ਵਿਚ ਟਿੱਪਣੀਆਂ ਵੀ ਕੀਤੀਆਂ।

'ਮੂਨਲਾਈਟ' ਟੈਰੇਲ ਐਲਵਿਨ ਮੈਕਕਰੇਨੀ ਦੇ ਆਤਮਕਥਾ ਨਾਟਕ 'ਇਨ ਮੂਨਲਾਈਟ ਬਲੈਕ ਬੁਆਇਜ਼ ਲੁਕ ਬਲੂ' ਉਤੇ ਆਧਾਰਤ ਹੈ। ਛੋਟੇ ਬਜਟ ਦੀ ਇਸ ਫਿਲਮ ਦੀ ਆਲੋਚਕਾਂ ਨੇ ਕਾਫੀ ਪ੍ਰਸ਼ੰਸਾ ਕੀਤੀ ਹੈ। ਅਕੈਡਮੀ ਪੁਰਸਕਾਰਾਂ ਵਿਚ ਸਰਵੋਤਮ ਨਿਰਦੇਸ਼ਕ, ਸਰਵੋਤਮ ਪਟਕਥਾ ਅਤੇ ਸਰਵੋਤਮ ਫਿਲਮ ਸ਼੍ਰੇਣੀ ਵਿਚ ਨਾਮਜ਼ਦ ਹੋ ਕੇ ਸਿਆਹਫਾਮ ਜੈਨਕਿਨਜ਼ ਨੇ ਇਤਿਹਾਸ ਸਿਰਜ ਦਿੱਤਾ। ਹੋਰ ਪੁਰਸਕਾਰਾਂ ਵਿਚ ਸਰਵੋਤਮ ਮੂਲ ਪਟਕਥਾ ਲਈ ਕੈਨੇਥ ਲੋਨਰਗਨ (ਮਾਨਚੈਸਟਰ ਬਾਇ ਦਿ ਸੀਅ), ਸਰਵੋਤਮ ਵੇਸ਼ਭੂਸ਼ਾ ਲਈ ਕੋਲੀਨ ਐਟਵੁੱਡ (ਫੈਂਟਾਸਟਿਕ ਬੀਸਟਜ਼ ਐਂਡ ਵੇਅਰ ਟੂ ਫਾਈਂਡ ਦੈਮ), ਸਰਵੋਤਮ ਵਿਦੇਸ਼ੀ ਫਿਲਮ ਲਈ ਇਰਾਨੀ ਫਿਲਮਸਾਜ਼ ਅਸਗਰ ਫਰਹਾਦੀ ਦੀ 'ਦਿ ਸੇਲਜ਼ਮੈਨ', ਸਰਵੋਤਮ ਦਸਤਾਵੇਜ਼ (ਲਘੂ) 'ਦਿ ਵ੍ਹਾਈਟ ਹੈਲਮਟਜ਼' ਤੇ ਸਰਵੋਤਮ ਸਿਨੇਮਾਟੋਗ੍ਰਾਫੀ ਲਈ ਲਾਇਨਸ ਸੈਂਡਗਰੈੱਨ (ਲਾ ਲਾ ਲੈਂਡ) ਨੂੰ ਦਿੱਤਾ ਗਿਆ।

'ਮੂਨਲਾਈਟ' ਨੂੰ ਬਿਹਤਰੀਨ ਫਿਲਮ ਦਾ ਪੁਰਸਕਾਰ



*ਫਿਲਮ 'ਮੂਨਲਾਈਟ' ਦੀ ਇਕ ਝਲਕ।*

## ਭਾਰਤੀ ਮੂਲ ਦੇ ਨੌਜਵਾਨ ਦੀ ਸੀਰੀਆ ਵਿਚ ਮੌਤ

**ਜੋਹੈਨਸਬਰਗ:** ਭਾਰਤੀ ਮੂਲ ਦਾ ਦੱਖਣੀ ਅਫਰੀਕੀ ਵਾਸੀ 24 ਸਾਲਾ ਨੌਜਵਾਨ ਸੀਰੀਆ ਵਿਚ ਉਦੋਂ ਮਾਰਿਆ ਗਿਆ, ਜਦੋਂ ਉਹ ਇਕ ਅਤਿਵਾਦੀ ਗੁੱਟ ਵਿਚ ਸ਼ਾਮਲ ਹੋਣ ਜਾ ਰਿਹਾ ਸੀ। ਭਾਰਤੀ ਮੂਲ ਦੇ ਦੱਖਣੀ ਅਫਰੀਕਾ ਦੇ ਉਘੇ ਵਕੀਲ ਤੇ ਇਸਲਾਮਿਕ ਖੋਜਾਰਥੀ ਮੁਫਤੀ ਇਮਰਾਨ ਵਾਵਦਾ ਦਾ ਪੁੱਤਰ ਸਦੀਕ ਵਾਵਦਾ ਨਵੰਬਰ 2015 ਵਿਚ ਆਪਣੇ ਭਰਾ ਨਾਲ ਸੀਰੀਆ ਲਈ ਰਵਾਨਾ ਹੋਇਆ। ਖ਼ੁਫ਼ੀਆ ਸੂਤਰਾਂ ਨੇ ਪੁਸ਼ਟੀ ਕੀਤੀ ਕਿ ਇਹ ਦੋਵੇਂ ਜਬਾਤ ਫਤਹਿ ਅਲ-ਸ਼ਾਮ, ਜਿਸ ਦਾ ਪਹਿਲਾਂ ਨਾਮ ਅਲ-ਨੁਸਰਾ ਫਰੰਟ ਸੀ, ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ।

## ਲੀਬੀਆ ਵਿਚ ਬੰਦੀ ਬਣਾਏ 6 ਭਾਰਤੀ ਛੁਡਾਏ

**ਨਵੀਂ ਦਿੱਲੀ:** ਲੀਬੀਆ ਵਿਚ ਅਤਿਵਾਦੀ ਸੰਗਠਨ ਆਈ.ਐਸ.ਆਈ.ਐਸ. ਦੇ ਕਬਜ਼ੇ ਵਿਚ ਫਸੇ ਇਕ ਡਾਕਟਰ ਸਮੇਤ 6 ਭਾਰਤੀਆਂ ਨੂੰ ਰਿਹਾਅ ਕਰਵਾ ਲਿਆ ਗਿਆ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਦਿੰਦੇ ਹੋਏ ਲੀਬੀਆ ਸਥਿਤ ਭਾਰਤੀ ਮਿਸ਼ਨ ਦੀ ਇਸ ਮਾਮਲੇ 'ਚ ਤਾਰੀਫ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਬੰਧਕਾਂ 'ਚ ਡਾ. ਰਾਮਮੂਰਤੀ ਕੋਸਾਨਾਮ ਵੀ ਸਨ, ਜਿਨ੍ਹਾਂ ਨੂੰ ਗੋਲੀ ਲੱਗ ਗਈ ਹੈ, ਨੂੰ ਜਲਦੀ ਹੀ ਭਾਰਤ ਲਿਆਂਦਾ ਜਾ ਰਿਹਾ ਹੈ। ਡਾ. ਰਾਮਮੂਰਤੀ ਨੂੰ ਕਰੀਬ 18 ਮਹੀਨੇ ਪਹਿਲਾਂ ਲੀਬੀਆ 'ਚ ਇਸਲਾਮਿਕ ਸਟੇਟ ਦੇ ਅਤਿਵਾਦੀਆਂ ਨੇ ਅਗਵਾ ਕਰ ਲਿਆ ਸੀ। ਉਹ ਆਂਧਰ ਪ੍ਰਦੇਸ਼ 'ਚ ਕ੍ਰਿਸ਼ਨਾ ਜ਼ਿਲ੍ਹੇ ਦੇ ਇਕ ਪਿੰਡ ਦਾ ਰਹਿਣ ਵਾਲਾ ਹੈ।

# ਸਿੱਖਾਂ ਅਤੇ ਡੇਰਾ ਪ੍ਰੇਮੀਆਂ ਵਿਚ ਟਕਰਾਅ ਵਧਿਆ

*(ਸਫਾ ਇਕ ਦੀ ਬਾਕੀ)*

ਕਾਤਲਾਨਾ ਹਮਲਾ ਹੋਇਆ ਸੀ। ਇਸ ਹਮਲੇ ਵਿਚ ਕਈ ਮਾਸੂਮ ਜਿੰਦਾ ਜਾਨ ਗੁਆ ਚੁੱਕੀਆਂ ਹਨ। ਡੇਰੇ ਨਾਲ ਸਿੱਖ ਜਥੇਬੰਦੀਆਂ ਦਾ ਵਿਵਾਦ 2007 ਦੌਰਾਨ ਪਹਿਲੀ ਵਾਰ ਉਸ ਵੇਲੇ ਸਾਹਮਣੇ ਆਇਆ ਸੀ ਜਦ ਡੇਰਾ ਮੁਖੀ ਵੱਲੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਇਆ ਸੀ। ਉਹੀ ਦੌਰ ਹੁਣ ਦਸ ਵਰ੍ਹਿਆਂ ਪਿੱਛੋਂ ਫਿਰ ਦੇਖਣ ਨੂੰ ਮਿਲ ਰਿਹਾ ਹੈ।

ਸੂਬਾ ਸਰਕਾਰ ਅਤੇ ਪੁਲਿਸ ਪਹਿਲਾਂ ਹੀ ਨਾਮਧਾਰੀ ਆਗੂ ਮਾਤਾ ਚੰਦ ਕੌਰ ਦੀ ਹੱਤਿਆ, ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਾ ਉਤੇ ਕਾਤਲਾਨਾ ਹਮਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕੁਰਾਨ ਸ਼ਰੀਫ ਦੀ ਬੇਅਦਬੀ ਦੀਆਂ ਦਰਜਨਾਂ ਘਟਨਾਵਾਂ ਅਤੇ ਸ਼ਿਵ ਸੈਨਾ ਵਰਕਰਾਂ 'ਤੇ ਹੋਏ ਹਮਲਿਆਂ ਦੇ ਦੋਸ਼ੀਆਂ ਦੀ ਉਘ-ਸੁਘ ਨਾ ਲਾ ਸਕਣ ਕਾਰਨ ਕਟਹਿਰੇ ਵਿਚ ਖੜ੍ਹੀਆਂ ਹਨ। ਮੌਜੂਦਾ ਘਟਨਾਵਾਂ ਇਨ੍ਹਾਂ ਦੇ ਹੋਰ ਵੀ ਅਸਫਲ ਰਹਿਣ ਦੀ ਕਹਾਣੀ ਕਹਿ ਰਹੀਆਂ ਹਨ। ਇਨ੍ਹਾਂ ਫਿਰਕੂ ਘਟਨਾਵਾਂ ਨੇ ਹੀ ਨਹੀਂ, ਬਲਕਿ ਸੂਬੇ ਵਿਚ ਗੈਂਗਸਟਰਾਂ ਦੇ ਖੌਫ਼ ਅਤੇ ਲੁੱਟ ਮਾਰ ਦੀਆਂ ਘਟਨਾਵਾਂ ਨੇ ਵੀ ਲੋਕਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ।

ਡੇਰਾ ਸਿਰਸਾ ਨਾਲ ਸਬੰਧਤ ਇਹ ਘਟਨਾਵਾਂ ਕੁਝ ਸੌੜੇ ਸਿਆਸੀ ਵਰਤਾਰਿਆਂ ਵੱਲ ਵੀ ਇਸ਼ਾਰਾ ਕਰਦੀਆਂ ਹਨ, ਕਿਉਂਕਿ ਇਹ ਘਟਨਾਵਾਂ ਉਸ ਸਮੇਂ ਵਾਪਰ ਰਹੀਆਂ ਹਨ ਜਦੋਂ ਪੰਜਾਬ ਸੰਭਾਵੀ ਸਿਆਸੀ ਉਥਲ-ਪੁਥਲ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਕੁਝ ਸਿਆਸੀ ਚਿੰਤਕਾਂ ਵੱਲੋਂ ਇਨ੍ਹਾਂ ਘਟਨਾਵਾਂ ਅਤੇ ਚੌਟਾਲਿਆਂ ਦੁਆਰਾ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਨੂੰ ਉਭਾਰਨਾ ਅਗਲੀ ਨਵੀਂ ਸਰਕਾਰ ਨੂੰ ਸ਼ੁਰੂਆਤ ਵਿਚ ਹੀ ਸਮੱਸਿਆਵਾਂ ਵਿਚ ਪਾਉਣ ਦੀ ਕਵਾਇਦ ਵਜੋਂ ਵੇਖਿਆ ਜਾ ਰਿਹਾ ਹੈ।

# ਭਾਰਤ ਤੇ ਇਜ਼ਰਾਈਲ ਵਿਚਕਾਰ ਮਿਜ਼ਾਈਲ ਸੌਦੇ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਇਜ਼ਰਾਈਲ ਨਾਲ ਮਿਲ ਕੇ ਫੌਜ ਲਈ ਮੱਧਮ ਦੂਰੀ ਦੀਆਂ ਧਰਤੀ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ (ਐਮ. ਆਰ.-ਐਸ.ਏ.ਐਮ.) ਬਣਾਉਣ ਲਈ 17000 ਕਰੋੜ ਦੇ ਸੌਦੇ ਨੂੰ ਮਨਜ਼ੂਰੀ ਦੇ ਦਿੱਤੀ ਹੈ ਜੋ ਕਿ ਭਾਰਤ ਦੇ ਇਸ ਯਹੂਦੀ ਦੇਸ਼ ਨਾਲ ਵੱਧ ਰਹੇ ਰੱਖਿਆ ਸਬੰਧਾਂ ਨੂੰ ਦਰਸਾਉਂਦਾ ਹੈ। ਇਸ ਪ੍ਰੋਜੈਕਟ ਤਹਿਤ ਡੀ.ਆਰ.ਡੀ.ਓ. (ਰੱਖਿਆ ਖੋਜ ਅਤੇ ਵਿਕਾਸ ਸੰਗਠਨ) ਅਤੇ ਇਜ਼ਰਾਈਲੀ ਜਹਾਜ਼ ਉਦਯੋਗ (ਆਈ.ਏ.ਆਈ.) ਵੱਲੋਂ ਮਿਲ ਕੇ ਕੰਮ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਸਾਲ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਜ਼ਰਾਈਲ ਦਾ ਦੌਰਾ ਕਰ ਸਕਦੇ ਹਨ ਜਿਸ ਦੇ ਮੱਦੇਨਜ਼ਰ ਇਸ ਸੌਦੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਾਲ 2017 ਵਿਚ ਦੋਵੇਂ ਦੇਸ਼ਾਂ ਦੇ ਰਣਨੀਤਕ ਸਬੰਧਾਂ ਦੀ 25ਵੀਂ ਵਰ੍ਹੇਗੰਢ ਹੈ।

## ਬੰਗਲਾ ਅਤਿਵਾਦੀਆਂ ਨੂੰ ਮੌਤ ਦੀ ਸਜ਼ਾ

**ਢਾਕਾ:** ਬੰਗਲਾ ਦੇਸ਼ ਵਿਚ ਪਾਬੰਦੀਸ਼ੁਦਾ ਜਮਾਤ-ਉਲ-ਮੁਜਾਹਿਦੀਨ ਬੰਗਲਾ ਦੇਸ਼ (ਜੇ.ਐਮ.ਬੀ.) ਦੇ ਪੰਜ ਕਾਰਕੁਨਾਂ ਨੂੰ 2015 ਵਿਚ ਜਾਪਾਨੀ ਨਾਗਰਿਕ ਦੀ ਹੱਤਿਆ ਦੇ ਕੇਸ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਰੰਗਪੁਰ ਦੀ ਅਦਾਲਤ ਨੇ ਇਸ ਕੇਸ ਵਿਚ ਦੋ ਜਣਿਆਂ ਖ਼ਿਲਾਫ਼ ਦੋਸ਼ ਸਾਬਤ ਨਾ ਹੋਣ 'ਤੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਮਈ 2015 ਵਿਚ ਬੰਗਲਾ ਦੇਸ਼ ਆਏ ਕੁਨਿਓ ਹੋਸ਼ੀ ਦੀ ਰੰਗਪੁਰ ਵਿਚ ਤਿੰਨ ਅਕਤੂਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਨੇ ਰੰਗਪੁਰ ਦੇ ਬਾਹਰੀ ਇਲਾਕੇ ਵਿਚ ਗ੍ਰਾਸ ਫਾਰਮ ਬਣਾਇਆ ਸੀ।

ਹੋਸ਼ੀ ਨੇ ਇਸਲਾਮ ਕਬੂਲ ਕਰ ਲਿਆ ਸੀ। ਉਸ ਦੀ ਹੱਤਿਆ ਤੋਂ ਪੰਜ ਦਿਨ ਪਹਿਲਾਂ ਢਾਕਾ ਵਿਚ ਮੋਟਰਸਾਈਕਲ ਸਵਾਰ ਅਤਿਵਾਦੀਆਂ ਨੇ ਇਟਲੀ ਦੇ 50 ਸਾਲਾ ਕੁਰਕੁਨ ਨੂੰ ਗੋਲੀ ਮਾਰ ਦਿੱਤੀ ਸੀ। ਹੋਸ਼ੀ ਦੀ ਹੱਤਿਆ ਦੇ ਕੇਸ ਵਿਚ ਨਵੰਬਰ 2016 ਵਿਚ ਜੇ.ਐਮ.ਬੀ. ਦੇ 8 ਮੈਂਬਰਾਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਸਨ।

# ਕੈਪਟਨ ਦਾ ਕੇਸ ਨਵੀਂ ਅਦਾਲਤ 'ਚ ਤਬਦੀਲ

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਰਜ ਕੇਸ ਖ਼ਤਮ ਕਰਨ ਦੇ ਮਾਮਲੇ ਦੀ ਸੁਣਵਾਈ ਐਨ ਮੌਕੇ 'ਤੇ ਦੂਜੀ ਜ਼ਿਲ੍ਹਾ ਅਦਾਲਤ ਵਿਚ ਤਬਦੀਲ ਕਰ ਦਿੱਤੀ ਗਈ। ਪਹਿਲਾਂ ਇਸ ਮਾਮਲੇ ਦੀ ਸੁਣਵਾਈ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਂਸਲ ਬੇਰੀ ਦੀ ਅਦਾਲਤ ਵਿਚ ਚੱਲ ਰਹੀ ਸੀ, ਪਰ ਹੁਣ ਇਸ ਕੇਸ ਦੀ ਸੁਣਵਾਈ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਿਚ ਤਬਦੀਲ ਹੋ ਗਈ ਹੈ। ਕੇਸ ਦੀ ਅਗਲੀ ਸੁਣਵਾਈ 7 ਮਾਰਚ ਨੂੰ ਹੋਵੇਗੀ।

ਉਂਜ ਕੈਪਟਨ ਅਮਰਿੰਦਰ ਸਿੰਘ ਸਮੇਤ ਛੇ ਮੁਲਜ਼ਮ, ਜਿਨ੍ਹਾਂ ਵਿਚ ਬ੍ਰਿਗੇਡੀਅਰ (ਸੇਵਾ ਮੁਕਤ) ਗੁਰਚਰਨ ਸਿੰਘ ਖਾਰਾ, ਬਲਜੀਤ ਸਿੰਘ, ਪਰਮਿੰਦਰ ਸਿੰਘ ਤੁੰਗ, ਸੁਭਾਸ਼ ਸ਼ਰਮਾ ਤੇ ਵਿੱਕੀ ਸ਼ਰਮਾ ਸ਼ਾਮਲ ਹਨ, ਗ਼ੈਰਹਾਜ਼ਰ ਰਹੇ। ਇਸ ਮਾਮਲੇ ਵਿਚ ਨਾਮਜ਼ਦ ਅੰਮ੍ਰਿਤਸਰ ਨਗਰ ਸੁਧਾਰ



ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਸੰਯੁਕਤ ਸਕੱਤਰ ਤਾਰਾ ਸਿੰਘ, ਰਜਿੰਦਰ ਸ਼ਰਮਾ, ਰੋਹਿਤ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਕ੍ਰਿਸ਼ਨ ਕੁਮਾਰ, ਦਲਜੀਤ ਸਿੰਘ, ਰਾਜੀਵ ਭਗਤ ਤੇ ਮਹੇਸ਼ ਖੰਨਾ ਅਦਾਲਤ ਵਿਚ ਪੇਸ਼ ਹੋਏ।

ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਉਹ ਨਿੱਜੀ ਰੁਝੇਵਿਆਂ ਕਰ ਕੇ ਪੇਸ਼ੀ 'ਤੇ ਹਾਜ਼ਰ ਨਹੀਂ ਹੋ ਸਕਦੇ। ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਬਾਕੀ ਮੁਲਜ਼ਮਾਂ ਨੇ ਵੀ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀਆਂ ਦਾਇਰ ਕਰ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ।

ਕੈਪਟਨ ਦੇ ਵਕੀਲਾਂ ਨੇ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਇਸ ਕੇਸ ਦੀ ਨਵੇਂ ਸਿਰਿਓਂ ਕੀਤੀ ਪੜਤਾਲ ਵਿਚ ਕੈਪਟਨ ਸਣੇ ਹੋਰ ਮੁਲਜ਼ਮਾਂ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲਿਆ। ਪੰਜਾਬ ਵਿਜੀਲੈਂਸ ਬਿਊਰੋ ਨੇ ਲੰਘੀ 7 ਅਕਤੂਬਰ ਨੂੰ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਮੁਲਜ਼ਮਾਂ ਖ਼ਿਲਾਫ਼ ਦਰਜ ਕੇਸ ਖ਼ਤਮ ਕਰਨ ਲਈ ਮੁਹਾਲੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਵਿਚ ਵੋਟਰਾਂ ਦਾ ਮੱਠਾ ਹੁੰਗਾਰਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ 45.77 ਫੀਸਦੀ ਵੋਟਾਂ ਭੁਗਤੀਆਂ, ਜਦ ਕਿ 2013 ਵਿਚ 4 ਲੱਖ 50 ਹਜ਼ਾਰ ਵੋਟਰਾਂ ਵਿਚੋਂ 43.4 ਫੀਸਦੀ ਨੇ ਵੋਟਾਂ ਪਾਈਆਂ ਸਨ ਤੇ ਇਸ ਵਾਰ 3 ਲੱਖ 80 ਹਜ਼ਾਰ ਵੋਟਾਂ ਵਿਚੋਂ 45.77 ਵੋਟਾਂ ਪਈਆਂ। ਤ੍ਰਿਨਗਰ ਵਾਰਡ ਨੰਬਰ 7 ਵਿਚ ਸਭ ਤੋਂ ਵੱਧ 65.98 ਫੀਸਦੀ ਵੋਟਾਂ ਭੁਗਤੀਆਂ ਤੇ ਸੰਤਗੜ੍ਹ ਵਾਰਡ ਨੰਬਰ 26 ਵਿਚ ਸਭ ਤੋਂ ਘੱਟ 26.14 ਫੀਸਦੀ ਵੋਟਾਂ ਪਈਆਂ।



ਤ੍ਰਿਨਗਰ ਵਿਚ 67 ਫੀਸਦੀ ਮਰਦ ਵੋਟਰਾਂ ਤੇ 65.3 ਫੀਸਦੀ ਔਰਤਾਂ ਨੇ ਵੋਟਾਂ ਪਾਈਆਂ। ਕੁੱਲ 3,80,755 ਵੋਟਰਾਂ ਵਿਚੋਂ 1,75,543 ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ, ਜਿਨ੍ਹਾਂ ਵਿਚ 88733 ਮਰਦ ਤੇ 86810 ਔਰਤਾਂ ਸ਼ਾਮਲ ਹਨ। ਮਰਦਾਂ ਦਾ ਮਤਦਾਨ ਫੀਸਦੀ 45.61 ਤੇ ਔਰਤਾਂ ਦਾ 45.92 ਰਿਹਾ। ਦੁਪਹਿਰ 12 ਵਜੇ ਤੱਕ ਕੁਝ ਵਾਰਡਾਂ ਵਿਚ ਸਿਰਫ 17 ਫੀਸਦੀ ਵੋਟਾਂ ਪਈਆਂ ਸਨ ਤੇ ਸ਼ਾਮ ਵੇਲੇ ਤਿਲਕ ਨਗਰ, ਤਿਲਕ ਵਿਹਾਰ, ਮਾਲਵੀਆ ਨਗਰ, ਚੌਖੰਡੀ ਸਮੇਤ ਯਮੁਨਾ ਪਾਰ ਦੇ ਇਲਾਕਿਆਂ ਵਿਚ ਵੋਟ ਫੀਸਦੀ ਵਧ ਗਿਆ। ਭਾਵੇਂ ਬਹੁਤੇ ਇਲਾਕਿਆਂ ਵਿਚ ਵੋਟਰ ਚੁੱਪ ਰਹੇ, ਪਰ ਤਿਲਕ ਨਗਰ ਤੇ ਤਿਲਕ ਵਿਹਾਰ ਦੇ ਇਲਾਕੇ ਜਿਥੇ ਸਿੱਖ ਕਤਲੇਆਮ ਪੀੜਤ ਬਹੁਗਿਣਤੀ ਵਿਚ ਰਹਿੰਦੇ ਹਨ, ਨੇ ਸ਼੍ਰੋਮਣੀ ਅਕਾਲੀ ਦਲ ਪੱਖੀ ਸਪੱਸ਼ਟ ਰਾਇ ਪੇਸ਼ ਕੀਤੀ। ਦਿੱਲੀ ਕਮੇਟੀ ਚੋਣਾਂ ਦੌਰਾਨ ਤਕਰੀਬਨ 560 ਪੋਲਿੰਗ ਸਟੇਸ਼ਨ ਬਣਾਏ ਗਏ ਸਨ, ਜਿਨ੍ਹਾਂ ਵਿਚੋਂ 119 ਸੰਵੇਦਨਸ਼ੀਲ ਅਤੇ 63 ਅਤਿ ਸੰਵੇਦਨਸ਼ੀਲ ਐਲਾਨੇ ਗਏ ਸਨ।

## ਪਿਛਲੀ ਵਾਰ ਦੇ ਮੁਕਾਬਲੇ 3% ਵੱਧ ਪਈਆਂ ਵੋਟਾਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ 45.76 ਫੀਸਦੀ ਵੋਟਿੰਗ ਹੋਈ ਹੈ ਜੋ ਕਿ ਪਿਛਲੀ ਵਾਰ 2013 'ਚ ਹੋਈਆਂ ਚੋਣਾਂ ਦੇ ਮੁਕਾਬਲੇ ਤਕਰੀਬਨ 3-4 ਫੀਸਦੀ ਜ਼ਿਆਦਾ ਹੈ, ਹਾਲਾਂਕਿ ਇਸ ਵਾਰ ਉਮੀਦਵਾਰਾਂ ਵੱਲੋਂ ਕਾਫੀ ਜ਼ਿਆਦਾ ਵੋਟਿੰਗ ਦੀ ਉਮੀਦ ਕੀਤੀ ਜਾ ਰਹੀ ਸੀ, ਪਰ ਵੋਟਰਾਂ ਦਾ ਉਤਸ਼ਾਹ ਕਾਫੀ ਮੱਠਾ ਨਜ਼ਰ ਆਇਆ। ਸਵੇਰੇ ਵੋਟਿੰਗ ਸ਼ੁਰੂ ਹੋਈ ਤਾਂ 9 ਵਜੇ ਤੱਕ ਸਿਰਫ 3 ਫੀਸਦੀ, 11 ਵਜੇ ਤੱਕ 10.19 ਫੀਸਦੀ, 1 ਵਜੇ ਤੱਕ 22 ਫੀਸਦੀ ਤੇ 3 ਵਜੇ ਤੱਕ 35.50 ਫੀਸਦੀ ਤੇ 5 ਵਜੇ ਤੱਕ 45.76 ਫੀਸਦੀ ਵੋਟਿੰਗ ਹੋ ਸਕੀ। ਕੁੱਲ 3,80,755 ਵੋਟਰਾਂ ਵਿਚੋਂ ਸਿਰਫ 1,75,543 (88,733 ਪੁਰਸ਼ ਅਤੇ 86810 ਔਰਤਾਂ) ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ।

## ਸੁਖਬੀਰ ਨੇ ਦਿੱਲੀ ਕਮੇਟੀ ਚੋਣਾਂ ਤੋਂ ਬਣਾਈ ਦੂਰੀ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਪਿਛਲੀ ਵਾਰ ਜ਼ੋਰਦਾਰ ਪ੍ਰਚਾਰ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵਾਰ ਚੋਣ ਪ੍ਰਚਾਰ ਤੋਂ ਦੂਰੀ ਬਣਾਈ ਰੱਖੀ। ਇਸ ਵਾਰ ਦਿੱਲੀ ਕਮੇਟੀ ਚੋਣਾਂ ਲਈ ਬਾਦਲ ਧੜੇ ਦੇ ਤਿੰਨ-ਚਾਰ ਉਮੀਦਵਾਰਾਂ ਨੇ ਹੀ ਬਾਦਲਾਂ ਦੀ ਤਸਵੀਰ ਆਪਣੇ ਪੋਸਟਰਾਂ ਉਪਰ ਛਾਪੀ ਹੈ ਤੇ ਉਨ੍ਹਾਂ ਨੂੰ ਡਰ ਹੈ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਤੇ ਡੇਰਾ ਸੱਚਾ ਸੌਦਾ ਕਰ ਕੇ ਕਿਤੇ ਪੰਜਾਬ ਦੇ ਸਿਆਸੀ ਆਗੂਆਂ ਦਾ ਮਾੜਾ ਅਸਰ ਇਨ੍ਹਾਂ ਚੋਣਾਂ ਉਪਰ ਵੀ ਨਾ ਪਵੇ। ਸੁਖਬੀਰ ਸਿੰਘ ਬਾਦਲ ਦੀ ਇਨ੍ਹਾਂ ਚੋਣਾਂ ਬਾਬਤ ਇਸ ਚੁੱਪ ਬਾਰੇ ਮੀਡੀਆ ਵਿਚ ਅਕਸਰ ਚਰਚਾ ਛਿੜੀ ਰਹੀ, ਪਰ ਇਸ ਬਾਰੇ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।

# ਟਰੰਪ ਨੂੰ ਮਿਲੇ ਨਵੇਂ ਭਾਰਤੀ ਰਾਜਦੂਤ ਨਵਤੇਜ ਸਰਨਾ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤ ਦੇ ਰਾਜਦੂਤ ਨਵਤੇਜ ਸਰਨਾ ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਿਲੇ। ਰਾਸ਼ਟਰਪਤੀ ਚੁਣੇ ਜਾਣ ਬਾਅਦ ਟਰੰਪ ਦੇ ਨਾਲ ਇਹ ਉਨ੍ਹਾਂ ਦੀ ਪਹਿਲੀ ਮਿਲਣੀ ਸੀ।



ਇਹ ਮਿਲਣੀ ਵਾਈਟ ਹਾਊਸ ਦੇ ਓਵਲ ਆਫਿਸ ਵਿਚ ਹੋਈ। 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਬਾਅਦ ਇਹ ਸਰਨਾ ਦੀ ਟਰੰਪ ਦੇ ਨਾਲ ਪਹਿਲੀ ਮੁਲਾਕਾਤ ਸੀ। ਸ੍ਰੀ ਸਰਨਾ, ਜੋ ਕਿ 1980 ਬੈਚ ਦੇ ਭਾਰਤੀ ਵਿਦੇਸ਼ ਸੇਵਾ ਦੇ ਅਧਿਕਾਰੀ ਹਨ, 8 ਨਵੰਬਰ ਦੀ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਤੋਂ ਕੁਝ ਦਿਨ ਪਹਿਲਾਂ ਹੀ ਨਿਯੁਕਤ ਹੋ ਕੇ ਅਮਰੀਕਾ ਪੁੱਜੇ ਸਨ। ਚੋਣਾਂ ਤੋਂ ਬਾਅਦ ਸੱਤਾ ਦੇ ਚੱਲ ਰਹੇ ਤਬਾਦਲੇ ਦੌਰਾਨ ਸ੍ਰੀ ਸਰਨਾ ਅਤੇ ਕੁਝ ਹੋਰ ਨਵ ਨਿਯੁਕਤ ਰਾਜਦੂਤ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨਹੀਂ ਮਿਲ ਸਕੇ ਸਨ। ਇਸ ਤੋਂ ਪਹਿਲਾਂ ਸਰਨਾ ਇਸਰਾਈਲ ਅਤੇ ਬਰਤਾਨੀਆ ਵਿਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਹਨ। ਅਮਰੀਕਾ ਆ ਕੇ ਸ੍ਰੀ ਸਰਨਾ ਅਮਰੀਕੀ ਸੰਸਦ ਮੈਂਬਰਾਂ ਅਤੇ ਭਾਰਤੀ ਭਾਈਚਾਰੇ ਦੇ ਆਗੂਆਂ ਨੂੰ ਮਿਲਣ ਵਿਚ ਰੁੱਝੇ ਰਹੇ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**

***Call today for your FREE, no-obligation quote:***

**1-408-771-2438**

satwant@satwantins.com

Allied Insurance
a Nationwide Insurance® company

# ਦਿੱਲੀ ਵਿਚ ਸੰਘ ਪਰਿਵਾਰ ਦੀ ਫਿਰ ਬੁਰਛਾਗਰਦੀ

## ਜੂਝ ਰਹੇ ਵਿਦਿਆਰਥੀਆਂ ਨੇ ਕੀਤੀ ਆਵਾਜ਼ ਬੁਲੰਦ



ਗੁਰਮਿਹਰ ਕੌਰ




ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਵਿਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਹਿੰਸਕ ਪ੍ਰਦਰਸ਼ਨ ਦਾ ਸੋਸ਼ਲ ਮੀਡੀਆ 'ਤੇ ਜਦੋਂ ਤਿੱਖਾ ਵਿਰੋਧ ਸ਼ੁਰੂ ਹੋਇਆ ਤਾਂ ਲੇਡੀ ਸ੍ਰੀ ਰਾਮ ਕਾਲਜ ਦੀ ਵਿਦਿਆਰਥਣ ਗੁਰਮਿਹਰ ਕੌਰ ਨੇ ਸਭ ਦਾ ਧਿਆਨ ਖਿਚਿਆ। ਦੇਸ਼ ਭਰ ਤੋਂ ਵਿਦਿਆਰਥੀਆਂ ਨੇ ਸੋਸ਼ਲ ਮੀਡੀਆ ਅਕਾਊਂਟਸ ਉਤੇ ਆਪਣੀ ਡਿਸਪਲੇ ਪਿਕਚਰ ਬਦਲਦੇ ਹੋਏ ਏ.ਬੀ.ਵੀ.ਪੀ. ਦੇ ਖਿਲਾਫ ਸਟੈਂਡ ਲਿਆ। ਇਸੇ ਮੁਹਿੰਮ ਵਿਚ ਗੁਰਮਿਹਰ ਕੌਰ ਦੀ ਫੋਟੋ ਵਾਇਰਲ ਹੋਈ। ਉਸ ਨੇ ਹੱਥ ਵਿਚ ਤਖਤੀ ਫੜੀ ਹੋਈ ਹੈ, ਇਸ ਉਤੇ ਲਿਖਿਆ ਹੈ- ਏ.ਬੀ.ਵੀ.ਪੀ. ਵੱਲੋਂ ਨਿਰਦੋਸ਼ ਵਿਦਿਆਰਥੀਆਂ 'ਤੇ ਕੀਤਾ ਵਹਿਸ਼ੀ ਹਮਲਾ ਪ੍ਰੇਸ਼ਾਨ ਕਰ ਰਿਹਾ ਹੈ, ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਇਹ ਮਹਿਜ਼ ਪ੍ਰਦਰਸ਼ਨਕਾਰੀਆਂ ਉਤੇ ਹਮਲਾ ਨਹੀਂ ਸੀ, ਬਲਕਿ ਭਾਰਤੀਆਂ ਦੇ ਦਿਲ ਵਿਚ ਵਸੇ ਲੋਕਤੰਤਰ ਦੀ ਭਾਵਨਾ ਉਤੇ ਸਿੱਧੀ ਸੱਟ ਸੀ। ਤੁਸੀਂ (ਏ.ਬੀ.ਵੀ.ਪੀ.) ਜਿਹੜੇ ਪੱਥਰ ਚਲਾਏ, ਉਹ ਸਾਡੇ ਸਰੀਰ ਉਤੇ ਤਾਂ ਲੱਗੇ, ਪਰ ਸਾਡੇ ਵਿਚਾਰਾਂ ਨੂੰ ਸੱਟ ਮਾਰਨ ਵਿਚ ਅਸਫਲ ਰਹੇ। ਇਸ ਦੇ ਨਾਲ ਹੀ ਉਸ ਨੇ ਲਿਖਿਆ ਕਿ ਉਹ ਏ.ਬੀ.ਵੀ.ਪੀ. ਤੋਂ ਡਰਦੀ ਨਹੀਂ ਹੈ...।

ਬੱਸ, ਇਸ ਤੋਂ ਬਾਅਦ ਏ.ਬੀ.ਵੀ.ਪੀ. ਦੇ ਹਮਾਇਤੀਆਂ ਨੇ ਉਸ ਖਿਲਾਫ ਦੂਸ਼ਣਬਾਜ਼ੀ ਆਰੰਭ ਕਰ ਦਿੱਤੀ। ਉਸ ਨੂੰ ਕਤਲ ਕਰਨ ਅਤੇ ਬਲਤਾਕਾਰ ਤੱਕ ਦੀ ਧਮਕੀ ਦਿੱਤੀ ਗਈ। ਵਿਰੋਧੀਆਂ ਨੇ ਗੁਰਮਿਹਰ ਕੌਰ ਵੱਲੋਂ ਸਾਲ ਪਹਿਲਾਂ ਯੂਟਿਊਬ 'ਤੇ ਪਾਈ ਵੀਡੀਓ ਕੱਢ ਕੇ ਉਸ ਉਤੇ ਦੇਸ਼ਧ੍ਰੋਹੀ ਹੋਣ ਦਾ ਲੇਬਲ ਲਾ ਦਿੱਤਾ। ਇਸ ਵੀਡੀਓ ਵਿਚ ਗੁਰਮਿਹਰ ਕੌਰ ਨੇ ਕਿਹਾ ਸੀ ਕਿ ਉਸ ਦੇ ਪਿਤਾ ਨੂੰ ਪਾਕਿਸਤਾਨ ਨੇ ਨਹੀਂ, ਜੰਗ ਨੇ ਮਾਰਿਆ ਹੈ। ਯਾਦ ਰਹੇ ਕਿ ਗੁਰਮਿਹਰ ਕੌਰ ਦਾ ਪਿਤਾ ਕੈਪਟਨ ਮਨਦੀਪ ਸਿੰਘ ਕਾਰਗਿਲ ਜੰਗ ਦੌਰਾਨ ਮਾਰਿਆ ਗਿਆ ਸੀ। ਉਸ ਵਕਤ ਉਹ ਦੋ ਵਰ੍ਹਿਆਂ ਦੀ ਸੀ। ਛੇ ਵਰ੍ਹਿਆਂ ਦੀ ਹੋਈ ਤਾਂ ਉਸ ਨੇ ਇਕ ਦਿਨ ਬੁਰਕੇ ਵਾਲੀ ਇਕ ਔਰਤ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਲਗਦਾ ਸੀ ਮੁਸਲਮਾਨ ਹੀ ਉਸ ਦੇ ਪਿਤਾ ਲਈ ਜ਼ਿੰਮੇਵਾਰ ਹਨ। ਉਸ ਦੀ ਮਾਂ ਨੇ ਜਦ ਉਸ ਨੂੰ ਸਮਝਾਇਆ ਤਾਂ ਉਸ ਨੂੰ ਸਮਝ ਪੈਣ ਲੱਗੀ ਕਿ ਜੰਗ ਕਿਸ ਤਰ੍ਹਾਂ ਦੇ ਹੱਕ ਵਿਚ ਅਤੇ ਆਮ ਲੋਕਾਂ ਦੇ ਖਿਲਾਫ ਭੁਗਤਦੀ ਹੈ। ਪਿਛਲੇ ਸਾਲ ਜਦੋਂ ਉਸ ਨੇ ਇਹ ਪੋਸਟ ਪਾਈ ਕਿ 'ਉਸ ਦੇ ਪਿਤਾ ਨੂੰ ਪਾਕਿਸਤਾਨ ਨੇ ਨਹੀਂ, ਜੰਗ ਨੇ ਮਾਰਿਆ ਹੈ', ਤਾਂ ਇਹ ਜੰਗ-ਵਿਰੋਧੀ ਮੁਹਿੰਮ ਦਾ ਜ਼ੋਰਦਾਰ ਜ਼ਰੀਆ ਹੋ ਨਿਬੜੀ। ਆਪਣੇ ਕਥਿਤ 'ਦੇਸ਼ ਭਗਤਾਂ' ਦੀ ਨਾਲਾਇਕੀ ਦੇਖੋ ਕਿ ਇਸ ਮੁੱਦੇ 'ਤੇ ਉਸ ਨੂੰ ਦੇਸ਼ ਵਿਰੋਧੀ ਗਰਦਾਨ ਦਿੱਤਾ ਗਿਆ। ਕ੍ਰਿਕਟ ਖਿਡਾਰੀ ਵਰੇਂਦਰ ਸਹਿਵਾਗ ਨੇ ਇਹ ਪੋਸਟ ਪਾ ਕੇ ਗੁਰਮਿਹਰ ਦਾ ਮਜ਼ਾਕ ਉਡਾਇਆ- ਦੋਹਰੇ-ਤੀਹਰੇ ਸੈਂਕੜੇ ਮੈਂ ਨਹੀਂ, ਮੇਰੇ ਬੱਲੇ ਨੇ ਬਣਾਏ ਹਨ। ਰਣਦੀਪ ਹੁੱਡਾ ਵਰਗੇ ਸੰਜੀਦਾ ਸਮਝੇ ਜਾਂਦੇ ਅਦਾਕਾਰ ਨੇ ਵੀ ਵਰੇਂਦਰ ਸਹਿਵਾਗ ਦੀ ਹਮਾਇਤ ਕਰ ਕੇ ਆਪਣਾ ਅਸਲੀ ਰੰਗ ਦਿਖਾ ਦਿੱਤਾ। ਮਗਰੋਂ ਅਦਾਕਾਰ ਨਸੀਰੂਦੀਨ ਸ਼ਾਹ ਅਤੇ ਗੀਤਕਾਰ ਜਾਵੇਦ ਅਖਤਰ ਨੇ ਇਨ੍ਹਾਂ ਦੀ ਖੂਬ ਖੁੰਬ ਠੱਪੀ। ਗੁਰਮਿਹਰ ਕੌਰ ਨੇ ਆਪਣੇ ਖਿਲਾਫ ਹੋਈ ਸ਼ਾਬਦਿਕ ਹਿੰਸਾ ਦੀ ਸ਼ਿਕਾਇਤ ਦਿੱਲੀ ਮਹਿਲਾ ਕਮਿਸ਼ਨ ਕੋਲ ਕੀਤੀ ਜਿਸ ਦੀ ਪੈਰਵੀ ਪਿਛੋਂ ਦਿੱਲੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਹੁਣ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸੈਂਟਰਲ ਰੇਂਜ ਦੇ ਜਾਇੰਟ ਪੁਲਿਸ ਕਮਿਸ਼ਨਰ ਨੂੰ ਜਾਰੀ ਨੋਟਿਸ ਵਿਚ ਦਿੱਲੀ ਮਹਿਲਾ ਕਮਿਸ਼ਨ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਵਿਦਿਆਰਥਣਾਂ ਉਤੇ ਪੁਲਿਸ ਦਾ ਹਮਲਾ ਛੇੜਛਾੜ ਦੇ ਬਰਾਬਰ ਹੈ ਅਤੇ ਇਸ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਬਣਦੀ ਹੈ।

ਮਸਲਾ ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਤੋਂ ਸ਼ੁਰੂ ਹੋਇਆ ਸੀ ਜਿਥੇ ਆਰ.ਐੱਸ.ਐੱਸ. ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਨੇ ਹੰਗਾਮਾ ਕਰ ਕੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੇ ਵਿਦਿਆਰਥੀ ਉਮਰ ਖਾਲਿਦ ਦਾ ਭਾਸ਼ਣ ਰੱਦ ਕਰਵਾ ਦਿੱਤਾ ਸੀ। ਕਾਲਜ ਦੀ ਸਾਹਿਤ ਸੁਸਾਇਟੀ ਅਤੇ ਅੰਗਰੇਜ਼ੀ ਵਿਭਾਗ ਵੱਲੋਂ ਦੋ-ਰੋਜ਼ਾ ਸਮਾਗਮ 'ਕਲਚਰਜ਼ ਆਫ ਪ੍ਰੋਟੈਸਟ' ਕਰਵਾਇਆ ਜਾ ਰਿਹਾ ਸੀ। ਇਸ ਸਮਾਗਮ ਵਿਚ ਉਮਰ ਖਾਲਿਦ ਨੂੰ 'ਆਦਿਵਾਸੀ ਇਲਾਕਿਆਂ ਵਿਚ ਜੰਗ' ਨਾਂ ਦੇ ਸੈਸ਼ਨ ਵਿਚ ਉਸ ਦੀ ਪੀਐਚ.ਡੀ. ਖੋਜ ਬਾਰੇ ਭਾਸ਼ਣ ਦੇਣ ਲਈ ਬੁਲਾਇਆ ਗਿਆ ਸੀ। ਉਹ ਆਦਿਵਾਸੀ ਦੇ ਘੋਲ ਬਾਰੇ ਹੀ ਪੀਐਚ.ਡੀ. ਕਰ ਰਿਹਾ ਹੈ। ਜੇ.ਐਨ.ਯੂ. ਦੀ ਇਕ ਹੋਰ ਵਿਦਿਆਰਥੀ ਆਗੂ ਸ਼ਿਹਲਾ ਰਸ਼ੀਦ ਨੇ ਵੀ ਇਸ ਸੈਸ਼ਨ ਵਿਚ ਬੋਲਣਾ ਸੀ। ਇਹ ਉਹ ਵਿਦਿਆਰਥੀ ਹਨ ਜਿਨ੍ਹਾਂ ਨੇ ਪਿਛਲੇ ਸਾਲ ਜੇ.ਐਨ.ਯੂ. ਵਿਚ ਵਿਚਾਰਾਂ ਦੀ ਆਜ਼ਾਦੀ ਖਿਲਾਫ ਝੰਡਾ ਬੁਲੰਦ ਕੀਤਾ ਸੀ। ਇਨ੍ਹਾਂ ਵਿਦਿਆਰਥੀ ਆਗੂਆਂ ਦੇ ਸਮਾਗਮ ਵਿਚ ਪਹੁੰਚਣ ਤੋਂ ਪਹਿਲਾਂ ਹੀ ਵਿਦਿਆਰਥੀ ਪ੍ਰੀਸ਼ਦ ਦੇ ਕਾਰਕੁਨਾਂ ਨੇ ਹੰਗਾਮਾ ਕਰ ਦਿੱਤਾ ਅਤੇ ਉਮਰ ਖਾਲਿਦ ਦੀ ਸ਼ਮੂਲੀਅਤ ਰੱਦ ਕਰਨ ਲਈ ਦਬਾਅ ਪਾਇਆ। ਪ੍ਰਬੰਧਕਾਂ ਨੇ ਸੈਮੀਨਾਰ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਸੰਘ ਦੇ ਕਾਰਕੁਨਾਂ ਨੇ ਕਾਨਫਰੰਸ ਹਾਲ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਬਿਜਲੀ ਕੱਟ ਦਿੱਤੀ। ਪੁਲਿਸ ਨੇ ਅਮਨ-ਕਾਨੂੰਨ ਦੇ ਹਾਲਾਤ ਦਾ ਹਵਾਲਾ ਦੇ ਕੇ ਕਾਲਜ ਪ੍ਰਸ਼ਾਸਨ ਉਤੇ ਉਮਰ ਖਾਲਿਦ ਦਾ ਭਾਸ਼ਣ ਰੱਦ ਕਰਨ ਲਈ ਦਬਾਅ ਪਾਇਆ ਜਿਸ ਕਾਰਨ ਕਾਲਜ ਪ੍ਰਸ਼ਾਸਨ ਨੇ ਇਹ ਰੱਦ ਕਰ ਦਿੱਤਾ।

ਇਸੇ ਦੌਰਾਨ ਗੁਰਮਿਹਰ ਆਰ.ਐਸ.ਐਸ. ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਖਿਲਾਫ ਮੁਹਿੰਮ ਤੋਂ ਲਾਂਭੇ ਹੋਣ ਦਾ ਐਲਾਨ ਕਰ ਦਿੱਤਾ ਹੈ ਅਤੇ ਆਪਣੇ ਪਰਿਵਾਰ ਨਾਲ ਆਪਣੇ ਘਰ ਜਲੰਧਰ ਪਹੁੰਚ ਗਈ ਹੈ। ਉਂਜ ਉਹ ਆਪਣੇ ਸਟੈਂਡ ਉਤੇ ਡਟੇ ਹੋਈ ਹੈ ਅਤੇ ਉਸ ਨੇ ਏ.ਬੀ.ਵੀ.ਪੀ. ਖਿਲਾਫ ਕੱਢੇ ਵਿਸ਼ਾਲ ਰੋਸ ਮਾਰਚ ਦੀ ਵੀ ਹਮਾਇਤ ਕੀਤੀ। ਜੇ.ਐਨ.ਯੂ., ਡੀ.ਯੂ. ਅਤੇ ਜਾਮੀਆ ਦੇ ਵਿਦਿਆਰਥੀਆਂ ਵੱਲੋਂ ਏ.ਬੀ.ਵੀ.ਪੀ. ਖਿਲਾਫ ਕੱਢੇ ਮਾਰਚ ਦੀ ਹਮਾਇਤ ਕਰਦਿਆਂ ਉਸ ਨੇ ਸਾਰਿਆਂ ਨੂੰ ਇਸ ਵਿਚ ਸ਼ਰੀਕ ਹੋਣ ਦਾ ਸੱਦਾ ਦਿੱਤਾ। ਯਾਦ ਰਹੇ ਕਿ ਦਿੱਲੀ ਦੇ ਖਾਲਸਾ ਕਾਲਜ ਦੇ ਗੇਟ ਤੋਂ ਸ਼ੁਰੂ ਹੋਏ ਇਸ ਮਾਰਚ ਵਿਚ ਵੱਡੀ ਗਿਣਤੀ ਵਿਚ ਅਧਿਆਪਕ ਵੀ ਸ਼ਾਮਲ ਹੋਏ। ਮਾਰਚ ਵਿਚ ਮੁੱਖ ਤੌਰ 'ਤੇ ਖੱਬੀਆਂ ਧਿਰਾਂ ਨਾਲ ਸਬੰਧਤ ਵਿਦਿਆਰਥੀਆਂ ਨੇ ਹਿੱਸਾ ਲਿਆ।

### ਧਮਕੀਆਂ ਦੀ ਪ੍ਰਵਾਹ ਨਹੀਂ: ਗੁਰਮਿਹਰ ਦਾ ਦਾਦਾ

**ਜਲੰਧਰ:** ਗੁਰਮਿਹਰ ਕੌਰ ਦੇ ਦਾਦਾ ਕੰਵਲਜੀਤ ਸਿੰਘ ਨੇ ਏ.ਬੀ.ਵੀ.ਪੀ. ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਅਜਿਹੀਆਂ ਭੱਦੀ ਸ਼ਬਦਾਵਲੀ ਵਰਤਣ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਗੁਰਮਿਹਰ ਅਜਿਹੀਆਂ ਗਿੱਦੜ-ਭਬਕੀਆਂ ਤੋਂ ਡਰਨ ਵਾਲੀ ਨਹੀਂ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਉਸ ਦੇ ਸ਼ਹੀਦ ਪੁੱਤਰ ਬਾਰੇ ਘਟੀਆ ਸ਼ਬਦਾਵਲੀ ਵਰਤੀ ਜਾ ਰਹੀ ਹੈ। ਨਕੋਦਰ ਦੇ ਕਾਲਜ ਵਿਚ ਅੰਗਰੇਜ਼ੀ ਪੜ੍ਹਾ ਰਹੇ ਗੁਰਮਿਹਰ ਕੌਰ ਦੇ ਚਾਚੇ ਨੇ ਵੀ ਗੁਰਮਿਹਰ ਦੀ ਹਮਾਇਤ ਕੀਤੀ ਹੈ।




### ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵੀ ਝੜਪ

**ਚੰਡੀਗੜ੍ਹ:** ਦਿੱਲੀ ਦੇ ਰਾਮਜਸ ਕਾਲਜ ਵਿਚ ਹੋਈ ਘਟਨਾ ਦਾ ਸੇਕ ਪੰਜਾਬ ਯੂਨੀਵਰਸਿਟੀ ਵਿਚ ਵੀ ਪਹੁੰਚ ਗਿਆ। ਯੂਨੀਵਰਸਿਟੀ 'ਚ ਏ.ਬੀ.ਵੀ.ਪੀ. ਅਤੇ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਦਰਮਿਆਨ ਝੜਪ ਹੋ ਗਈ। ਦੋਹਾਂ ਧਿਰਾਂ ਨੇ ਇਕ ਦੂਜੇ ਦੀ ਖੂਬ ਮਾਰ-ਕੁੱਟ ਕੀਤੀ। ਪੁਲਿਸ ਨੇ ਇਸ ਮਾਮਲੇ ਵਿਚ 8 ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਯਾਦ ਰਹੇ ਕਿ ਰਾਮਜਸ ਕਾਲਜ ਦੀ ਘਟਨਾ ਤੋਂ ਬਾਅਦ ਏ.ਬੀ.ਵੀ.ਪੀ. ਨੇ ਰੋਸ ਪ੍ਰਦਰਸ਼ਨ ਕੀਤਾ ਸੀ। ਅਗਲੇ ਦਿਨ ਐਸ.ਐਫ.ਐਸ. ਨੇ ਰੋਸ ਪ੍ਰਦਰਸ਼ਨ ਕਰਦਿਆਂ ਕੌਮੀ ਮਨੁੱਖੀ ਅਧਿਕਾਰੀ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਫੌਜ ਵੱਲੋਂ ਬਸਤਰ ਵਿਚ ਆਦਿਵਾਸੀ ਔਰਤਾਂ ਨਾਲ ਜਬਰ ਜਨਾਹ ਦੀ ਗੱਲ ਆਖੀ। ਇਸ ਦੇ ਵਿਰੋਧ ਵਿਚ ਏ.ਬੀ.ਵੀ.ਪੀ. ਨੇ ਫਿਰ ਰੋਸ ਵਿਖਾਵਾ ਕੀਤਾ। ਇਸ ਦੌਰਾਨ ਇਕ ਟੀ.ਵੀ. ਚੈਨਲ ਵੱਲੋਂ ਜਦੋਂ ਦੋਹਾਂ ਧਿਰਾਂ ਦੇ ਆਗੂਆਂ ਦੀ ਇੰਟਰਵਿਊ ਲਈ ਜਾ ਰਹੀ ਸੀ ਤਾਂ ਐਸ.ਐਫ.ਐਸ. ਦੇ ਪ੍ਰਧਾਨ ਦਮਨਪ੍ਰੀਤ ਨੇ ਏ.ਬੀ.ਵੀ.ਪੀ. ਨੂੰ 'ਮੋਦੀ ਦੇ ਗੁੰਡੇ' ਆਖ ਦਿੱਤਾ। ਇਸ 'ਤੇ ਏ.ਬੀ.ਵੀ.ਪੀ. ਦੇ ਵਿਦਿਆਰਥੀ ਆਗੂ ਭੜਕ ਗਏ ਅਤੇ ਗੱਲ ਹੱਥੋਪਾਈ ਤੱਕ ਪਹੁੰਚ ਗਈ।




### 'ਵਰਸਿਟੀਆਂ 'ਚ ਡਰ ਵਾਲਾ ਮਾਹੌਲ: ਅਮਰਤਿਆ ਸੇਨ

**ਨਵੀਂ ਦਿੱਲੀ:** ਉਘੇ ਅਰਥ ਸ਼ਾਸਤਰੀ ਅਮਰਤਿਆ ਸੇਨ ਨੇ ਕਿਹਾ ਕਿ ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਦਾ ਸੰਕਲਪ ਭਾਰਤ ਵਿਚ ਪਰਾਇਆ ਹੋ ਰਿਹਾ ਹੈ। ਨੋਬੇਲ ਪੁਰਸਕਾਰ ਜੇਤੂ ਸ੍ਰੀ ਸੇਨ ਨੇ ਕਿਹਾ ਕਿ ਆਜ਼ਾਦੀ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੇ ਅੱਜ ਭਾਰਤ ਵਿਚ ਔਖੇ ਵੇਲੇ ਦਾ ਸਾਹਮਣਾ ਕਰ ਰਿਹਾ ਹੈ। ਲੋਕ ਸਰਕਾਰ ਖਿਲਾਫ਼ ਬੋਲਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਦੇਸ਼ ਧ੍ਰੋਹੀ ਗਰਦਾਨਿਆ ਜਾ ਰਿਹਾ ਹੈ।

# ਸੰਘ ਦੇ ਮਨਸੂਬੇ ਅਤੇ ਆਜ਼ਾਦ ਖਿਆਲ ਵਿਦਿਆਰਥਣ ਦੀ ਨਾਬਰੀ

ਆਰ.ਐਸ.ਐਸ. ਦਾ ਰਾਸ਼ਟਰਵਾਦ, ਵਿਚਾਰਾਂ ਦੀ ਆਜ਼ਾਦੀ ਅਤੇ ਔਰਤਾਂ ਦਾ ਕਿਹੋ ਜਿਹਾ ਸਤਿਕਾਰ ਕਰਦਾ ਹੈ, ਹਾਲੀਆ ਘਟਨਾਵਾਂ ਨੇ ਇਕ ਵਾਰ ਫਿਰ ਇਸ ਦੀ ਤਸਦੀਕ ਕਰ ਦਿੱਤੀ ਹੈ। ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਵਿਚ ਵਿਚਾਰ-ਚਰਚਾ ਨੂੰ ਕੁਚਲਣ ਲਈ ਸੰਘ ਬ੍ਰਿਗੇਡ ਨੇ ਬੇਖੌਫ਼ ਹੋ ਕੇ ਗੁੰਡਾਗਰਦੀ ਕੀਤੀ। ਪੁਲਿਸ ਕੋਲ ਖੜ੍ਹੀ ਨਾ ਸਿਰਫ ਤਮਾਸ਼ਾ ਦੇਖਦੀ ਰਹੀ, ਸਗੋਂ ਅਮਨ-ਕਾਨੂੰਨ ਭੰਗ ਹੋਣ ਦੇ ਖਤਰੇ ਦਾ ਰਾਗ ਅਲਾਪ ਕੇ ਸੰਘੀ ਗੁੰਡਾਗਰਦੀ ਦਾ ਸਾਥ ਦਿੰਦੀ ਰਹੀ; ਕਿਉਂਕਿ 'ਸਭ ਤੋਂ ਵੱਡੀ ਜਮਹੂਰੀਅਤ' ਕਹਾਉਣ ਵਾਲੇ ਸਟੇਟ ਦੀ ਕੇਂਦਰੀ ਸੱਤਾ ਦੇ ਗਲਿਆਰਿਆਂ ਵਲੋਂ ਉਨ੍ਹਾਂ ਨੂੰ ਇਸੇ ਤਰ੍ਹਾਂ ਕਰਨ ਦੀ ਹਦਾਇਤ ਹੈ, ਤੇ ਸੱਤਾਧਾਰੀ ਧਿਰ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣਾ ਪੁਲਿਸ ਦਾ 'ਰਾਜ ਧਰਮ' ਹੈ।

ਦੂਜੇ ਬੰਨੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਅੰਦਰ ਸੰਘ ਦੀ ਫਾਸ਼ੀਵਾਦੀ ਧੌਂਸ ਨੂੰ ਆਜ਼ਾਦੀ ਪਸੰਦ ਅਤੇ ਜਾਗਰੂਕ ਇਨਸਾਨ ਵੰਗਾਰ ਰਹੇ ਹਨ। ਪਿਛਲੇ ਦੋ ਸਾਲਾਂ ਤੋਂ ਅਕਾਦਮਿਕ ਸੰਸਥਾਵਾਂ ਅੰਦਰੋਂ ਇਸ ਨਾਬਰੀ ਦਾ ਇਜ਼ਹਾਰ ਲਗਾਤਾਰ ਹੋ ਰਿਹਾ ਹੈ। ਕਾਰਗਿਲ ਜੰਗ ਵਿਚ ਮਾਰੇ ਗਏ ਫ਼ੌਜ ਦੇ ਕੈਪਟਨ ਮਨਦੀਪ ਸਿੰਘ ਦੀ ਧੀ ਗੁਰਮਿਹਰ ਕੌਰ ਨੇ ਇਸੇ ਫ਼ਿਕਰਮੰਦੀ ਨੂੰ ਆਪਣੇ ਰੋਸ ਵਿਖਾਵੇ ਜ਼ਰੀਏ ਜ਼ੁਬਾਨ ਦਿੱਤੀ ਹੈ। "ਮੈਂ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਹਾਂ। ਮੈਂ ਏ.ਬੀ.ਵੀ.ਪੀ. ਤੋਂ ਨਹੀਂ ਡਰਦੀ। ਮੈਂ ਇਕੱਲੀ ਨਹੀਂ। ਹਿੰਦੁਸਤਾਨ ਦਾ ਹਰ ਵਿਦਿਆਰਥੀ ਮੇਰੇ ਨਾਲ ਹੈ।" ਇਹ ਗੁਰਮਿਹਰ ਕੌਰ ਦਾ ਸਹਿਜ ਪ੍ਰਤੀਕਰਮ ਹੈ, ਪਰ ਕਿਸੇ ਵਿਦਿਆਰਥੀ ਦੀ ਨਾਬਰੀ ਉਨ੍ਹਾਂ ਨੂੰ ਕਿਵੇਂ ਮਨਜ਼ੂਰ ਹੋ ਸਕਦੀ ਹੈ ਜੋ ਇਸ ਵਕਤ ਦੇਸ਼ ਭਗਤੀ ਦੇ ਸਰਟੀਫੀਕੇਟ ਜਾਰੀ ਕਰਨ ਦੇ ਵਾਹਦ ਠੇਕੇਦਾਰ ਬਣੇ ਹੋਏ ਹਨ।

ਕੇਂਦਰੀ ਮੰਤਰੀਆਂ, ਸੰਸਦ ਮੈਂਬਰਾਂ ਤੋਂ ਲੈ ਕੇ ਸੰਘ ਦੀ ਭਾੜੇ ਦੀ ਸੋਸ਼ਲ ਮੀਡੀਆ ਫ਼ੌਜ ਇਸ ਵਿਦਿਆਰਥਣ ਦੀ ਆਵਾਜ਼ ਨੂੰ ਖ਼ਾਮੋਸ਼ ਕਰਨ ਲਈ ਇਕਦਮ ਸਰਗਰਮ ਹੋ ਗਈ। ਸੰਘ ਨੂੰ ਡਰ ਹੈ ਕਿ ਕਿਸੇ ਵਿਦਿਆਰਥਣ ਦਾ ਐਸਾ ਡਟਵਾਂ ਸਟੈਂਡ ਵਿਦਿਆਰਥੀ ਅਤੇ ਅਕਾਦਮਿਕ ਭਾਈਚਾਰੇ ਉਪਰ ਥੋਪੀ ਜਾ ਰਹੀ ਉਨ੍ਹਾਂ ਦੀ ਸਮੁੱਚੀ ਦਹਿਸ਼ਤੀ ਖੇਡ ਨੂੰ ਖ਼ਰਾਬ ਕਰ ਸਕਦਾ ਹੈ, ਪਰ ਉਸ ਤੋਂ ਪ੍ਰੇਰਨਾ ਲੈ ਕੇ ਹੋਰ ਸੰਸਥਾਵਾਂ ਦੇ ਵਿਦਿਆਰਥੀ ਵੀ ਇਹੀ ਤਰੀਕਾ ਅਖਤਿਆਰ ਕਰ ਕੇ ਸੰਘ ਦਾ ਵਿਰੋਧ ਕਰਨ ਲਈ ਅੱਗੇ ਆ ਰਹੇ ਹਨ। ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਦਾ ਕਹਿਣਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਦੀ ਇਕ ਹੱਦ ਹੈ, ਉਸ ਹੱਦ ਨੂੰ ਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਹੱਦ ਤੋਂ ਜੇਤਲੀ ਦਾ ਭਾਵ ਇਹ ਹੈ ਕਿ ਜੋ ਸਰਕਾਰ ਚਾਹੇਗੀ, ਉਹੀ ਬੋਲਣ ਦੀ ਆਜ਼ਾਦੀ ਹੈ। ਕਰਨਾਟਕ ਤੋਂ ਭਾਜਪਾ ਦੇ ਇਕ ਸੰਸਦ ਮੈਂਬਰ ਨੇ ਆਪਣੀ ਟਵੀਟ ਵਿਚ ਗੁਰਮਿਹਰ ਦੀ ਤੁਲਨਾ ਦਾਊਦ ਇਬਰਾਹਿਮ ਨਾਲ ਕਰ ਦਿੱਤੀ। ਕ੍ਰਿਕਟਰ ਵਰੇਂਦਰ ਸਹਿਵਾਗ ਅਤੇ ਅਦਾਕਾਰ ਰਣਦੀਪ ਹੁੱਡਾ ਵੀ ਉਸ ਦਾ ਵਿਰੋਧ ਕਰਨ ਲਈ ਅੱਗੇ ਆਏ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਬਿਆਨ ਦਿੱਤਾ ਕਿ ਉਸ ਦਾ ਦਿਮਾਗ ਕੌਣ ਖਰਾਬ ਕਰ ਰਿਹਾ ਹੈ? ਮੁੰਬਈ ਤੋਂ ਛਪਦੇ ਇਕ ਮੁੱਖ ਗੁਜਰਾਤੀ ਅਖ਼ਬਾਰ ਦੇ ਮੁੱਖ ਲੇਖ ਵਿਚ ਤਾਂ ਉਸ ਉਪਰ ਸਿੱਧਾ ਇਲਜ਼ਾਮ ਲਗਾਇਆ ਗਿਆ ਹੈ ਕਿ ਉਹ 'ਪਾਕਿਸਤਾਨ ਦੀ ਏਜੰਟੀ ਕਰਨਾ ਬੰਦ ਕਰੇ'।



ਗੁਰਮਿਹਰ ਕੌਰ ਦੀ ਹਮਾਇਤ।

ਉਧਰ ਸੰਘ ਦੀ ਸੋਸ਼ਲ ਮੀਡੀਆ ਫ਼ੌਜ ਨੇ ਦੇਸ਼ ਭਗਤੀ ਦਾ ਮੋਰਚਾ ਸੰਭਾਲ ਲਿਆ ਹੈ। ਉਸ ਨੂੰ ਆਪਣੀ ਜ਼ੁਬਾਨ ਬੰਦ ਨਾ ਕਰਨ ਦੀ ਸੂਰਤ ਵਿਚ ਸਮੂਹਕ ਜਬਰ ਜਨਾਹ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸੰਘ ਦਾ ਸੋਸ਼ਲ ਮੀਡੀਆ ਮੋਰਚਾ ਕਿੰਨਾ ਕਾਰਜਕੁਸ਼ਲ ਅਤੇ ਵਿਉਂਤਬੱਧ ਹੈ, ਇਸ ਦਾ ਖ਼ੁਲਾਸਾ ਬੇਬਾਕ ਪੱਤਰਕਾਰ ਸਵਾਤੀ ਚਤੁਰਵੇਦੀ ਨੇ ਆਪਣੀ ਹਾਲੀਆ ਕਿਤਾਬ 'ਆਈ ਐਮ ਏ ਟਰੋਲ' ਵਿਚ ਕੀਤਾ ਹੈ। ਇਸ ਕਿਤਾਬ ਵਿਚ ਉਸ ਨੇ ਆਪਣੇ ਜ਼ਾਤੀ ਅਨੁਭਵ ਬਿਆਨ ਕਰਦਿਆਂ 'ਭਾਜਪਾ ਦੀ ਡਿਜੀਟਲ ਫ਼ੌਜ' ਦੀ ਕਾਰਜ ਵਿਧੀ ਸਾਹਮਣੇ ਲਿਆਂਦੀ ਹੈ। ਜਿਸ ਦਾ ਸਾਰ-ਤੱਤ ਇਹ ਹੈ ਕਿ ਆਜ਼ਾਦ ਖ਼ਿਆਲ ਔਰਤਾਂ ਦੀਆਂ ਕਲਮਾਂ ਨੂੰ ਦਬਾਉਣ ਲਈ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨਾ, ਉਨ੍ਹਾਂ ਨਾਲ ਸਮੂਹਕ ਜਬਰ ਜਨਾਹ ਕਰ ਕੇ ਇਸ ਦੇ ਵੀਡੀਓ ਕਲਿੱਪ ਸੋਸ਼ਲ ਮੀਡੀਆ ਉਪਰ ਪਾਉਣ ਦੀਆਂ ਧਮਕੀਆਂ ਇਸ ਆਧੁਨਿਕ ਫ਼ੌਜ ਦਾ ਮੁੱਖ ਹਥਿਆਰ ਹੈ।

ਗੁਰਮਿਹਰ ਦਾ ਇਹ ਪਹਿਲਾ ਪ੍ਰਤੀਕਰਮ ਨਹੀਂ ਹੈ। ਉਹ ਪਹਿਲਾਂ ਵੀ ਪਰਿਵਾਰਕ ਸੰਤਾਪ ਦਾ ਹਵਾਲਾ ਦੇ ਕੇ ਹਿੰਦ-ਪਾਕਿ ਹੁਕਮਰਾਨਾਂ ਵਲੋਂ ਭੜਕਾਈਆਂ ਨਹੱਕੀ ਜੰਗਾਂ ਵਿਰੁੱਧ ਆਵਾਜ਼ ਉਠਾ ਚੁੱਕੀ ਹੈ। ਉਸ ਨੇ ਆਪਣੇ ਵੀਡੀਓ ਸੁਨੇਹੇ ਵਿਚ ਕਿਹਾ ਸੀ ਕਿ ਉਸ ਦੇ ਪਿਤਾ ਦਾ ਕਤਲ ਪਾਕਿਸਤਾਨ ਨੇ ਨਹੀਂ, ਜੰਗ ਨੇ ਕੀਤਾ ਸੀ। ਇਹ ਸੱਚ ਸੰਘ ਸਮੇਤ ਸਮੁੱਚੀ ਹੁਕਮਰਾਨ ਜਮਾਤ ਨੂੰ ਹਜ਼ਮ ਨਹੀਂ ਹੋ ਰਿਹਾ। ਸੰਘ ਬ੍ਰਿਗੇਡ ਰਾਸ਼ਟਰੀ ਜਜ਼ਬਾਤ ਨੂੰ ਬਲੈਕਮੇਲ ਕਰਨ ਲਈ ਗੁਆਂਢੀ ਮੁਲਕਾਂ ਪ੍ਰਤੀ ਭੜਕਾਊ ਜੰਗਬਾਜ਼ੀ ਅਤੇ ਫ਼ੌਜ ਦੀ ਮਾਅਰਕੇਬਾਜ਼ੀ ਨੂੰ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰ ਰਿਹਾ ਹੈ। *-ਬੂਟਾ ਸਿੰਘ*

# ਮੁੰਬਈ ਭਾਰਤ ਦਾ ਸਭ ਤੋਂ ਅਮੀਰ ਸ਼ਹਿਰ

**ਨਵੀਂ ਦਿੱਲੀ:** ਭਾਰਤ ਦੀ ਵਿੱਤੀ ਰਾਜਧਾਨੀ ਮੁੰਬਈ ਭਾਰਤ ਦਾ ਸਭ ਤੋਂ ਅਮੀਰ ਸ਼ਹਿਰ ਹੈ। 46 ਹਜ਼ਾਰ ਕਰੋੜਪਤੀਆਂ ਤੇ 28 ਅਰਬਪਤੀਆਂ ਦੇ ਘਰ ਇਸ ਸ਼ਹਿਰ ਦੀ ਕੁੱਲ ਜਾਇਦਾਦ 820 ਅਰਬ ਅਮਰੀਕੀ ਡਾਲਰਾਂ ਦੀ ਦੱਸੀ ਗਈ ਹੈ।

'ਨਿਊ ਵਰਲਡ ਵੈਲਥ' ਮੁਤਾਬਕ ਮੁੰਬਈ ਦੇਸ਼ ਦਾ ਸਭ ਤੋਂ ਅਮੀਰ ਸ਼ਹਿਰ ਹੈ। ਇਸ ਮਗਰੋਂ ਦਿੱਲੀ ਤੇ ਬੰਗਲੁਰੂ ਦਾ ਨੰਬਰ ਆਉਂਦਾ ਹੈ। 23 ਹਜ਼ਾਰ ਕਰੋੜਪਤੀਆਂ ਅਤੇ 18 ਅਰਬਪਤੀਆਂ ਨਾਲ ਦਿੱਲੀ ਦੀ ਕੁੱਲ ਜਾਇਦਾਦ 450 ਅਰਬ ਡਾਲਰ ਰਹੀ, ਜਦੋਂ ਕਿ 700 ਕਰੋੜਪਤੀਆਂ ਅਤੇ ਅੱਠ ਅਰਬਪਤੀਆਂ ਨਾਲ ਬੰਗਲੂਰੂ ਦੇ ਕੁੱਲ ਅਸਾਸੇ 320 ਅਰਬ ਡਾਲਰਾਂ ਦੇ ਹਨ। ਇਸ ਸੂਚੀ ਵਿਚ 310 ਅਰਬ ਡਾਲਰਾਂ ਦੇ ਕੁੱਲ ਅਸਾਸਿਆਂ ਨਾਲ ਹੈਦਰਾਬਾਦ ਵੀ ਸ਼ਾਮਲ ਹੈ। ਹੈਦਰਾਬਾਦ 9000 ਕਰੋੜਪਤੀਆਂ ਅਤੇ ਛੇ ਅਰਬਪਤੀਆਂ ਦਾ ਘਰ ਹੈ। ਕੋਲਕਾਤਾ 9600 ਕਰੋੜਪਤੀਆਂ ਤੇ ਚਾਰ ਅਰਬਪਤੀਆਂ ਦਾ ਘਰ ਹੈ, ਜਿਸ ਦੀ ਕੁੱਲ ਜਾਇਦਾਦ 290 ਅਰਬ ਡਾਲਰ ਹੈ। ਪੁਣੇ ਦੀ ਜਾਇਦਾਦ 180 ਅਰਬ ਡਾਲਰ, ਚੇਨੱਈ ਦੀ 150 ਅਰਬ ਡਾਲਰ ਅਤੇ ਗੁੜਗਾਉਂ ਦੀ 110 ਅਰਬ ਡਾਲਰ ਦੱਸੀ ਗਈ। ਇਸ ਸੂਚੀ ਵਿਚ ਸੂਰਤ, ਅਹਿਮਦਾਬਾਦ, ਵਿਸ਼ਾਖਾਪਟਨਮ, ਗੋਆ, ਚੰਡੀਗੜ੍ਹ, ਜੈਪੁਰ ਤੇ ਵਡੋਦਰਾ ਵਰਗੇ ਕੁਝ ਉਭਰਦੇ ਸ਼ਹਿਰ ਵੀ ਸ਼ਾਮਲ ਹਨ।

## ਪਾਕਿਸਤਾਨ ਵਿਚ ਟੈਸਟ ਟਿਊਬ ਬੇਬੀ ਨੂੰ ਮਾਨਤਾ

**ਇਸਲਾਮਾਬਾਦ:** ਪਾਕਿਸਤਾਨ ਦੀ ਉਚ ਸ਼ਰੀਅਤ ਅਦਾਲਤ ਵੱਲੋਂ ਵਿਆਹੇ ਹੋਏ ਜੋੜਿਆਂ ਨੂੰ ਜੋ ਕੁਦਰਤੀ ਤੌਰ 'ਤੇ ਬੱਚਾ ਪੈਦਾ ਕਰਨ ਵਿਚ ਨਾਕਾਮ ਰਹਿੰਦੇ ਹਨ, 'ਟੈਸਟ ਟਿਊਬ ਬੇਬੀ' ਨਾਲ ਗਰਭ ਧਾਰਨ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਸੰਘੀ ਸ਼ਰੀਅਤ ਅਦਾਲਤ ਨੇ ਫੈਸਲੇ 'ਚ ਸਪੱਸ਼ਟ ਕੀਤਾ ਹੈ ਕਿ ਟੈਸਟ ਟਿਊਬ ਬੇਬੀ ਮੈਡੀਕਲ ਵਿਧੀ ਰਾਹੀਂ ਬੱਚੇ ਦੀ ਪੈਦਾਇਸ਼ ਪੂਰੀ ਤਰ੍ਹਾਂ ਕਾਨੂੰਨੀ ਹੈ।

# ਬਾਦਲਾਂ ਨੇ ਲਿਆ ਸੋਸ਼ਲ ਮੀਡੀਏ ਦਾ ਸਹਾਰਾ



**ਚੰਡੀਗੜ੍ਹ:** ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਨੇ ਇਸ ਵਾਰ ਆਪਣੇ ਪ੍ਰਚਾਰ ਲਈ ਸਿਰਫ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਦਾ ਹੀ ਸਹਾਰਾ ਨਹੀਂ ਲਿਆ, ਸਗੋਂ ਸੋਸ਼ਲ ਮੀਡੀਆ ਉਪਰ ਵੀ ਰਜਵਾਂ ਪ੍ਰਚਾਰ ਕੀਤਾ ਹੈ। ਸਰਕਾਰ ਨੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਲਈ ਲੱਖਾਂ ਰੁਪਏ ਖਰਚ ਕੀਤੇ ਹਨ।

ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਿਰਫ 8 ਮਹੀਨਿਆਂ (ਮਾਰਚ 2016 ਤੋਂ ਅਕਤੂਬਰ 2016 ਤੱਕ) ਦੌਰਾਨ 58,82,117 ਰੁਪਏ ਫੇਸਬੁੱਕ ਤੇ ਗੂਗਲ ਉਪਰ ਪ੍ਰਚਾਰ ਲਈ ਖਰਚੇ ਹਨ। ਦੱਸਣਯੋਗ ਹੈ ਕਿ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸੋਸ਼ਲ ਮੀਡੀਆ ਹੈਰਾਨੀਜਨਕ ਢੰਗ ਨਾਲ ਸਰਗਰਮ ਰਿਹਾ ਅਤੇ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਬਾਦਲ ਸਰਕਾਰ ਵਿਰੁੱਧ ਵੱਡੇ ਪੱਧਰ 'ਤੇ ਪ੍ਰਚਾਰ ਅਤੇ ਕਈ ਤਰ੍ਹਾਂ ਦੇ ਟੋਟਕੇ ਚਲਾਏ ਗਏ ਸਨ। ਕਈ ਪਾਰਟੀਆਂ ਨੇ ਤਾਂ ਪ੍ਰਾਈਵੇਟ ਕੰਪਨੀਆਂ ਨੂੰ ਵਿਰੋਧੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਵਿਰੁੱਧ ਦਿਲਖਿਚਵੇਂ ਟੋਟਕੇ ਲਿਖਣ ਦੇ ਠੇਕੇ ਵੀ ਦਿੱਤੇ ਸਨ। ਪੰਜਾਬ ਸਰਕਾਰ ਨੇ ਮਾਰਚ 2016 ਦੌਰਾਨ ਗੂਗਲ ਉਪਰ ਸਿਰਫ 1,898 ਰੁਪਏ ਅਤੇ ਫੇਸਬੁੱਕ ਉਪਰ 4,813 ਰੁਪਏ ਖਰਚ ਕੇ ਹੀ ਪ੍ਰਚਾਰ ਕੀਤਾ ਸੀ। ਇਸ ਮਹੀਨੇ ਦੋਵਾਂ ਸਾਈਟਾਂ ਉਪਰ ਕੀਤੇ ਪ੍ਰਚਾਰ ਦਾ ਖਰਚਾ ਸਿਰਫ 6,711 ਰੁਪਏ ਹੈ।

ਅਪਰੈਲ 2016 ਵਿਚ ਇਹ ਖਰਚੇ ਹਜ਼ਾਰਾਂ ਤੱਕ ਪੁੱਜ ਗਏ ਹਨ। ਇਸ ਮਹੀਨੇ ਸਰਕਾਰ ਨੇ ਗੂਗਲ ਨੂੰ 60,206 ਰੁਪਏ ਅਤੇ ਫੇਸਬੁੱਕ ਨੂੰ 1,23,994 ਰੁਪਏ ਪ੍ਰਚਾਰ ਕਰਨ ਦੇ ਇਵਜ਼ ਵਜੋਂ ਜਾਰੀ ਕੀਤੇ। ਮਈ 2016 ਵਿਚ ਇਹ ਬਜਟ ਕਈ ਗੁਣਾਂ ਵਧ ਗਿਆ। ਇਸ ਮਹੀਨੇ ਗੂਗਲ ਉਪਰ 6.85 ਲੱਖ ਰੁਪਏ ਅਤੇ ਫੇਸਬੁੱਕ ਉਪਰ 2.34 ਲੱਖ ਰੁਪਏ ਖਰਚ ਕੇ ਪ੍ਰਚਾਰ ਕੀਤਾ ਸੀ। ਅਕਤੂਬਰ 2016 ਵਿਚ ਗੂਗਲ ਉਪਰ 10.45 ਲੱਖ ਰੁਪਏ ਅਤੇ ਫੇਸਬੁੱਕ ਉਪਰ 5.40 ਲੱਖ ਰੁਪਏ ਖਰਚ ਕੇ ਪ੍ਰਚਾਰ ਕੀਤਾ ਗਿਆ ਸੀ।

# ਐਨ.ਆਰ.ਆਈ. ਲਾੜਾ ਫੇਰੇ ਲੈਣ ਪਿੱਛੋਂ ਫਰਾਰ

**ਮੁਕੇਰੀਆਂ:** ਹਾਜੀਪੁਰ ਤੋਂ ਇਕ ਐਨ.ਆਰ.ਆਈ. ਲਾੜੇ ਨੇ ਲੜਕੀ ਵਾਲਿਆਂ ਨੂੰ 'ਸਬਕ' ਸਿਖਾਉਣ ਲਈ ਗੁਰਦੁਆਰਾ ਸਾਹਿਬ ਵਿਖੇ ਫੇਰੇ ਤਾਂ ਲੈ ਲਏ, ਪਰ ਬਾਅਦ ਵਿਚ ਡੋਲੀ ਗੁਰਦੁਆਰਾ ਸਾਹਿਬ ਛੱਡ ਕੇ ਫਰਾਰ ਹੋ ਗਿਆ। ਲੜਕੀ ਦੇ ਪਿਤਾ ਸੁਭਾਸ਼ ਚੰਦ ਨੇ ਮੁਕੇਰੀਆਂ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਮੰਡੀ ਗੋਬਿੰਦਗੜ੍ਹ ਦਾ ਵਾਸੀ ਹੈ ਤੇ ਉਸ ਨੇ 6 ਮਹੀਨੇ ਪਹਿਲਾਂ ਆਪਣੀ ਧੀ ਦਾ ਰਿਸ਼ਤਾ ਇਟਲੀ ਰਹਿੰਦੇ ਲੜਕੇ ਤਰਨਜੀਤ ਸਿੰਘ ਪੁੱਤਰ ਰਵਿੰਦਰ ਸਿੰਘ ਵਰੜ ਕਾਲੋਨੀ ਹਾਜੀਪੁਰ ਨਾਲ ਕੀਤਾ ਸੀ।

ਵਿਆਹ ਤੋਂ ਇਕ ਦਿਨ ਪਹਿਲਾਂ ਲੜਕੇ ਦੀ ਮਾਂ ਦਾ ਫੋਨ ਆਇਆ ਕਿ ਦਾਜ ਵਿਚ ਕੀ ਦੇ ਰਹੇ ਹੋ? ਬਾਅਦ ਵਿਚ ਮੇਰੀ ਬੇਟੀ ਨੂੰ ਫੋਨ ਕਰ ਕੇ ਕਿਹਾ ਕਿ ਸਵੇਰੇ ਅਸੀਂ ਬਰਾਤ ਲੈ ਕੇ ਨਹੀਂ ਆ ਰਹੇ। ਲੜਕੀ ਦੇ ਪਿਤਾ ਨੇ ਦੱਸਿਆ ਕਿ ਮੈਂ ਕੁਝ ਮੋਹਤਬਰਾਂ ਤੇ ਰਿਸ਼ਤੇਦਾਰਾਂ ਨੂੰ ਲੈ ਕੇ ਲੜਕੇ ਦੇ ਘਰ ਪਹੁੰਚਿਆ ਤੇ ਉਨ੍ਹਾਂ ਅੱਗੇ ਹੱਥ ਪੈਰ ਜੋੜੇ। ਤਰਲੇ ਮਿੰਨਤਾਂ ਕਰਾਉਣ ਪਿਛੋਂ ਉਹ ਬਰਾਤ ਲਿਆਉਣ ਲਈ ਰਾਜ਼ੀ ਹੋਏ। ਬਰਾਤ ਸਿੱਧਾ ਗੁਰਦੁਆਰਾ ਸਾਹਿਬ ਆਈ ਤੇ ਫੇਰੇ ਲੈਣ ਲਈ ਆਖਿਆ। ਫੇਰੇ ਕਰਵਾਉਣ ਉਪਰੰਤ ਉਨ੍ਹਾਂ ਆਪਣੀਆਂ ਮੰਗਾ ਪੂਰੀਆਂ ਨਾ ਹੋਣ ਕਰ ਕੇ ਕਿਹਾ ਕਿ ਅਸੀਂ ਨਾ ਤਾਂ ਘਰ ਜਾਵਾਂਗੇ ਤੇ ਨਾ ਹੀ ਪੈਲੇਸ।

ਹੁਣ ਤੁਹਾਡੀ ਲੜਕੀ ਨੂੰ ਇਥੋਂ ਹੀ ਆਪਣੇ ਘਰ ਲੈ ਜਾ ਕੇ ਇਸ ਦੀ ਪੂਰੀ ਜ਼ਿੰਦਗੀ ਬਰਬਾਦ ਕਰ ਕੇ ਛੱਡਾਂਗੇ। ਲੜਕੀ ਦੇ ਪਿਤਾ ਨੇ ਕਿਹਾ ਕਿ ਜਦੋਂ ਅਸੀਂ ਵਿਰੋਧ ਕੀਤਾ ਤੇ ਕਾਰ ਤੇ ਨਗਦੀ ਦੇਣ ਤੋਂ ਅਸਮਰੱਥਾ ਜਤਾਈ ਤਾਂ ਉਨ੍ਹਾਂ ਝਗੜਾ ਕੀਤਾ ਤੇ ਸਾਡੀ ਮਾਰਕੁੱਟ ਕਰ ਕੇ ਫਰਾਰ ਹੋ ਗਏ। ਲੜਕੀ ਵਾਲਿਆਂ ਦੀ ਸ਼ਿਕਾਇਤ ਪਿੱਛੋਂ ਲੜਕੇ ਤਰਨਜੀਤ ਸਿੰਘ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ 'ਚ ਲੈ ਲਿਆ ਹੈ।

## ਬੰਗਲਾ ਲੇਖਕ ਸੰਕਰਸ਼ਨ ਰਾਏ ਦਾ ਦੇਹਾਂਤ

**ਕੋਲਕਾਤਾ:** ਨਾਮੀ ਬੰਗਲਾ ਲੇਖਕ ਸੰਕਰਸ਼ਨ ਰਾਏ (88) ਦਾ ਦੇਹਾਂਤ ਹੋ ਗਿਆ। ਪੇਸ਼ੇ ਵਜੋਂ ਇਕ ਭੂ-ਵਿਗਿਆਨੀ ਤੇ ਭਾਰਤੀ ਪੁਰਾਤਤਵ ਵਿਭਾਗ ਦੇ ਸਾਬਕਾ ਡਾਇਰੈਕਟਰ ਸ੍ਰੀ ਰਾਏ ਸਾਰੀ ਉਮਰ ਵਿਗਿਆਨ ਸਬੰਧੀ ਜਾਗਰੂਕਤਾ ਫੈਲਾਉਣ ਲਈ ਲਿਖਦੇ ਰਹੇ।


## Matrimonial

### ਵਰ ਦੀ ਲੋੜ

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details and photo @ gsing9113@gmail.com 9-12

ਕੈਨੇਡੀਅਨ, ਜੱਟ ਸਿੱਖ ਚਾਹਲ, 28 ਸਾਲ, 5'-3", ਪੋਸਟ ਗਰੈਜੂਏਟ, ਸਬਵੇ ਮੈਨੇਜਰ, ਵੈਸ਼ਨੂੰ ਲੜਕੀ ਲਈ ਕੈਨੇਡੀਅਨ/ਅਮਰੀਕਨ ਯੋਗ ਵਰ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਭਰਾ ਨੂੰ ਕੈਨੇਡਾ/ਅਮਰੀਕਾ ਰਿਸ਼ਤਾ ਕਰਵਾਉਣ। ਸੰਪਰਕ ਕਰੋ, ਫੋਨ: 01191-98551-09270, ਈਮੇਲ: bhupinder.login@yahoo.com 9

### ਕੰਨਿਆ ਦੀ ਲੋੜ

Seeking suitable match for Jatt Sikh US citizen boy 29, 5'-11" wears turban, trims beard. Bachelor in computer information systems. Family well settled in Bay Area, CA. contact: bayarea257@gmail.com or Ph. 510-541-9594

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com

## ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287 9-12

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਚੌਟਾਲਿਆਂ ਦਾ ਲਿੰਕ ਨਹਿਰ ਪੁੱਟਣ ਵਾਲਾ ਮਿਸ਼ਨ ਹੋਇਆ ਫੇਲ੍ਹ

**ਚੰਡੀਗੜ੍ਹ:** ਐਸ.ਵਾਈ.ਐਲ. ਨਹਿਰ ਦੀ ਮੁੜ ਪੁਟਾਈ ਕਰਨ ਦੇ ਐਲਾਨ ਤਹਿਤ ਸ਼ੰਭੂ ਬਾਰਡਰ ਰਾਹੀਂ ਪੰਜਾਬ ਵਿਚ ਦਾਖਲ ਹੋਏ ਇਨੈਲੋ ਆਗੂ ਅਭੈ ਚੌਟਾਲਾ ਆਪਣੇ ਇਸ ਮਕਸਦ ਵਿਚ ਨਾਕਾਮ ਰਹੇ। ਪੁਲਿਸ ਨੇ ਅਭੈ ਚੌਟਾਲਾ ਸਮੇਤ ਸੌ ਦੇ ਕਰੀਬ ਪਾਰਟੀ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਗੌਰਤਲਬ ਹੈ ਕਿ ਹਰਿਆਣਾ ਦੀ ਵਿਰੋਧੀ ਪਾਰਟੀ ਇਨੈਲੋ ਨੇ ਪੰਜਾਬ ਵਿਚ ਕੁਝ ਥਾਵਾਂ ਉਤੇ ਬੰਦ ਕੀਤੀ ਗਈ ਐਸ.ਵਾਈ.ਐਲ. ਨਹਿਰ ਦੀ ਪੰਜਾਬ ਆ ਕੇ ਮੁੜ ਪੁਟਾਈ ਕਰਨ ਦਾ ਐਲਾਨ ਕੀਤਾ ਸੀ।

ਇਸ ਕਾਰਨ ਸ਼ੰਭੂ ਬੈਰੀਅਰ ਅਤੇ ਕਪੂਰੀ ਆਦਿ ਥਾਵਾਂ ਉਤੇ ਕੇਂਦਰੀ ਸੁਰੱਖਿਆ ਬਲਾਂ ਦੀਆਂ ਦਸ ਕੰਪਨੀਆਂ ਸਮੇਤ ਛੇ ਹਜ਼ਾਰ ਦੇ ਕਰੀਬ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਦੱਸਣਯੋਗ ਹੈ ਕਿ 1982 ਵਿਚ ਐਸ.ਵਾਈ.ਐਲ. ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਸ ਖੇਤਰ ਵਿਚ ਇਸ ਕਦਰ ਪੁਲਿਸ ਦੀ ਇਹ ਪਹਿਲੀ ਤਾਇਨਾਤੀ ਮੰਨੀ ਜਾ ਰਹੀ ਹੈ।

ਪੁਲਿਸ ਭਾਵੇਂ ਸਵੇਰ ਤੋਂ ਹੀ ਤਾਇਨਾਤ ਸੀ, ਪਰ ਇਨੈਲੋ ਵਰਕਰ ਸ੍ਰੀ ਚੌਟਾਲਾ ਦੀ ਅਗਵਾਈ ਹੇਠ ਸ਼ਾਮੀ ਪੌਣੇ ਚਾਰ ਵਜੇ ਜਬਰੀ ਪੰਜਾਬ ਦੇ ਇਲਾਕੇ ਵਿਚ ਦਾਖਲ ਹੋਏ ਤੇ ਉਨ੍ਹਾਂ ਇਥੇ ਸ਼ੰਭੂ ਬਾਰਡਰ ਨੇੜੇ ਪਟਿਆਲਾ ਪੁਲਿਸ ਵੱਲੋਂ ਲਾਏ ਜ਼ਬਰਦਸਤ ਨਾਕੇ ਕੋਲ ਕਹੀਆਂ ਨਾਲ ਸੰਕੇਤਕ ਰੂਪ ਵਿਚ ਮਿੱਟੀ ਪੁੱਟਣੀ ਸ਼ੁਰੂ ਕਰ ਦਿੱਤੀ। ਪੁਲਿਸ ਨੇ ਅਭੈ ਚੌਟਾਲਾ ਸਮੇਤ 74 ਆਗੂਆਂ ਨੂੰ ਗ੍ਰਿਫਤਾਰ



ਕਰ ਲਿਆ ਤੇ ਬਾਕੀ ਇਨੈਲੋ ਵਰਕਰ ਵਾਪਸ ਚਲੇ ਗਏ।

ਹਰਿਆਣਾ ਪੁਲਿਸ ਨੇ ਇਨੈਲੋ ਵਰਕਰਾਂ ਨੂੰ ਰੋਕਣ ਲਈ ਨਾ ਕੋਈ ਖਾਸ ਪ੍ਰਬੰਧ ਅਤੇ ਨਾ ਹੀ ਤਿਆਰੀ ਕੀਤੀ ਸੀ। ਉਨ੍ਹਾਂ ਨੇ ਆਸਾਨੀ ਨਾਲ ਉਨ੍ਹਾਂ ਨੂੰ ਜਾਣ ਦਿਤਾ। ਜਾਪਦਾ ਹੈ ਕਿ ਹਰਿਆਣਾ ਸਰਕਾਰ ਅਤੇ ਪ੍ਰਸ਼ਾਸਨ ਵਲੋਂ ਪੁਲਿਸ ਨੂੰ ਅੰਦੋਲਨਕਾਰੀਆਂ ਬਾਰੇ ਕੋਈ ਖਾਸ ਹਦਾਇਤਾਂ ਸਨ। ਡਿਊਟੀ 'ਤੇ ਤਾਇਨਾਤ ਅਧਿਕਾਰੀਆਂ ਨੇ ਕਿਹਾ ਕਿ ਉਹ ਨਾ ਗ੍ਰਿਫਤਾਰੀਆਂ ਕਰਨਗੇ ਅਤੇ ਨਾ ਅੰਦੋਲਨਕਾਰੀਆਂ ਨੂੰ ਪੰਜਾਬ ਵੱਲ ਜਾਣ ਤੋਂ ਰੋਕਣਗੇ। ਦੂਜੇ ਪਾਸੇ ਪੰਜਾਬ ਨੇ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਸਨ। ਵੱਡੀ ਗਿਣਤੀ ਵਿਚ ਪੁਲਿਸ ਤੇ ਨੀਮ ਫੌਜੀ ਬਲ ਤਾਇਨਾਤ ਸਨ ਤੇ ਸ਼ੰਭੂ ਦੇ ਟੌਲ ਪਲਾਜ਼ਾ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਪੰਜਾਬ ਵਾਲੇ ਪਾਸੇ ਬੈਰੀਕੇਡ ਲਾਏ ਸਨ, ਜਿਨ੍ਹਾਂ ਨੂੰ ਉਖਾੜ ਕੇ ਅੱਗੇ ਨਿਕਲਣਾ ਸੰਭਵ ਨਹੀਂ ਸੀ। ਸੂਹੀਆ ਵਿਭਾਗ ਕੋਲੋਂ ਇਕੱਠ ਦੀ ਪਲ-ਪਲ ਦੀ ਜਾਣਕਾਰੀ ਲਈ ਜਾ ਰਹੀ ਸੀ।

ਇਸ ਨਹਿਰ ਕਾਰਨ ਭਾਵੇਂ ਪਹਿਲਾਂ ਵੀ ਕਈ ਵਾਰ ਵਿਵਾਦ ਉਠਿਆ ਹੈ, ਦੋਵਾਂ ਰਾਜਾਂ ਦੇ ਲੋਕਾਂ ਦਰਮਿਆਨ ਪਹਿਲੀ ਵਾਰ ਸਿੱਧੇ ਟਕਰਾਅ ਵਾਲੇ ਹਾਲਾਤ ਪੈਦਾ ਹੋਏ। ਦੂਜੇ ਪਾਸੇ ਕਾਂਗਰਸ ਅਤੇ ਹੋਰਨਾਂ ਰਾਜਸੀ ਧਿਰਾਂ ਨੇ ਇਸ ਨੂੰ ਮਹਿਜ਼ ਬਾਦਲ ਅਤੇ ਚੌਟਾਲਾ ਪਰਿਵਾਰਾਂ ਦਾ ਸਿਆਸੀ ਡਰਾਮਾ ਕਰਾਰ ਦਿੱਤਾ ਹੈ।

### ਹਾਂਸੀ-ਬੁਟਾਣਾ ਨਹਿਰ ਦਾ ਮਸਲਾ ਭਖਣ ਦੇ ਆਸਾਰ

**ਪਟਿਆਲਾ:** ਐਸ.ਵਾਈ.ਐਲ. ਦੇ ਮੁੱਦੇ ਵਾਂਗ ਭਵਿੱਖ ਵਿਚ ਹਾਂਸੀ-ਬੁਟਾਣਾ ਨਹਿਰ ਦਾ ਮਾਮਲਾ ਵੀ ਭਖ ਸਕਦਾ ਹੈ। ਇਹ ਮਾਮਲਾ ਸੁਪਰੀਮ ਕੋਰਟ ਵਿਚ ਸੁਣਵਾਈ ਦੀ ਉਡੀਕ 'ਚ ਹੈ। ਸੁਪਰੀਮ ਕੋਰਟ ਨੇ ਫਿਲਹਾਲ ਇਸ ਮਾਮਲੇ 'ਤੇ ਸਟੇਅ ਲਾਈ ਹੋਈ ਹੈ। ਪੰਜਾਬ ਦਾ ਗਿਲਾ ਹੈ ਕਿ ਹਰਿਆਣਾ ਨੇ ਹਾਂਸੀ-ਬੁਟਾਣਾ ਨਹਿਰ ਬਣਾ ਕੇ ਪੰਜਾਬ ਨੂੰ ਹੜ੍ਹਾਂ ਦੀ ਕਰੋਪੀ ਦੇ ਵੱਸ ਪਾ ਦਿੱਤਾ ਹੈ। ਹਾਂਸੀ ਬੁਟਾਣਾ ਨਹਿਰ ਕਾਰਨ ਪੰਜਾਬ ਦੇ ਕਰੀਬ ਤਿੰਨ ਸੌ ਤੋਂ ਵੱਧ ਪਿੰਡ ਪ੍ਰਭਾਵਿਤ ਹੁੰਦੇ ਹਨ। ਸੁਪਰੀਮ ਕੋਰਟ 'ਚ ਪੰਜਾਬ ਇਸ ਗੱਲ ਦੀ ਦੁਹਾਈ ਦੇ ਚੁੱਕਿਆ ਹੈ ਕਿ ਇਹ ਨਹਿਰ ਪਾਣੀ ਦੇ ਕੁਦਰਤੀ ਵਹਿਣ ਦੇ ਉਲਟ ਪੰਜਾਬ ਤੇ ਹਰਿਆਣਾ ਦੀ ਹੱਦ ਦੇ ਨਾਲ-ਨਾਲ ਕੱਢੀ ਗਈ ਹੈ। ਇਹ ਨਹਿਰ ਬਣਨ ਮਗਰੋਂ ਹੁਣ ਤੱਕ ਬਰਸਾਤੀ ਪਾਣੀ ਦੇ ਵਹਿਣ ਵਿਚ ਅੜਿੱਕਾ ਲੱਗਣ ਕਾਰਨ ਕਈ ਵਾਰ ਫਸਲਾਂ ਬਰਬਾਦ ਹੋ ਚੁੱਕੀਆਂ ਹਨ। ਹਾਂਸੀ ਬੁਟਾਣਾ ਨਹਿਰ ਲਈ ਪੁਟਾਈ ਉਦੋਂ ਹੋਈ ਸੀ, ਜਦੋਂ ਪੰਜਾਬ ਤੇ ਹਰਿਆਣਾ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀਆਂ ਕਾਂਗਰਸ ਸਰਕਾਰਾਂ ਸਨ।

### ਬਾਦਲਾਂ ਦੀ ਚੌਟਾਲਿਆਂ ਨਾਲ ਯਾਰੀ ਟੁੱਟੀ

**ਬਠਿੰਡਾ:** ਪੰਜਾਬ ਪੁਲਿਸ ਨੇ ਹਰਿਆਣਾ ਦੇ ਚੌਟਾਲਾ ਪਰਿਵਾਰ ਤੋਂ ਤਕਰੀਬਨ ਦੋ ਦਰਜਨ ਗੰਨਮੈਨ ਵਾਪਸ ਲੈ ਲਏ ਹਨ। ਗੱਠਜੋੜ ਹਕੂਮਤ ਵੱਲੋਂ ਲੰਮੇ ਸਮੇਂ ਤੋਂ ਚੌਟਾਲਾ ਪਰਿਵਾਰ ਨੂੰ ਸੁਰੱਖਿਆ ਗਾਰਦ ਦਿੱਤੇ ਹੋਏ ਸਨ। ਪੰਜਾਬ ਦੇ ਪੁਲਿਸ ਅਫਸਰ ਇੰਡੀਅਨ ਨੈਸ਼ਨਲ ਲੋਕ ਦਲ ਵੱਲੋਂ ਐਸ.ਵਾਈ.ਐਲ. ਦੀ ਖੁਦਾਈ ਕਰਨ ਦੇ ਐਲਾਨ ਮਗਰੋਂ ਗੰਨਮੈਨ ਵਾਪਸ ਲੈਣ ਬਾਰੇ ਸੰਜੀਦਾ ਹੋ ਗਏ ਸਨ। ਸੂਤਰਾਂ ਅਨੁਸਾਰ ਦੋ ਹਫਤੇ ਪਹਿਲਾਂ ਚੌਟਾਲਾ ਪਰਿਵਾਰ ਦੇ ਨਾਲ ਲੱਗੇ ਗੰਨਮੈਨ ਵਾਪਸ ਬੁਲਾ ਲਏ ਸਨ, ਪਰ ਮਗਰੋਂ ਪੰਜਾਬ ਸਰਕਾਰ ਦੇ ਮੁੜ ਦਬਾਅ ਕਰ ਕੇ 'ਗ਼ੈਰਕਾਨੂੰਨੀ' ਢੰਗ ਨਾਲ ਮੁੜ ਚੌਟਾਲਾ ਪਰਿਵਾਰ ਨਾਲ ਇਨ੍ਹਾਂ ਦੀ ਤਾਇਨਾਤੀ ਕਰ ਦਿੱਤੀ ਸੀ। ਜਦੋਂ ਨਹਿਰ ਦੀ ਖੁਦਾਈ ਦਾ ਮਾਮਲਾ ਉਠਿਆ ਤਾਂ 22 ਫਰਵਰੀ ਦੀ ਰਾਤ ਨੂੰ ਹੀ ਇਹ ਗੰਨਮੈਨ ਵਾਪਸ ਲੈਣ ਦੇ ਮਾਮਲੇ 'ਤੇ ਪੁਲਿਸ ਅਫਸਰਾਂ ਵਿਚ ਭਾਜੜ ਪੈ ਗਈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੌਟਾਲਾ ਪਰਿਵਾਰ ਨਾਲ ਨੇੜਤਾ ਹੈ, ਜਿਸ ਕਰ ਕੇ ਗਠਜੋੜ ਹਕੂਮਤ ਨੇ ਪੰਜਾਬ-ਹਰਿਆਣਾ ਸੀਮਾ 'ਤੇ ਚੌਧਰੀ ਦੇਵੀ ਲਾਲ ਦੀ ਸਮਾਰਕ ਬਣਾਈ ਹੈ।

# ਲਿੰਕ ਨਹਿਰ ਵਿਵਾਦ: ਅਦਾਲਤੀ ਦਖਲ ਬਣਿਆ ਪੰਜਾਬ ਲਈ ਚੁਣੌਤੀ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਸਪੱਸ਼ਟ ਕਰ ਦਿੱਤਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਦਿੱਤਾ ਫੈਸਲਾ ਲਾਗੂ ਕਰਨਾ ਹੀ ਪੈਣਾ ਹੈ। ਸੁਣਵਾਈ ਦੌਰਾਨ ਸੁਪਰੀਮ ਕੋਰਟ ਦੀ ਸਖਤ ਪ੍ਰਤੀਕਿਰਿਆ ਤੋਂ ਪਤਾ ਲੱਗਦਾ ਹੈ ਕਿ ਐਸ.ਵਾਈ.ਐਲ. ਦੇ ਨਿਰਮਾਣ ਨੂੰ ਰੋਕਣਾ ਹੁਣ ਪੰਜਾਬ ਸਰਕਾਰ ਲਈ ਕਿੰਨਾ ਚੁਣੌਤੀਪੂਰਨ ਹੋ ਗਿਆ ਹੈ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਹੁਣ ਬਹੁਤ ਹੋ ਗਿਆ, ਨਹਿਰ ਬਣਨੀ ਹੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਮਾਮਲੇ ਦੇ ਹੱਲ ਲਈ ਚੋਣ ਨਤੀਜਿਆਂ ਦੀ ਉਡੀਕ ਨਹੀਂ ਕੀਤੀ ਜਾਵੇਗੀ।

20 ਫਰਵਰੀ ਨੂੰ ਹੋਈ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਆਪਣਾ ਪੱਖ ਰੱਖਦਿਆਂ ਕਿਹਾ ਸੀ ਕਿ ਉਹ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਵਾਪਸ ਕਰ ਚੁੱਕੇ ਹਨ। ਨਹਿਰ ਦੇ ਨਿਰਮਾਣ ਲਈ ਉਹ ਮੁੜ ਤੋਂ ਕਿਸਾਨਾਂ ਤੋਂ ਜ਼ਮੀਨਾਂ ਵਾਪਸ ਨਹੀਂ ਲੈ ਸਕਦੇ। ਯਾਦ ਕਰਾ ਦੇਈਏ ਕਿ ਇਸ ਬਾਰੇ 16 ਨਵੰਬਰ, 2016 ਨੂੰ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਗਿਆ ਸੀ। ਇਸ ਤਹਿਤ ਨਹਿਰ ਦੇ ਨਿਰਮਾਣ ਲਈ ਕਿਸਾਨਾਂ ਤੋਂ ਲਈ ਜ਼ਮੀਨ ਦੇ ਐਫੀਡੇਵਿਟ



ਕਿਸਾਨਾਂ ਦੇ ਨਾਂ 'ਤੇ ਤਬਦੀਲ ਕਰ ਦਿੱਤੇ ਗਏ ਸਨ। ਸਰਕਾਰ ਨੇ ਇਸ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਕੇਂਦਰ ਨੇ ਸੂਬਿਆਂ ਵਿਚਕਾਰ ਚੱਲ ਰਹੇ ਪਾਣੀਆਂ ਦੇ ਝਗੜਿਆਂ ਨੂੰ ਨਿਬੇੜਨ ਲਈ ਕੋਈ ਅਹਿਮ ਕਦਮ ਨਹੀਂ ਚੁੱਕਿਆ। ਇਸ ਲਈ ਵਾਟਰ ਟ੍ਰਿਬਿਊਨਲ ਦਾ ਗਠਨ ਕਰਨਾ ਕੇਂਦਰ ਦੀ ਸਭ ਤੋਂ ਅਹਿਮ ਜ਼ਿੰਮੇਵਾਰੀ ਬਣਦੀ ਸੀ। ਜਸਟਿਸ ਪੀ.ਸੀ. ਘੋਸ਼ ਦੇ ਬੈਂਚ ਨੇ ਸੁਝਾਇਆ ਕਿ ਐਸ.ਵਾਈ.ਐਲ. ਦੇ ਮੁੱਦੇ ਦਾ ਹੱਲ ਉਦੋਂ ਤੱਕ ਸੰਭਵ ਨਹੀਂ ਹੈ, ਜਦੋਂ ਤੱਕ ਹਰਿਆਣਾ ਨਾਨ-ਰਾਇਪੇਰੀਅਨ ਰਹੇਗਾ।

ਇਸ ਤੋਂ ਪਹਿਲਾਂ 16 ਫਰਵਰੀ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਮਾਮਲੇ ਦੀ ਸੁਣਵਾਈ 11 ਮਾਰਚ ਨੂੰ ਚੋਣ ਨਤੀਜਿਆਂ ਤੋਂ ਬਾਅਦ ਕਰਨ ਦੀ ਅਪੀਲ ਪਾਈ ਸੀ। ਅਦਾਲਤ ਨੇ ਇਸ ਅਪੀਲ ਨੂੰ ਖਾਰਜ ਕਰ ਦਿੱਤਾ ਸੀ। ਜ਼ਾਹਿਰ ਤੌਰ 'ਤੇ ਸੁਪਰੀਮ ਕੋਰਟ ਦੇ ਐਲਾਨ ਤੋਂ ਬਾਅਦ ਦੋਵਾਂ ਸੂਬਿਆਂ ਵਿਚ ਟਕਰਾਅ ਵਧਣ ਦੇ ਆਸਾਰ ਹਨ।

### ਨਿਆਂਪਾਲਿਕਾ ਦਾ ਦਖਲ ਗੈਰ-ਸੰਵਿਧਾਨਕ: ਡਾ. ਗਾਂਧੀ

**ਪਟਿਆਲਾ:** ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਦੀ ਦਖਲਅੰਦਾਜ਼ੀ ਬੇਲੋੜੀ, ਪੱਖਪਾਤੀ, ਅਨਿਆਂਪੂਰਨ ਤੇ ਗੈਰ-ਸੰਵਿਧਾਨਕ ਹੈ। ਇਹ ਪੰਜਾਬ ਦੇ ਸੰਵਿਧਾਨਕ ਅਤੇ ਕੁਦਰਤੀ ਹੱਕਾਂ 'ਤੇ ਛਾਪਾ ਹੈ। ਡਾ. ਗਾਂਧੀ ਨੇ ਕਿਹਾ ਕਿ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਤੋਂ ਪੰਜਾਬ ਦੇ ਪਾਣੀਆਂ ਬਾਰੇ ਕੀਤੇ ਸਮਝੌਤੇ ਰੱਦ ਕਰਨ ਬਾਰੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਬਾਰੇ ਸਿਰਫ ਰਾਇ ਮੰਗੀ ਗਈ ਸੀ, ਇਸ ਬਾਰੇ ਫੈਸਲਾ ਲੈਣ ਦਾ ਹੱਕ ਸਿਰਫ ਰਾਸ਼ਟਰਪਤੀ ਕੋਲ ਹੈ।



### ਨਹਿਰ ਨਿਰਮਾਣ ਨਾਲ ਬੁਰੇ ਦਿਨਾਂ ਦਾ ਖਤਰਾ: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜ਼ਮੀਨੀ ਹਕੀਕਤਾਂ ਉਪਰ ਵਿਚਾਰ ਕੀਤੇ ਬਗੈਰ ਐਸ.ਵਾਈ.ਐਲ. ਦਾ ਨਿਰਮਾਣ ਕੀਤਾ ਗਿਆ ਤਾਂ ਦੱਖਣੀ ਪੰਜਾਬ ਦੇ ਪੁਰਾਣੇ ਨਕਸਲੀ ਤੇ ਖਾਲਿਸਤਾਨੀ ਖੇਤਰ ਵਿਚ ਅਮਨ-ਕਾਨੂੰਨ ਵਿਵਸਥਾ ਗੰਭੀਰ ਹੋ ਸਕਦੀ ਹੈ। ਸੁਪਰੀਮ ਕੋਰਟ ਵੱਲੋਂ ਪਾਣੀ ਦੀ ਉਪਲੱਬਧਤਾ ਦੇ ਸਵਾਲ 'ਤੇ ਜਾਇਜ਼ਾ ਲਏ ਬਗੈਰ ਐਸ.ਵਾਈ.ਐਲ. ਦੇ ਨਿਰਮਾਣ ਸਬੰਧੀ ਨਿਰਦੇਸ਼ ਦੇਣ ਬਾਰੇ ਉਨ੍ਹਾਂ ਕਿਹਾ ਕਿ ਇਹ ਗੱਡੀ ਪਿੱਛੇ ਘੋੜਾ ਬੰਨ੍ਹਣ ਵਾਂਗ ਹੈ।



## ਫਰਜ਼ੀ ਮੁਕਾਬਲੇ ਵਿਚ 4 ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ

**ਨਵੀਂ ਦਿੱਲੀ:** ਗਾਜੀਆਬਾਦ ਦੇ ਭੋਜਪੁਰ ਵਿਚ 20 ਸਾਲ ਪਹਿਲਾਂ ਹੋਏ ਇਕ ਫਰਜ਼ੀ ਮੁਕਾਬਲੇ ਵਿਚ ਸੀ.ਬੀ.ਆਈ. ਦੀ ਅਦਾਲਤ ਨੇ ਫੈਸਲਾ ਸੁਣਾ ਦਿੱਤਾ।

ਅਦਾਲਤ ਨੇ 4 ਦੋਸ਼ੀ ਪੁਲਿਸ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 20 ਸਾਲ ਪਹਿਲਾਂ 8 ਨਵੰਬਰ 1996 'ਚ ਹੋਏ ਮੁਕਾਬਲੇ ਨੂੰ ਅਦਾਲਤ ਨੇ ਫਰਜ਼ੀ ਦੱਸਦੇ ਹੋਏ 4 ਪੁਲਿਸ ਵਾਲਿਆਂ ਨੂੰ ਇਸ ਕੇਸ 'ਚ ਦੋਸ਼ੀ ਮੰਨਿਆ ਹੈ। ਅਦਾਲਤ ਨੇ ਉਸ ਸਮੇਂ ਦੇ ਥਾਣਾ ਮੁਖੀ ਲਾਲ ਸਿੰਘ, ਐਸ.ਆਈ. ਜੋਗਿੰਦਰ ਸਿੰਘ ਅਤੇ ਸੁਭਾਸ਼ ਨੂੰ ਹਿਰਾਸਤ 'ਚ ਲੈ ਲਿਆ, ਜਦਕਿ ਇਕ ਹੋਰ ਦੋਸ਼ੀ ਸਿਪਾਹੀ ਸੂਰਿਆ ਇਸ ਦੌਰਾਨ ਅਦਾਲਤ 'ਚ ਗੈਰ ਹਾਜ਼ਰ ਰਿਹਾ, ਉਥੇ ਹੀ ਇਕ ਸਿਪਾਹੀ ਰਣਬੀਰ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਭੋਜਪੁਰ ਪੁਲਿਸ ਨੇ 8 ਨਵੰਬਰ 1996 ਨੂੰ ਇਕ ਮੁਕਾਬਲੇ 'ਚ 4 ਲੋਕਾਂ ਨੂੰ ਢੇਰ ਕੀਤਾ ਸੀ। ਮ੍ਰਿਤਕ ਨੌਜਵਾਨ ਗਾਜੀਆਬਾਦ ਦੇ ਹੀ ਮੋਦੀਨਗਰ ਇਲਾਕੇ ਦੇ ਰਹਿਣ ਵਾਲੇ ਸਨ।

# ਅਸਲੇ ਦੀ ਦੁਰਵਰਤੋਂ ਨੇ ਖੁਫੀਆ ਏਜੰਸੀਆਂ ਦੀ ਨੀਂਦ ਉਡਾਈ



**ਅੰਮ੍ਰਿਤਸਰ:** ਗੈਂਗਸਟਰਾਂ ਕੋਲੋਂ ਮਿਲ ਰਹੇ ਲਾਇਸੈਂਸੀ ਹਥਿਆਰਾਂ ਨਾਲ ਗੈਂਗਸਟਰਾਂ ਅਤੇ ਅਸਲਾ ਡੀਲਰਾਂ ਵਿਚਾਲੇ ਮਿਲੀਭੁਗਤ ਸਾਹਮਣੇ ਆਈ ਹੈ, ਜਿਸ ਕਾਰਨ ਖੁਫੀਆ ਏਜੰਸੀਆਂ ਵੀ ਹਰਕਤ ਵਿਚ ਆ ਗਈਆਂ ਹਨ ਅਤੇ ਇਸ ਮਾਮਲੇ ਵਿਚ ਅਸਲਾ ਲਾਇਸੈਂਸ ਧਾਰਕਾਂ ਦੀ ਜਾਂਚ ਹੋਵੇਗੀ।

ਵਿਧਾਨ ਸਭਾ ਚੋਣਾਂ ਕਰ ਕੇ ਪੁਲਿਸ ਨੇ ਸੂਬੇ ਭਰ ਵਿਚ ਲਾਇਸੈਂਸੀ ਅਸਲਾ ਧਾਰਕਾਂ ਕੋਲੋਂ ਹਥਿਆਰ ਅਤੇ ਗੋਲੀ ਸਿੱਕਾ ਜਮ੍ਹਾਂ ਕੀਤਾ ਹੋਇਆ ਹੈ। ਇਨ੍ਹਾਂ ਧਾਰਕਾਂ ਨੂੰ ਇਹ ਹਥਿਆਰ ਅਤੇ ਅਸਲਾ ਵਾਪਸ ਕਰਨ ਤੋਂ ਪਹਿਲਾਂ ਪੁਲਿਸ ਵੱਲੋਂ ਹੁਣ ਇਨ੍ਹਾਂ ਦੀ ਜਾਂਚ ਕੀਤੀ ਜਾਵੇਗੀ, ਜਿਸ ਤਹਿਤ ਵਿਆਹ-ਸ਼ਾਦੀਆਂ ਤੇ ਖੁਸ਼ੀ ਦੀ ਲੋਰ ਵਿਚ ਗੋਲੀਆਂ ਚਲਾਉਣ ਵਾਲਿਆਂ ਦੀ ਸ਼ਾਮਤ ਆ ਸਕਦੀ ਹੈ। ਪੁਲਿਸ ਦੇ ਖੁਫ਼ੀਆ ਵਿੰਗ ਦੇ ਸੂਤਰਾਂ ਮੁਤਾਬਕ ਸੂਬਾ ਭਰ ਵਿਚ ਉਚ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਮੂਹ ਅਸਲਾ ਡੀਲਰਾਂ ਦੇ ਸਟਾਕ ਦੀ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਦਾ ਰਿਕਾਰਡ ਘੋਖਿਆ ਜਾਵੇ। ਅਸਲਾ ਡੀਲਰਾਂ ਦੀ ਕਾਰਗੁਜ਼ਾਰੀ ਉਸ ਵੇਲੇ ਸ਼ੱਕ ਦੇ ਘੇਰੇ ਵਿਚ ਆਈ ਸੀ ਜਦੋਂ ਮੋਗਾ ਦੇ ਇਕ ਗੰਨ ਹਾਊਸ ਦਾ ਮਾਲਕ ਕਿਰਨਪਾਲ ਸਿੰਘ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ਼ ਨਾਭਾ ਜੇਲ੍ਹ ਕਾਂਡ ਵਿਚ ਮਦਦ ਦਾ ਦੋਸ਼ ਹੈ। ਉਸ ਨੇ ਗੈਂਗਸਟਰਾਂ ਨੂੰ ਹਥਿਆਰ ਮੁਹੱਈਆ ਕੀਤੇ ਸਨ।

### ਮੁਕਾਬਲੇ ਪਿੱਛੋਂ ਗੈਂਗਸਟਰ ਗੱਗੀ ਸਮੇਤ 3 ਕਾਬੂ

**ਅੰਮ੍ਰਿਤਸਰ:** ਸਪੈਸ਼ਲ ਟਾਸਕ ਫੋਰਸ ਵੱਲੋਂ ਕੌਮਾਂਤਰੀ ਪੱਧਰ 'ਤੇ ਬਦਨਾਮ 'ਗੱਗੀ' ਗੈਂਗ ਦੇ ਮੁੱਖ ਸਰਗਨਾ ਸਿਮਰਨਜੀਤ ਸਿੰਘ ਉਰਫ ਗੱਗੀ ਸਮੇਤ 3 ਗੈਂਗਸਟਰਾਂ ਨੂੰ ਬਿਆਸ ਨੇੜੇ ਪੁਲੀਸ ਨਾਲ ਹੋਏ ਮੁਕਾਬਲੇ ਉਪਰੰਤ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਮੈਂਬਰਾਂ ਪਾਸੋਂ ਇਕ ਪਿਸਤੌਲ ਤੇ 2 ਬੰਦੂਕਾਂ ਵੀ ਬਰਾਮਦ ਕੀਤੀਆਂ ਗਈਆਂ ਹਨ। ਇਹ ਗੈਂਗਸਟਰ ਜ਼ਿਲ੍ਹਾ ਬਰਨਾਲਾ ਦੇ ਇਲਾਕੇ ਭਦੌੜ ਦੇ ਪਿੰਡ ਜੱਗਿਆਣਾ 'ਚ ਇਕ ਘਰ 'ਤੇ ਅੰਨ੍ਹੇਵਾਹ ਗੋਲੀਬਾਰੀ ਕਰ ਕੇ ਫਰਾਰ ਹੋ ਗਏ ਸਨ ਅਤੇ ਪੁਲਿਸ ਇਨ੍ਹਾਂ ਦਾ ਲਗਾਤਾਰ ਪਿੱਛਾ ਕਰ ਰਹੀ ਸੀ।

ਇਨ੍ਹਾਂ ਗੈਂਗਸਟਰਾਂ ਦੀ ਮਦਦ ਕਰਨ ਦੇ ਮਾਮਲੇ 'ਚ ਕਾਉਂਕੇ ਚੌਕੀ ਦੇ ਮੁਨਸ਼ੀ ਤੇ ਗੰਨ ਹਾਊਸ ਦੇ ਮਾਲਕ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਹੈ। ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਸ਼ਨਾਖਤ ਸਿਮਰਨਜੀਤ ਸਿੰਘ ਉਰਫ ਗੱਗੀ ਵਾਸੀ ਪਿੰਡ ਕਾਉਂਕੇ ਕਲਾਂ ਜਗਰਾਉਂ ਜ਼ਿਲ੍ਹਾ ਲੁਧਿਆਣਾ, ਬਲਦੇਵ ਸਿੰਘ ਉਰਫ਼ ਦੇਬੀ ਤੇ ਗੁਰਜੀਤ ਸਿੰਘ ਵਾਸੀ ਪਿੰਡ ਜੱਗਿਆਣਾ ਜ਼ਿਲ੍ਹਾ ਬਰਨਾਲਾ ਵਜੋਂ ਹੋਈ ਹੈ। ਪਿੰਡ ਜੱਗਿਆਣਾ ਦੇ ਰਹਿਣ ਵਾਲੇ ਰਾਜ ਬਹਾਦੁਰ ਦੇ ਘਰ 'ਤੇ ਇਨ੍ਹਾਂ ਵੱਲੋਂ ਰੰਜਿਸ਼ ਅਧੀਨ ਅੰਨ੍ਹੇਵਾਹ ਗੋਲੀਆਂ ਚਲਾ ਕੇ ਹਮਲਾ ਕੀਤਾ ਸੀ, ਪਰ ਘਰ 'ਚ ਕੋਈ ਵੀ ਮੈਂਬਰ ਮੌਜੂਦ ਨਾ ਹੋਣ ਕਾਰਨ ਕੋਈ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਕਤ ਗੈਂਗਸਟਰਾਂ ਨੂੰ ਬਿਆਸ ਨੇੜੇ ਘੇਰ ਲਿਆ ਜਿਨ੍ਹਾਂ ਪੁਲਿਸ ਤੋਂ ਬਚਣ ਲਈ ਗੋਲੀਆਂ ਚਲਾ ਦਿੱਤੀਆਂ। ਜਵਾਬ 'ਚ ਪੁਲਿਸ ਨੇ ਵੀ ਗੋਲੀਬਾਰੀ ਕੀਤੀ ਤੇ ਇਨ੍ਹਾਂ ਨੂੰ ਕਾਬੂ ਕਰ ਲਿਆ।

## ਬੈਂਕ ਨੇ ਟਰੈਕਟਰ ਖੋਹਿਆ, ਕਿਸਾਨ ਵੱਲੋਂ ਖੁਦਕੁਸ਼ੀ

**ਮੁਕਤਸਰ:** ਪਿੰਡ ਬਲਮਗੜ੍ਹ ਦੇ ਕਿਸਾਨ ਜਸਵਿੰਦਰ ਸਿੰਘ ਨੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਦਾ ਕਾਰਨ ਕਿਸਾਨ ਦਾ ਕਰਜ਼ੇ ਉਤੇ ਲਿਆ ਟਰੈਕਟਰ ਸੀ। 45 ਸਾਲ ਜਸਵਿੰਦਰ ਸਿੰਘ ਨੇ ਸਾਲ ਪਹਿਲਾਂ ਬੈਂਕ ਤੋਂ ਕਰਜ਼ਾ ਲੈ ਕੇ ਟਰੈਕਟਰ ਲਿਆ ਸੀ। ਫਸਲ ਖਰਾਬ ਹੋਣ ਕਾਰਨ ਉਹ ਕਰਜ਼ੇ ਦੀਆਂ ਕਿਸ਼ਤਾਂ ਬੈਂਕ ਨੂੰ ਵਾਪਸ ਨਹੀਂ ਕਰ ਸਕਿਆ। ਜਸਵਿੰਦਰ ਸਿੰਘ ਦਾ ਟਰੈਕਟਰ ਬੈਂਕ ਵਾਲੇ ਵਾਪਸ ਲੈ ਗਏ। ਮਾਨਸਿਕ ਦਬਾਅ ਕਾਰਨ ਉਸ ਨੇ ਆਤਮ ਹੱਤਿਆ ਕਰ ਲਈ।

# ਅਕਾਲੀ ਟਰਾਂਸਪੋਰਟਰ ਦੀ ਬੱਸ ਨੇ ਕਾਰ ਸਵਾਰ ਦੀ ਜਾਨ ਲਈ

**ਜੈਤੋ:** ਇੱਕ ਅਕਾਲੀ ਟਰਾਂਸਪੋਰਟਰ ਦੀ ਜੈਤੋ ਤੋਂ ਚੰਡੀਗੜ੍ਹ ਜਾ ਰਹੀ ਹਰਗੋਬਿੰਦ ਕੰਪਨੀ ਦੀ ਬੱਸ ਨਾਲ ਵਾਪਰੇ ਹਾਦਸੇ ਵਿਚ ਕਾਰ ਚਾਲਕ ਦੀ ਮੌਤ ਹੋ ਗਈ। ਮੌਕੇ ਤੋਂ ਬੱਸ ਡਰਾਈਵਰ ਦੇ ਫ਼ਰਾਰ ਹੋਣ 'ਤੇ ਰੋਹ ਵਿਚ ਆਏ ਲੋਕਾਂ ਨੇ ਬੱਸ ਦੀ ਭੰਨ-ਤੋੜ ਕੀਤੀ ਤੇ ਸੜਕਾਂ 'ਤੇ ਧਰਨੇ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਪ੍ਰਦਰਸ਼ਨਕਾਰੀਆਂ ਨੇ ਬੱਸ ਦੇ ਬਗ਼ੈਰ ਰੂਟ ਪਰਮਿਟ ਤੋਂ ਦੌੜਨ ਤੇ ਪੁਲਿਸ 'ਤੇ ਟਰਾਂਸਪੋਰਟਰ ਦੇ ਹਿੱਤਾਂ ਦੀ ਰਾਖੀ ਲਈ ਪੱਖਪਾਤ ਕਰਨ ਦੇ ਦੋਸ਼ ਲਾਏ।

ਜੈਤੋ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਬਾਜਾਖਾਨਾ ਰੋਡ 'ਤੇ ਸਥਿਤ ਹਿੰਮਤ ਪੈਲੇਸ ਕੋਲ ਇਹ ਹਾਦਸਾ ਹੋਇਆ। ਬੱਸ ਦੇ ਡਰਾਈਵਰ ਵਾਲੇ ਪਾਸੇ ਤੇਲ ਵਾਲੀ ਟੈਂਕੀ 'ਤੇ ਲੱਗਾ ਕਰੀਬ ਚਾਰ ਫੁੱਟਾ ਸ਼ੌਕਰ ਪ੍ਰੈਸ਼ਰ ਨਾਲ ਉਠਣ ਵਾਲਾ ਕਵਰ ਖੁੱਲ੍ਹਾ ਸੀ। ਹਨੇਰਾ ਹੋਣ ਕਰ ਕੇ ਅੱਗਿਉਂ ਆਉਂਦੀ ਐਸਟੀਮ ਕਾਰ ਬੱਸ ਦੇ ਬਰਾਬਰ ਆ ਕੇ ਕਵਰ ਨਾਲ ਟਕਰਾ ਗਈ। ਸਿੱਟੇ ਵਜੋਂ ਕਵਰ ਨੇ ਕਾਰ ਦੀ ਛੱਤ ਨੂੰ ਤਲਵਾਰ ਵਾਂਗ ਚੀਰ ਕੇ ਅਲਹਿਦਾ ਕਰ ਦਿੱਤਾ। ਹਾਦਸੇ ਵਿਚ ਕਾਰ ਚਾਲਕ ਜਸਕਰਨ ਸਿੰਘ (31) ਦਾ ਸਿਰ ਧੜ ਤੋਂ ਵੱਖ ਹੋ ਕੇ ਕਾਰ ਦੀ ਪਿਛਲੀ ਸੀਟ 'ਤੇ ਜਾ ਡਿੱਗਾ। ਉਹ ਨੇੜਲੇ ਪਿੰਡ ਸੇਢਾ ਸਿੰਘ ਵਾਲਾ ਦਾ ਵਸਨੀਕ ਸੀ ਅਤੇ ਆਪਣੇ ਛੋਟੇ ਭਰਾ ਗੁਰਸੇਵਕ ਨੂੰ ਜੈਤੋ ਤੋਂ ਅੰਮ੍ਰਿਤਸਰ ਜਾਣ ਲਈ ਬੱਸ ਚੜ੍ਹਾਉਣ ਆ ਰਿਹਾ ਸੀ। ਹਾਦਸੇ ਵਿਚ ਗੁਰਸੇਵਕ ਦਾ ਬਚਾਅ ਹੋ ਗਿਆ।

ਸਵਾਰੀਆਂ ਵੱਲੋਂ ਰੌਲਾ ਪਾਉਣ 'ਤੇ ਡਰਾਈਵਰ ਨੇ ਬੱਸ ਰੋਕੀ, ਪਰ ਉਹ ਅੱਖ ਬਚਾ ਕੇ ਖਿਸਕ ਗਿਆ। ਇਕੱਠੇ ਹੋਏ ਲੋਕਾਂ ਨੇ ਬੱਸ ਦੀ ਇੱਟਾਂ-ਵੱਟਿਆਂ ਨਾਲ ਭੰਨ-ਤੋੜ ਕੀਤੀ। ਮਗਰੋਂ ਇੱਕ ਸਹਾਇਕ ਥਾਣੇਦਾਰ ਨਾਲ ਪੁਲਿਸ ਪਾਰਟੀ ਪਹੁੰਚੀ ਅਤੇ ਬੱਸ ਦੀ ਹਿਫ਼ਾਜ਼ਤ ਲਈ ਘੇਰਾਬੰਦੀ ਕਰ ਲਈ। ਲੋਕਾਂ ਨੇ ਸੜਕ 'ਤੇ ਲੱਕੜਾਂ ਸੁੱਟ ਕੇ ਆਵਾਜਾਈ ਜਾਮ ਕਰ ਦਿੱਤੀ।

## ਪੰਜਾਬੀਆਂ ਦੀ ਰਿਹਾਈ ਦੀ ਆਸ ਬੱਝੀ

**ਜਲੰਧਰ:** ਦੁਬਈ ਦੀ ਜੇਲ੍ਹ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 10 ਪੰਜਾਬੀਆਂ ਦੀ ਰਿਹਾਈ ਦੀ ਆਸ ਬੱਝੀ ਹੈ। ਸਮਾਜ ਸੇਵੀ ਤੇ ਕਾਰੋਬਾਰੀ ਐਸ.ਪੀ. ਸਿੰਘ ਉਬਰਾਏ ਨੇ ਭਰੋਸਾ ਦਿੱਤਾ ਹੈ ਕਿ ਉਹ 60 ਲੱਖ ਦੀ ਬਲੱਡ ਮਨੀ ਦੇ ਕੇ 10 ਪੰਜਾਬੀਆਂ ਨੂੰ ਛੁਡਾਉਣਗੇ। ਇਨ੍ਹਾਂ ਪੰਜਾਬੀਆਂ ਨੂੰ ਇੱਕ ਪਾਕਿਸਤਾਨੀ ਨਾਗਰਿਕ ਦੀ ਹੱਤਿਆ ਦੇ ਦੋਸ਼ ਵਿਚ ਫਾਂਸੀ ਹੋਈ ਹੈ। ਇਸ ਕੇਸ ਦੀ ਅਗਲੀ ਸੁਣਵਾਈ 22 ਮਾਰਚ ਨੂੰ ਹੈ।

ਹੁਸ਼ਿਆਰਪੁਰ ਦੇ ਚੰਦਰ ਸ਼ੇਖਰ ਸਣੇ ਗੁਰਦਾਸਪੁਰ ਤੇ ਬਟਾਲਾ ਦੇ 10 ਨੌਜਵਾਨ ਅਕਤੂਬਰ 2016 ਤੋਂ ਜੇਲ੍ਹ ਵਿਚ ਬੰਦ ਹਨ। ਇਸ ਬਾਰੇ ਸ. ਓਬਰਾਏ ਨੇ ਦੱਸਿਆ ਕਿ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ। ਸੁਣਵਾਈ ਦੌਰਾਨ ਮਾਰੇ ਗਏ ਨਾਗਰਿਕ ਦੇ ਪਿਤਾ ਦੇ ਬਿਆਨ ਕਲਮਬੰਦ ਹੋਣਗੇ। ਇਸ ਤੋਂ ਬਾਅਦ ਬਲੱਡ ਮਨੀ ਦੇ ਕੇ ਨੌਜਵਾਨਾਂ ਨੂੰ ਛੁਡਵਾ ਲਿਆ ਜਾਏਗਾ।

## ਸਹਾਰਾ ਨੂੰ 5092 ਕਰੋੜ ਜਮ੍ਹਾਂ ਕਰਾਉਣ ਦੇ ਨਿਰਦੇਸ਼

**ਦਿੱਲੀ:** ਸੁਪਰੀਮ ਕੋਰਟ ਨੇ ਸਹਾਰਾ ਗਰੁੱਪ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਮੁਖੀ ਸੁਬਰਤ ਰਾਏ ਨੂੰ ਜੇਲ੍ਹ ਵਿਚੋਂ ਬਾਹਰ ਰੱਖਣ ਲਈ ਸੇਬੀ-ਸਹਾਰਾ ਖਾਤੇ ਵਿਚ ਸੱਤ ਅਪਰੈਲ ਤੱਕ 5092.2 ਕਰੋੜ ਰੁਪਏ ਜਮ੍ਹਾਂ ਕਰਾਏ। ਇਹ ਰਾਸ਼ੀ ਨਿਵੇਸ਼ਕਾਂ ਨੂੰ ਮੋੜੀ ਜਾਵੇਗੀ।

## ਬਾਵਾ ਹਰਬੰਸ ਸਿੰਘ ਦੀ ਪੋਤਰੀ ਨਵਪ੍ਰੀਤ ਕੌਰ ਦਾ ਦੇਹਾਂਤ

**ਨਿਊ ਯਾਰਕ (ਬਿਊਰੋ):** ਬੀਬੀ ਨਵਪ੍ਰੀਤ ਕੌਰ ਮਨੂ ਲੰਘੀ 19 ਫਰਵਰੀ ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਸਿਰਫ 34 ਵਰ੍ਹਿਆਂ ਦੇ ਸਨ ਅਤੇ ਪਿਛਲੇ ਤਿੰਨ ਸਾਲ ਤੋਂ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਹ ਬਾਵਾ ਹਰਬੰਸ ਸਿੰਘ ਦੀ ਵੱਡੀ ਪੋਤਰੀ ਅਤੇ ਬਾਵਾ ਪ੍ਰਹਿਲਾਦ ਸਿੰਘ ਤੇ ਮਨਜੀਤ ਕੌਰ ਦੀ ਵੱਡੀ ਬੇਟੀ ਸੀ। ਉਹ ਆਪਣੇ ਪਿਛੇ ਪਤੀ ਦਲਜੀਤ ਸਿੰਘ ਅਤੇ ਦੋ ਬੇਟੇ-ਜਸਕਰਨ ਤੇ ਅਰਸ਼ ਛੱਡ ਗਏ ਹਨ।



ਮਨਪ੍ਰੀਤ ਕੌਰ ਮਨੂ ਨੇ ਆਖਰੀ ਸਾਹ ਫਰਿਜ਼ਨੋ, ਕੈਲੀਫੋਰਨੀਆ ਦੇ ਇਕ ਹਸਪਤਾਲ ਵਿਚ ਲਿਆ। ਉਨ੍ਹਾਂ ਨਮਿਤ ਭੋਗ ਅਤੇ ਅੰਤਿਮ ਅਰਦਾਸ ਪਹਿਲੀ ਮਾਰਚ, ਬੁੱਧਵਾਰ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊ ਯਾਰਕ ਵਿਚ ਬਾਅਦ ਦੁਪਹਿਰ ਇਕ ਤੋਂ ਤਿੰਨ ਵਜੇ ਤੱਕ ਹੋਣਗੇ। ਪਰਿਵਾਰ ਨਾਲ ਸੰਪਰਕ ਪ੍ਰਹਿਲਾਦ ਸਿੰਘ ਫੋਨ: 347-251-8585 ਜਾਂ ਕਸ਼ਮੀਰ ਸਿੰਘ ਫੋਨ: 917-332-7096 ਰਾਹੀਂ ਕੀਤਾ ਜਾ ਸਕਦਾ ਹੈ।

## ਟਰੰਪ ਦੇ ਰੱਖਿਆ ਖਰਚ 'ਚ ਵਾਧੇ ਦੀ ਤਜਵੀਜ਼

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਬਜਟ ਵਿਚ ਰੱਖਿਆ ਖਰਚ ਵਿਚ 54 ਅਰਬ ਡਾਲਰ ਦੇ ਭਾਰੀ ਵਾਧੇ, ਵਿਦੇਸ਼ੀ ਸਹਾਇਤਾ ਅਤੇ ਗੈਰ ਸੈਨਿਕ ਖਰਚਿਆਂ ਵਿਚ ਕਟੌਤੀ ਦੀ ਤਜਵੀਜ਼ ਸ਼ਾਮਿਲ ਹੈ। ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਟਰੰਪ ਨੇ ਕੌਮੀ ਰੱਖਿਆ ਬਜਟ ਖਰਚੇ ਵਿਚ ਵਾਧੇ ਦੀ ਯੋਜਨਾ ਨੂੰ ਜਨਤਕ ਹਿਤ ਅਤੇ ਕੌਮੀ ਸੁਰੱਖਿਆ ਬਜਟ ਆਖਿਆ ਹੈ। ਅਮਰੀਕਾ ਦਾ ਰੱਖਿਆ ਬਜਟ ਪਹਿਲਾਂ ਹੀ ਵਿਸ਼ਵ ਵਿਚ ਸਭ ਤੋਂ ਵੱਡਾ ਹੈ ਅਤੇ ਇਸ ਵਿਚ ਲੱਗਭੱਗ 10 ਫ਼ੀਸਦੀ ਹੋਰ ਵਾਧਾ ਹੋਵੇਗਾ।


ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ



ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140



WEBSITE - DHOLRADIO.CO

DHOL RADIO

ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE



ਹੁਣ ਸ਼ਿਕਾਗੋ ਤੋ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



TRUCK STOP 40

SAYRE, OK 73662

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ



ਗੈਸ ਸਟੇਸ਼ਨ ਲਈ ਕੈਸ਼ੀਅਰ ਅਤੇ ਰੋਟੀਆਂ ਬਣਾਉਣ ਵਾਲੇ ਦੀ ਲੋੜ ਹੈ

ਸੰਪਰਕ ਕਰੋ, ਰਾਜ ਸਿੰਘ

ਫੋਨ: 832-512-7172



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 4 ਮਾਰਚ 2017*

# ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ

ਦਿੱਲੀ ਦੀ ਵਿਦਿਆਰਥੀ ਸਿਆਸਤ ਇਕ ਵਾਰ ਫਿਰ ਦੇਸ਼ ਭਗਤੀ ਅਤੇ ਦੇਸ਼ ਧ੍ਰੋਹ ਦੇ ਮਸਲੇ ਨਾਲ ਦੋ-ਚਾਰ ਹੋ ਰਹੀ ਹੈ। ਸਾਲ ਪਹਿਲਾਂ ਵੀ ਇਹੀ ਮਸਲਾ ਉਭਾਰਿਆ ਗਿਆ ਸੀ ਜਦੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕੁਝ ਵਿਦਿਆਰਥੀਆਂ ਨੇ ਫਾਂਸੀ ਚਾੜ੍ਹੇ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਬਾਰੇ ਸਮਾਗਮ ਰਚਾਉਣ ਦਾ ਯਤਨ ਕੀਤਾ ਸੀ। ਉਸ ਖਿੱਚ-ਧੂਹ ਵਿਚ ਕੁਝ ਵਿਦਿਆਰਥੀ ਆਗੂਆਂ ਖਿਲਾਫ ਦੇਸ਼ ਧ੍ਰੋਹ ਦੇ ਕੇਸ ਵੀ ਦਰਜ ਕੀਤੇ ਗਏ। ਹੁਣ ਵਾਲਾ ਮਸਲਾ ਇਨ੍ਹਾਂ ਵਿਦਿਆਰਥੀ ਆਗੂਆਂ ਵਿਚੋਂ ਇਕ, ਉਮਰ ਖਾਲਿਦ ਨਾਲ ਜੁੜਿਆ ਹੋਇਆ ਹੈ। ਉਮਰ ਖਾਲਿਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਪੀਐਚ.ਡੀ. ਕਰ ਰਿਹਾ ਹੈ ਅਤੇ ਉਸ ਦਾ ਵਿਸ਼ਾ ਆਦਿਵਾਸੀਆਂ ਦੇ ਸੰਘਰਸ਼ਾਂ ਦੇ ਇਤਿਹਾਸ ਬਾਰੇ ਹੈ। ਰਾਮਜਸ ਕਾਲਜ ਦੇ ਵਿਦਿਆਰਥੀਆਂ ਵੱਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਸੀ ਜਿਸ ਵਿਚ ਉਮਰ ਖਾਲਿਦ ਨੇ ਆਦਿਵਾਸੀਆਂ ਦੇ ਸੰਘਰਸ਼ ਬਾਰੇ ਭਾਸ਼ਣ ਦੇਣਾ ਸੀ, ਪਰ ਉਥੇ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਨੇ ਖੜ੍ਹੇ ਪੈਰ ਇਸ ਸੈਮੀਨਾਰ ਦਾ ਵਿਰੋਧ ਕੀਤਾ। ਉਸ ਵਕਤ ਕੀਤੀ ਬੁਰਛਾਗਰਦੀ ਕਾਰਨ ਕਾਲਜ ਦੇ ਪ੍ਰਿੰਸੀਪਲ ਨੇ ਸੈਮੀਨਰ ਰੱਦ ਕਰ ਦਿੱਤਾ। ਸੈਮੀਨਾਰ ਕਰਵਾ ਰਹੀ ਜਥੇਬੰਦੀ ਨਾਲ ਜੁੜੇ ਵਿਦਿਆਰਥੀਆਂ ਨੇ ਕਿਹਾ ਕਿ ਵਿਦਿਆਰਥੀਆਂ ਦੀ ਆਵਾਜ਼ ਇਸ ਤਰ੍ਹਾਂ ਬੰਦ ਨਹੀਂ ਕੀਤੀ ਜਾਣੀ ਚਾਹੀਦੀ। ਇਸ 'ਤੇ ਵਿਦਿਆਰਥੀ ਪ੍ਰੀਸ਼ਦ ਨਾਲ ਜੁੜੇ ਵਿਦਿਆਰਥੀਆਂ ਨੇ ਹੱਲਾ ਬੋਲ ਦਿੱਤਾ। ਸਿਤਮਜ਼ਰੀਫੀ ਇਹ ਕਿ ਉਥੇ ਦੰਗਾ ਰੋਕਣ ਗਈ ਦਿੱਲੀ ਪੁਲਿਸ ਮੂਕ ਦਰਸ਼ਕ ਬਣ ਕੇ ਖਲੋਤੀ ਰਹੀ ਅਤੇ ਵਿਦਿਆਰਥੀ ਪ੍ਰੀਸ਼ਦ ਵਾਲਿਆਂ ਨੇ ਸੈਮੀਨਾਰ ਕਰਵਾਉਣ ਵਾਲੀ ਧਿਰ ਨਾਲ ਜੁੜੇ ਵਿਦਿਆਰਥੀਆਂ ਦੀ ਕੁੱਟ-ਮਾਰ ਕੀਤੀ। ਹੋਰ ਤਾਂ ਹੋਰ, ਅਧਿਆਪਕਾਂ ਨੂੰ ਵੀ ਬਖਸ਼ਿਆ ਨਾ ਗਿਆ। ਇਸੇ ਬੁਰਛਾਗਰਦੀ ਕਾਰਨ ਦਿੱਲੀ ਦੇ ਖਾਲਸਾ ਕਾਲਜ ਵਿਚ ਨਾਟਕਾਂ ਦਾ ਪ੍ਰੋਗਰਾਮ ਮੁਤਲਵੀ ਕਰ ਦਿੱਤਾ ਗਿਆ। ਵਿਦਿਆਰਥੀ ਪ੍ਰੀਸ਼ਦ ਵਾਲੇ ਮੰਗ ਕਰ ਰਹੇ ਸਨ ਕਿ ਜੇ ਨਾਟਕ ਕਰਵਾਉਣੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਨਾਟਕਾਂ ਦੀ ਪਟਕਥਾ ਦਿਖਾਈ ਜਾਵੇ। ਪ੍ਰਿੰਸੀਪਲ ਨੇ ਭਾਵੇਂ ਇਹ ਕਹਿ ਕੇ ਪ੍ਰੋਗਰਾਮ ਮੁਲਤਵੀ ਕੀਤਾ ਹੈ ਕਿ ਹਾਲਾਤ ਸਾਜ਼ਗਾਰ ਨਹੀਂ, ਪਰ ਅਸਲੀਅਤ ਇਹ ਹੈ ਕਿ ਵਿਦਿਆਰਥੀ ਪ੍ਰੀਸ਼ਦ ਵਾਲੇ ਧਮਕੀ ਦੇ ਕੇ ਗਏ ਸਨ ਕਿ ਕਮਿਊਨਿਸਟਾਂ ਨਾਲ ਜੁੜੀਆਂ ਜਥੇਬੰਦੀਆਂ ਜਾਂ ਨਾਟਕ ਮੰਡਲੀਆਂ ਦੇ ਨਾਟਕ ਹੋਣ ਨਹੀਂ ਦਿੱਤੇ ਜਾਣਗੇ।

ਦਰਅਸਲ ਜਦੋਂ ਤੋਂ ਕੇਂਦਰ ਵਿਚ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਕਾਇਮ ਹੋਈ ਹੈ, ਵੱਖ ਵੱਖ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਦੇਸ਼ ਭਗਤੀ ਜਾਂ ਰਾਸ਼ਟਰਵਾਦ ਦੇ ਨਾਂ ਉਤੇ ਵਿਚਾਰਾਂ ਦੀ ਆਜ਼ਾਦੀ ਉਤੇ ਪਾਬੰਦੀ ਲਾਈ ਜਾ ਰਹੀ ਹੈ। ਇੰਦੌਰ ਦੀ ਹੋਲਕਰ ਯੂਨੀਵਰਸਿਟੀ ਵਿਚ 'ਰਾਸ਼ਟਰਵਾਦ ਦੀਆਂ ਸੀਮਾਵਾਂ' ਵਿਸ਼ੇ ਉਤੇ ਚਰਚਾ ਰੱਦ ਕਰਵਾ ਦਿੱਤੀ ਗਈ। ਗਵਾਲੀਅਰ ਯੂਨੀਵਰਸਿਟੀ ਵਿਚ ਸੰਘ ਪਰਿਵਾਰ ਦੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੇ ਪ੍ਰੋਫ਼ੈਸਰ ਦੀ ਕੁੱਟਮਾਰ ਕੀਤੀ ਗਈ। ਮਹਿੰਦਰਗੜ੍ਹ (ਹਰਿਆਣਾ) ਵਿਚ ਉਘੀ ਬੰਗਲਾ ਲਿਖਾਰੀ ਮਹਾਸ਼ਵੇਤਾ ਦੇਵੀ ਦੇ ਨਾਟਕ 'ਦਰੋਪਦੀ' ਦੇ ਮੰਚਨ ਖਿਲਾਫ ਵਿਖਾਵਾ ਕੀਤਾ ਗਿਆ। ਹਾਲ ਹੀ ਵਿਚ ਜੋਧਪੁਰ (ਰਾਜਸਥਾਨ) ਦੀ ਜੈ ਨਾਰਾਇਣ ਵਿਆਸ ਯੂਨੀਵਰਸਿਟੀ ਵਿਚ ਕਸ਼ਮੀਰ ਬਾਰੇ ਅਕਾਦਮਿਕ ਬਹਿਸ ਹੀ ਨਹੀਂ ਹੋਣ ਦਿੱਤੀ ਗਈ। ਹੋਰ ਤਾਂ ਹੋਰ ਇਸ ਪ੍ਰੋਗਰਾਮ ਦੀ ਪ੍ਰਬੰਧਕ ਪ੍ਰੋਫੈਸਰ ਨੂੰ ਮੁਅੱਤਲ ਤੱਕ ਕਰ ਦਿੱਤਾ ਗਿਆ। ਯਾਦ ਰਹੇ, ਰਾਜਸਥਾਨ ਵਿਚ ਭਾਜਪਾ ਦੀ ਸਰਕਾਰ ਹੈ। ਲੇਡੀ ਸ੍ਰੀ ਰਾਮ ਕਾਲਜ ਦੀ ਵਿਦਿਆਰਥਣ ਗੁਰਮਿਹਰ ਕੌਰ ਨੇ ਇਸ ਬੁਰਛਾਗਰਦੀ ਖਿਲਾਫ ਮੁਹਿੰਮ ਛੇੜੀ ਤਾਂ ਬੁਰਛਾਗਰਦਾਂ ਦਾ ਟੋਲਾ ਉਹਦੇ ਮਗਰ ਪੈ ਗਿਆ। ਉਸ ਨੂੰ ਮਾਰ ਦੇਣ ਤੋਂ ਇਲਾਵਾ ਬਲਾਤਕਾਰ ਤੱਕ ਦੀ ਧਮਕੀ ਦਿੱਤੀ ਗਈ। ਉਸ ਨੇ ਸਿਰਫ ਇੰਨਾ ਹੀ ਕਿਹਾ ਸੀ ਕਿ ਉਹ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਤੋਂ ਨਹੀਂ ਡਰਦੀ। ਗੁਰਮਿਹਰ ਦਾ ਪਿਤਾ ਕੈਪਟਨ ਮਨਦੀਪ ਸਿੰਘ ਕਾਰਗਿਲ ਜੰਗ ਦੌਰਾਨ ਮਾਰਿਆ ਗਿਆ ਸੀ। ਵਿਰੋਧੀਆਂ ਨੇ ਗੁਰਮਿਹਰ ਵੱਲੋਂ ਸਾਲ ਪਹਿਲਾਂ ਯੂਟਿਊਬ 'ਤੇ ਪਾਈ ਉਹ ਵੀਡੀਓ ਕੱਢ ਲਿਆਂਦੀ ਜਿਸ ਵਿਚ ਉਸ ਨੇ ਕਿਹਾ ਸੀ ਕਿ ਉਸ ਦੇ ਪਿਤਾ ਨੂੰ ਪਾਕਿਸਤਾਨ ਨੇ ਨਹੀਂ, ਜੰਗ ਨੇ ਮਾਰਿਆ। ਇਸ 'ਤੇ ਉਘੇ ਕ੍ਰਿਕਟ ਖਿਡਾਰੀ ਵਰੇਂਦਰ ਸਹਿਵਾਗ ਅਤੇ ਅਦਾਕਾਰ ਰਣਦੀਪ ਹੁੱਡਾ ਨੇ ਉਸ ਦਾ ਮਜ਼ਾਕ ਵੀ ਉਡਾਇਆ। ਇਸ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜੂ ਵੀ ਪਿਛੇ ਨਹੀਂ ਰਹੇ। ਉਨ੍ਹਾਂ ਬਿਨਾ ਕਿਸੇ ਤਰਕ ਦੇ ਇਹ ਸਵਾਲ ਉਛਾਲ ਦਿੱਤਾ ਕਿ ਇਸ ਕੁੜੀ ਦੀ ਸੋਚ ਨੂੰ ਕੌਣ ਦੂਸ਼ਿਤ ਕਰ ਰਿਹਾ ਹੈ? ਉਨ੍ਹਾਂ ਦਾ ਕਹਿਣਾ ਸੀ ਕਿ ਮੁਲਕ ਦੇ ਖਿਲਾਫ ਕੋਈ ਵੀ ਨੁਕਤਾਚੀਨੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਵਿਦਿਅਕ ਅਦਾਰਿਆਂ ਨੂੰ ਰਾਸ਼ਟਰ ਵਿਰੋਧੀ ਸਰਗਰਮੀਆਂ ਦਾ ਧੁਰਾ ਨਹੀਂ ਬਣਨ ਦਿੱਤਾ ਜਾਵੇਗਾ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਤਾਂ ਲੰਡਨ ਬੈਠਿਆਂ ਹੀ ਇਹ ਕਹਿ ਸੁਣਾਇਆ ਕਿ ਭਾਰਤ ਸਰਕਾਰ ਸਵੈ-ਪ੍ਰਗਟਾਵੇ ਦੀ ਆਜ਼ਾਦੀ ਦੀ ਤਾਂ ਮੁਦੱਈ ਹੈ, ਪਰ ਇਹ ਆਜ਼ਾਦੀ ਦੇਸ਼ ਦੀ ਪ੍ਰਭੂਸੱਤਾ ਲਈ ਖਤਰਾ ਨਹੀਂ ਬਣਨੀ ਚਾਹੀਦੀ ਅਤੇ ਜਦੋਂ ਵੱਖਵਾਦੀ ਤੇ ਤੱਤੇ ਖੱਬੇ-ਪੱਖੀ (ਮਾਓਵਾਦੀ) ਇੱਕੋ ਭਾਸ਼ਾ ਬੋਲ ਰਹੇ ਹੋਣ, ਉਦੋਂ ਉਨ੍ਹਾਂ ਨੂੰ ਠੋਕਵਾਂ ਜਵਾਬ ਦੇਣਾ ਜਾਇਜ਼ ਹੈ, ਪਰ ਸਵਾਲ ਇਹ ਹੈ, ਕੀ ਰਾਸ਼ਟਰਵਾਦ ਜਾਂ ਦੇਸ਼ ਭਗਤੀ ਦੇ ਪਰਦੇ ਹੇਠ ਇਸ ਤਰ੍ਹਾਂ ਦੀ ਬੁਰਛਾਗਰਦੀ ਬੰਦ ਨਹੀਂ ਹੋਣੀ ਚਾਹੀਦੀ? ਕਿਸੇ ਵੀ ਸਮਾਜ ਦੀ ਮਜ਼ਬੂਤੀ ਦਾ ਅਹਿਮ ਆਧਾਰ ਵੰਨ-ਸੁਵੰਨਤਾ ਹੁੰਦੀ ਹੈ ਜਿਸ ਤੋਂ ਬਗੈਰ ਸਮਾਜ ਜਾਂ ਸਰਕਾਰ ਦੇ ਸਾਰੇ ਰਾਹ ਤਾਨਾਸ਼ਾਹੀ ਵੱਲ ਹੀ ਜਾਂਦੇ ਹਨ। ਅਜਿਹੇ ਰਾਹਾਂ ਦਾ ਜਿੰਨੀ ਤਾਕਤ ਨਾਲ ਵਿਰੋਧ ਕੀਤਾ ਜਾਵੇ, ਥੋੜ੍ਹਾ ਹੈ। ਜਮਹੂਰੀ ਕਦਰਾਂ-ਕੀਮਤਾਂ ਦੀ ਵੱਢ-ਟੁੱਕ ਕਰਨ ਵਾਲੇ ਕਿਸੇ ਵੀ ਸਮਾਜ ਜਾਂ ਸਰਕਾਰ ਉਤੇ ਸਵਾਲੀਆ ਨਿਸ਼ਾਨ ਲੱਗਣਾ ਹੀ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫਾਰਮੂਲਾ-ਏ-ਟਰੰਪ!*

ਚਿੰਤਾ ਪਈ ਪੰਜਾਬ ਦੇ ਚਿੰਤਕਾਂ ਨੂੰ, ਦਿਸ ਰਹੀਆਂ ਭਵਿੱਖ ਵਿਚ ਤੰਗੀਆਂ ਨੇ।
ਪਏ ਹੋਏ ਨੇ ਪਿੰਡਾਂ 'ਚ ਮਹਿਲ ਭਾਵੇਂ, ਉਤੇ ਟੈਂਕੀਆਂ ਰੰਗ-ਬਰੰਗੀਆਂ ਨੇ।
ਦੇਸ਼-ਪ੍ਰੇਮ ਤੇ ਮੋਹ ਵਿਰਾਸਤਾਂ ਦਾ, ਗੱਲਾਂ ਚੰਗੀਆਂ ਛਿੱਕੇ 'ਤੇ ਟੰਗੀਆਂ ਨੇ।
ਖਾਣੀ ਬਹਿ ਪਰਾਏ ਦਰ ਚੋਪੜੀ ਤੋਂ, ਦੋ ਸੁੱਕੀਆਂ ਘਰ ਦੀਆਂ ਚੰਗੀਆਂ ਨੇ।
ਸੁਪਨੇ ਪਾਲਦਾ ਸਾਰਾ ਹੀ 'ਦੇਸ' ਜਿਹੜੇ, ਬੱਚੇ 'ਸੈਟ' ਕਰ ਦੇਣ ਦੇ ਰੋਲ ਦੇਣੇ।
ਪਿੱਛੇ ਜਿੰਦਰੇ ਵੱਜੇ ਜੋ ਕੋਠੀਆਂ ਨੂੰ, ਜਾਪੇ ਹੁਣ ਟਰੰਪ ਨੇ ਖੋਲ੍ਹ ਦੇਣੇ!

# ਨਸਲੀ ਤੇ ਧਾਰਮਿਕ ਟਕਰਾਅ ਬਨਾਮ ਅਮਰੀਕਾ

*ਅਮਰੀਕੀ ਧਰਤੀ 'ਲੈਂਡ ਆਫ਼ ਅਪੁਰਚੁਨਿਟੀ' ਵਜੋਂ ਜਾਣੀ ਜਾਂਦੀ ਹੈ, ਇਸ ਲਈ ਪੂਰੀ ਦੁਨੀਆ ਵਿਚੋਂ ਲੋਕ ਪਰਵਾਸ ਕਰ ਕੇ ਇਸ ਧਰਤੀ 'ਤੇ ਆ ਕੇ ਵਸ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪਰਿਵਾਰ (ਦਾਦਾ) ਵੀ 1885 ਵਿਚ ਜਰਮਨ ਤੋਂ ਪਰਵਾਸ ਕਰ ਕੇ ਅਮਰੀਕਾ ਆ ਵਸਿਆ ਸੀ। ਦੂਜੇ ਮਹਾਂਯੁੱਧ ਵੇਲੇ ਦੁਨੀਆ 'ਨਾਜ਼ੀ' ਦੌਰ ਵਿਚੋਂ ਗੁਜ਼ਰੀ, ਪਰ ਟਰੰਪ ਦੇ ਪਰਿਵਾਰ ਨੂੰ ਜਰਮਨ ਵਿਰਾਸਤ ਦੇ ਆਧਾਰ 'ਤੇ ਅਮਰੀਕਾ ਛੱਡਣ ਲਈ ਨਹੀਂ ਆਖਿਆ ਗਿਆ ਅਤੇ ਨਾ ਹੀ ਲੜਾਈ ਤੋਂ ਬਾਅਦ ਜਰਮਨ ਤੋਂ ਹਿਜਰਤ ਕਰ ਕੇ ਅਮਰੀਕਾ ਆਉਣ ਵਾਲਿਆਂ 'ਤੇ ਖੇਤਰਵਾਦ, ਧਰਮ ਅਤੇ ਕੌਮੀਅਤ ਦੇ ਆਧਾਰ 'ਤੇ ਕੋਈ ਪਾਬੰਦੀ ਲਾਈ ਗਈ। ਜੇ ਅਜਿਹਾ ਹੋਇਆ ਹੁੰਦਾ ਤਾਂ ਅੱਜ ਟਰੰਪ ਨੂੰ ਰਾਸ਼ਟਰਪਤੀ ਬਣਨ ਦਾ ਮੌਕਾ ਨਾ ਮਿਲਦਾ। ਰਾਸ਼ਟਰਪਤੀ ਨੂੰ ਕਿਸੇ ਖਾਸ ਫਿਰਕੇ, ਧਰਮ ਅਤੇ ਕੌਮ ਦੇ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਵਰਗੇ ਫੈਸਲੇ ਲੈਣ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਅਤੇ ਅਮਰੀਕੀ ਇਤਿਹਾਸ ਵੱਲ ਝਾਤ ਮਾਰਨੀ ਚਾਹੀਦੀ ਹੈ।*

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਵਾਦਗ੍ਰਸਤ ਫੈਸਲਿਆਂ ਕਰ ਕੇ ਅਮਰੀਕੀ ਸਮਾਜ ਬੁਰੀ ਤਰ੍ਹਾਂ ਵੰਡਿਆ ਗਿਆ ਹੈ। ਟਰੰਪ ਵੱਲੋਂ 7 ਮੁਸਲਿਮ ਦੇਸ਼ਾਂ ਦੇ ਅਮਰੀਕਾ ਵਿਚ ਦਾਖਲੇ 'ਤੇ ਲਾਈ ਪਾਬੰਦੀ ਕਾਰਨ ਟਰੰਪ ਵਿਰੋਧੀ ਰੋਸ ਮੁਜ਼ਾਹਰੇ ਅਤੇ ਰੈਲੀਆਂ ਦੀ ਮੁਹਿੰਮ ਆਰੰਭ ਹੋ ਗਈ ਹੈ। ਦੇਸ਼ ਅਤੇ ਸਮਾਜ ਦਾ ਮਾਰਗ ਦਰਸ਼ਕ ਜਿਸ ਦਾ ਮੁੱਖ ਕੰਮ ਬਹੁਲਵਾਦੀ ਸਮਾਜ

**ਸਰਬਜੀਤ ਸੰਧੂ**
ਫੋਨ : 408-504-9365

ਨੂੰ ਇਕ ਲੜੀ ਵਿਚ ਪਰੋਈ ਰੱਖਣਾ ਹੁੰਦਾ ਹੈ, ਆਪਣੇ ਵਿਵਾਦਗ੍ਰਸਤ ਬਿਆਨਾਂ ਅਤੇ ਫੈਸਲਿਆਂ ਕਰ ਕੇ ਭਾਰੀ ਸਮਾਜਿਕ ਵਿਰੋਧ ਦਾ ਸਾਹਮਣਾ ਕਰ ਰਿਹਾ ਹੈ।

ਮੁਸਲਿਮ ਦੇਸ਼ਾਂ ਦੇ ਦਾਖਲੇ 'ਤੇ ਪਾਬੰਦੀ ਦਾ ਮੁੱਖ ਕਾਰਨ ਅਮਰੀਕਾ ਨੂੰ ਅਤਿਵਾਦ ਤੋਂ ਨਿਜਾਤ ਦਿਵਾਉਣਾ ਦੱਸਿਆ ਗਿਆ ਹੈ। ਆਪਣੇ ਪ੍ਰਬੰਧਕੀ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਾਹਲੀ ਵਿਚ ਕੀਤੇ ਇਸ ਫ਼ੈਸਲੇ ਰਾਹੀਂ ਇਕ ਤਰ੍ਹਾਂ ਨਾਲ ਰਾਸ਼ਟਰਪਤੀ ਟਰੰਪ ਨੇ ਇਨ੍ਹਾਂ ਦੇਸ਼ਾਂ ਉਤੇ ਅਤਿਵਾਦ ਦੀ ਪੈਦਾਇਸ਼ ਅਤੇ ਹਮਾਇਤੀ ਹੋਣ ਦਾ ਲੇਬਲ ਲਾਇਆ ਹੈ। ਸਵਾਲ ਹੁਣ ਇਹ ਹੈ ਕਿ ਮੁਸਲਿਮ ਫਿਰਕੇ ਦੇ ਦਾਖਲੇ 'ਤੇ ਪਾਬੰਦੀ ਨਾਲ, ਕੀ ਅਮਰੀਕਾ ਅੰਦਰ ਅਤਿਵਾਦੀ ਘਟਨਾਵਾਂ ਨੂੰ ਰੋਕਿਆ ਜਾਂ ਖ਼ਤਮ ਕੀਤਾ ਜਾ ਸਕਦਾ ਹੈ? ਸੱਚ ਤਾਂ ਇਹ ਹੈ ਕਿ ਅਮਰੀਕਾ ਅੰਦਰ ਪਲ ਰਹੀ ਫਿਰਕਾਪ੍ਰਸਤੀ, ਨਫ਼ਰਤ, ਕੱਟੜਵਾਦ ਤੇ ਸਥਾਪਤੀ ਗਰੂਰ ਆਦਿ ਕਿਸੇ ਵੀ ਤਰ੍ਹਾਂ ਅਤਿਵਾਦ ਤੋਂ ਘੱਟ ਨਹੀਂ ਹੈ, ਇਨ੍ਹਾਂ ਹੀ ਰੁਝਾਨਾਂ ਅਧੀਨ 5 ਅਗਸਤ, 2012 ਨੂੰ ਸਿੱਖ ਗੁਰਦੁਆਰਾ ਓਕ ਕ੍ਰੀਕ, ਵਿਸਕਾਨਸਿਨ ਵਿਚ ਇਕ ਕੱਟੜਵਾਦੀ ਗੋਰੇ ਵੱਲੋਂ ਅੰਧਾਧੁੰਦ ਗੋਲੀਆਂ ਚਲਾ ਕੇ 6 ਬੇਦੋਸ਼ਿਆਂ ਦੀ ਜਾਨ ਲੈ ਲਈ ਗਈ ਸੀ। ਇਸੇ ਹੀ ਤਰ੍ਹਾਂ 2012 ਵਿਚ ਕਲਰਾਡੋ ਸਟੇਟ ਦੇ ਇਕ ਸਿਨੇਮਾ ਘਰ ਵਿਚ 12 ਲੋਕਾਂ ਨੂੰ ਮਾਰਨ ਅਤੇ 70 ਲੋਕਾਂ ਨੂੰ ਜ਼ਖ਼ਮੀ ਕਰਨ ਵਾਲਾ, ਨਾ ਤਾਂ ਆਪ ਮੁਸਲਿਮ ਸੀ ਅਤੇ ਨਾ ਹੀ ਕਿਸੇ ਮੁਸਲਿਮ ਦੇਸ਼ ਨਾਲ ਸਬੰਧਤ ਸੀ। ਕੀ ਇਨ੍ਹਾਂ ਘਟਨਾਵਾਂ ਨੂੰ ਅਤਿਵਾਦੀ ਘਟਨਾਵਾਂ ਨਹੀਂ ਕਿਹਾ ਜਾ ਸਕਦਾ?

ਦੁਨੀਆ ਦੀ ਸਭ ਤੋਂ ਪੁਰਾਣੀ ਲੋਕਤੰਤਰਿਕ ਪ੍ਰਣਾਲੀ ਵਜੋਂ ਜਾਣਿਆ ਜਾਂਦਾ ਅਮਰੀਕਾ, ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਹੇਠ ਤਾਨਾਸ਼ਾਹੀ ਵੱਲ ਵਧ ਰਿਹਾ ਹੈ; ਜਿਥੇ ਬੋਲਣ ਦੀ ਆਜ਼ਾਦੀ ਅਤੇ ਅਸਹਿਮਤੀ ਦਾ ਅਧਿਕਾਰ ਖ਼ਤਰੇ ਦੀ ਸੀਮਾ ਤੱਕ ਪਹੁੰਚ ਚੁੱਕਾ ਹੈ। ਅਸਲ ਵਿਚ ਅਸਹਿਮਤੀ ਦਾ ਹੱਕ ਅਤੇ ਵਿਰੋਧੀ ਵਿਚਾਰਾਂ ਦਾ ਪ੍ਰਗਟਾਵਾ ਨਾ ਸਿਰਫ਼ ਜਮਹੂਰੀਅਤ ਦਾ ਮੁੱਖ ਨੁਕਤਾ ਹੈ ਜਿਸ ਤੋਂ ਬਿਨਾਂ ਜਮਹੂਰੀਅਤ, ਨਿਰੰਕੁਸ਼ ਬਹੁਗਿਣਤੀਵਾਦੀ ਪ੍ਰਬੰਧ ਬਣ ਜਾਂਦੀ ਹੈ, ਸਗੋਂ ਇਹ ਰਾਜ ਪ੍ਰਬੰਧ ਚਲਾ ਰਹੇ ਅਧਿਕਾਰੀਆਂ ਵੱਲੋਂ ਕੀਤੇ ਗਏ ਫ਼ੈਸਲਿਆਂ ਦੀ ਸਾਰਥਿਕਤਾ ਮਾਪਣ, ਗਿਆਨ ਵਿਚ ਵਾਧੇ ਅਤੇ ਰਾਜ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਵੀ ਬਹੁਤ ਜ਼ਰੂਰੀ ਹੈ, ਪਰ ਰਾਸ਼ਟਰਪਤੀ ਟਰੰਪ ਲਈ ਅਸਹਿਮਤੀ ਅਤੇ ਵਿਰੋਧੀ ਵਿਚਾਰਾਂ ਦਾ ਪ੍ਰਗਟਾਵਾ ਸਹਿਣਸ਼ੀਲਤਾ ਤੋਂ ਬਾਹਰ ਦੀ ਗੱਲ ਹੈ। ਇਹੀ ਮੁੱਖ ਕਾਰਨ ਹੈ ਕਿ ਸੱਤ ਮੁਸਲਿਮ ਦੇਸ਼ਾਂ ਦੇ ਅਮਰੀਕੀ ਦਾਖਲੇ 'ਤੇ ਪਾਬੰਦੀ ਦੇ ਹੁਕਮ ਕਾਰਜਕਾਰੀ ਅਧਿਕਾਰਾਂ ਦੀ ਵਰਤੋਂ ਕਰ ਕੇ ਦਿੱਤੇ ਗਏ ਹਨ। ਰਿਪਬਲਿਕਨ ਪਾਰਟੀ ਦਾ ਕਾਂਗਰਸ ਵਿਚ ਭਾਵੇਂ ਬਹੁਮਤ ਹੈ, ਫਿਰ ਵੀ ਰਾਸ਼ਟਰਪਤੀ ਟਰੰਪ ਅਜਿਹੇ ਫ਼ੈਸਲੇ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ, ਆਪਣੀਆਂ ਕਾਰਜਕਾਰੀ ਸ਼ਕਤੀਆਂ ਵਰਤ ਕੇ ਹੀ ਕਰਨਾ ਚਾਹੁੰਦੇ ਹਨ, ਕਿਉਂਕਿ ਵਿਰੋਧੀ ਸੰਵਾਦ ਅਤੇ ਅਸਹਿਮਤੀ ਉਨ੍ਹਾਂ ਨੂੰ ਬਿਲਕੁਲ ਪਸੰਦ ਨਹੀਂ ਹੈ। ਇਸ ਲਈ ਉਹ ਇਸ ਤਰ੍ਹਾਂ ਦੇ ਕਾਨੂੰਨ ਬਣਾਉਣ ਲਈ ਕਾਂਗਰਸ ਦੀ ਸਹਿਮਤੀ ਦਾ ਜੋਖਮ ਵੀ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਦਾ ਇਹ ਰਵੱਈਆ ਨਾ ਸਿਰਫ਼ ਅਮਰੀਕਾ ਦੇ ਅੰਦਰੂਨੀ ਮਾਮਲਿਆਂ ਤੱਕ ਸੀਮਤ ਹੈ, ਸਗੋਂ ਕੌਮਾਂਤਰੀ ਭਾਈਚਾਰੇ 'ਤੇ ਵੀ ਉਹ ਆਪਣੀ ਤਾਨਾਸ਼ਾਹੀ ਬਿਰਤੀ ਠੋਸਣਾ ਚਾਹੁੰਦੇ ਹਨ ਜਿਸ ਦੀ ਤਾਜ਼ਾ ਉਦਾਹਰਨ ਆਸਟ੍ਰੇਲੀਅਨ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਦੇ ਹੋਏ ਤਲਖੀ ਵਿਚ ਆਣ ਕੇ ਟੈਲੀਫੋਨ ਕੱਟ ਦੇਣਾ ਹੈ।

ਆਪਣੇ ਆਲੋਚਕਾਂ ਅਤੇ ਅਸਹਿਮਤ ਲੋਕਾਂ ਪ੍ਰਤੀ ਧਮਕਾਉਣ ਵਾਲੀ ਸ਼ੈਲੀ ਵਿਚ ਗੱਲ ਕਰਨਾ, ਅਮਰੀਕਨ ਕਦਰਾਂ-ਕੀਮਤਾਂ ਅਤੇ ਜਮਹੂਰੀਅਤ ਦੇ ਉਲਟ ਹੈ, ਪਰ ਇਹ ਸਭ ਕੁਝ ਰਾਸ਼ਟਰਪਤੀ ਟਰੰਪ ਦੇ ਸੁਭਾਅ ਦੇ ਅਨੁਕੂਲ ਹੈ। ਵਿਵਾਦਗ੍ਰਸਤ ਫੈਸਲਿਆਂ ਵਿਰੁਧ ਮੁਜ਼ਾਹਰਾਕਾਰੀਆਂ ਅਤੇ ਪਾਬੰਦੀ ਵਾਲੇ ਫੈਸਲੇ ਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਦਖਲਅੰਦਾਜ਼ੀ ਤੇ ਰਾਸ਼ਟਰਪਤੀ ਟਰੰਪ ਵੱਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਸਮੇਂ ਜਮਹੂਰੀ ਕਦਰਾਂ-ਕੀਮਤਾਂ ਦੀ ਬਿਲਕੁਲ ਪ੍ਰਵਾਹ ਨਹੀਂ ਕੀਤੀ ਜਾਂਦੀ।




ਟਰੰਪ ਦੀ ਹਮਾਇਤ ਨਾ ਕਰਨ ਵਾਲਾ ਹਰ ਬੰਦਾ ਅੱਜ ਆਪਣੇ-ਆਪ ਨੂੰ ਅਸੁਰੱਖਿਅਤ ਅਤੇ ਬੇਗਾਨਾ ਮਹਿਸੂਸ ਕਰ ਰਿਹਾ ਹੈ। ਉਦਾਰਵਾਦੀ ਵਿਚਾਰਧਾਰਾ ਅਤੇ ਵਿਚਾਰਕ ਸੀਮਤ ਹੁੰਦੇ ਜਾ ਰਹੇ ਹਨ, ਕਿਉਂਕਿ ਤਾਨਾਸ਼ਾਹ ਬਿਰਤੀ ਨਾਲ ਕੱਟੜਵਾਦ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਸਭ ਤੋਂ ਉਚੇ ਸੰਵਿਧਾਨਕ ਅਹੁਦੇ 'ਤੇ ਮੌਜੂਦ ਬੰਦੇ ਦੇ ਮਨ ਵਿਚ ਇਕ ਖਾਸ ਫਿਰਕੇ ਪ੍ਰਤੀ ਇਤਨਾ ਜ਼ਹਿਰ ਹੈ ਕੇ ਇਸ ਨੂੰ ਦੇਸ਼ ਦੀ ਸੁਰੱਖਿਆ ਦਾ ਜਾਮਾ ਪਹਿਨਾ ਕੇ ਆਪਣੀ ਨਫ਼ਰਤ ਦੀ ਰਾਜਨੀਤੀ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਦੇਸ਼ ਵਿਚ ਨਫ਼ਰਤ ਨਾਲ ਸਬੰਧਤ ਜ਼ਿਆਦਤੀਆਂ ਵਿਚ ਪਹਿਲਾਂ ਹੀ 67 ਫੀਸਦੀ ਦਾ ਵਾਧਾ ਹੋ ਚੁੱਕਿਆ ਹੈ। ਹੁਣ ਸਵਾਲ ਇਹ ਹੈ ਕਿ ਰਾਸ਼ਟਰਪਤੀ ਵੱਲੋਂ ਪੈਦਾ ਕੀਤੇ ਜਾ ਰਹੇ ਇਸ ਤਰ੍ਹਾਂ ਦੇ ਹਾਲਾਤ ਕੀ ਲੋਕ ਹਿਤਾਂ ਅਤੇ ਲੋਕਤੰਤਰਿਕ ਢਾਂਚੇ ਦੇ ਅਨੁਕੂਲ ਹਨ? ਇਸ ਗੱਲ ਦਾ ਅੰਦਾਜ਼ਾ ਰਾਸ਼ਟਰਪਤੀ ਟਰੰਪ ਦੇ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੇ ਦਾਖਲੇ ਸਬੰਧੀ ਪਾਬੰਦੀ ਵਾਲੇ ਫੈਸਲੇ ਵਿਰੁੱਧ ਵਾਸ਼ਿੰਗਟਨ ਅਤੇ ਮਿਨੀਸੋਟਾ ਆਦਿ ਰਾਜਾਂ ਵੱਲੋਂ ਅਦਾਲਤ ਵਿਚ ਕੀਤੇ ਹੋਏ ਦਾਅਵੇ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਸਿਲੀਕਾਨ ਵੈਲੀ ਵਿਚ ਗੂਗਲ, ਫੇਸਬੁਕ ਅਤੇ ਐਪਲ ਦੀ ਅਗਵਾਈ ਵਿਚ 100 ਕੰਪਨੀਆਂ ਨੇ ਇਸ ਫ਼ੈਸਲੇ ਨੂੰ ਉਨ੍ਹਾਂ ਦੇ ਵਪਾਰ 'ਤੇ ਪੈਣ ਵਾਲੇ ਆਰਥਿਕ ਪ੍ਰਭਾਵਾਂ ਦੇ ਆਧਾਰ 'ਤੇ ਅਦਾਲਤ ਵਿਚ ਚੁਣੌਤੀ ਦਿੱਤੀ ਹੈ। ਨੌ ਸਰਕਟ ਅਦਾਲਤ ਦੇ ਤਿੰਨ ਜੱਜਾਂ ਦੀ ਟੀਮ ਨੇ ਰਾਸ਼ਟਰਪਤੀ ਦੇ ਫੈਸਲੇ ਨੂੰ ਲਾਗੂ ਹੋਣ ਤੋਂ ਰੋਕ ਦਿੱਤਾ ਹੈ। ਬੁੱਧੀਜੀਵੀਆਂ ਅਤੇ ਆਮ ਲੋਕਾਂ ਵੱਲੋਂ ਲਾਮਬੰਦ ਹੋ ਕੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਅਮਰੀਕੀ ਸਮਾਜ ਦੀ ਚੇਤਨ ਅਤੇ ਜਾਗਰੂਕਤਾ ਦੀ ਭਾਵਨਾ ਦਾ ਪ੍ਰਗਟਾਵਾ ਹੈ।

ਨਸਲ, ਜਾਤ, ਖੇਤਰਵਾਦ, ਧਰਮ ਅਤੇ ਪਹਿਰਾਵੇ ਦੇ ਆਧਾਰ 'ਤੇ ਕੀਤਾ ਗਿਆ ਵਿਤਕਰਾ ਸਮਾਜਿਕ ਨਫ਼ਰਤ ਦਾ ਅਧਾਰ ਹੁੰਦਾ ਹੈ। ਅਮਰੀਕਨਾਂ ਨੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਲੰਬੀ ਲੜਾਈ ਲੜੀ ਹੈ। ਵੰਨ-ਸੁਵੰਨਤਾ ਵਾਲੇ ਇਸ ਸਮਾਜ ਵਿਚ ਸਭ ਲਈ ਤਰੱਕੀ ਦੇ ਬਰਾਬਰ ਮੌਕੇ ਮੁਹੱਈਆ ਕਰਦੇ ਕਾਨੂੰਨ ਬਣਾਏ ਗਏ, ਕਿਉਂਕਿ ਅਮਰੀਕਨ ਸਮਾਜ ਪੂਰੀ ਦੁਨੀਆ ਦੇ ਜੋੜ ਨਾਲ ਬਣਿਆ ਹੋਇਆ ਉਹ ਗੁਲਦਸਤਾ ਹੈ ਜਿਸ ਵਿਚ ਹਰ ਧਰਮ, ਕੌਮ ਅਤੇ ਨਸਲ ਭਾਈਵਾਲ ਹੈ। ਸ਼ਾਇਦ ਇਹੀ ਕਾਰਨ ਹੈ ਕਿ ਦੁਨੀਆ ਦੀਆਂ ਬਹੁਤਾਤ ਖੋਜਾਂ, ਚਾਹੇ ਉਹ ਤਕਨਾਲੋਜੀ, ਮੈਡੀਕਲ ਜਾਂ ਰੋਜ਼ਾਨਾ ਖ਼ਪਤਕਾਰ ਦੀਆਂ ਵਸਤਾਂ ਹੋਣ, ਲਈ ਦੁਨੀਆ ਦੀ ਅਗਵਾਈ ਅਮਰੀਕੀਆਂ ਨੇ ਹੀ ਕੀਤੀ ਹੈ। ਇਹ ਧਰਤੀ 'ਲੈਂਡ ਆਫ਼ ਅਪੁਰਚੁਨਿਟੀ' ਵਜੋਂ ਜਾਣੀ ਜਾਂਦੀ ਹੈ, ਇਸ ਲਈ ਪੂਰੀ ਦੁਨੀਆ ਵਿਚੋਂ ਲੋਕ ਪਰਵਾਸ ਕਰ ਕੇ ਇਸ ਧਰਤੀ 'ਤੇ ਆ ਕੇ ਵਸ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪਰਿਵਾਰ (ਦਾਦਾ) ਵੀ 1885 ਵਿਚ ਜਰਮਨ ਤੋਂ ਪਰਵਾਸ ਕਰ ਕੇ ਅਮਰੀਕਾ ਆ ਵਸਿਆ ਸੀ। ਦੂਜੇ ਮਹਾਂਯੁੱਧ ਵੇਲੇ ਦੁਨੀਆ 'ਨਾਜ਼ੀ' ਦੌਰ ਵਿਚੋਂ ਗੁਜ਼ਰੀ, ਪਰ ਡੋਨਾਲਡ ਟਰੰਪ ਦੇ ਪਰਿਵਾਰ ਨੂੰ ਜਰਮਨ ਵਿਰਾਸਤ ਦੇ ਆਧਾਰ 'ਤੇ ਅਮਰੀਕਾ ਛੱਡਣ ਲਈ ਨਹੀਂ ਆਖਿਆ ਗਿਆ ਅਤੇ ਨਾ ਹੀ ਲੜਾਈ ਤੋਂ ਬਾਅਦ ਜਰਮਨ ਤੋਂ ਹਿਜਰਤ ਕਰ ਕੇ ਅਮਰੀਕਾ ਆਉਣ ਵਾਲਿਆਂ 'ਤੇ ਖੇਤਰਵਾਦ, ਧਰਮ ਅਤੇ ਕੌਮੀਅਤ ਦੇ ਆਧਾਰ 'ਤੇ ਕੋਈ ਪਾਬੰਦੀ ਲਾਈ ਗਈ। ਜੇ ਅਜਿਹਾ ਹੋਇਆ ਹੁੰਦਾ ਤਾਂ ਅੱਜ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਬਣਨ ਦਾ ਮੌਕਾ ਨਾ ਮਿਲਦਾ। ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਿਸੇ ਖਾਸ ਫਿਰਕੇ, ਧਰਮ ਅਤੇ ਕੌਮ ਦੇ ਅਮਰੀਕਾ ਵਿਚ ਦਾਖਲੇ 'ਤੇ ਪਾਬੰਦੀ ਵਰਗੇ ਫੈਸਲੇ ਲੈਣ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਅਤੇ ਅਮਰੀਕਨ ਇਤਿਹਾਸ ਵੱਲ ਝਾਤ ਜ਼ਰੂਰ ਮਾਰਨੀ ਚਾਹੀਦੀ ਹੈ।

# ਚੋਣਾਂ, ਆਮ ਆਦਮੀ ਪਾਰਟੀ ਅਤੇ ਪੰਜਾਬ ਦਾ ਭਵਿੱਖ

***ਪੰਜਾਬ ਵਿਚ ਆਮ ਕਿਆਫੇ ਹਨ ਕਿ 11 ਮਾਰਚ ਤੋਂ ਬਾਅਦ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣੇਗੀ। ਲੋਕਾਂ ਨੂੰ ਆਮ ਆਦਮੀ ਪਾਰਟੀ ਤੋਂ ਆਸਾਂ ਵੀ ਬਹੁਤ ਹਨ ਪਰ ਇਹ ਵੀ ਸਵਾਲ ਕੀਤੇ ਜਾ ਰਹੇ ਹਨ ਕਿ ਜਿਸ ਤਰ੍ਹਾਂ ਅਰਵਿੰਦ ਕੇਜਰੀਵਾਲ ਨੇ ਪੰਜਾਬ ਚੋਣਾਂ ਤੋਂ ਪਹਿਲਾਂ ਕੁਝ ਮੋਢੀ ਲੀਡਰਾਂ ਨੂੰ ਪਾਰਟੀ 'ਚੋ ਕੱਢਿਆ, ਉਸ ਦਾ ਮਨੋਰਥ ਚੋਣਾਂ ਜਿੱਤ ਕੇ ਇਸ ਦਾ ਸਿਹਰਾ ਆਪਣੇ ਸਿਰ ਲੈਣਾ ਹੀ ਤਾਂ ਨਹੀਂ ਸੀ? ਕੀ ਇਹ ਸਭ ਪੰਜਾਬ ਦੇ ਹੱਕ ਵਿਚ ਜਾਏਗਾ? ਇਹ ਸਵਾਲ ਹਨ ਜੋ ਇਸ ਲੇਖ ਵਿਚ ਮਝੈਲ ਸਿੰਘ ਸਰਾਂ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਉਠਾਏ ਹਨ। -ਸੰਪਾਦਕ***

**ਮਝੈਲ ਸਿੰਘ ਸਰਾਂ**

ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਵਿਚ ਚੜ੍ਹਿਆ ਦੂਸ਼ਣਬਾਜ਼ੀ, ਸਿਆਸੀ ਲਲਕਾਰਿਆਂ, ਗੱਪਾਂ, ਰਿਆਇਤਾਂ, ਖੈਰਾਤਾਂ ਦਾ ਗੁਬਾਰ 4 ਫਰਵਰੀ ਨੂੰ ਉਤਰ ਗਿਆ। ਇਹਦੀ ਗਰਦ ਕਿਹੜੇ ਪਾਸੇ ਬੈਠੂ, ਇਹ ਤਾਂ ਪਤਾ ਲੱਗੂ 11 ਮਾਰਚ ਨੂੰ ਵੋਟਾਂ ਦੇ ਨਤੀਜੇ ਆਉਣ 'ਤੇ। ਭਾਵੇਂ ਕਿਆਸ ਲੱਗ ਰਹੇ ਨੇ ਕਿ ਇਸ ਵਾਰ ਝਾੜੂ ਫਿਰ ਜਾਊ, ਪਰ ਮੇਰੇ ਵਰਗੇ ਕੁਝ ਲੋਕਾਂ ਨੂੰ ਖਦਸ਼ਾ ਸਤਾ ਰਿਹਾ ਹੈ ਕਿ ਕਿਤੇ ਇਸ ਝਾੜੂ ਨਾਲ ਪੰਜਾਬ ਵੀ ਨਾ ਹੂੰਝਿਆ ਜਾਵੇ ਪਹਿਲਾਂ ਦੀ ਤਰ੍ਹਾਂ ਹੀ। ਵੱਡਾ ਕਾਰਨ ਹੈ ਕਿ ਦਿੱਲੀ ਦੀ ਸੁਰ ਪੰਜਾਬ ਨਾਲ ਘੱਟ ਹੀ ਬੈਠਦੀ ਆ, ਬਾਵਜੂਦ ਇਸ ਦੇ ਕਿ ਪੰਜਾਬ ਚਾਹੁੰਦਾ ਰਿਹਾ ਹੈ, ਇਸ ਨਾਲ ਬਣਾ ਕੇ ਰੱਖਣੀ। ਮਿੱਠੀਆਂ ਗੱਲਾਂ ਬਹੁਤ ਸੁਣਾਉਂਦੀ ਆ ਦਿੱਲੀ ਪਰ ਮਿੱਠਾ ਪਰੋਸਦੀ ਨਹੀਂ ਛੇਤੀ ਕੀਤੇ। ਆਪ ਨਸ਼ਤਰ ਮਾਰ ਕੇ ਜ਼ਖਮ ਦਿੰਦੀ ਆ, ਫਿਰ ਉਂਗਲੀ ਕਿਸੇ ਹੋਰ ਵੱਲ ਕਰਕੇ ਖੁਦ ਨੂੰ ਬੇਕਸੂਰ ਦੱਸਦੀ ਆ। ਬਹੁਤ ਸਲੀਕੇ ਨਾਲ ਮਿੱਠੇ 'ਚ ਲਪੇਟ ਕੇ ਜ਼ਹਿਰ ਦੇਣ ਦਾ ਵੱਲ ਇਹਨੂੰ ਆਉਂਦਾ, ਵਡਿਆ ਕੇ ਪਲੋਸ ਕੇ ਧੋਬੀ ਪਟਕਾ ਮਾਰਨ 'ਚ ਪੂਰੀ ਤਰ੍ਹਾਂ ਮਾਹਿਰ ਹੈ, ਦਿੱਲੀ।

ਭਾਵਨਾਵਾਂ ਉਕਸਾ ਕੇ ਉਨ੍ਹਾਂ ਦਾ ਕਤਲ ਕਰਨਾ ਇਹਨੂੰ ਬਾਖੂਬੀ ਆਉਂਦਾ, ਘੁਸਪੈਠ ਕਰਨ ਵਿਚ ਇਹਦਾ ਕੋਈ ਸਾਨੀ ਨਹੀਂ। ਪੰਜਾਬੀਆਂ ਦਾ ਭੋਲਾਪਨ ਬੜਾ ਰਾਸ ਆਉਂਦਾ ਇਹਨੂੰ, ਐਡਾ ਵੱਡਾ ਭੋਲਾਪਣ ਕਿ ਜਿਸ ਇਨਸਾਨ ਨੂੰ ਪੰਥਕ ਜਾਣ ਕੇ ਮੁੜ ਮੁੜ ਰਾਜ ਤਖਤ 'ਤੇ ਬਿਠਾਉਂਦੇ ਰਹੇ, ਉਹ ਹੀ ਪੰਥ ਦੀਆਂ ਜੜ੍ਹਾਂ ਵੱਢਦਾ ਰਿਹਾ ਤੇ ਇਹ ਸਮਝ ਹੀ ਨਾ ਸਕੇ, ਉਹਦੀ ਨੀਅਤ ਦੇ ਖੋਟ ਨੂੰ। ਇਹੋ ਜਿਹੇ ਭੋਲੇ ਬੰਦਿਆਂ ਨੂੰ ਮਗਰ ਲਾਉਣਾ ਤਾਂ ਦਿੱਲੀ ਦੇ ਖੱਬੇ ਹੱਥ ਦੀ ਖੇਡ ਹੈ। ਬਸ ਖਦਸ਼ਾ ਇਹੋ ਹੈ ਕਿ ਕਿਤੇ ਇਨ੍ਹਾਂ ਦੇ ਇਸ ਭੋਲੇਪਣ ਦਾ ਨਾਜਾਇਜ਼ ਫਾਇਦਾ ਨਾ ਕੋਈ ਲੈ ਜਾਵੇ ਇਨ੍ਹਾਂ ਵੋਟਾਂ ਵਿਚ, ਜੋ ਅਕਸਰ ਹੁੰਦਾ ਰਿਹਾ ਹੈ ਅੱਜ ਤਕ।

ਇਸ ਵਾਰ ਦੀਆਂ ਵੋਟਾਂ ਵਿਚ ਕੁਝ ਥੋੜਾ ਵੱਖਰਾ ਵੀ ਹੋਇਆ, ਲੋਕ ਖਾਸ ਕਰਕੇ ਪੇਂਡੂ ਤੇ ਉਹ ਵੀ ਸਿੱਖ, ਇੱਕ ਤਰ੍ਹਾਂ ਸਤੇ ਪਏ ਸੀ ਬਾਦਲ ਜੁੰਡਲੀ ਤੋਂ, ਉਹਦਾ ਅਸਰ ਖੁਦ ਬਾਦਲ ਨੂੰ ਝੱਲਣਾ ਪਿਆ ਆਪਣੇ ਹੀ ਹਲਕੇ ਵਿਚ। ਜਿਹੜਾ ਇਨਸਾਨ ਸਿਆਸਤ ਦੀ ਪੀਐਚ.ਡੀ. ਡਿਗਰੀ ਕਰਨ ਦਾ ਭਰਮ ਪਾਲੀ ਬੈਠਾ ਸੀ ਤੇ ਫਖਰ-ਏ-ਕੌਮ ਦਾ ਖਿਤਾਬ ਲਈ ਬੈਠਾ ਸੀ, ਉਹ ਆਪਣੇ ਹੀ ਪਿੰਡਾਂ ਦੇ ਸਾਧਾਰਨ ਲੋਕਾਂ ਦੀ ਸਿੱਧੀ ਜਿਹੀ ਸਿਆਸਤ ਨਾ ਸਮਝ ਸਕਿਆ ਕਿ ਉਮਰ ਦੇ ਐਸ ਪੜਾਅ 'ਤੇ ਉਹਦੇ 'ਤੇ ਜੁੱਤੀ ਵੀ ਸੁੱਟੀ ਜਾ ਸਕਦੀ! ਇਸ ਲਈ ਉਹ ਖੁਦ ਵੀ ਕਿਸੇ ਹੱਦ ਤੱਕ ਜ਼ਿੰਮੇਵਾਰ ਹੈ, ਫਿਰ ਉਹਦਾ ਗੱਪੀ ਪੁੱਤ ਤੇ ਉਹਦੀ ਬੜਬੋਲੀ ਨੂੰਹ ਹਰਸਿਮਰਤ ਵੱਧ ਜ਼ਿੰਮੇਵਾਰ ਹਨ, ਜਿਨ੍ਹਾਂ ਦੇ ਮੂੰਹੋਂ ਸਦਾ ਅੱਗ ਹੀ ਨਿਕਲਦੀ ਆ, ਕਦੇ ਸਿਆਣੀ ਤੇ ਦਾਨੀ ਗੱਲ ਨਹੀਂ ਕੀਤੀ ਇਨ੍ਹਾਂ ਨੇ।

ਇਨ੍ਹਾਂ ਵੋਟਾਂ ਵਿਚ ਜਿੰਨੀ ਨਫਰਤ ਅਕਾਲੀ ਲਫਜ਼ ਨਾਲ ਹੋਈ, ਸ਼ਾਇਦ ਹੀ ਕਦੇ ਕਿਸੇ ਹੋਰ ਨਾਲ ਪੰਜਾਬੀਆਂ ਨੇ ਕੀਤੀ ਹੋਵੇ। ਉਤੋਂ ਤ੍ਰਾਸਦੀ ਇਹ ਕਿ ਨਫਰਤ ਕਰਨ ਵਾਲਿਆਂ ਵਿਚ ਖੁਦ ਅਕਾਲੀ ਰਹਿ ਚੁੱਕੇ ਸਿੱਖ ਬਹੁਤੇ ਹਨ। ਜਿਸ ਅਕਾਲੀ ਕਹਾਉਣ 'ਤੇ ਸਾਡੇ ਬਜ਼ੁਰਗ ਸ਼ਾਨ ਸਮਝਦੇ ਰਹੇ, ਉਸ ਨਾਲ ਐਨੀ ਨਫਰਤ ਕਿਸ ਨੇ ਪੈਦਾ ਕੀਤੀ? ਜੁਆਬ ਹੈ, ਬਾਦਲ ਦੇ ਪੁੱਤਰ ਮੋਹ ਨੇ! ਇੱਕ ਸਦੀ ਪਹਿਲਾਂ ਕੁਰਬਾਨੀਆਂ ਨਾਲ ਹੋਂਦ ਵਿਚ ਆਈ ਪੰਥ ਤੇ ਪੰਜਾਬ ਨੂੰ ਸਮਰਪਿਤ ਅਕਾਲੀ ਪਾਰਟੀ, ਜੋ ਦਿੱਲੀ ਨੂੰ ਟਿੱਚ ਕਰਕੇ ਜਾਣਦੀ ਰਹੀ, ਇਨ੍ਹਾਂ ਬਾਦਲਾਂ ਨੇ ਆਪਣੇ ਟੱਬਰ ਖਾਤਿਰ ਦਿੱਲੀ ਦੀ ਰਖੇਲ ਬਣਾ ਧਰੀ। ਬਾਦਲ ਨੇ ਵਾਗਡੋਰ ਆਪਣੇ ਨਾਲਾਇਕ ਤੇ ਪੰਥਕ ਗੁਣਾਂ ਤੋਂ ਵਿਹੂਣੇ ਪੁੱਤ ਦੇ ਹੱਥਾਂ 'ਚ ਦੇ ਕੇ ਸਿੱਖ ਕੌਮ ਅਤੇ ਪੰਜਾਬ ਨਾਲ ਹੀ ਵੱਡਾ ਧ੍ਰੋਹ ਨਹੀਂ ਕਮਾਇਆ ਸਗੋਂ ਇੱਕ ਸਦੀ ਦੇ ਅਕਾਲੀ ਮਰਜੀਵੜਿਆਂ ਦੀ ਤੌਹੀਨ ਵੀ ਕੀਤੀ, ਜਿਨ੍ਹਾਂ ਨੇ ਜ਼ੁਲਮ ਦੇ ਖਿਲਾਫ ਖੜ੍ਹ ਕੇ ਸ਼ਹਾਦਤ ਦਾ ਜ਼ਾਮ ਪੀਤਾ। ਨਾ ਮੁਆਫੀਯੋਗ ਹੈ, ਇਹ ਕਰਮ ਬਾਦਲ ਦਾ। ਸ਼ਾਇਦ ਇਹ ਵੋਟਾਂ ਬਾਦਲਸ਼ਾਹੀ ਦਾ ਸਦੀਵੀ ਅੰਤ ਹੀ ਸਾਬਿਤ ਹੋ ਜਾਣ।

ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਬੜੀ ਵੱਡੀ ਜਦੋ ਜਹਿਦ ਕਰਨੀ ਪੈਣੀ ਆ ਕਿਉਂਕਿ ਹਾਲਾਤ ਬਦਲ ਗਏ ਨੇ, ਦਿੱਲੀ ਘੁਸਪੈਠ ਜੁ ਕਰ ਗਈ ਆ ਹੁਣ। ਬੜੇ ਟੋਟੇ ਕਰ ਦਿੱਤੇ ਹਨ ਕਿਸੇ ਚਾਲ ਤਹਿਤ ਤੇ ਅਸੀਂ ਪੰਜਾਬੀ ਇਸ ਨੂੰ ਸਮਝਦੇ ਹੋਏ ਵੀ ਲਾਚਾਰ ਬਣੇ ਬੈਠੇ ਹਾਂ ਕਿ ਕੀ ਕਰੀਏ! ਦਰਅਸਲ ਆਪਣੇ ਹੀ ਲੀਡਰਾਂ ਦੇ ਵਿਕਾਊਪੁਣੇ, ਖੁਦਗਰਜ਼ੀ, ਲਾਲਚ ਤੇ ਦੋਗਲੇ ਕਿਰਦਾਰ ਨੇ ਮਾਰ ਲਿਆ ਪੰਜਾਬੀਆਂ ਨੂੰ। ਅਕਾਲੀ ਦਲ ਨੂੰ ਸੁਰਜੀਤ ਕਰਨ ਤੋਂ ਮੇਰਾ ਮਤਲਬ, ਉਹ ਪਾਰਟੀ ਜੋ ਪੰਜਾਬ ਨੂੰ ਪੰਜਾਬ ਬਣਾ ਕੇ ਗੁਰਾਂ ਦੇ ਨਾਮ 'ਤੇ ਵਸਦਾ ਰੱਖੇ, ਜਿਸ 'ਤੇ ਮਲੂਕਿਆਂ, ਮਜੀਠਿਆਂ, ਤੋਤਿਆਂ, ਗੱਪੀ ਵਰਗਿਆਂ ਦਾ ਪਰਛਾਵਾਂ ਨਾ ਪੈ ਸਕੇ।

ਪੰਜਾਬੀਆਂ ਦਾ ਇਤਿਹਾਸ ਕਰੀਬ ਇੱਕੋ ਜਿਹਾ ਹੀ ਚੱਲ ਰਿਹਾ। ਇਨ੍ਹਾਂ ਵਿਚ ਬਹਾਦਰੀ ਤੇ ਵਫਾ ਬੇਮਿਸਾਲ ਹੈ। ਕਿਸੇ 'ਤੇ ਆਈ ਮੁਸੀਬਤ ਆਪਣੇ ਪਿੰਡੇ 'ਤੇ ਲੈਣ ਤੋਂ ਨਹੀਂ ਹਿਚਕਦੇ। ਇਹ ਬਰਕਤ ਇਨ੍ਹਾਂ ਨੂੰ ਆਪਣੇ ਗੁਰੂ ਸਾਹਿਬਾਨ ਤੋਂ ਮਿਲੀ ਹੈ। ਇਹੋ ਗੁਣ ਸਭ ਤੋਂ ਵਖਰਿਆਉਂਦਾ ਵੀ ਹੈ। ਐਡਾ ਵੱਡਾ ਗੁਣ ਹੋਣ ਦੇ ਬਾਵਜੂਦ ਵੱਡੀ ਘਾਟ ਇਹ ਹੈ ਕਿ ਆਪਣੇ ਹੀ ਪੰਜਾਬ ਦੇ ਜੰਮੇ ਪੁੱਤ ਦੀ ਕਮਾਂਡ ਹੇਠ ਨਹੀਂ ਲੜ ਸਕਦੇ, ਇਨ੍ਹਾਂ ਵੋਟਾਂ ਨੇ ਇਹ ਫਿਰ ਸਾਬਿਤ ਕਰ ਦਿੱਤਾ।



*ਪਿਓ-ਪੁੱਤਰ: ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ*

ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਅੰਗਰੇਜ਼ਾਂ ਦੀ ਫੌਜ ਵਾਂਗ ਟਰੇਂਡ ਕਰਨ ਖਾਤਿਰ ਦੋ ਫਰਾਂਸੀਸੀ ਜਰਨੈਲ ਭਰਤੀ ਕੀਤੇ ਪਰ ਜਿਉਂ ਜਿਉਂ ਫੌਜ ਟਰੇਂਡ ਹੁੰਦੀ ਗਈ, ਸਿੱਖ ਜਰਨੈਲਾਂ ਦੀ ਥਾਂ ਪੂਰਬੀਏ ਤੇਜ ਸਿੰਹੁ ਤੇ ਡੋਗਰੇ ਲਾਲ ਸਿੰਹੁ ਵਰਗੇ ਅੱਗੇ ਆਉਂਦੇ ਗਏ, ਉਹ ਵੀ ਪੂਰੀ ਸਿੱਖ ਦਿੱਖ ਵਿਚ ਸਿਰਾਂ 'ਤੇ ਦਸਤਾਰਾਂ ਸਜਾ ਕੇ। ਖਾਲਸਾ ਦਰਬਾਰ ਵਿਚ ਉਚੀ ਥਾਂ ਬਣਾ ਲਈ ਅਤੇ ਰਣਜੀਤ ਸਿੰਘ ਤੋਂ ਬਾਅਦ ਤਾਂ ਇਹ ਖਾਲਸਾ ਫੌਜ ਦੇ ਕਮਾਂਡਰ ਵੀ ਬਣ ਬੈਠੇ। ਲਾਹੌਰ ਦਰਬਾਰ ਨੂੰ ਇਨ੍ਹਾਂ 'ਤੇ ਐਨਾ ਭਰੋਸਾ ਸੀ ਕਿ ਦੋਵੇਂ ਐਂਗਲੋ-ਸਿੱਖ ਲੜਾਈਆਂ ਇਨ੍ਹਾਂ ਦੀ ਕਮਾਂਡ ਹੇਠ ਲੜੀਆਂ। ਵਿਸ਼ਵਾਸਘਾਤ ਇਨ੍ਹਾਂ ਇਸ ਕਦਰ ਕੀਤਾ ਕਿ ਜਿੱਤ ਦੇ ਐਨ ਨੇੜੇ ਆਈ ਆਪਣੀ ਹੀ ਫੌਜ ਦੀ ਸੂਹੀਆ ਰਿਪੋਰਟ ਦੁਸ਼ਮਣ ਦੇ ਹਵਾਲੇ ਕਰਕੇ ਸਿੱਖ ਫੌਜ ਵੀ ਮਰਵਾ ਦਿੱਤੀ ਤੇ ਸਿੱਖ ਰਾਜ ਦਾ ਵੀ ਸਦਾ ਲਈ ਅੰਤ ਕਰਵਾ ਦਿੱਤਾ। ਐਸੀਆਂ ਕੁਚਾਲਾਂ ਚੱਲ ਕੇ ਆਪਸ ਵਿਚ ਉਹ ਬੇਵਿਸਾਹੀ ਪੈਦਾ ਕੀਤੀ ਕਿ ਸਿੱਖ ਸਰਦਾਰਾਂ ਦਾ ਕਤਲ ਸਿੱਖ ਸਰਦਾਰਾਂ ਹੱਥੋਂ ਹੀ ਕਰਵਾ ਦਿੱਤਾ। ਕਿਤੇ ਇਹ ਗੱਦਾਰ ਖਾਲਸਾ ਦਰਬਾਰ 'ਚ ਨਾ ਆਉਂਦੇ ਤਾਂ ਹਿੰਦੁਸਤਾਨ ਦੇ ਨਾਲ ਨਾਲ ਪੰਜਾਬ ਦਾ ਇਤਿਹਾਸ ਵੀ ਕੁਝ ਹੋਰ ਹੋਣਾ ਸੀ। ਸ਼ਾਇਦ 1947 ਵਾਲਾ ਵਰਤਾਰਾ ਵੀ ਨਾ ਵਾਪਰਦਾ ਤੇ ਨਾ ਹੀ 1984 ਵਾਲਾ ਦੁਖਾਂਤ। ਜਿਹੜੀ ਪੰਜਾਬੀਅਤ ਵਾਲੀ ਭਾਈਚਾਰਕ ਸਾਂਝ ਅੱਜ ਤਾਰ ਤਾਰ ਹੋਈ ਪਈ ਆ, ਉਹ ਵੀ ਬਰਕਰਾਰ ਰਹਿੰਦੀ।

ਇਸ ਸਭ ਦਾ ਆਪਾਂ ਸਭ ਨੂੰ ਪਹਿਲਾਂ ਵੀ ਪਤਾ ਹੈ ਪਰ ਇਸ ਦਾ ਜ਼ਿਕਰ ਇਸ ਕਰਕੇ ਕੀਤਾ ਹੈ ਕਿ 4 ਫਰਵਰੀ ਤੋਂ ਪਹਿਲਾਂ ਜੋ ਪੰਜਾਬ 'ਚ ਹੁੰਦਾ ਰਿਹਾ, ਉਹ ਇਸ ਦੇ ਨਾਲ ਮਿਲਦਾ-ਜੁਲਦਾ ਹੀ ਹੈ। ਬਾਦਲਾਂ ਤੋਂ ਪੰਜ ਸਾਲ ਪਹਿਲਾਂ ਵੀ ਲੋਕ ਅੱਕੇ ਪਏ ਸੀ। ਉਦੋਂ ਅਕਾਲੀਆਂ ਤੇ ਕਾਂਗਰਸੀਆਂ ਤੋਂ ਲੋਕਾਂ ਦਾ ਖਹਿੜਾ ਛੁਡਵਾਉਣ ਲਈ ਮਨਪ੍ਰੀਤ ਸਿੰਘ ਬਾਦਲ ਉਠਿਆ ਸੀ ਤੇ ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਬਣਾਈ। ਉਹਦਾ ਵੀ ਸਟਾਰ ਭਗਵੰਤ ਮਾਨ ਹੀ ਸੀ, ਅੱਜ ਵਾਲੇ ਹੀ ਮੁੱਦੇ ਸਨ ਪੀ.ਪੀ.ਪੀ. ਦੇ ਵੀ। ਲੋਕਾਂ ਨੇ ਹੁੰਗਾਰਾ ਵੀ ਭਰਿਆ ਰੈਲੀਆਂ ਵਿਚ ਪਰ ਵੋਟ ਕਿਉਂ ਨਾ ਪਾਈ? ਮਨਪ੍ਰੀਤ ਦੀ ਪਾਰਟੀ ਤਾਂ ਸੀ ਹੀ ਪੂਰੀ ਦੀ ਪੂਰੀ ਪੰਜਾਬ ਨੂੰ ਸਮਰਪਿਤ। ਉਹ ਤਾਂ ਪੰਜਾਬ ਦੀ ਨਬਜ਼ ਵੀ ਪਛਾਣਦਾ ਸੀ। ਬੋਲਣ ਦੀ ਜਿੰਨੀ ਤਹਿਜ਼ੀਬ ਉਹਨੂੰ ਹੈ, ਪੰਜਾਬ ਦੇ ਕਿਸੇ ਵਿਰਲੇ ਸਿਆਸੀ ਲੀਡਰ ਨੂੰ ਹੀ ਹੈ। ਮਨਪ੍ਰੀਤ 'ਤੇ ਤਾਂ ਕੋਈ ਸੀਟਾਂ ਵੇਚਣ ਦਾ ਇਲਜ਼ਾਮ ਵੀ ਨਹੀਂ ਸੀ ਲੱਗਾ। ਇਸ ਦੇ ਉਲਟ ਆਮ ਆਦਮੀ ਪਾਰਟੀ (ਆਪ) ਦੇ ਗੈਰ ਪੰਜਾਬੀ ਅਰਵਿੰਦ ਕੇਜਰੀਵਾਲ ਦੀ ਕਮਾਂਡ ਹੇਠ ਪੰਜਾਬੀ ਐਨੇ ਉਤਸ਼ਾਹ ਤੇ ਜਨੂੰਨ ਨਾਲ ਕਿਉਂ ਇੱਕਠੇ ਹੋ ਗਏ? ਉਸ ਦੇ ਕਹੇ ਤੇ ਕੀਤੇ 'ਤੇ ਕੋਈ ਉਜਰ ਹੀ ਨਹੀਂ ਕੀਤਾ ਪੰਜਾਬੀਆਂ ਨੇ, ਭਾਵੇਂ ਉਹ ਕਈ ਵਾਰੀ ਪੰਜਾਬ ਤੇ ਪੰਜਾਬੀ ਹਿੱਤਾਂ ਦੇ ਖਿਲਾਫ ਵੀ ਜਾਂਦਾ ਦਿਸਦਾ ਸੀ, ਬਲਕਿ ਉਹਨੂੰ ਜਾਇਜ਼ ਠਹਿਰਾਇਆ ਗਿਆ। ਇਸ ਹੱਲਾਸ਼ੇਰੀ ਦਾ ਨਤੀਜਾ ਇਹ ਨਿਕਲਿਆ ਕਿ ਉਹ ਆਪਣੇ ਆਪ ਨੂੰ ਪੰਜਾਬ ਦਾ ਵੀ ਸਿਰਮੌਰ ਲੀਡਰ ਸਮਝ ਕੇ ਇਥੋਂ ਦੇ ਮੋਢੀ ਲੀਡਰਾਂ ਨੂੰ ਪਾਰਟੀ ਤੋਂ ਰੁਖਸਤ ਕਰਨ ਲੱਗ ਪਿਆ। ਇਥੇ ਉਹਦਾ ਡਿਕਟੇਟਰੀ ਸੁਭਾਅ ਤਾਂ ਪ੍ਰਗਟ ਹੋਇਆ ਹੀ, ਨਾਲ ਦੀ ਨਾਲ ਪੰਜਾਬ ਪ੍ਰਤੀ ਕਿਸ ਤਰ੍ਹਾਂ ਦਾ ਮੋਹ ਸੀ ਉਸ ਨੂੰ, ਉਹਦੀ ਝਲਕ ਵੀ ਮਿਲਦੀ ਆ। ਪਹਿਲੀ ਕਤਾਰ ਵਾਲੇ ਲੀਡਰਾਂ ਨੂੰ ਛੱਡ ਕੇ ਦੂਜੀ ਤੀਜੀ ਕਤਾਰ ਵਾਲਿਆਂ ਨੂੰ ਮੋਹਰੇ ਲਿਆਂਦਾ। ਹੁਣ ਕਿਆਫਿਆਂ ਮੁਤਾਬਕ ਸਰਕਾਰ 'ਆਪ' ਦੀ ਬਣਦੀ ਜਾਪਦੀ ਹੈ। ਲੱਗਦਾ ਨਹੀਂ ਕਿ ਇੱਕ ਦੋ ਨੂੰ ਛੱਡ ਕੇ ਕੋਈ ਐਮ.ਐਲ.ਏ. ਉਸ ਤੋਂ ਪੁਛੇ ਬਗੈਰ ਪੈਰ ਵੀ ਪੁੱਟ ਜਾਵੇ। ਮੁੱਖ ਮੰਤਰੀ ਭਾਵੇਂ ਕੋਈ ਵੀ ਬਣੇ, ਉਹਨੇ ਤਾਣਾ-ਬਾਣਾ ਹੀ ਇਸ ਤਰ੍ਹਾਂ ਦਾ ਬੁਣ ਦਿੱਤਾ ਕਿ ਵੋਟ ਸਿਰਫ ਕੇਜਰੀਵਾਲ ਦੇ ਨਾਮ ਨੂੰ ਹੀ ਪੈਣੀ, ਕਿਸੇ ਪੰਜਾਬੀ ਲੀਡਰ ਦੇ ਨਾਮ ਨੂੰ ਨਹੀਂ। ਭਗਵੰਤ ਮਾਨ ਤੋਂ ਇਲਾਵਾ ਕਿਸੇ ਵੀ ਸੰਜੀਦਾ ਲੀਡਰ ਨੂੰ ਮੋਹਰੇ ਨਹੀਂ ਆਉਣ ਦਿੱਤਾ। ਭਗਵੰਤ ਮਾਨ ਨੂੰ ਅੱਗੇ ਲਿਆਉਣ ਵਿਚ ਵੀ ਉਹਦਾ ਦੂਜੇ ਯੋਗ ਲੀਡਰਾਂ ਨੂੰ ਪਿਛੇ ਧੱਕਣ ਵਾਲਾ ਮਨਸੂਬਾ ਹੋ ਸਕਦਾ ਹੈ।

ਕੇਜਰੀਵਾਲ ਨੇ ਇਨ੍ਹਾਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਵਿਚ ਆਪਣਾ ਅਕਸ ਇਸ ਤਰ੍ਹਾਂ ਦਾ ਬਣਾ ਲਿਆ ਕਿ ਜਿਸ ਵੀ ਮਰਜ਼ੀ ਲੀਡਰ 'ਤੇ ਕੋਈ ਦੋਸ਼ ਲਾ ਦੇਵੇ, ਪੰਜਾਬੀ ਹਾਲ ਦੀ ਘੜੀ ਉਹੀ ਸੱਚ ਮੰਨ ਲੈਣਗੇ ਕਿਉਂਕਿ ਇਹਦੀ ਦਿੱਲੀ ਟੀਮ ਸਟਿੰਗ ਓਪ੍ਰੇਸ਼ਨਾਂ ਦਾ ਬਹੁਤ ਸਹਾਰਾ ਲੈਂਦੀ ਹੈ। ਇਹ ਵਰਤਾਰਾ ਪੰਜਾਬ ਦੇ ਹੱਕ ਨਹੀਂ ਜਾਂਦਾ। ਦਰਅਸਲ ਮੈਨੂੰ ਲੱਗਦਾ ਕੇਜਰੀਵਾਲ ਨੇ ਪੰਜਾਬੀਆਂ ਵਿਚ ਇੱਕ ਉਹ ਰੂਹ ਫੂਕਣ ਦੀ ਕੋਸ਼ਿਸ਼ ਕੀਤੀ ਆ ਇਨ੍ਹਾਂ ਚੋਣਾਂ ਵਿਚ, ਜੋ ਉਨ੍ਹਾਂ ਨੂੰ ਪੰਜਾਬ ਨਾਲੋਂ ਮੁਲਕ ਦੇ ਵਡੇਰੇ ਹਿੱਤਾਂ ਵੱਲ ਪ੍ਰੇਰਿਤ ਕਰੇ ਉਂਜ ਚੋਣਾਂ ਜਿੱਤਣ ਲਈ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮਾਮਲੇ ਨੂੰ ਅੱਗੇ ਰਖਿਆ। ਗੁਰੂ ਫਤਿਹ ਤੇ ਇਨਕਲਾਬ ਭਾਰੂ ਰਖਿਆ, ਚੋਣ ਰੈਲੀਆਂ 'ਚ। ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਉਸ ਚੋਣ ਲੜੀ ਹੈ, ਉਹ ਬਾਦਲ ਦੇ ਹੀ ਦਿੱਤੇ ਹੋਏ ਹਨ, ਪਿਛਲੇ 10 ਸਾਲਾਂ ਦੀ ਆਪਣੀ ਕਾਰਗੁਜ਼ਾਰੀ ਦੇ ਕੁਸ਼ਾਸ਼ਨ ਤੇ ਕੁਪ੍ਰਬੰਧ ਦੇ। ਅਸਲ ਪੰਜਾਬ ਦੇ ਮੁੱਦੇ ਜ਼ਿਆਦਾਤਰ ਗਾਇਬ ਹੀ ਸਨ।


ਪੰਜਾਬ ਨੂੰ ਦਿੱਲੀ ਨੇ ਸਦਾ ਹੀ ਟਰਾਇਲ ਦੇ ਤੌਰ 'ਤੇ ਵਰਤਿਆ ਹੈ, ਆਜ਼ਾਦੀ ਤੋਂ ਪਹਿਲਾਂ ਵੀ ਤੇ ਬਾਅਦ ਵੀ। ਉਦਾਂ ਵੀ ਅਸੀਂ ਪੰਜਾਬੀ ਦੇਸ਼ ਦੇ ਮੋਹਰੀ ਅਖਵਾ ਕੇ ਬੜਾ ਮਾਣ ਮਹਿਸੂਸ ਕਰਦੇ ਆਂ ਤੇ ਦਿੱਲੀ ਇਹਦਾ ਹੀ ਫਾਇਦਾ ਉਠਾ ਜਾਂਦੀ ਆ। ਸਿੱਖਾਂ ਨੇ ਤਾਂ ਆਪਣੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਲੜਾਈ ਵਿੱਢੀ ਸੀ ਪਰ ਗਾਂਧੀ ਤੇ ਨਹਿਰੂ ਉਹਨੂੰ ਮੁਲਕ ਦੀ ਆਜ਼ਾਦੀ ਵੱਲ ਲੈ ਗਏ ਤੇ ਸਭ ਤੋਂ ਵੱਧ ਸ਼ਹਾਦਤਾਂ ਇਨ੍ਹਾਂ ਤੋਂ ਦਿਵਾਈਆਂ। ਆਜ਼ਾਦੀ ਦੇ ਨਾਂ 'ਤੇ ਪੱਲੇ ਕੀ ਪਾਇਆ-ਪੰਜਾਬ ਦੀ ਵੰਡ, ਕਤਲੋਗਾਰਤ, ਜਬਰ ਜਨਾਹ, ਭਾਈਚਾਰਿਆਂ 'ਚ ਦੁਸ਼ਮਣੀ! ਖੱਟਿਆ ਕੀ, ਜ਼ਰਾਇਮ ਪੇਸ਼ ਕੌਮ ਦਾ ਤਖੱਲਸ! ਆਜ਼ਾਦੀ ਪਿਛੋਂ ਦੀ ਇੱਕੋ ਮਿਸਾਲ ਹੀ ਸਾਂਝੀ ਕਰਾਂਗੇ। ਹਰੇ ਇਨਕਲਾਬ ਦਾ ਮੁੱਢ ਬੱਝਾ ਪੰਜਾਬ ਵਿਚ! ਸਾਡੇ ਮਨਾਂ ਨੂੰ ਵੀ ਭਾਅ ਗਿਆ ਕਿ ਦਿੱਲੀ ਸਾਡੇ 'ਤੇ ਹੁਣ ਬੜੀ ਮਿਹਰਬਾਨ ਹੈ। ਸਾਲ ਦਰ ਸਾਲ ਹਾਲਤ ਇਥੋਂ ਤੱਕ ਪੁੱਜ ਗਏ ਕਿ ਜ਼ਮੀਨ ਹੇਠਲਾ ਪਾਣੀ ਖਤਮ, ਦਰਿਆਈ ਪਾਣੀਆਂ 'ਤੇ ਡਾਕਾ, ਜ਼ਰਖੇਜ਼ ਜ਼ਮੀਨ ਜ਼ਹਿਰੀਲੀ, ਬੇਜ਼ਮੀਨੇ ਕਿਸਾਨਾਂ ਦੀ ਗਿਣਤੀ ਵਧੀ, ਹਵਾ-ਪਾਣੀ ਗੰਧਲਾ, ਕਿਸਾਨ ਖੁਦਕਸ਼ੀਆਂ ਦੇ ਰਾਹ, ਜੁਆਨੀ ਨਸ਼ਿਆਂ 'ਤੇ, ਮਾਪੇ ਬੇਸਹਾਰਾ।

ਅੱਜ ਪੰਜਾਬੀਆਂ ਨੂੰ ਬਦਲ ਦੀ ਲੋੜ ਹੈ ਤੇ ਉਹ ਲੱਭਾ ਹੈ ਕੇਜਰੀਵਾਲ। ਹੋਰ ਕਰਦੇ ਵੀ ਕੀ ਭਲਾ! ਅੱਖਾਂ ਮੀਟ ਕੇ ਤੁਰ ਪਏ ਉਹਦੇ ਨਾਲ, ਤੁਰਨਾ ਹੀ ਪੈਣਾ ਸੀ ਜੇ ਬੁਰਾਈ ਤੋਂ ਛੁਟਕਾਰਾ ਪਾਉਣਾ ਹੈ ਤਾਂ। ਮੇਰਾ ਆਪਣਾ ਖਿਆਲ ਹੈ ਕਿ ਪਈ ਜਿਹੜੀ ਸਿਆਸਤ ਦਿੱਲੀ ਦੇ ਜੰਤਰ-ਮੰਤਰ ਤੋਂ ਸ਼ੁਰੂ ਹੁੰਦੀ ਹੈ, ਉਹ ਪੰਜਾਬ ਦੇ ਮੇਚ ਕੁਝ ਘੱਟ ਹੀ ਬੈਠਦੀ ਹੈ। ਜੋ ਰਾਸ਼ਟਰਵਾਦ ਉਥੋਂ ਤੁਰਦਾ ਹੈ, ਉਹਦੇ ਵਿਚ ਸਿੱਖੀ ਦੀ ਆਜ਼ਾਦ ਹਸਤੀ ਮਨਫੀ ਹੈ। ਸਿਰਫ ਮਨਫੀ ਹੀ ਨਹੀਂ, ਵੱਖਵਾਦੀ ਬਣਾ ਕੇ ਪੇਸ਼ ਵੀ ਕਰ ਦਿੱਤੀ ਜਾਂਦੀ ਆ।

ਕੇਜਰੀਵਾਲ ਦਾ ਸਿਆਸੀ ਸਫਰ ਵੀ ਅੰਨਾ ਹਜ਼ਾਰੇ ਦੇ ਜੰਤਰ-ਮੰਤਰ ਤੇ ਸਟੇਟ ਦੀ ਹਮਾਇਤ ਨਾਲ ਰੱਖੇ ਮਰਨ ਵਰਤ ਨਾਲ ਹੀ ਸ਼ੁਰੂ ਹੋਇਆ ਸੀ। ਅੰਨਾ ਹਜ਼ਾਰੇ ਨੂੰ ਲੋਕਾਂ ਦਾ ਬਹੁਤ ਹੁੰਗਾਰਾ ਮਿਲਿਆ ਸੀ ਤੇ ਉਹ ਪਿੱਛੋਂ ਅੰਦਰੋਗਤੀ ਭਾਵੇਂ ਭਗਵਿਆਂ ਨੂੰ ਹੀ ਭੁਗਤ ਗਿਆ ਸੀ, ਕੇਜਰੀਵਾਲ ਨੇ ਆਪਣੀ ਪਾਰਟੀ ਦੇ ਢੰਗ ਤਰੀਕੇ ਵੀ ਉਸੇ ਤਰਜ਼ 'ਤੇ ਬਣਾਏ। ਮਸਲਨ ਲੋਕਾਂ ਦਾ ਨਾਅਰਾ ਸੀ, 'ਅੰਨਾ ਹਜ਼ਾਰੇ ਅੰਨਾ ਹਜ਼ਾਰੇ। ਹਮ ਤੁਮਾਰੇ ਹਮ ਤੁਮਾਰੇ।' ਅੰਨਾ ਹਜ਼ਾਰੇ ਦੀ ਟੋਪੀ 'ਮੈਂ ਹੂੰ ਅੰਨਾ ਹਜ਼ਾਰੇ' ਅਤੇ ਵਿਚ ਉਹਦੀ ਫੋਟੋ। ਬਿਲਕੁਲ ਉਵੇਂ ਹੀ 'ਕੇਜਰੀਵਾਲ ਕੇਜਰੀਵਾਲ ਸਾਰਾ ਪੰਜਾਬ ਤੇਰੇ ਨਾਲ', 'ਮੈਂ ਹੂੰ ਆਮ ਆਦਮੀ' ਅਤੇ ਵਿਚ ਕੇਜਰੀਵਾਲ ਤੇ ਝਾੜੂ ਦੀ ਫੋਟੋ। ਅੰਨਾ ਹਜ਼ਾਰੇ ਦੇ ਵਰਤ ਸਮੇਂ ਵੀ ਇਨ੍ਹਾਂ ਬਰਾਂਡਿਡ ਟੋਪੀਆਂ ਦਾ ਇੱਕ ਹੜ੍ਹ ਜਿਹਾ ਆ ਗਿਆ ਸੀ ਤੇ ਇਨ੍ਹਾਂ ਵੋਟਾਂ ਵੇਲੇ ਵੀ ਇਹੋ ਹੋਇਆ। ਹੈਰਾਨੀ ਉਦੋਂ ਹੋਈ ਜਦੋਂ ਪੱਗਾਂ 'ਤੇ ਵੀ ਕਈ ਭਰਾਵਾਂ ਨੇ ਟੋਪੀਆਂ ਰੱਖ ਕੇ ਫੋਟੋਆਂ ਖਿਚਵਾ ਕੇ ਬਾਦਲਾਂ ਨੂੰ ਦੰਦੀਆਂ ਚਿੜਾਈਆਂ।

ਕੇਜਰੀਵਾਲ ਦਾ ਨਿਸ਼ਾਨਾ ਪੰਜਾਬ ਨੂੰ ਮੋਹਰੇ ਲਾ ਕੇ ਦੇਸ਼ ਦੇ ਤਖਤ ਤੱਕ ਪੁੱਜਣਾ ਹੈ। ਇਸ ਖਾਤਰ ਪੰਜਾਬ ਦੇ ਵਾਲੰਟੀਅਰ, ਖਾਸ ਕਰ ਬਾਹਰ ਵਸਦੇ ਪੰਜਾਬੀ ਉਹਨੇ ਤਿਆਰ ਵੀ ਕੀਤੇ ਹੋਏ ਹਨ। ਮੁਲਕ ਦੇ ਤਖਤ 'ਤੇ ਬੈਠਣ ਲਈ ਉਹਨੂੰ ਸਟੇਟ ਦੀ 'ਸੀ' ਟੀਮ ਬਣਨਾ ਪੈਣਾ ਕਿਉਂਕਿ 'ਏ' ਅਤੇ 'ਬੀ' ਪਹਿਲਾਂ ਹੀ ਹਨ। ਉਹ ਤਿਆਰ ਹੀ ਹੈ ਕਿਉਂਕਿ ਉਹਦਾ ਰਾਸ਼ਟਰਵਾਦ ਵੀ 'ਭਾਰਤ ਮਾਤਾ ਕੀ ਜੈ' ਤੋਂ ਹੀ ਸ਼ੁਰੂ ਹੁੰਦਾ ਤੇ ਇਹਦੀ ਜੈ ਅੱਜ ਤੱਕ ਘੱਟ ਗਿਣਤੀਆਂ ਤੇ ਤਬਕਿਆਂ ਦਾ ਬਲੀਦਾਨ ਹੀ ਮੰਗਦੀ ਹੈ, ਪੰਜਾਬ ਨਾਲ ਤਾਂ ਡਾਹਢਾ ਈ ਮੋਹ ਹੈ ਇਹਦਾ!

ਪੰਜਾਬੀਆਂ ਦੇ ਮਾਣ ਸਤਿਕਾਰ ਨੂੰ ਢਾਹ ਤਾਂ 1984 ਤੋਂ ਹੀ ਲੱਗੀ ਹੋਈ ਹੈ, ਢਾਹ ਲਾਉਣ ਵਾਲੇ ਬਹੁਤੇ 'ਭਾਰਤ ਮਾਤਾ ਦੀ ਜੈ' ਕਹਿਣ ਵਾਲੇ ਹੀ ਹਨ, ਪਰ ਸਭ ਤੋਂ ਵੱਧ ਢਾਹ ਲਾਉਣ ਵਾਲੇ ਬਾਦਲਕੇ ਸਾਬਿਤ ਹੋਏ ਹਨ। ਇਨ੍ਹਾਂ ਚੋਣਾਂ ਦੌਰਾਨ ਵੀ ਇਹਦਾ ਮੁਜਾਹਰਾ ਹੋਇਆ। ਪਹਿਲੀ ਵਾਰ ਹੈ ਜਦੋਂ ਪੰਜਾਬ ਦੀਆਂ ਚੋਣਾਂ ਵਿਚ ਗੈਰ ਪੰਜਾਬੀਆਂ ਨੇ ਸ਼ੱਰੇਆਮ ਲਲਕਾਰਿਆ ਹੋਵੇ ਇਥੋਂ ਦੇ ਲੀਡਰਾਂ ਨੂੰ ਕਿ ਤੁਹਾਨੂੰ ਜੇਲ੍ਹਾਂ 'ਚ ਤੁੰਨ ਕੇ ਰੱਖ ਦਿਆਂਗੇ। ਲਲਕਾਰਿਆ ਵੀ ਉਨ੍ਹਾਂ ਦੇ ਘਰਾਂ ਮੋਹਰੇ ਜਾ ਕੇ, ਇਨ੍ਹਾਂ ਦੇ ਪੁਤਲੇ ਬਣਾ ਕੇ ਸਿਰਾਂ 'ਤੇ ਪੱਗਾਂ ਬੰਨ ਕੇ ਜੁੱਤੀਆਂ ਮਰਵਾਈਆਂ, ਉਹ ਵੀ ਸਿੱਖਾਂ ਕੋਲੋਂ। ਲਲਕਾਰੇ ਮਾਰਨ ਵਾਲੇ ਇਨ੍ਹਾਂ ਗੈਰ ਪੰਜਾਬੀਆਂ ਦੀ ਅੱਜ ਤੱਕ ਕੀ ਦੇਣ ਰਹੀ ਸੀ ਪੰਜਾਬ ਲਈ, ਸਿਵਾਏ ਜ਼ੁਬਾਨੀ ਕਲਾਮੀ ਵਾਅਦਿਆਂ-ਦਾਅਵਿਆਂ ਦੇ? ਇਹ ਸਾਰਾ ਕੁਝ ਬਾਦਲ ਦੇ ਪੁੱਤਰ ਮੋਹ ਨੇ ਕਰਵਾਇਆ, ਜੁੱਤੀਆਂ ਬਾਦਲਾਂ ਦੇ ਪੁਤਲੇ ਦੀ ਪੱਗ 'ਤੇ ਨਹੀਂ ਸਗੋਂ ਸਿੱਖਾਂ ਦੀ ਪੱਗ 'ਤੇ ਵੱਜੀਆਂ।



*ਅਰਵਿੰਦ ਕੇਜਰੀਵਾਲ*

ਬਾਦਲਾਂ ਨੇ ਪੰਜਾਬ ਦੀ ਪੱਗ ਰੋਲੀ ਆ, ਇਹਦਾ ਮੁੱਲ ਉਨ੍ਹਾਂ ਨੂੰ ਤਾਰਨਾ ਪੈਣਾ ਅਗੇਤ-ਪਛੇਤ, ਵੋਟਾਂ 'ਚ ਜਿੱਤ-ਹਾਰ ਵੱਖਰੀ ਗੱਲ ਆ। ਅਸੀਂ ਪੰਜਾਬੀ ਦਾਅਵਾ ਕਰਦੇ ਹਾਂ ਕਿ ਸਾਡੇ ਵੱਲ ਕੋਈ ਝਾਕ ਵੀ ਨਹੀਂ ਸਕਦਾ, ਚੌਟਾਲਿਆਂ ਨੇ ਸ਼ੱਰੇਆਮ ਲਲਕਾਰਿਆ ਕਿ ਤੁਹਾਡੇ ਘਰ 'ਚ ਜ਼ਬਰਦਸਤੀ ਆ ਕੇ ਨਹਿਰ ਪੁੱਟਾਂਗੇ, ਰੋਕ ਕੇ ਦੱਸਿਓ? ਇਸ ਦਾ ਜ਼ਿੰਮੇਵਾਰ ਕੌਣ ਆ, ਸਿਵਾਏ ਬਾਦਲ ਦੇ? ਕਿਸੇ ਤੋਂ ਗੁੱਝਾ ਨਹੀਂ ਕਿ ਇਹ ਚਾਲਬਾਜ਼ੀਆਂ ਬਾਦਲ ਹੀ ਕਰਵਾ ਰਿਹਾ ਹੈ ਤੇ ਕੰਡੇ ਤਾਂ ਇਹਨੇ ਪਹਿਲਾਂ ਹੀ ਬਹੁਤ ਬੀਜੇ ਆ ਪੰਜਾਬੀਆਂ ਲਈ।

11 ਮਾਰਚ ਨੂੰ ਤੁਹਾਡੀ ਆਪਣੀ ਸਰਕਾਰ ਪੰਜਾਬੀਓ ਬਣ ਜਾਣੀ ਆ ਪਰ ਚੇਤੇ ਰੱਖਿਓ ਤਕਦੀਰ ਤੁਹਾਨੂੰ ਆਪਣੀ ਆਪ ਘੜਨੀ ਪੈਣੀ ਆ, ਲੋੜੋਂ ਵੱਧ ਆਸ ਤੁਹਾਨੂੰ ਮਾਯੂਸੀ ਦੇ ਆਲਮ ਵਿਚ ਹੋਰ ਧੱਕ ਦੇਵੇਗੀ, ਜ਼ਿੰਦਗੀ 'ਚ ਸਾਵਾਂਪਣ ਖੁਦ ਲਿਆਉਣਾ ਪੈਣਾ, ਸਰਕਾਰਾਂ ਦੇ ਵਾਅਦੇ-ਲਾਰਿਆਂ 'ਚ ਬਦਲਣ ਨੂੰ ਬਹੁਤੀ ਦੇਰ ਨਹੀਂ ਲੱਗਦੀ, ਖਾਸ ਕਰ ਕੇ ਪੰਜਾਬ ਦੇ ਸਬੰਧ ਵਿਚ ਸਿਰਫ ਲਾਰੇ ਹੀ ਪੱਲੇ ਪਏ ਅੱਜ ਤੱਕ। ਜਿਨ੍ਹਾਂ ਨੂੰ ਇਨ੍ਹਾਂ ਵੋਟਾਂ 'ਚ ਤੁਸੀਂ ਬੜੀ ਉਮੀਦ ਨਾਲ ਉਂਗਲੀ ਫੜਾਈ ਆ, 11 ਮਾਰਚ ਤੋਂ ਬਾਅਦ ਉਨ੍ਹਾਂ ਦਾ ਗੁੱਟ ਫੜ੍ਹਨ ਦੀ ਹਿੰਮਤ ਨਾ ਗੁਆ ਦਿਓ ਕਿਤੇ।

ਸੋਸ਼ਲ ਮੀਡੀਏ ਉਤੇ ਬਾਹਰ ਵਸਦੇ ਪੰਜਾਬੀ ਵੀਰ, ਜਿਨ੍ਹਾਂ ਦਾ ਇਨ੍ਹਾਂ ਵੋਟਾਂ ਵਿਚ ਬੜਾ ਵੱਡਾ ਯੋਗਦਾਨ ਰਿਹਾ, ਉਨ੍ਹਾਂ ਦਾ ਵੱਧ ਫਰਜ਼ ਬਣਦਾ ਹੈ ਕਿ ਲਗਾਮਾਂ ਖਿੱਚ ਕੇ ਰੱਖਣ। ਫਿਰ ਜ਼ਰੂਰ ਪੰਜਾਬ ਦੇ ਪੱਖ ਦੀ ਕੋਈ ਗੱਲ ਹੋਵੇਗੀ। ਉਨ੍ਹਾਂ ਬੜੀ ਦਿਆਨਤਦਾਰੀ ਨਾਲ ਵੋਟਾਂ ਪੁਆਈਆਂ। ਜੋ ਵੀ ਕੇਜਰੀਵਾਲ ਤੇ ਸੰਜੇ ਸਿੰਹੁ ਨੇ ਕਿਹਾ, ਤੁਸੀਂ ਬਿਨਾ ਕਿਸੇ ਹੀਲ ਹੁੱਜਤ ਤੇ ਲਾਲਚ ਦੇ ਭੁਗਤੇ ਹੋ। ਇੰਨਾ ਹੀ ਨਹੀਂ ਜੇ ਕਿਸੇ ਭਰਾ ਨੇ ਕੁਝ ਜਾਇਜ਼ ਜਿਹੀ ਉਜਰ ਕੀਤੀ ਤਾਂ ਤੁਸੀਂ ਉਸ ਦਾ ਬਹੁਤ ਬੁਰਾ ਮਨਾਇਆ ਕਿ ਇਹ ਬੰਦਾ ਪਾਰਟੀ ਦੇ ਖਿਲਾਫ ਹੈ ਜਦੋਂ ਕਿ ਉਜਰ ਕਰਨ ਵਾਲੇ ਤਾਂ ਖੁਦ ਬਦਲ ਚਾਹੁੰਦੇ ਹਨ। ਹੁਣ ਅਗਾਂਹ ਤੋਂ ਚੇਤੰਨ ਹੋਣ ਨਾਲ ਹੀ ਸਰਨਾ ਹੈ ਕਿਉਂਕਿ ਜਿਨ੍ਹਾਂ ਨੂੰ ਵੋਟਾਂ ਨਾਲ ਰਾਜ ਤਖਤ 'ਤੇ ਬਿਠਾਇਆ, ਉਨ੍ਹਾਂ ਦੀ ਢਿੱਲ ਮੱਠ 'ਤੇ ਨੁਕਤਾਚੀਨੀ ਕਰਨੀ ਪੈਣੀ ਹੈ। ਜੇ ਬੇਵੱਸੀ ਜਾਂ ਮਜ਼ਬੂਰੀਵੱਸ ਹਾਂ ਵਿਚ ਹਾਂ ਮਿਲਾਉਣ ਲੱਗ ਪਏ ਤਾਂ ਪਹਿਲੀ ਕੀਤੀ ਕਰਾਈ ਸਭ ਖੂਹ ਵਿਚ ਪੈ ਜਾਊ ਤੇ ਤੁਸੀਂ ਵੀ ਬਾਦਲਾਂ ਦੇ ਬਾਹਰ ਵਸਦੇ ਹਮਾਇਤੀਆਂ ਵਰਗੇ ਹੀ ਸਾਬਿਤ ਹੋ ਜਾਵੋਗੇ।

# ਕਿਵੇਂ ਬਣੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ?

***ਦਿੱਲੀ ਭਾਰਤ ਦੀ ਰਾਜਧਾਨੀ ਹੈ। ਦੁਨੀਆ ਭਰ ਦੇ ਜੋ ਲੋਕ ਭਾਰਤ ਆਉਂਦੇ ਹਨ, ਪਹਿਲਾਂ ਦਿੱਲੀ ਉਤਰਦੇ ਹਨ ਅਤੇ ਦਿੱਲੀ ਘੁੰਮ ਫਿਰ ਕੇ ਦੇਖਣ ਦੀ ਇੱਛਾ ਰੱਖਦੇ ਹਨ। ਸਿੱਖਾਂ ਦਾ ਦਿੱਲੀ ਨਾਲ ਵਿਸ਼ੇਸ਼ ਸਬੰਧ ਹੈ, ਜਿਥੇ ਦਿੱਲੀ ਵਿਚ ਇਤਿਹਾਸਕ ਗੁਰਦੁਆਰੇ ਹਨ, ਉਥੇ ਸਿੰਘਾਂ ਨੇ ਦਿੱਲੀ ਫਤਹਿ ਕਰ ਕੇ ਦਿੱਲੀ ਦੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਸਾਹਿਬ ਵੀ ਝੁਲਾਇਆ ਸੀ। ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਬੰਧ ਅਤੇ ਪ੍ਰਚਾਰ ਇੰਨਾ ਵਧੀਆ ਹੋਣਾ ਚਾਹੀਦਾ ਹੈ ਕਿ ਦਰਸ਼ਨ ਲਈ ਆਉਣ ਵਾਲਾ ਹਰ ਸ਼ਰਧਾਲੂ ਚੰਗਾ ਸੁਨੇਹਾ ਲੈ ਕੇ ਜਾਵੇ।***

**ਹਰਵਿੰਦਰ ਸਿੰਘ ਖਾਲਸਾ**
ਫੋਨ: +91-98155-33725

1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੇ ਮਹੰਤਾਂ ਨੇ ਸ਼੍ਰੋਮਣੀ ਕਮੇਟੀ ਦੇ ਕਹਿਣ 'ਤੇ ਪ੍ਰਬੰਧ ਕਮੇਟੀ ਦੇ ਹਵਾਲੇ ਕਰਨ ਲਈ ਸਹਿਮਤੀ ਦੇ ਦਿੱਤੀ। ਦਿੱਲੀ ਦੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ 1923 ਤੋਂ 1942 ਤੱਕ 11 ਮੈਂਬਰੀ ਕਮੇਟੀ ਬਣਾਈ ਜਾਂਦੀ ਰਹੀ ਜਿਸ ਦੀ ਚੋਣ ਤਿੰਨ ਸਾਲ ਬਾਅਦ ਕੀਤੀ ਜਾਂਦੀ ਸੀ। ਇਸ ਕਮੇਟੀ ਲਈ ਕੋਈ ਵਿਸ਼ੇਸ਼ ਨਿਯਮ ਨਹੀਂ ਸਨ, ਅਧਿਕਾਰ ਬੜੇ ਸੀਮਤ ਸਨ ਅਤੇ ਜ਼ਿਆਦਾਤਰ ਮੈਂਬਰ ਦਿੱਲੀ ਦੇ ਸਰਮਾਏਦਾਰ ਹੁੰਦੇ ਸਨ।


ਸ਼੍ਰੋਮਣੀ ਕਮੇਟੀ ਨੇ 1942 ਵਿਚ ਦਿੱਲੀ ਗੁਰਦੁਆਰਾ ਕਮੇਟੀ ਬਣਾ ਕੇ ਅਤੇ ਉਸ ਕਮੇਟੀ ਦੀ ਇੱਛਾ ਅਨੁਸਾਰ ਨਿਯਮ ਪ੍ਰਵਾਨ ਕਰ ਕੇ ਉਸ ਨੂੰ ਰਜਿਸਟਰਡ ਕਰਵਾ ਦਿੱਤਾ। ਸ਼੍ਰੋਮਣੀ ਕਮੇਟੀ ਨੇ ਮਹੰਤਾਂ ਤੋਂ ਪ੍ਰਬੰਧ ਲੈਣ ਸਮੇਂ ਦਾਨ ਸਿੰਘ ਵਿਛੋਆ, ਹਰਬੰਸ ਸਿੰਘ ਸੀਸਤਾਨੀ ਅਤੇ ਗੁਰਦਿੱਤ ਸਿੰਘ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਮਹੰਤਾਂ ਨਾਲ ਇਕਰਾਰਨਾਮੇ ਕੀਤੇ। ਮਹੰਤਾਂ ਨੂੰ ਯੋਗ ਪੈਨਸ਼ਨਾਂ ਲਗਾਈਆਂ ਅਤੇ ਜਿਨ੍ਹਾਂ ਨੇ ਗੁਰਦੁਆਰਿਆਂ ਵਿਚ ਸੇਵਾ ਕਰਨੀ ਚਾਹੀ, ਉਨ੍ਹਾਂ ਦੀਆਂ ਤਨਖਾਹਾਂ ਨਿਸ਼ਚਿਤ ਕੀਤੀਆਂ ਗਈਆਂ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਜਿਸਟਰਡ ਹੋਣ ਤੋਂ ਬਾਅਦ ਦਿੱਲੀ ਗੁਰਦੁਆਰਾ ਕਮੇਟੀ ਦੇ ਇਤਿਹਾਸ ਵਿਚ ਨਵਾਂ ਦੌਰ ਸ਼ੁਰੂ ਹੋਇਆ। ਦਿੱਲੀ ਵਿਚ ਇਸ ਕਮੇਟੀ ਦੀ ਚੋਣ ਲਈ ਵੋਟਰ ਬਣਾਏ ਗਏ, ਹਲਕੇ ਬਣੇ, ਵੋਟਾਂ ਪਈਆਂ, ਰਵੇਲ ਸਿੰਘ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸਨ, ਚੋਣਕਾਰ ਨਿਯੁਕਤ ਹੋਏ। ਇਹ ਚੋਣਾਂ 1945 ਨੂੰ ਹੋਈਆਂ। ਇਨ੍ਹਾਂ ਚੋਣਾਂ ਵਿਚ ਚੁਣੀ ਗਈ ਕਮੇਟੀ ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਸੇਵਾ ਕਰਦੀ ਰਹੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ 1951, 1954, 1956, 1959 ਤੇ 1961 ਵਿਚ ਚੋਣਾਂ ਹੋਈਆਂ, ਪਰ ਇਸ ਸਮੇਂ ਦੌਰਾਨ ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ ਦਾ ਆਪਸੀ ਟਕਰਾਅ ਅਤੇ ਮਤਭੇਦ ਵੀ ਉਭਰੇ। ਕਾਂਗਰਸ ਸਰਕਾਰ ਵੀ ਕਿਸੇ ਨਾ ਕਿਸੇ ਤਰ੍ਹਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਭਾਰੂ ਰਹਿਣਾ ਚਾਹੁੰਦੀ ਸੀ। ਕਦੇ ਕਮੇਟੀ ਬਣਾ ਦਿੱਤੀ, ਕਦੇ ਕਮੇਟੀ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤੀ ਅਤੇ ਅਦਾਲਤਾਂ ਵਿਚ ਮੁਕੱਦਮੇ ਚਲਦੇ ਰਹੇ। ਇਕ ਕਮੇਟੀ ਦੇ ਹੱਕ ਵਿਚ 24 ਅਪਰੈਲ 1962 ਵਿਚ ਅਦਾਲਤ ਨੇ ਫ਼ੈਸਲਾ ਕੀਤਾ। ਦੂਜੀ ਕਮੇਟੀ ਨੇ ਹਾਈਕੋਰਟ ਕੇਸ ਕਰ ਦਿੱਤਾ ਜਿਸ ਦਾ ਫੈਸਲਾ 1971 ਵਿਚ ਸੁਣਾਇਆ ਗਿਆ। ਇਕ ਕਮੇਟੀ 9 ਸਾਲ ਗੁਰਦੁਆਰਾ ਪ੍ਰਬੰਧ ਚਲਾਉਂਦੀ ਰਹੀ। ਇਸ ਸਮੇਂ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਐਬਟਾਬਾਦ ਤੇ ਸਕੱਤਰ ਜਥੇਦਾਰ ਸੰਤੋਖ ਸਿੰਘ ਦਿੱਲੀ ਸਨ। ਜਥੇਦਾਰ ਸੰਤੋਖ ਸਿੰਘ ਉਸ ਸਮੇਂ ਸੰਤ ਫਤਹਿ ਸਿੰਘ ਦੇ ਜ਼ਿਆਦਾ ਨੇੜੇ ਸਨ। ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਦੇ ਮੁੱਖ ਵਿਰੋਧੀ ਜਥੇਦਾਰ ਰਛਪਾਲ ਸਿੰਘ ਸਨ। ਬੀਬੀ ਨਿਰਲੇਪ ਕੌਰ ਦਿੱਲੀ ਵਿਚ ਆਪਣੇ ਬੰਦਿਆਂ ਨੂੰ ਲੈ ਕੇ ਵੱਖਰਾ ਡੇਰਾ ਲਾਈ ਬੈਠੀ ਸੀ। ਅਖੀਰ ਦਿੱਲੀ ਵਿਚ ਸੰਤ ਫਤਹਿ ਸਿੰਘ ਵਿਰੋਧੀ ਗਰੁੱਪਾਂ ਨੇ ਮਿਲ ਕੇ ਦਿੱਲੀ ਸਰਕਾਰ ਦੀ ਸਹਾਇਤਾ ਨਾਲ 6 ਮਈ 1971 ਨੂੰ ਗੁਰਦੁਆਰਾ ਸੀਸਗੰਜ ਸਾਹਿਬ 'ਤੇ ਕਬਜ਼ਾ ਕਰ ਲਿਆ ਅਤੇ ਅੰਦਰੋਂ ਦਰਵਾਜ਼ੇ ਬੰਦ ਕਰ ਦਿੱਤੇ।

ਕੇਂਦਰ ਸਰਕਾਰ ਨੇ ਰਾਸ਼ਟਰਪਤੀ ਕੋਲੋਂ 20 ਮਈ 1971 ਨੂੰ ਆਰਡੀਨੈਂਸ ਜਾਰੀ ਕਰਵਾ ਕੇ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਪੰਜ ਮੈਂਬਰੀ ਬੋਰਡ ਬਣਾ ਦਿੱਤਾ। ਇਹ ਪੰਜੇ ਮੈਂਬਰ ਕਾਂਗਰਸੀ ਸਿੱਖ ਸਨ। ਇਸ ਬੋਰਡ ਦੇ ਪ੍ਰਧਾਨ ਜੁਗਿੰਦਰ ਸਿੰਘ ਅਤੇ ਸਕੱਤਰ ਭਾਈ ਮੋਹਨ ਸਿੰਘ ਸਨ। ਗੁਰਦੁਆਰਿਆਂ ਦਾ ਪ੍ਰਬੰਧ ਇਸ ਬੋਰਡ ਨੂੰ ਸੌਂਪ ਦਿੱਤਾ ਗਿਆ। ਚਾਰ ਸਾਲ ਇਹ ਪ੍ਰਬੰਧ ਬੋਰਡ ਰਾਹੀਂ ਹੁੰਦਾ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਵਿਰੋਧ ਕੀਤਾ। ਦਿੱਲੀ ਦੇ ਮੁੱਖ ਅਕਾਲੀ ਜਥੇਦਾਰ ਸੰਤੋਖ ਸਿੰਘ, ਅਵਤਾਰ ਸਿੰਘ ਕੋਹਲੀ (ਪ੍ਰਧਾਨ ਦਿੱਲੀ ਅਕਾਲੀ ਦਲ), ਹਰਬੰਸ ਸਿੰਘ ਫਰੰਟੀਅਰ ਆਦਿ ਨੂੰ ਧਾਰਾ 107/151 ਦੇ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ। ਜਥੇਦਾਰ ਸੰਤੋਖ ਸਿੰਘ ਉਪਰ 21 ਮਈ ਨੂੰ 23 ਕੇਸ ਬਣਾ ਦਿੱਤੇ ਗਏ। ਸ਼੍ਰੋਮਣੀ ਅਕਾਲੀ ਦਲ ਦੀ 21 ਮਈ ਨੂੰ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿਚ ਦਿੱਲੀ ਗੁਰਦੁਆਰਿਆਂ ਦੇ ਮਸਲੇ ਬਾਰੇ ਵਿਚਾਰਿਆ ਗਿਆ ਅਤੇ 30 ਮਈ 1971 ਨੂੰ ਥਾਂ-ਥਾਂ ਰੋਸ ਦਿਵਸ ਮਨਾਉਣ ਤੇ 6 ਜੂਨ 1971 ਨੂੰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਨੁਮਾਇੰਦਿਆਂ ਦੀ ਕਨਵੈਨਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਜੂਨ 1971 ਨੂੰ ਨਵੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਆਰਡੀਨੈਂਸ ਰਾਜ ਸਭਾ ਤੇ ਲੋਕ ਸਭਾ ਵਿਚ ਪਾਸ ਕਰ ਦਿੱਤਾ ਗਿਆ। ਇਸ ਦੇ ਵਿਰੋਧ ਵਿਚ ਸੰਤ ਫਤਹਿ ਸਿੰਘ ਨੇ 16 ਜੁਲਾਈ 1971 ਤੱਕ ਦਾ ਸਰਕਾਰ ਨੂੰ ਅਲਟੀਮੇਟਮ ਦਿੱਤਾ, ਪਰ ਸਰਕਾਰ ਨੇ ਕੋਈ ਪ੍ਰਵਾਹ ਨਾ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਕਮੇਟੀ ਨੇ 15 ਜੁਲਾਈ 1971 ਨੂੰ ਮੀਟਿੰਗ ਕਰ ਕੇ ਫ਼ੈਸਲਾ ਕੀਤਾ ਕਿ ਸੰਤ ਫਤਹਿ ਸਿੰਘ 22 ਜੁਲਾਈ 1971 ਨੂੰ 101 ਸਿੰਘਾਂ ਦਾ ਜਥਾ ਲੈ ਕੇ ਦਿੱਲੀ ਦੇ ਗੁਰਦੁਆਰਿਆਂ ਤੋਂ ਸਰਕਾਰੀ ਕਬਜ਼ਾ ਹਟਵਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰ ਕੇ ਚੱਲਣਗੇ। ਸੰਤ ਫਤਹਿ ਸਿੰਘ ਨੇ 22 ਜੁਲਾਈ 1971 ਨੂੰ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ ਮੋਰਚੇ ਦਾ ਐਲਾਨ ਕਰਦਿਆਂ ਕਿਹਾ- ਮੇਰਾ ਦਿੱਲੀ ਵੱਲ ਮਾਰਚ ਸਿਆਸੀ ਨਹੀਂ, ਸਗੋਂ ਧਾਰਮਿਕ ਹੈ। ਜੇ ਦਿੱਲੀ ਦੀ ਸਰਕਾਰ ਜ਼ਕਰੀਆ ਖ਼ਾਨ ਬਣੇਗੀ ਤਾਂ ਅਸੀਂ ਭਾਈ ਮਨੀ ਸਿੰਘ ਬਣਾਂਗੇ। ਜਦ ਜਥਾ ਥਾਂ-ਥਾਂ ਪ੍ਰਚਾਰ ਕਰਦਾ ਦਿੱਲੀ ਨੇੜੇ ਪਹੁੰਚਿਆ ਤਾਂ 14 ਅਗਸਤ 1971 ਨੂੰ ਸੰਤ ਫਤਹਿ ਸਿੰਘ ਅਤੇ ਜਥੇ ਦੇ ਸਿੰਘਾਂ ਨੂੰ ਨਰੇਲਾ ਸਟੇਸ਼ਨ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਸੰਤ ਫਤਹਿ ਸਿੰਘ ਅਤੇ ਕੁਝ ਸੇਵਾਦਾਰਾਂ ਨੂੰ ਬੁੱਢਾ ਜੌਹੜ ਗੰਗਾਨਗਰ ਦੇ ਗੁਰਦੁਆਰੇ ਵਿਚ ਬੰਦ ਕਰ ਦਿੱਤਾ ਗਿਆ ਅਤੇ ਬਾਕੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਤਿਹਾੜ ਜੇਲ੍ਹ ਦਿੱਲੀ ਭੇਜ ਦਿੱਤਾ ਗਿਆ।

***ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਆਪਣਾ ਸਮਾਂ ਇਕ-ਦੂਜੇ ਵਿਰੁਧ ਪ੍ਰਚਾਰ ਕਰਨ, ਮੁਲਾਜ਼ਮਾਂ ਦੀਆਂ ਬਦਲੀਆਂ ਕਰਵਾਉਣ, ਸਕੂਲਾਂ ਕਾਲਜਾਂ ਵਿਚ ਆਪਣੇ ਬੰਦੇ ਲੁਆਉਣ 'ਤੇ ਹੀ ਲਗਾ ਦਿੰਦੇ ਹਨ। ਚਾਹੀਦਾ ਇਹ ਹੈ ਕਿ ਮੈਂਬਰ ਸਕੂਲਾਂ, ਕਾਲਜਾਂ ਦੇ ਪ੍ਰਬੰਧ ਵੱਲ ਧਿਆਨ ਦੇਣ, ਦਿੱਲੀ ਵਿਚ ਦੋ-ਤਿੰਨ ਅਸਥਾਨ ਇਹੋ ਜਿਹੇ ਤਿਆਰ ਕੀਤੇ ਜਾਣ ਜਿਥੇ 1469 ਤੋਂ ਅੱਜ ਤੱਕ ਦੇ ਸਿੱਖ ਇਤਿਹਾਸ ਦੀ ਜਾਣਕਾਰੀ ਮਿਲ ਸਕੇ।***



ਰਵੇਲ ਸਿੰਘ



ਰਛਪਾਲ ਸਿੰਘ



ਸੰਤੋਖ ਸਿੰਘ

ਦਿੱਲੀ ਗੁਰਦੁਆਰਿਆਂ ਦੀ ਆਜ਼ਾਦੀ ਲਈ ਦੂਜਾ ਜਥਾ ਸਾਬਕਾ ਮਾਲ ਮੰਤਰੀ (ਪੰਜਾਬ) ਆਤਮਾ ਸਿੰਘ ਲੈ ਕੇ ਗਏ। ਫਿਰ ਸੁਰਜੀਤ ਸਿੰਘ ਬਰਨਾਲਾ, ਪ੍ਰਕਾਸ਼ ਸਿੰਘ ਬਾਦਲ, ਸਾਬਕਾ ਵਿੱਤ ਮੰਤਰੀ (ਪੰਜਾਬ) ਬਲਵੰਤ ਸਿੰਘ, ਗੁਰਮੀਤ ਸਿੰਘ ਮੁਕਤਸਰ, ਸਤਨਾਮ ਸਿੰਘ ਬਾਜਵਾ, ਬਸੰਤ ਸਿੰਘ ਖਾਲਸਾ, ਗੁਰਚਰਨ ਸਿੰਘ ਟੌਹੜਾ, ਗੁਰਦਾਸ ਸਿੰਘ ਬਾਦਲ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਧੰਨਾ ਸਿੰਘ ਗੁਲਸ਼ਨ, ਰਾਜਾ ਨਰਿੰਦਰ ਸਿੰਘ ਨਾਭਾ, ਰਵੀਇੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਨ, ਜ਼ਿਲ੍ਹਾ ਜਥੇਦਾਰਾਂ ਨੇ ਦਿੱਲੀ ਵੱਲ ਵਹੀਰਾਂ ਘੱਤ ਦਿੱਤੀਆਂ। ਇਸ ਮੋਰਚੇ ਵਿਚ ਗ੍ਰਿਫ਼ਤਾਰ ਹੋਣ ਵਾਲੇ ਸਿੰਘਾਂ ਨਾਲ ਦਿੱਲੀ ਤੋਂ ਇਲਾਵਾ ਆਗਰਾ, ਅਲਵਰ, ਭਰਤਪੁਰ, ਬਨਾਰਸ, ਅਲੀਗੜ੍ਹ, ਗਵਾਲੀਅਰ, ਕਰਨਾਲ, ਅੰਬਾਲਾ, ਹਿਸਾਰ, ਪਟਿਆਲਾ, ਸੰਗਰੂਰ, ਬਠਿੰਡਾ ਅਤੇ ਅੰਮ੍ਰਿਤਸਰ ਆਦਿ ਦੀਆਂ ਜੇਲ੍ਹਾਂ ਭਰ ਗਈਆਂ। ਇਸ ਮੋਰਚੇ ਵਿਚ ਮਾਲੇਰਕੋਟਲੇ ਤੋਂ ਮੁਸਲਮਾਨਾਂ ਦਾ ਜਥਾ ਅਨਵਰ ਖ਼ਾਨ ਦੀ ਅਗਵਾਈ ਵਿਚ ਗ੍ਰਿਫ਼ਤਾਰ ਹੋਇਆ। ਇਸ ਜਥੇ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਕੇ ਬਨਾਰਸ ਜੇਲ੍ਹ ਵਿਚ ਰੱਖਿਆ ਗਿਆ। ਇਸ ਮੋਰਚੇ ਵਿਚ 7 ਸਿੰਘ ਜੇਲ੍ਹਾਂ ਅੰਦਰ ਫੌਤ ਹੋਏ। ਮੋਰਚੇ ਦੇ 115 ਦਿਨਾਂ ਵਿਚ 17 ਹਜ਼ਾਰ ਸਿੰਘਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਜੇਲ੍ਹ ਯਾਤਰਾ ਕੀਤੀ। ਇਸੇ ਸਮੇਂ 3 ਦਸੰਬਰ 1971 ਨੂੰ ਭਾਰਤ-ਪਾਕਿਸਤਾਨ ਜੰਗ ਸ਼ੁਰੂ ਹੋ ਜਾਣ ਕਾਰਨ ਮੋਰਚੇ ਦੇ ਡਿਕਟੇਟਰ ਜਥੇਦਾਰ ਮੋਹਨ ਸਿੰਘ ਤੁੜ ਨੇ 6 ਦਸੰਬਰ 1971 ਨੂੰ ਮੋਰਚਾ ਬੰਦ ਕਰਨ ਦਾ ਐਲਾਨ ਕਰ ਦਿੱਤਾ। ਭਾਰਤ ਸਰਕਾਰ ਨੇ ਸਾਰੇ ਬੰਦੀ ਅਕਾਲੀਆਂ ਨੂੰ ਰਿਹਾਅ ਕਰ ਕੇ ਦਿੱਲੀ ਗੁਰਦੁਆਰਾ ਐਕਟ ਪਾਸ ਕਰਵਾ ਕੇ ਛੇਤੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ। ਮੈਟਰੋਪਾਲਿਟਨ ਕੌਂਸਲ ਦਿੱਲੀ ਵੱਲੋਂ 18 ਦਸੰਬਰ 1971 ਨੂੰ ਗੁਰਦੁਆਰਾ ਬਿੱਲ ਲਿਆਂਦਾ ਗਿਆ। ਇਸ ਗੁਰਦੁਆਰਾ ਐਕਟ ਅਨੁਸਾਰ ਇਸ ਕਮੇਟੀ ਦੇ ਕੁੱਲ 55 ਮੈਂਬਰ ਹੋਣਗੇ ਜਿਨ੍ਹਾਂ ਵਿਚ 46 ਵੋਟਾਂ ਰਾਹੀਂ ਚੁਣੇ ਜਾਣਗੇ ਅਤੇ 9 ਮੈਂਬਰ ਨਾਮਜ਼ਦ ਹੋਣਗੇ। ਹਰ ਚਾਰ ਸਾਲ ਬਾਅਦ ਨਵੀਆਂ ਚੋਣਾਂ ਹੋਇਆ ਕਰਨਗੀਆਂ। ਪੰਜ ਤਖਤਾਂ ਦੇ ਜਥੇਦਾਰ ਸਾਹਿਬਾਨ ਗੁਰਦੁਆਰਾ ਕਮੇਟੀ ਦਿੱਲੀ ਵਿਚ ਸ਼ਾਮਿਲ ਕੀਤੇ ਗਏ ਹਨ, ਪਰ ਉਨ੍ਹਾਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ। ਪਹਿਲਾਂ ਦਿੱਲੀ ਗੁਰਦੁਆਰਾ ਪ੍ਰਧਾਨ ਦੀ ਵਿਦਿਅਕ ਯੋਗਤਾ ਰੱਖੀ ਗਈ ਸੀ, ਪਰ ਪਿਛੋਂ ਸਰਕਾਰ ਨੇ ਆਪਣੇ ਬੰਦੇ ਨੂੰ ਪ੍ਰਧਾਨ ਬਣਾਉਣ ਦੇ ਲਈ ਸੋਧ ਕਰ ਕੇ ਵਿਦਿਅਕ ਯੋਗਤਾ ਹਟਾ ਦਿੱਤੀ ਗਈ। ਦਿੱਲੀ ਗੁਰਦੁਆਰਾ ਐਕਟ 1971 ਰਾਹੀਂ ਹੁਣ ਤੱਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਜਸਵੰਤ ਸਿੰਘ ਕੋਛੜ, ਅਵਤਾਰ ਸਿੰਘ ਆਟੋਪਿੰਨ, ਜਸਵੰਤ ਸਿੰਘ ਸੇਠੀ, ਬਾਵਾ ਨਾਰਾਇਣ ਸਿੰਘ, ਜਥੇਦਾਰ ਸੰਤੋਖ ਸਿੰਘ, ਹਰਬੰਸ ਸਿੰਘ ਮਨਚੰਦਾ, ਕਿਰਪਾਲ ਸਿੰਘ ਸੰਗਤਪੁਰੀ, ਰਾਜਿੰਦਰ ਸਿੰਘ ਮੋਂਗਾ, ਅਵਤਾਰ ਸਿੰਘ ਹਿਤ, ਮਨਜੀਤ ਸਿੰਘ ਕਲਕੱਤਾ, ਜਸਵੰਤ ਸਿੰਘ ਸ਼ਾਨ, ਮਹਿੰਦਰ ਸਿੰਘ ਮਠਾੜੂ, ਪਰਮਜੀਤ ਸਿੰਘ ਸਰਨਾ, ਪ੍ਰਹਿਲਾਦ ਸਿੰਘ ਚੰਡੋਕ, ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ. ਕੇ.ਸਮੇਂ ਸਮੇਂ ਪ੍ਰਧਾਨ ਬਣੇ।

ਦਿੱਲੀ ਭਾਰਤ ਦੀ ਰਾਜਧਾਨੀ ਹੈ। ਦੁਨੀਆ ਭਰ ਦੇ ਜੋ ਲੋਕ ਭਾਰਤ ਆਉਂਦੇ ਹਨ, ਪਹਿਲਾਂ ਦਿੱਲੀ ਉਤਰਦੇ ਹਨ ਅਤੇ ਦਿੱਲੀ ਘੁੰਮ ਫਿਰ ਕੇ ਦੇਖਣ ਦੀ ਇੱਛਾ ਰੱਖਦੇ ਹਨ। ਸਿੱਖਾਂ ਦਾ ਦਿੱਲੀ ਨਾਲ ਵਿਸ਼ੇਸ਼ ਸਬੰਧ ਹੈ, ਜਿਥੇ ਦਿੱਲੀ ਵਿਚ ਇਤਿਹਾਸਕ ਗੁਰਦੁਆਰੇ ਹਨ, ਉਥੇ ਸਿੰਘਾਂ ਨੇ ਦਿੱਲੀ ਫਤਹਿ ਕਰ ਕੇ ਦਿੱਲੀ ਦੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਸਾਹਿਬ ਵੀ ਝੁਲਾਇਆ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਅਤੇ ਪ੍ਰਚਾਰ ਇੰਨਾ ਵਧੀਆ ਹੋਣਾ ਚਾਹੀਦਾ ਹੈ ਕਿ ਦਰਸ਼ਨ ਕਰਨ ਲਈ ਆਉਣ ਵਾਲਾ ਹਰ ਸ਼ਰਧਾਲੂ ਪ੍ਰਭਾਵਿਤ ਹੋਵੇ ਅਤੇ ਚੰਗਾ ਸੁਨੇਹਾ ਲੈ ਕੇ ਜਾਵੇ।

ਆਮ ਦੇਖਣ ਵਿਚ ਆਇਆ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰ ਆਪਣਾ ਸਮਾਂ ਇਕ-ਦੂਜੇ ਵਿਰੁਧ ਪ੍ਰਚਾਰ ਕਰਨਾ, ਮੁਲਾਜ਼ਮਾਂ ਦੀਆਂ ਬਦਲੀਆਂ ਕਰਵਾਉਣ, ਸਕੂਲਾਂ ਤੇ ਕਾਲਜਾਂ ਵਿਚ ਆਪਣੇ ਬੰਦੇ ਫਿਟ ਕਰਨ 'ਤੇ ਹੀ ਲਗਾ ਦਿੰਦੇ ਹਨ। ਚਾਹੀਦਾ ਇਹ ਹੈ ਕਿ ਉਚ ਯੋਗਤਾ ਵਾਲੇ ਮੈਂਬਰ ਸਕੂਲਾਂ, ਕਾਲਜਾਂ ਦੇ ਪ੍ਰਬੰਧ ਵੱਲ ਧਿਆਨ ਦੇਣ, ਦਿੱਲੀ ਵਿਚ ਦੋ-ਤਿੰਨ ਅਸਥਾਨ ਇਹੋ ਜਿਹੇ ਤਿਆਰ ਕੀਤੇ ਜਾਣ ਜਿਨ੍ਹਾਂ ਤੋਂ 1469 ਤੋਂ ਲੈ ਕੇ ਅੱਜ ਤੱਕ ਦੇ ਸਿੱਖ ਇਤਿਹਾਸ ਦੀ ਪੂਰੀ ਜਾਣਕਾਰੀ ਮਿਲ ਸਕੇ।

ਸਿੱਖਾਂ ਨੇ ਬੁਲੰਦ ਸ਼ਹਿਰ ਤੱਕ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਸਨ। ਅਜੇ ਤੱਕ ਸਿੱਖਾਂ ਨੂੰ ਨਹੀਂ ਪਤਾ ਕਿ ਸਿੱਖ ਰਾਜ ਦੀਆਂ ਨਿਸ਼ਾਨੀਆਂ ਕਿਹੜੀਆਂ-ਕਿਹੜੀਆਂ ਸਨ, ਕਦੇ ਅਸੀਂ ਵੀ ਰਾਜ ਭਾਗ ਦੇ ਮਾਲਕ ਹੁੰਦੇ ਸੀ, ਕਦੇ ਸਾਡੇ ਵੀ ਸਿੱਕੇ ਚੱਲਦੇ ਸਨ, ਕਦੇ ਸਾਡੀਆਂ ਵੀ ਸੰਧੀਆਂ ਦੂਜੇ ਦੇਸ਼ਾਂ ਨਾਲ ਹੁੰਦੀਆਂ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਹ ਮੈਂਬਰ ਚੁਣੇ ਜਾਣੇ ਚਾਹੀਦੇ ਹਨ ਜਿਨ੍ਹਾਂ ਨੂੰ ਗੁਰੂਡੰਮ 'ਤੇ ਨਹੀਂ, ਗੁਰੂ ਗ੍ਰੰਥ ਸਾਹਿਬ 'ਤੇ ਵਿਸ਼ਵਾਸ ਹੋਵੇ; ਜੋ ਪੰਜਾਬ ਤੋਂ ਬਾਹਰਲੇ ਸਿੱਖਾਂ ਲਈ ਹਮਦਰਦੀ ਰੱਖਦੇ ਹੋਣ। ਪੰਜਾਬ ਵਿਚਲੇ ਸਿੱਖ ਨੌਜਵਾਨ ਪਹਿਲਾਂ ਹੀ ਸਿੱਖੀ ਤੋਂ ਦੂਰ ਜਾ ਰਹੇ ਸਨ, ਹੁਣ ਤਾਂ ਪੰਜਾਬ ਤੋਂ ਬਾਹਰਲੇ ਨੌਜਵਾਨ ਸਿੱਖ ਵੀ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ। ਦਿੱਲੀ ਕਮੇਟੀ ਦੇ ਮੈਂਬਰ ਪੰਜਾਬ ਤੋਂ ਬਾਹਰ ਸਿੱਖੀ ਪ੍ਰਚਾਰ, ਸਿੱਖਾਂ ਨੂੰ ਇਕ ਥਾਂ ਜਥੇਬੰਦ ਕਰਨ ਵਿਚ ਯੋਗਦਾਨ ਪਾ ਸਕਦੇ ਹਨ; ਪਰ ਅਫ਼ਸੋਸ! ਦਿੱਲੀ ਕਮੇਟੀ ਦੇ ਚੁਣੇ ਹੋਏ ਮੈਂਬਰ ਜ਼ਿਆਦਾ ਸਮਾਂ ਪੰਜਾਬ ਅਤੇ ਦਿੱਲੀ ਦੀ ਰਾਜਨੀਤੀ ਵਿਚ ਹੀ ਖਰਾਬ ਕਰ ਦਿੰਦੇ ਹਨ।

# ਜੈਤੋ ਦਾ ਮੋਰਚਾ

ਜੈਤੋ ਦਾ ਮੋਰਚਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਤੇ ਗੌਰਵਮਈ ਵਿਰਸੇ ਦਾ ਗਵਾਹ ਵੀ ਹੈ। ਸੁਤੰਤਰਤਾ ਸੰਗਰਾਮ ਦੌਰਾਨ 1923-25 ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਬਰਤਾਨਵੀ ਸਾਮਰਾਜ ਖ਼ਿਲਾਫ਼ ਲੜ ਕੇ ਜਿੱਤਿਆ ਗਿਆ ਇਹ ਮੋਰਚਾ ਉਸ ਵੇਲੇ ਦੇ ਜ਼ੁਲਮ ਤੇ ਅਥਾਹ ਕੁਰਬਾਨੀਆਂ ਨਾਲ ਭਰਪੂਰ ਅਹਿਮ ਦਾਸਤਾਨ ਹੈ।

ਜੈਤੋ ਦੇ ਮੋਰਚੇ ਦੀ ਸ਼ੁਰੂਆਤ ਅੰਗਰੇਜ਼ ਹਕੂਮਤ ਵੱਲੋਂ ਝੂਠੇ ਤੇ ਮਨਘੜਤ ਇਲਜ਼ਾਮਾਂ ਤਹਿਤ 9 ਜੁਲਾਈ 1923 ਨੂੰ ਨਾਭਾ ਰਿਆਸਤ ਦੇ ਆਜ਼ਾਦ ਖ਼ਿਆਲ, ਗੁਰਦੁਆਰਾ ਸੁਧਾਰ ਅੰਦੋਲਨ ਤੇ ਅਕਾਲੀ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਜਬਰੀ ਗੱਦੀ ਤੋਂ ਲਾਹ ਕੇ ਦੇਹਰਾਦੂਨ ਭੇਜਣ ਨਾਲ ਹੋਈ ਸੀ। ਨਵੀਂ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 5 ਅਗਸਤ 1923 ਨੂੰ ਇਸ ਕਾਰਵਾਈ ਦੇ ਖ਼ਿਲਾਫ਼ ਮਤਾ ਪਾਸ ਕਰ ਕੇ 9 ਸਤੰਬਰ 1923 ਨੂੰ ਰੋਸ ਵਜੋਂ ਨਾਭਾ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ। ਉਸ ਦਿਨ ਥਾਂ-ਥਾਂ ਰੋਸ ਜਲਸੇ ਕੱਢਣ, ਦੀਵਾਨ ਸਜਾਉਣ, ਅਰਦਾਸ ਕਰਨ ਅਤੇ ਮਤੇ ਪਾਸ ਕਰਨ ਦਾ ਸੱਦਾ ਦਿੱਤਾ ਗਿਆ। ਇਸ ਸੱਦੇ ਤਹਿਤ ਹੀ ਜੈਤੋ ਦੀ ਸੰਗਤ ਨੇ 25 ਤੋਂ 27 ਅਗਸਤ ਤਕ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ ਪਾਠ ਰੱਖ ਦਿੱਤਾ, ਪਰ ਪੁਲਿਸ ਨੇ ਅਖੰਡ ਪਾਠ ਰੋਕਣ ਲਈ 27 ਅਗਸਤ ਨੂੰ ਪਾਠ ਕਰ ਰਹੇ ਪਾਠੀ ਨੂੰ ਗ੍ਰਿਫ਼ਤਾਰ ਕਰ ਲਿਆ।

ਸਿੱਖਾਂ ਨੇ ਇਸ ਨੂੰ ਧਾਰਮਿਕ ਮਰਿਆਦਾ ਦੀ ਹੱਤਕ ਮੰਨ ਕੇ ਫ਼ੈਸਲਾ ਕੀਤਾ ਕਿ ਜਦੋਂ ਤਕ ਸਰਕਾਰ ਆਪਣੀ ਗ਼ਲਤੀ ਸਵੀਕਾਰ ਨਹੀਂ ਕਰਦੀ, ਉਦੋਂ ਤਕ ਗੁਰਦੁਆਰੇ ਵਿਚ ਅਖੰਡ ਪਾਠਾਂ ਤੇ ਦੀਵਾਨਾਂ ਦਾ ਸਿਲਸਿਲਾ ਲੜੀਵਾਰ ਜਾਰੀ ਰਹੇਗਾ। ਉਸ ਵੇਲੇ ਨਾਭਾ ਰਿਆਸਤ ਦੇ ਅੰਗਰੇਜ਼ ਸਰਕਾਰ ਵੱਲੋਂ ਲਾਏ ਗਏ ਪ੍ਰਬੰਧਕ ਅਫ਼ਸਰ ਵਿਲਸਨ ਜਾਨਸਟਨ ਨੇ ਉਥੇ ਕੋਈ ਵੀ ਇਕੱਠ, ਪਾਠ ਜਾਂ ਅਰਦਾਸ ਕਰਨ ਉਤੇ ਪਾਬੰਦੀ ਲਾ ਦਿੱਤੀ। ਨਾਲ ਹੀ ਉਥੇ ਪਹੁੰਚਣ ਵਾਲੇ ਆਗੂਆਂ ਤੇ ਸਿੱਖ ਸ਼ਰਧਾਲੂਆਂ ਨੂੰ ਗ੍ਰਿਫ਼ਤਾਰ ਕਰਨਾ ਆਰੰਭ ਕਰ ਦਿੱਤਾ। ਇਸ ਧੱਕੇਸ਼ਾਹੀ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ 15 ਸਤੰਬਰ 1923 ਤੋਂ 25-25 ਸਿੰਘਾਂ ਦੇ ਜਥੇ ਜੈਤੋ ਭੇਜਣੇ ਸ਼ੁਰੂ ਕਰ ਦਿੱਤੇ। ਮੋਰਚੇ ਨੂੰ ਫੇਲ੍ਹ ਕਰਨ ਲਈ ਹਕੂਮਤ ਨੇ ਅਕਾਲੀ ਦਲ ਅਤੇ ਗੁਰਦੁਆਰਾ ਕਮੇਟੀ ਨੂੰ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ। ਜਵਾਬ ਵਿਚ 9 ਫਰਵਰੀ 1924 ਤੋਂ ਅਕਾਲੀ ਦਲ ਤੇ ਗੁਰਦੁਆਰਾ ਕਮੇਟੀ ਨੇ 500-500 ਵਾਲੰਟੀਅਰਾਂ ਦੇ ਜਥੇ ਭੇਜਣ ਦਾ ਫ਼ੈਸਲਾ ਕਰ ਲਿਆ। ਪਹਿਲੀ ਮਾਰਚ 1925 ਤਕ ਅਜਿਹੇ 15 ਜਥੇ ਜੈਤੋ ਜਾਂਦੇ ਰਹੇ। ਇਨ੍ਹਾਂ ਜਥਿਆਂ ਉਤੇ ਪੁਲਿਸ ਨੇ ਸਿੱਧੀ ਫਾਇਰਿੰਗ ਕੀਤੀ ਤੇ ਗ੍ਰਿਫ਼ਤਾਰ ਕੀਤੇ ਅੰਦੋਲਨਕਾਰੀਆਂ ਉਤੇ ਅਕਹਿ ਤਸ਼ੱਦਦ ਢਾਹਿਆ।


ਕਰੀਬ ਡੇਢ ਸਾਲ ਚੱਲਦੇ ਰਹੇ ਇਸ ਮੋਰਚੇ ਵਿਚ ਸੈਂਕੜੇ ਅੰਦੋਲਨਕਾਰੀ ਸ਼ਹੀਦ ਹੋਏ ਅਤੇ ਹਜ਼ਾਰਾਂ ਵਹਿਸ਼ੀ ਜਬਰ ਤੇ ਕੈਦਾਂ-ਕਰਕੀਆਂ ਦਾ ਸ਼ਿਕਾਰ ਬਣਾਏ ਗਏ। ਮੋਰਚੇ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਹਾਲਾਤ ਦਾ ਜਾਇਜ਼ਾ ਲੈਣ ਜੈਤੋ ਆਏ, ਪਰ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਸਰਕਾਰ ਨੇ ਭਾਵੇਂ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਉਤੇ ਪਾਬੰਦੀ ਲਾ ਦਿੱਤੀ ਸੀ, ਪਰ ਇਸ ਦੇ ਬਾਵਜੂਦ ਨਾ ਸਿਰਫ਼ ਸ਼੍ਰੋਮਣੀ ਕਮੇਟੀ ਬਕਾਇਦਾ ਕੰਮ ਕਰਦੀ ਰਹੀ, ਸਗੋਂ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਆਮ ਸਿੱਖ ਖੁੱਲ੍ਹੇਆਮ ਗਲਾਂ ਵਿਚ ਫੱਟੀਆਂ ਲਟਕਾ ਕੇ ਘੁੰਮਦੇ ਰਹੇ ਜਿਨ੍ਹਾਂ ਉਤੇ ਲਿਖਿਆ ਹੁੰਦਾ ਸੀ- "ਅਸੀਂ ਪਾਬੰਦੀਸ਼ੁਦਾ ਬਾਗ਼ੀ ਜਮਾਤ ਦੇ ਮੈਂਬਰ ਹਾਂ।"

ਅੰਤ 16ਵੇਂ ਸ਼ਹੀਦੀ ਜਥੇ ਦੇ ਸਿਆਲਕੋਟ ਤੋਂ ਰਵਾਨਾ ਹੋਣ ਮੌਕੇ ਅੰਗਰੇਜ਼ ਸਰਕਾਰ ਝੁਕ ਗਈ ਤੇ ਇਸ ਜਥੇ ਨੇ ਜੈਤੋ ਪਹੁੰਚ ਕੇ ਅਖੰਡ ਪਾਠ ਸੰਪੂਰਨ ਕੀਤਾ। ਜੈਤੋ ਮੋਰਚੇ ਦੇ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ ਜਿਸ ਉਤੇ ਅੰਗਰੇਜ਼ ਅਫ਼ਸਰ ਵਿਲਸਨ ਨੇ ਸ਼ਾਂਤਮਈ ਵਿਰੋਧ ਕਰ ਰਹੀ ਸਿੱਖ ਸੰਗਤ ਉਤੇ ਗੋਲੀਆਂ ਚਲਾਉਣ ਲਈ ਮਸ਼ੀਨਗੰਨਾਂ ਬੀੜੀਆਂ ਸਨ ਤੇ ਸੈਂਕੜੇ ਸਿੰਘ ਮਾਰ ਮੁਕਾਏ ਸਨ। ਇੱਕ ਸਿੰਘ ਜਿਸ ਦੇ ਹੱਥ ਵਿਚ ਨਿਸ਼ਾਨ ਸਾਹਿਬ ਫੜਿਆ ਹੋਇਆ ਸੀ, ਸ਼ਹੀਦ ਹੋ ਗਿਆ ਸੀ। ਕੋਲ ਖੜ੍ਹੀ ਇੱਕ ਬੀਬੀ ਜਿਸ ਦਾ ਨਾਂ ਇਤਿਹਾਸ ਅਨੁਸਾਰ ਬਲਵੀਰ ਕੌਰ ਸੀ, ਨੇ ਨਿਸ਼ਾਨ ਸਾਹਿਬ ਸੰਭਾਲ ਕੇ ਅੱਗੇ ਵਧਣਾ ਸ਼ੁਰੂ ਕੀਤਾ ਤਾਂ ਇੱਕ ਗੋਲੀ ਉਸ ਦੇ ਗੋਦੀ ਚੁੱਕੇ ਮਾਸੂਮ ਬੱਚੇ ਦੀ ਛਾਤੀ ਚੀਰ ਗਈ ਅਤੇ ਉਹ ਸਦਾ ਦੀ ਨੀਂਦ ਸੌਂ ਗਿਆ, ਪਰ ਉਸ ਬੀਬੀ ਨੇ ਸਿਦਕ ਨਹੀਂ ਛੱਡਿਆ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਗੁਰਦੁਆਰਾ ਟਿੱਬੀ ਸਹਿਬ ਵਿਚ 21-22 ਫਰਵਰੀ ਨੂੰ ਜੋੜ ਮੇਲਾ ਜੁੜਦਾ ਹੈ, ਜਿਥੇ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਪਿਛਲੇ ਕਈ ਸਾਲਾਂ ਤੋਂ ਇਹ ਮੇਲਾ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਹੈ ਅਤੇ 5 ਤੋਂ 6 ਦਿਨਾਂ ਤਕ ਚੱਲਣ ਵਾਲਾ ਇਹ ਸ਼ਹੀਦੀ ਮੇਲਾ ਕੇਵਲ ਇੱਕ ਦਿਨ ਵਿਚ ਸਿਮਟ ਗਿਆ ਹੈ।

***-ਧਰਮ ਪਾਲ ਪੁੰਨੀ***


# ਨਹਿਰ ਪੁੱਟ ਮੋਰਚਾ ਅਤੇ ਚੌਟਾਲਿਆਂ ਦੀ ਸਿਆਸਤ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਬਹੁਤ ਸਾਰੇ ਲੋਕਾਂ ਦੀ ਸਮਝ ਤੋਂ ਪਰੇ ਸੀ ਕਿ ਜਦੋਂ ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਕੰਮ ਹੋ ਚੁਕਾ ਸੀ ਤੇ ਵੋਟਾਂ ਦੀ ਗਿਣਤੀ ਅਜੇ ਹੋਣੀ ਰਹਿੰਦੀ ਸੀ, ਹਰਿਆਣਾ ਦੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਨਹਿਰ ਪੁੱਟਣ ਦੀ ਨੌਟੰਕੀ ਉਦੋਂ ਹੀ ਕਿਉਂ ਕੀਤੀ? ਇਨੈਲੋ ਦੇ ਰਾਜਸੀ ਖਾਨਦਾਨ ਦਾ ਮੋਢੀ ਚੌਧਰੀ ਦੇਵੀ ਲਾਲ ਕਿਸੇ ਸਮੇਂ ਸਾਂਝੇ ਪੰਜਾਬ ਵਿਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨਾਲ ਨਿਜੀ ਕਿੜਾਂ ਵਿਚੋਂ ਉਭਰਿਆ ਸੀ ਤੇ ਚਾਰ ਬੱਸਾਂ ਦੀ ਮਾਲਕੀ ਵਾਲੇ ਨਵੇਂ ਟਰਾਂਸਪੋਰਟਰ ਪ੍ਰਕਾਸ਼ ਸਿੰਘ ਬਾਦਲ ਨਾਲ ਉਸ ਦੀ ਨੇੜਤਾ ਇਸ ਕਰ ਕੇ ਬਣੀ ਸੀ ਕਿ ਬਾਦਲਾਂ ਨੂੰ ਨਾਨਕਿਆਂ ਤੋਂ ਮਿਲਿਆ ਬਾਲਾਸਰ ਫਾਰਮ ਉਸ ਦੇ ਪਿੰਡ ਦੇ ਨੇੜੇ ਸੀ। ਉਦੋਂ ਦੀ ਪਈ ਸਾਂਝ ਚੌਟਾਲਿਆਂ ਦੀ ਤੀਸਰੀ ਪੀੜ੍ਹੀ ਤੱਕ ਏਨੀ ਪੱਕੀ ਹੋ ਗਈ ਕਿ ਪਰਿਵਾਰ ਦਾ ਮੁਖੀ ਓਮ ਪ੍ਰਕਾਸ਼ ਚੌਟਾਲਾ ਜਦੋਂ ਭ੍ਰਿਸ਼ਟਾਚਾਰ ਦੇ ਇੱਕ ਕੇਸ 'ਚ ਜੇਲ੍ਹ ਚਲਾ ਗਿਆ ਤਾਂ ਉਸ ਦੀ ਚੋਣ-ਜੰਗ ਲੜਨ ਲਈ ਵੀ ਬਾਦਲ ਬਾਪ-ਬੇਟਾ ਨਾ ਸਿਰਫ ਉਹਦੀ ਥਾਂ ਖੜੋਤੇ, ਸਗੋਂ ਇਸ ਕੰਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਨਾਰਾਜ਼ ਕਰ ਲਿਆ। ਜਦੋਂ ਯਾਰ ਦੀ ਯਾਰੀ ਵੱਲ ਹੀ ਵੇਖਣਾ ਹੈ ਤੇ ਉਸ ਦੇ ਐਬ ਨਹੀਂ ਵੇਖਣੇ ਤਾਂ ਉਸ ਪਰਿਵਾਰ ਦੀ ਇਸ ਗੱਲ ਨੂੰ ਵੀ ਗੌਲਣ ਦੀ ਬਾਦਲ ਪਰਿਵਾਰ ਨੂੰ ਲੋੜ ਨਹੀਂ ਕਿ ਉਹ ਪੰਜਾਬ ਖਿਲਾਫ ਮੋਰਚੇ ਲਾਉਂਦੇ ਫਿਰਦੇ ਹਨ। ਬਾਦਲਾਂ ਲਈ ਇਸ ਮੋਰਚੇ ਨਾਲ ਸਗੋਂ ਭਵਿੱਖ ਦੀ ਰਾਜਨੀਤੀ ਦਾ ਇੱਕ ਪੜੁੱਲ ਬੱਝ ਰਿਹਾ ਹੈ, ਜਿਸ ਉਤੋਂ ਉਹ ਛਾਲਾਂ ਮਾਰਨਗੇ। ਜਦੋਂ ਪੰਜਾਬ ਦੇ ਲੋਕ ਵਿਧਾਨ ਸਭਾ ਵਾਸਤੇ ਪਾਈਆਂ ਵੋਟਾਂ ਦਾ ਨਤੀਜਾ ਉਡੀਕ ਰਹੇ ਸਨ, ਐਨ ਉਦੋਂ ਚੌਟਾਲਿਆਂ ਦਾ ਸਤਲੁਜ-ਜਮਨਾ ਨਹਿਰ ਦੇ ਬਹਾਨੇ ਪੰਜਾਬ ਵੱਲ ਮਾਰਚ ਕਰਨ ਦਾ ਫੈਸਲਾ ਸਿਰਫ ਉਨ੍ਹਾਂ ਦਾ ਨਹੀਂ, ਦੋਵਾਂ ਦੀ ਸਿਆਸੀ ਸਕੀਰੀ ਦਾ ਸਿੱਟਾ ਸੀ।



*ਅਭੈ ਚੌਟਾਲਾ (ਗੋਲ ਦਾਇਰੇ ਵਿਚ) ਦੀ ਅਗਵਾਈ ਹੇਠ ਐਸ.ਵਾਈ.ਐਲ. ਨਹਿਰ ਪੁੱਟਣ ਜਾ ਰਹੇ ਹਰਿਆਣਾ ਦੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਕਾਰਕੁਨ*

ਨਹਿਰ ਵਾਲੇ ਮੁੱਦੇ ਦੀ ਜੜ੍ਹ ਲੱਗਣ ਤੋਂ ਲੈ ਕੇ ਦੋਵਾਂ ਵੱਡੀਆਂ ਪਾਰਟੀਆਂ-ਕਾਂਗਰਸ ਤੇ ਅਕਾਲੀ ਦਲ ਦਾ ਰੋਲ ਪੰਜਾਬ ਦੇ ਲੋਕਾਂ ਨੂੰ ਬੁੱਧੂ ਸਮਝਣ ਵਾਲਾ ਰਿਹਾ ਹੈ। ਮੁੱਢ ਵਿਚ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਸੰਜੇ ਗਾਂਧੀ ਤੇ ਉਸ ਦੀ ਮਾਤਾ ਦੀ ਖੁਸ਼ੀ ਹਾਸਲ ਕਰਨ ਖਾਤਰ ਪਾਣੀਆਂ ਦਾ ਉਹ ਸਮਝੌਤਾ ਕੀਤਾ ਸੀ, ਜੋ ਪਾਣੀਆਂ ਦੇ ਮਾਹਰਾਂ ਦੀ ਸਲਾਹ ਤੋਂ ਸੱਖਣਾ ਸੀ। ਜਦੋਂ ਐਮਰਜੈਂਸੀ ਪਿੱਛੋਂ ਕੇਂਦਰ, ਪੰਜਾਬ ਤੇ ਹਰਿਆਣਾ ਤਿੰਨਾਂ ਥਾਂਵਾਂ ਤੋਂ ਕਾਂਗਰਸ ਪਾਰਟੀ ਦੀ ਸਫ ਸਮੇਟੀ ਗਈ ਸੀ ਤਾਂ ਪੰਜਾਬ ਵਿਚ 'ਛੋਟਾ ਭਾਈ' ਬਣ ਕੇ ਖੁਸ਼ ਰਹਿੰਦੇ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਬਣ ਕੇ ਹਰਿਆਣਾ ਵਿਚ ਮੁੱਖ ਮੰਤਰੀ ਬਣੇ ਆਪਣਾ 'ਬੜਾ ਭਾਈ' ਮੰਨੇ ਜਾਂਦੇ ਚੌਧਰੀ ਦੇਵੀ ਲਾਲ ਦੇ ਕਹਿਣ ਉਤੇ ਜ਼ੈਲ ਸਿੰਘ ਅਤੇ ਬੰਸੀ ਲਾਲ ਦੇ ਸਮਝੌਤੇ ਹੇਠ ਨਹਿਰ ਬਣਾਉਣ ਦੀ ਸਾਈ ਫੜੀ ਸੀ। ਹਰਿਆਣਾ ਵਿਧਾਨ ਸਭਾ ਵਿਚ ਚੌਧਰੀ ਦੇਵੀ ਲਾਲ ਦੀ ਕਹੀ ਇਹ ਗੱਲ ਹੁਣ ਵੀ ਰਿਕਾਰਡ ਉਤੇ ਹੈ ਕਿ 'ਪੰਜਾਬ ਵਿਚ ਮੇਰੇ ਛੋਟੇ ਭਰਾ ਬਾਦਲ ਦੇ ਮੁੱਖ ਮੰਤਰੀ ਹੋਣ ਕਾਰਨ ਹਰਿਆਣਾ ਦੇ ਲੋਕਾਂ ਲਈ ਨਹਿਰ ਪੁੱਟਣ ਦਾ ਜੁਗਾੜ ਹੋ ਗਿਆ ਹੈ ਤੇ ਨਹਿਰ ਦੀ ਜ਼ਮੀਨ ਐਕੁਆਇਰ ਕਰਨ ਲਈ ਮੇਰਾ ਦਿੱਤਾ ਸਾਈ ਦੇ ਇੱਕ ਕਰੋੜ ਰੁਪਏ ਦਾ ਚੈਕ ਉਸ ਨੇ ਪ੍ਰਵਾਨ ਕੀਤਾ ਹੈ।' ਤਿੰਨ ਸਾਲ ਹੋਰ ਲੰਘੇ ਤਾਂ ਇੰਦਰਾ ਗਾਂਧੀ ਦੇ ਦਾਬੇ ਵਾਲੀ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਉਸੇ ਨਹਿਰ ਦੀ ਖੁਦਾਈ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ, ਜਿਸ ਵਿਚ ਪੰਜਾਬ ਕਾਂਗਰਸ ਦੇ ਉਦੋਂ ਦੇ ਸਾਰੇ ਆਗੂ ਸ਼ਾਮਲ ਸਨ।

ਵਕਤ ਨੇ ਪਲਟੀ ਖਾਧੀ ਤੇ ਪੰਜਾਬ ਅੰਨ੍ਹੀ ਗਲੀ ਵਿਚ ਫਸ ਗਿਆ, ਜਿਸ ਵਿਚ ਬੱਸਾਂ ਵਿਚੋਂ ਲੋਕਾਂ ਨੂੰ ਕੱਢ ਕੇ ਮਾਰਨ ਤੋਂ ਗੱਲ ਚੱਲੀ ਤੇ ਆਪਣੇ-ਪਰਾਏ ਦਾ ਫਰਕ ਰੱਖੇ ਬਗੈਰ ਮੌਤ ਦੇ ਛੱਟੇ ਦੇਣ ਤੱਕ ਚਲੀ ਗਈ। ਜਾਣੀ-ਪਛਾਣੀ ਲੀਡਰਸ਼ਿਪ ਕੰਧਾਂ-ਕੌਲਿਆਂ ਓਹਲੇ ਲੁਕਦੀ ਫਿਰਦੀ ਸੀ। ਇਸ ਦੌਰ ਦੌਰਾਨ ਦਿੱਲੀ ਵਿਚ ਸਿੱਖਾਂ ਨਾਲ ਵਾਪਰੇ ਕਹਿਰ ਦੇ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਆਪਣੀ ਮਾਂ ਦੀ ਮੌਤ ਮਗਰੋਂ ਭਾਰਤ ਦੀ ਵਾਗ ਸੰਭਾਲਣ ਵਾਲੇ ਰਾਜੀਵ ਗਾਂਧੀ ਨੇ ਪੰਜਾਬ ਸਮਝੌਤਾ ਕਰ ਲਿਆ, ਜਿਹੜਾ ਕਦੇ ਸਿਰੇ ਨਹੀਂ ਚੜ੍ਹ ਸਕਿਆ। ਪਾਣੀਆਂ ਦਾ ਮੁੱਦਾ ਉਸ ਸਮਝੌਤੇ ਵਿਚ ਵੀ ਸ਼ਾਮਲ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਜਦੋਂ ਬਾਕੀ ਸਭ ਮੱਦਾਂ ਉਤੇ ਅਮਲ ਕਰਨ ਦਾ ਕੰਮ ਰੁਕਿਆ ਪਿਆ ਸੀ, ਹਰਿਆਣਾ ਨੂੰ ਪਾਣੀ ਦੇਣ ਵਾਸਤੇ ਇਸ ਨਹਿਰ ਦੀ ਪੁਟਾਈ ਲਈ ਗਵਰਨਰੀ ਰਾਜ ਵਿਚ ਵੀ ਮਸ਼ੀਨਾਂ ਤੇ ਸਰਕਾਰੀ ਮਸ਼ੀਨਰੀ ਘੁੰਮਦੀ ਰਹੀ। ਸੁਰੱਖਿਆ ਗਾਰਦਾਂ ਨਾਲ ਘੁੰਮਣ ਵਾਲੇ ਆਗੂ ਤੇ ਅਫਸਰ ਆਉਂਦੇ ਤੇ ਗੇੜਾ ਲਾ ਕੇ ਖਿਸਕ ਜਾਂਦੇ, ਪਰ ਉਹ ਨਹਿਰ ਪੁੱਟਣ ਵਾਲੇ ਮਜ਼ਦੂਰ ਰਾਤੀਂ ਝੁੱਗੀਆਂ ਵਿਚ ਰਹਿੰਦੇ ਸਨ। ਇੱਕ ਦਿਨ ਉਹ ਲੋਕ ਵਿਚਾਰੇ ਝੁੱਗੀਆਂ ਵਿਚ ਹੀ ਘੇਰ ਕੇ ਮਾਰ ਦਿੱਤੇ ਗਏ ਸਨ। ਢਿੱਡ ਦੀ ਅੱਗ ਬੁਝਾਉਣ ਲਈ ਮਿੱਟੀ ਦੇ ਬਾਟੇ ਚੁੱਕਣ ਵਾਲੇ ਉਨ੍ਹਾਂ ਗਰੀਬਾਂ ਨੂੰ ਮਰਨ ਵੇਲੇ ਤੱਕ ਇਹ ਪਤਾ ਨਹੀਂ ਹੋਣਾ ਕਿ ਲੜਾਈ ਕਿਸ ਗੱਲ ਦੀ, ਕਿਸ ਵੱਲੋਂ ਤੇ ਕਿਸ ਨਾਲ ਹੋ ਰਹੀ ਹੈ। ਉਸ ਦੇ ਬਾਅਦ ਉਸ ਨਹਿਰ ਦੀ ਉਸਾਰੀ ਰੋਕਣੀ ਪੈ ਗਈ ਸੀ।

ਰੁਕੀ ਹੋਈ ਇਸ ਖੇਡ ਦਾ ਅਗਲਾ ਪੜਾਅ ਉਦੋਂ ਆਇਆ, ਜਦੋਂ ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਦੀ ਤੀਸਰੀ ਸਰਕਾਰ ਮੁੱਕਣ ਦਾ 2002 ਵਿਚ ਆਖਰੀ ਮਹੀਨਾ ਬਾਕੀ ਸੀ ਤੇ ਚੋਣਾਂ ਲਈ ਐਲਾਨ ਹੋ ਚੁਕਾ ਸੀ। ਉਸ ਨੇ ਕਿਹਾ ਸੀ ਕਿ ਸਿਰਫ ਮੈਂ ਪੰਜਾਬ ਦੇ ਪਾਣੀ ਦੀ ਰਾਖੀ ਕਰ ਸਕਦਾ ਹਾਂ, ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਵੱਧ ਚੰਗੀ ਤਰ੍ਹਾਂ ਕਰ ਲਵਾਂਗਾ। ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ। ਬਾਦਲ ਦੀ ਤੀਸਰੀ ਸਰਕਾਰ ਦੇ ਆਖਰੀ ਮਹੀਨੇ ਆਏ ਸੁਪਰੀਮ ਕੋਰਟ ਦੇ ਫੈਸਲੇ ਨੂੰ ਅਮਰਿੰਦਰ ਸਿੰਘ ਨੇ ਲਾਗੂ ਨਾ ਕੀਤਾ ਤਾਂ ਕੇਸ ਮੁੜ ਕੇ ਸੁਪਰੀਮ ਕੋਰਟ ਚਲਾ ਗਿਆ। ਉਥੋਂ ਫਿਰ ਫੈਸਲਾ ਪੰਜਾਬ ਦੇ ਉਲਟ ਆ ਗਿਆ ਤਾਂ ਅਮਰਿੰਦਰ ਸਿੰਘ ਨੇ ਪਾਣੀਆਂ ਦੇ ਸਭ ਸਮਝੌਤੇ ਰੱਦ ਕਰਨ ਦਾ ਮਤਾ ਵਿਧਾਨ ਸਭਾ ਤੋਂ ਪਾਸ ਕਰਵਾ ਕੇ ਗਵਰਨਰ ਦੀ ਮੋਹਰ ਲਵਾ ਲਈ, ਜਿਸ ਨਾਲ ਇਹ ਮੁੱਦਾ ਫਿਰ ਸੁਪਰੀਮ ਕੋਰਟ ਚਲਾ ਗਿਆ। ਪੰਜਾਬ ਵਿਧਾਨ ਸਭਾ ਨੂੰ ਸਮਝੌਤੇ ਰੱਦ ਕਰਨ ਦਾ ਹੱਕ ਸੀ ਜਾਂ ਨਹੀਂ, ਇਸ ਗੱਲ ਬਾਰੇ ਜਦੋਂ ਰਾਸ਼ਟਰਪਤੀ ਨੇ ਕਾਨੂੰਨੀ ਰਾਏ ਮੰਗੀ ਤਾਂ ਸੁਪਰੀਮ ਕੋਰਟ ਨੇ ਬਾਰਾਂ ਸਾਲ ਪਿੱਛੋਂ ਉਦੋਂ ਦਿੱਤੀ, ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਿਧਰੇ ਰਹੀ, ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਦੀ ਚੌਥੀ ਲੰਘ ਕੇ ਪੰਜਵੀਂ ਸਰਕਾਰ ਦੇ ਵੀ ਮਸਾਂ ਪੰਜ ਮਹੀਨੇ ਬਾਕੀ ਬਚਦੇ ਸਨ। ਹੁਣ ਨਵਾਂ ਪੇਚ ਫਸ ਗਿਆ ਹੈ। ਬਾਦਲ ਸਰਕਾਰ ਨੇ ਨਹਿਰ ਲਈ ਐਕੁਆਇਰ ਕੀਤੀ ਜ਼ਮੀਨ ਹੀ ਕਿਸਾਨਾਂ ਨੂੰ ਵਾਪਸ ਦੇ ਦਿੱਤੀ ਹੈ ਤੇ ਇਹ ਕੰਮ ਉਸੇ ਮੁੱਖ ਮੰਤਰੀ ਨੇ ਕੀਤਾ ਹੈ, ਜਿਸ ਨੇ ਅਠੱਤੀ ਸਾਲ ਪਹਿਲਾਂ ਮੁੱਖ ਮੰਤਰੀ ਹੁੰਦਿਆਂ ਇਹੋ ਜ਼ਮੀਨ ਐਕੁਆਇਰ ਕੀਤੀ ਸੀ। ਹਰਿਆਣੇ ਦੀ ਸਰਕਾਰ ਫਿਰ ਸੁਪਰੀਮ ਕੋਰਟ ਵਿਚ ਜਾ ਪਹੁੰਚੀ ਹੈ। ਨਵਾਂ ਸਵਾਲ ਹੁਣ ਇਹ ਬਣ ਗਿਆ ਹੈ ਕਿ ਪੰਜਾਬ ਦੀ ਸਰਕਾਰ ਨੂੰ ਇਹ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦਾ ਹੱਕ ਹੈ ਕਿ ਨਹੀਂ, ਤੇ ਇਸ ਸਵਾਲ ਦਾ ਜਵਾਬ ਦੇਣ ਲਈ ਫਿਰ 12 ਸਾਲ ਸੁਪਰੀਮ ਕੋਰਟ ਵਿਚ ਲੱਗ ਸਕਦੇ ਹਨ। ਏਨਾ ਸਮਾਂ ਹੁਣ ਕੁਝ ਕਰਨ ਦੀ ਲੋੜ ਹੀ ਨਹੀਂ ਪੈਣੀ।

ਓਨੀ ਦੇਰ ਤੱਕ ਇੱਕ ਮੁੱਦਾ ਹੋਰ ਸਿਰ ਚੁੱਕੀ ਖੜਾ ਹੈ। ਰਾਸ਼ਟਰਪਤੀ ਵੱਲੋਂ ਮੰਗੀ ਗਈ ਰਾਏ ਸੁਪਰੀਮ ਕੋਰਟ ਨੇ ਪਿਛਲੇ ਸਾਲ ਦੇ ਦਿੱਤੀ ਸੀ ਕਿ ਅਮਰਿੰਦਰ ਸਿੰਘ ਦੇ ਵਕਤ ਵਿਧਾਨ ਸਭਾ ਨੇ ਜਿਹੜਾ ਮਤਾ ਪਾਸ ਕਰ ਦਿੱਤਾ, ਉਸ ਦਾ ਉਸ ਨੂੰ ਹੱਕ ਨਹੀਂ ਸੀ, ਪਰ ਸੁਪਰੀਮ ਕੋਰਟ ਨੇ ਮੰਗੀ ਰਾਏ ਦੇ ਦਿੱਤੀ, ਮਤਾ ਰੱਦ ਨਹੀਂ ਕੀਤਾ। ਇਸ ਦਾ ਕਾਰਨ ਇਹ ਹੈ ਕਿ ਮਤਾ ਰੱਦ ਕੀਤੇ ਜਾਣ ਦੀ ਮੰਗ ਹੀ ਹਰਿਆਣਾ ਨੇ ਨਹੀਂ ਸੀ ਕੀਤੀ। ਕੇਂਦਰ ਸਰਕਾਰ ਨੇ ਰਾਸ਼ਟਰਪਤੀ ਰਾਹੀਂ ਮਤੇ ਬਾਰੇ ਜਿੰਨੀ ਕਾਨੂੰਨੀ ਰਾਏ ਸੁਪਰੀਮ ਕੋਰਟ ਤੋਂ ਮੰਗੀ, ਸੁਪਰੀਮ ਕੋਰਟ ਨੇ ਦੇ ਦਿੱਤੀ ਹੈ, ਜਿਹੜੀ ਮੰਗ ਹੀ ਨਹੀਂ ਸੀ ਕੀਤੀ, ਤੇ ਜਿਹੜੀ ਹਰਿਆਣੇ ਨੂੰ ਕਰਨੀ ਬਣਦੀ ਸੀ, ਉਹ ਅੱਜ ਤੱਕ ਉਸ ਨੇ ਨਹੀਂ ਕੀਤੀ। ਹੁਣ ਜਦੋਂ ਨਵਾਂ ਕੇਸ ਕੀਤਾ ਤਾਂ ਫਿਰ ਇਹ ਸਵਾਲ ਉਠਾਇਆ ਹੈ ਕਿ ਪੰਜਾਬ ਦੀ ਬਾਦਲ ਸਰਕਾਰ ਨੂੰ ਕਿਸਾਨਾਂ ਨੂੰ ਜ਼ਮੀਨ ਮੋੜਨ ਦਾ ਹੱਕ ਹੈ ਕਿ ਨਹੀਂ, ਅਮਰਿੰਦਰ ਸਿੰਘ ਦੇ ਵੇਲੇ ਪਾਸ ਹੋਇਆ ਤੇ ਗਵਰਨਰ ਦੇ ਦਸਤਖਤਾਂ ਨਾਲ ਪੰਜਾਬ ਸਰਕਾਰ ਲਈ ਕਾਨੂੰਨ ਦੀ ਸ਼ਕਲ ਲੈ ਚੁਕਾ ਉਹ ਮਤਾ ਹਾਲੇ ਕਾਇਮ ਹੈ। ਕੱਲ੍ਹ ਨੂੰ ਕੇਂਦਰ ਦੀ ਮੋਦੀ ਸਰਕਾਰ ਇਸ ਮੁੱਦੇ ਉਤੇ ਕੋਈ ਦਖਲ ਦੇਣ ਲੱਗੀ ਤਾਂ ਪੰਜਾਬ ਦੀ ਸਰਕਾਰ ਜਿਹੜੀ ਵੀ ਹੋਈ, ਉਹ ਕਾਨੂੰਨੀ ਨੁਕਤਾ ਚੁੱਕ ਕੇ ਸੁਪਰੀਮ ਕੋਰਟ ਚਲੀ ਜਾਵੇਗੀ ਕਿ ਕੇਂਦਰ ਸਰਕਾਰ ਉਦੋਂ ਤੱਕ ਦਖਲ ਨਹੀਂ ਦੇ ਸਕਦੀ, ਜਦੋਂ ਤੱਕ ਸਾਡਾ ਇਹ ਬਿੱਲ ਕਾਇਮ ਹੈ ਤੇ ਨਹਿਰ ਪੁੱਟਣ ਦੀ ਸਹਿਮਤੀ ਵੀ ਨਹੀਂ ਦਿੱਤੀ ਜਾ ਸਕਦੀ। ਇਸ ਨਾਲ ਪੰਜ ਸਾਲ ਹੋਰ ਲੰਘ ਜਾਣਗੇ।

ਸਵਾਲ ਇਹ ਹੈ ਕਿ ਕੀ ਇਨ੍ਹਾਂ ਕਾਨੂੰਨੀ ਉਲਝਣਾਂ ਲਈ ਹਰਿਆਣੇ ਦੀ ਇਨੈਲੋ ਪਾਰਟੀ ਕਦੀ ਸੁਪਰੀਮ ਕੋਰਟ ਦੇ ਰਾਹ ਪਈ ਹੈ? ਕਦੇ ਵੀ ਨਹੀਂ ਪਈ, ਕਿਉਂਕਿ ਉਹ ਇਸ ਮੁੱਦੇ ਬਾਰੇ ਗੰਭੀਰ ਨਹੀਂ, ਸਿਰਫ ਰਾਜਨੀਤੀ ਕਰਨ ਦਾ ਮੌਕਾ ਭਾਲਦੀ ਹੈ। ਗੰਭੀਰ ਤਾਂ ਪੰਜਾਬ ਦੀ ਅਜੋਕੀ ਸਰਕਾਰ ਚਲਾ ਰਹੀ ਪਾਰਟੀ ਵੀ ਨਹੀਂ। ਜੇ ਇਸ ਸਰਕਾਰ ਦੀ ਨੀਤ ਪੰਜਾਬ ਦੇ ਪਾਣੀਆਂ ਦਾ ਕੇਸ ਗੰਭੀਰਤਾ ਨਾਲ ਲੜਨ ਦੀ ਹੁੰਦੀ ਤਾਂ ਕੇਸ ਲੜਨ ਲਈ ਉਹ ਵਕੀਲ ਨਾ ਹੁੰਦਾ, ਜਿਹੜਾ ਪਹਿਲਾਂ ਹਰਿਆਣੇ ਦੀ ਸਰਕਾਰ ਦਾ ਵਕੀਲ ਰਹਿ ਚੁਕਾ ਸੀ। ਪੰਜਾਬ ਵਿਚ ਵਕੀਲਾਂ ਦੀ ਘਾਟ ਨਹੀਂ ਤੇ ਜਿਹੜਾ ਰਾਮ ਜੇਠਮਲਾਨੀ ਹੁਣ ਡੰਗ-ਟਪਾਊ ਬਹਿਸ ਲਈ ਖੜਾ ਕੀਤਾ ਗਿਆ ਹੈ, ਉਹ ਵੀ ਇਸ ਮੌਕੇ ਖੜਾ ਕੀਤਾ ਜਾ ਸਕਦਾ ਸੀ। ਉਹੀ ਵਕੀਲ ਪਹਿਲਾਂ ਚੌਟਾਲਿਆਂ ਦੀ ਹਰਿਆਣਾ ਸਰਕਾਰ ਵੱਲੋਂ ਉਧਰ ਤੋਂ ਕੇਸ ਦੀ ਫਾਈਲ ਵੇਖਦਾ ਰਿਹਾ ਤੇ ਉਹੀ ਵਕੀਲ ਚੌਟਾਲਿਆਂ ਦੇ ਸਿਆਸੀ ਸਾਕਾਂ ਦੀ ਸਰਕਾਰ ਵੇਲੇ ਪੰਜਾਬ ਵੱਲੋਂ ਪਾਣੀਆਂ ਦਾ ਕੇਸ ਲੜਨ ਦਾ ਕੰਮ ਕਰੀ ਜਾਂਦਾ ਰਿਹਾ, ਇਸ ਤੋਂ ਸਾਰੀ ਖੇਡ ਦੀ ਸਮਝ ਆ ਜਾਣੀ ਚਾਹੀਦੀ ਹੈ। ਜਦੋਂ ਆਪੋ ਵਿਚ ਮਿਲ ਕੇ ਸਿਆਸੀ ਖੇਡ ਖੇਡਣ ਦੀ ਏਨੀ ਤਿੱਖੀ ਮੁਹਾਰਤ ਹਾਸਲ ਹੋਵੇ, ਚੌਟਾਲਾ ਟੱਬਰ ਦਾ ਇਹ ਮੋਰਚਾ ਗੱਲ ਹੀ ਕੁਝ ਨਹੀਂ। ਉਨ੍ਹਾਂ ਵੱਲੋਂ ਪੰਜਾਬ ਵੱਲ ਨੂੰ ਕੀਤਾ ਗਿਆ ਮਾਰਚ ਕੋਈ ਅਸਲੀ ਮੋਰਚਾ ਨਹੀਂ, ਉਸ ਮੋਰਚੇਬਾਜ਼ੀ ਦੇ ਪਾਖੰਡ ਦੀ ਡਰੈਸ ਰਿਹਰਸਲ ਮੰਨਿਆ ਜਾਣਾ ਚਾਹੀਦਾ ਹੈ, ਜੋ ਪੰਜਾਬ ਦੀਆਂ ਚੋਣਾਂ ਦੇ ਨਤੀਜੇ ਪਿੱਛੋਂ ਵੇਖਣ ਨੂੰ ਮਿਲਣੀ ਹੈ।

## ਉਡ ਜਾਣਗੇ !

ਅਜੇ ਰਾਜਸੀ ਹਵਾ ਹੈ 'ਹਵਾ' ਹੋਈ,
ਦੋਚਿੱਤੀ ਵਿਚ ਪਏ ਵਿਭਾਗ ਸਾਰੇ।

ਕਈ ਉਠ ਕੇ ਚੇਪੀਆਂ ਲਾਉਣ ਲੱਗੇ,
ਖੁੱਲ੍ਹੇ ਕਈਆਂ ਦੇ ਅਜੇ ਸੁਰਾਗ ਸਾਰੇ।

ਸਮਾਂ ਥੋੜ੍ਹਾ ਕੁਕਰਮਾਂ ਦੀ ਬਾਤ ਲੰਬੀ,
ਧੋਤੇ ਜਾਣੇ ਨ੍ਹੀਂ, ਲੱਗੇ ਹੋਏ ਦਾਗ ਸਾਰੇ।

ਨਵੀਂ ਬੀਨ 'ਤੇ ਨੱਚਣਗੇ ਫੇਰ ਮੁੜ ਕੇ,
ਕੁੰਜ ਲਾਹ ਕੇ ਜਲਦ ਹੀ ਨਾਗ ਸਾਰੇ।

ਸੁਪਨੇ ਆਉਣਗੇ ਭੁੱਜੇ ਕਬਾਬ ਵਾਲੇ,
ਉਠ ਕੇ ਖਾਣਗੇ ਸਰੋਂ ਦਾ ਸਾਗ ਸਾਰੇ।

ਰਾਗ ਗਾਉਣਗੇ ਪੰਥ ਦਾ ਫੇਰ 'ਜੋਧੇ',
ਭੁੱਲ ਗਏ ਜੋ ਰਾਗਣੀਆਂ, ਰਾਗ ਸਾਰੇ।

ਅਸਲ ਜੇਲ੍ਹ ਨਹੀਂ ਕਿਸੇ ਨੇ ਕਦੇ ਦੇਖੀ,
ਗੱਪਾਂ ਮਾਰਦੇ ਆਣ ਕੇ 'ਘਾਗ' ਸਾਰੇ।

ਗਿੱਧਾਂ, ਚਿੜੀਆਂ ਤੇ ਬਾਜ ਅਲੋਪ ਹੋਏ,
ਉਡ ਜਾਣਗੇ ਰਾਜ 'ਚੋਂ 'ਕਾਗ' ਸਾਰੇ।

*-ਹਰਜਿੰਦਰ ਗੁਲਪਰ*
*ਫੋਨ: 0061470605255*

# ਪੰਜਾਬ ਚੋਣਾਂ ਦੇ ਸੰਭਾਵੀ ਨਤੀਜਿਆਂ ਦਾ ਸੰਕੇਤ ਜਾਂ...

ਪੰਜਾਬ ਅਸੈਂਬਲੀ ਚੋਣਾਂ ਤਾਂ 4 ਫਰਵਰੀ ਨੂੰ ਸੁੱਖ ਸ਼ਾਂਤੀ ਨਾਲ ਪੈ ਗਈਆਂ ਪ੍ਰੰਤੂ ਉਤਰ ਪ੍ਰਦੇਸ਼ ਸਮੇਤ ਤਿੰਨ ਹੋਰ ਰਾਜਾਂ ਵਿਚ ਲੰਮੀ ਚੋਣ ਪ੍ਰਕ੍ਰਿਆ ਕਾਰਨ ਚੋਣਾਂ ਦੇ ਨਤੀਜੇ ਆਉਣ ਤੱਕ ਲੋਕਾਂ ਨੂੰ 11 ਮਾਰਚ ਤੱਕ ਬੇਹੱਦ ਬੇਸਬਰੀ ਭਰੀ ਉਡੀਕ ਕਰਨੀ ਪਵੇਗੀ। ਆਏ ਦਿਨ ਦੁਨੀਆਂ ਭਰ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਦੀਆਂ ਆਪਸ ਵਿਚ ਸ਼ਰਤਾਂ ਲੱਗ ਰਹੀਆਂ ਹਨ ਅਤੇ ਸੱਟੇਬਾਜ ਸੱਟਾ ਵੀ ਲਾਈ ਜਾ ਰਹੇ ਹਨ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਐਤਕੀਂ ਬਾਬੂ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਹਨੇਰੀ ਝੁਲੀ ਹੋਈ ਸੀ ਅਤੇ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਹੈ। ਦੂਜੇ ਪਾਸੇ ਜ਼ਰਾ ਕੁ ਜ਼ਬਤ ਨਾਲ ਗੱਲ ਕਰਨ ਵਾਲੇ ਸਿਆਣੇ ਸੱਜਣਾਂ ਦਾ ਕਹਿਣਾ ਹੈ ਕਿ ਅਜਿਹਾ ਕਤੱਈ ਸੰਭਵ ਨਹੀਂ। ਉਹ ਦਲੀਲਾਂ ਦਿੰਦੇ ਹਨ ਕਿ ਪਹਿਲੀ ਗੱਲ ਤਾਂ ਭਾਜਪਾ 23 ਸੀਟਾਂ 'ਤੇ ਚੋਣ ਲੜ ਰਹੀ ਹੈ ਅਤੇ ਉਹ ਇੱਕ-ਦੋ ਸੀਟਾਂ ਤੋਂ ਵੱਧ ਲਿਜਾਂਦੀ ਲੱਗਦੀ ਨਹੀਂ ਹੈ। ਅਖੇ ਉਨ੍ਹਾਂ ਦੀਆਂ ਬਾਕੀ ਬਹੁਤੀਆਂ ਸ਼ਹਿਰੀ ਸੀਟਾਂ 'ਆਪ' ਨਹੀਂ ਲਿਜਾ ਸਕਦੀ, ਉਹ ਕਾਂਗਰਸ ਹੀ ਲੈਜਾਏਗੀ। ਉਨ੍ਹਾਂ ਦੀ ਦਲੀਲ ਇਹ ਵੀ ਹੈ ਕਿ ਮੰਨਿਆ 'ਆਪ' ਦੀ ਹਨੇਰੀ ਮਾਲਵੇ ਵਿਚ ਝੁਲੀ ਹੋਈ ਸੀ ਪਰ ਮਾਲਵੇ ਦੇ ਸ਼ਹਿਰੀ ਖੇਤਰਾਂ ਦਾ ਹਿੰਦੂ ਐਤਕੀਂ ਵੀ 'ਆਪ' ਵੱਲ ਨਹੀਂ ਬਲਕਿ ਕਾਂਗਰਸ ਵੱਲ ਹੀ ਭੁਗਤਿਆ ਹੈ। ਫਿਰ




ਉਹ ਮਾਲਵੇ ਵਿਚੋਂ ਹੀ ਪਟਿਆਲਾ, ਬਰਨਾਲਾ, ਗਿੱਦੜਬਾਹਾ, ਫਾਜ਼ਿਲਕਾ ਜਾਂ ਰਾਜਪੁਰਾ ਵਰਗੀਆਂ ਕਾਂਗਰਸ ਦੀਆਂ ਹਰ ਹਾਲ ਵਿਚ ਪੱਕੀਆਂ ਸਮਝੀਆਂ ਜਾ ਰਹੀਆਂ ਸੀਟਾਂ ਗਿਣਾਉਣ ਲੱਗ ਜਾਂਦੇ ਹਨ ਤੇ 15 ਕੁ ਸੀਟਾਂ ਤੱਕ ਜਾ ਪਹੁੰਚਦੇ ਹਨ।

ਉਂਜ ਉਹ ਮੰਨ ਜਾਂਦੇ ਹਨ ਕਿ ਦੁਆਬੇ ਵਿਚ ਵੀ ਆਮ ਆਦਮੀ ਪਾਰਟੀ ਵਾਲੇ 8-10 ਸੀਟਾਂ ਕੱਢ ਜਾਣਗੇ। ਪ੍ਰੰਤੂ ਕਾਂਗਰਸ ਦਾ ਪੱਲੜਾ ਭਾਰੀ ਹੋਣ ਪਿਛੇ ਉਨ੍ਹਾਂ ਦੀ ਦਲੀਲ ਇਹ ਹੈ ਕਿ ਮਾਝਾ ਤਾਂ ਕਾਂਗਰਸ ਵੱਲ ਪੂਰੇ ਦਾ ਪੂਰਾ ਪੱਕਾ ਹੈ। ਉਥੇ 'ਆਪ' ਦੀ ਹਾਲਤ ਪਤਲੀ ਹੈ।

ਬਿਨਾ ਸ਼ੱਕ ਇਨ੍ਹਾਂ ਦਲੀਲਾਂ ਵਿਚ ਵਜ਼ਨ ਹੈ, ਪ੍ਰੰਤੂ ਮਾਝੇ ਅਤੇ ਚੁਫੇਰੇ ਧੁੰਮੀ ਇੱਕ ਖਬਰ ਇਹ ਵੀ ਹੈ ਕਿ ਅੰਮ੍ਰਿਤਸਰ ਜ਼ਿਲੇ ਦੇ ਬਾਬਾ ਬਕਾਲਾ ਚੋਣ ਹਲਕੇ ਵਿਚ ਰਈਆ ਮੰਡੀ ਤੋਂ ਮਹਿਜ 2 ਕਿਲੋਮੀਟਰ ਦੂਰ ਪੈਂਦੇ ਪਿੰਡ ਦਨਿਆਲ ਵਿਚ ਵੋਟਾਂ ਪੈਣ ਦਾ ਕੰਮ ਖਤਮ ਹੋਣ ਤੋਂ ਕੁਝ ਸਮਾਂ ਪਹਿਲਾਂ ਮਸ਼ੀਨ ਵਿਚ ਖਰਾਬੀ ਆ ਗਈ। ਡੱਬੇ ਦੀ ਅਦਲਾ-ਬਦਲੀ ਦੇ ਚੱਕਰ ਵਿਚ ਵੋਟਾਂ ਗਿਣ ਹੋ ਗਈਆਂ ਜੋ ਕਰੀਬ 225 ਵੋਟਾਂ ਗਿਣੀਆਂ ਗਈਆਂ, ਉਨ੍ਹਾਂ ਵਿਚੋਂ 'ਆਪ' ਦੇ ਹੱਕ ਵਾਲਾ ਅੰਕੜਾ 200 ਤੋਂ ਵੀ ਪਾਰ ਸੀ! ਕਿਸੇ ਸਮੇਂ ਇਹ ਪਿੰਡ ਕਾਂਗਰਸੀਆਂ ਦਾ ਗੜ੍ਹ ਸਮਝਿਆ ਜਾਂਦਾ ਸੀ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪਿੰਡ ਵਿਚ ਆਮ ਆਦਮੀ ਪਾਰਟੀ ਦਾ ਕੋਈ ਵੀ ਵਲੰਟੀਅਰ ਨਹੀਂ ਸੀ। ਬਸ ਲੋਕ ਆਪ ਮੁਹਾਰੇ ਹੀ ਵੋਟਾਂ ਪਾਈ ਗਏ।

ਖਬਰ ਸਨਸਨੀਖੇਜ ਹੈ। ਨਿੱਕੇ ਜਿਹੇ ਪਿੰਡ ਦਨਿਆਲ ਵਿਚ ਬਿੱਲੀ ਥੈਲੇ ਵਿਚੋਂ ਜੇ ਇਸ ਰੰਗ ਦੀ ਨਿਕਲੀ ਹੈ ਤਾਂ ਕੌਣ ਕਹਿ ਸਕਦਾ ਹੈ ਕਿ ਮਾਝੇ ਦੇ ਬਾਕੀ ਪਿੰਡਾਂ ਦੇ ਲੋਕ ਬਾਦਲਾਂ ਅਤੇ ਕਾਂਗਰਸੀਆਂ ਦੇ ਖਿਲਾਫ ਮਨਾਂ ਅੰਦਰ ਕਿਸ ਤਰ੍ਹਾਂ ਦਾ "ਤਹੱਈਆ ਐ ਤੁਫਾਂ ਕੀਏ ਹੁਏ" ਹਨ।

ਜੋ ਵੀ ਹੈ ਨਿੱਕੇ ਜਿਹੇ ਪਿੰਡ ਦੀ ਇਸ ਨਿੱਕੀ ਜਿਹੀ ਖਬਰ ਨੇ ਪੰਜਾਬ ਦੀਆਂ ਰਵਾਇਤੀ ਮੋਹਰੀ ਧਿਰਾਂ ਦੇ ਮਨਾਂ ਵਿਚ ਤਕੜੇ ਕਾਂਬੇ ਛੇੜੇ ਹੋਏ ਹਨ। ਉਨ੍ਹਾਂ ਨੂੰ ਆਪਣੇ ਬੇੜੇ 'ਆਪ' ਦੇ ਤੁਫਾਨ ਵਿਚ ਡੁੱਬਦੇ ਸਾਫ ਨਜ਼ਰ ਆ ਰਹੇ ਹਨ।

*-ਗੁਰਦਿਆਲ ਸਿੰਘ ਬੱਲ*
*ਫੋਨ: 647-982-6091*

# ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੂਹ ਦਾ ਜਲ ਹੋਵੇਗਾ ਬਰਾਮਦ



**ਅੰਮ੍ਰਿਤਸਰ:** ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੂਹ ਦਾ ਪਵਿੱਤਰ ਜਲ ਸੰਸਾਰ ਭਰ 'ਚ ਨਿਰਯਾਤ ਕੀਤਾ ਜਾਵੇਗਾ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਉਪਰੋਕਤ ਮੁਕੱਦਸ ਖੂਹ ਦੇ ਜਲ ਨੂੰ ਆਬ-ਏ-ਜ਼ਮਜ਼ਮ ਦੇ ਸਮਾਨ ਦੱਸਦਿਆਂ ਇਸਲਾਮਾਬਾਦ ਸੰਸਦ ਹਾਊਸ 'ਚ ਧਾਰਮਿਕ ਮਾਮਲਿਆਂ ਦੀ ਸੈਨੇਟ ਸਟੈਂਡਿੰਗ ਕਮੇਟੀ 'ਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਸਦੀਕਉੱਲ ਫਾਰੂਕ ਨੇ ਇਹ ਜਾਣਕਾਰੀ ਸਾਂਝੀ ਕੀਤੀ।


ਉਨ੍ਹਾਂ ਸੈਨੇਟ ਮੈਂਬਰਾਂ ਨੂੰ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਉਪਰੋਕਤ ਖੂਹ ਦਾ ਜਲ ਵਿਸ਼ਵ ਦੇ ਹਰ ਦੇਸ਼ 'ਚ ਨਿਰਯਾਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਫਾਰੂਕ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਇਤਿਹਾਸਕ ਖੂਹ, ਜਿਸ ਦਾ ਜਲ ਸਿੱਖ ਭਾਈਚਾਰੇ ਲਈ ਅੰਮ੍ਰਿਤ ਜਲ ਦੇ ਸਮਾਨ ਹੈ, ਲੰਮੇ ਸਮੇਂ ਤੋਂ ਬੰਦ ਸੀ ਤੇ ਈ.ਟੀ.ਪੀ.ਬੀ. ਨੇ ਖੂਹ ਦਾ ਨਵ-ਨਿਰਮਾਣ ਕਰਵਾ ਕੇ ਤੇ ਇਸ 'ਚ ਫਿਲਟਰੇਸ਼ਨ ਪਲਾਂਟ ਲਗਾ ਕੇ ਜਲ ਨੂੰ ਪੀਣ ਲਾਇਕ ਬਣਾ ਦਿੱਤਾ ਹੈ।

ਉਸ ਨੇ ਬੋਰਡ ਦੀਆਂ ਕਾਰਗੁਜ਼ਾਰੀਆਂ ਦਾ ਵਰਣਨ ਕਰਦਿਆਂ ਦੱਸਿਆ ਕਿ ਦੇਸ਼ ਦੀ ਵੰਡ ਦੇ ਬਾਅਦ ਤੋਂ ਬੰਦ ਪਏ ਪਿਸ਼ਾਵਰ ਦੇ ਗੁਰਦੁਆਰਾ ਭਾਈ ਬੀਬਾ ਸਿੰਘ ਸਹਿਤ ਸ੍ਰੀ ਨਨਕਾਣਾ ਸਾਹਿਬ ਦੇ ਦੋ ਗੁਰਦੁਆਰਿਆਂ ਨੂੰ ਈ.ਟੀ.ਪੀ.ਬੀ. ਵੱਲੋਂ ਪਿਛਲੇ ਸਮੇਂ ਦੌਰਾਨ ਖੁਲ੍ਹਵਾ ਕੇ ਨਵ-ਨਿਰਮਾਣ ਕਰਵਾਇਆ ਗਿਆ ਹੈ।

ਚੇਅਰਮੈਨ ਫਾਰੂਕ ਵੱਲੋਂ ਸੈਨੇਟ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਦੇਸ਼-ਵਿਦੇਸ਼ ਤੋਂ ਸਿੱਖਾਂ ਨੂੰ ਯਾਤਰਾ ਦੌਰਾਨ ਪਵਿੱਤਰ ਬੀੜ ਨੂੰ ਪਾਕਿਸਤਾਨ ਲਿਆਉਣ ਲੱਗਿਆਂ ਸਰਹੱਦ 'ਤੇ ਜਾਂਚ ਕਰਵਾਉਣੀ ਪੈਂਦੀ ਹੈ ਤੇ ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਹੈ। ਇਸ ਲਈ ਬੇਅਦਬੀ ਰੋਕਣ ਲਈ ਪਵਿੱਤਰ ਬੀੜ ਦੀ ਛਪਾਈ ਜਲਦੀ ਪਾਕਿਸਤਾਨ 'ਚ ਕਰਾਈ ਜਾਵੇਗੀ। ਇਸ 'ਤੇ ਚੇਅਰਮੈਨ ਸੈਨੇਟਰ ਨੇ ਕਿਹਾ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਉਰਦੂ ਲਿਪੀ ਵਿਚ ਪ੍ਰਕਾਸ਼ਿਤ ਹਨ ਤਾਂ ਉਹ ਵੀ ਜ਼ਰੂਰ ਪੜ੍ਹਨਾ ਚਾਹੇਗਾ। ਦੱਸਣਯੋਗ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ ਕਿ ਪਾਕਿਸਤਾਨ 'ਚ ਕਿਸੇ ਵੀ ਸੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਨਹੀਂ ਹੋਣ ਦਿੱਤੀ ਜਾਵੇਗੀ ਤੇ ਪਾਕਿਸਤਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦੀ ਮੰਗ ਕਰਨ 'ਤੇ ਪੂਰੀ ਮਰਿਆਦਾ ਨਾਲ ਬੀੜਾਂ ਭੇਜੀਆਂ ਜਾਣਗੀਆਂ। ਉਧਰ ਈ.ਟੀ.ਪੀ.ਬੀ. ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਦੇ ਫੈਸਲੇ 'ਤੇ ਪਾਕਿ ਸਿੱਖਾਂ ਦੀਆਂ ਵੀ ਅਜੇ ਤੱਕ ਇਕ ਰਾਇ ਨਹੀਂ ਬਣ ਸਕੀ ਹੈ।

## ਭਗਤ ਸਿੰਘ ਦੇ ਟਿਕਾਣੇ ਨੂੰ ਵਿਰਾਸਤੀ ਦਿਖ ਲਈ ਸਰਗਰਮੀ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਫਿਰੋਜ਼ਪੁਰ ਤੂੜੀ ਬਾਜ਼ਾਰ ਵਿਚਲਾ ਟਿਕਾਣਾ ਜੋ ਉਨ੍ਹਾਂ ਦੀ ਸ਼ਹਾਦਤ ਤੋਂ 83 ਸਾਲ ਬਾਅਦ ਇਤਿਹਾਸਕਾਰ ਰਾਕੇਸ਼ ਕੁਮਾਰ ਨੇ ਖੋਜਿਆ ਹੈ, ਨੂੰ ਵਿਰਾਸਤੀ ਯਾਦਗਾਰ ਵਜੋਂ ਵਿਕਸਿਤ ਕਰਨ ਦੀ ਮੰਗ ਜ਼ੋਰ ਫੜਨ ਲੱਗ ਪਈ ਹੈ। ਇਸ ਮੰਗ ਲਈ ਸ਼ੁਰੂ ਹੋਏ ਸੰਘਰਸ਼ ਵਿਚ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਪੰਜਾਬ ਸਟੂਡੈਂਟ ਯੂਨੀਅਨ (ਪੀ.ਐਸ.ਯੂ.) ਦੇ ਸੂਬਾ ਪ੍ਰਧਾਨ ਰਾਜਿੰਦਰ ਸਿੰਘ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਖਿਲਾਫ਼ ਚੱਲੀ ਅਦਾਲਤੀ ਕਾਰਵਾਈ ਵਿਚ 19 ਗਵਾਹਾਂ ਨੇ ਵੀ ਪੁਸ਼ਟੀ ਕੀਤੀ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਾਲੀ ਇਮਾਰਤ ਉਨ੍ਹਾਂ ਦੀ ਛੁਪਣਗਾਹ ਸੀ। ਇਹ ਟਿਕਾਣਾ ਭਾਰਤ ਦੇ ਕ੍ਰਾਂਤੀਕਾਰੀ ਅੰਦੋਲਨ ਵਿਚ ਅਹਿਮ ਸਥਾਨ ਰੱਖਦਾ ਹੈ। ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦਾ ਪੰਜਾਬ ਵਿਚ ਇਹ ਮੁੱਖ ਗੁਪਤ ਟਿਕਾਣਾ ਸੀ। ਇਸ ਇਮਾਰਤ ਨਾਲ ਦੇਸ਼ ਦੇ ਸ਼ਹੀਦਾਂ ਦੀਆਂ ਅਹਿਮ ਯਾਦਾਂ ਜੁੜੀਆਂ ਹੋਈਆਂ ਹਨ। ਇਸ ਸਬੰਧੀ ਪੀ.ਐਸ.ਯੂ. ਅਤੇ ਨੌਜਵਾਨ ਭਾਰਤ ਸਭਾ ਵੱਲੋਂ 23 ਮਾਰਚ ਨੂੰ ਫਿਰੋਜ਼ਪੁਰ ਵਿਚ ਕਰਵਾਏ ਜਾ ਰਹੇ ਸਮਾਗਮ ਵਿਚ ਬੀ.ਕੇ. ਦੱਤ ਦੀ ਬੇਟੀ ਭਾਰਤੀ ਬਾਗਚੀ (ਪਟਨਾ), ਡਾ. ਗਯਾ ਪ੍ਰਸ਼ਾਦ ਦੇ ਬੇਟੇ ਕ੍ਰਾਂਤੀ ਕੁਮਾਰ (ਕਾਨਪੁਰ), ਮਹਾਂਵੀਰ ਸਿੰਘ ਦੇ ਪਰਿਵਾਰਕ ਮੈਂਬਰ ਅਸੀਮ ਰਾਠੌੜ (ਜੈਪੁਰ), ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਅਤੇ ਸ਼ਹੀਦ ਰਾਜਗੁਰੂ ਦੇ ਕਰੀਬੀ ਰਿਸ਼ਤੇਦਾਰ ਸ਼ਾਂਤਨੂ ਐਸ. ਰਾਜਗੁਰੂ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਤੇ ਪੁਰਾਤੱਤਵੀ ਥਾਵਾਂ ਰੀਮੈਨਜ਼ ਐਕਟ 1964 ਦੀ ਧਾਰਾ 4 (1) ਤਹਿਤ 22 ਦਸੰਬਰ 2014 ਨੂੰ ਇਮਾਰਤ ਨੂੰ ਵਿਰਾਸਤੀ ਇਮਾਰਤ ਵਜੋਂ ਸਾਂਭਣ ਲਈ ਭਾਰਤ ਸਰਕਾਰ ਨੂੰ ਯਾਦ ਪੱਤਰ ਭੇਜਿਆ ਸੀ ਅਤੇ 25 ਦਸੰਬਰ 2015 ਨੂੰ ਪੰਜਾਬ ਸਰਕਾਰ ਨੇ ਇਸ ਇਮਾਰਤ ਨੂੰ ਵਿਰਾਸਤੀ ਇਮਾਰਤ ਦਾ ਦਰਜਾ ਵੀ ਦੇ ਦਿੱਤਾ ਸੀ, ਪਰ ਇਸ ਤੋਂ ਬਾਅਦ ਇਸ ਇਮਾਰਤ ਦੀ ਸਾਂਭ ਸੰਭਾਲ ਲਈ ਕੋਈ ਵਿਸ਼ੇਸ਼ ਕਦਮ ਨਹੀਂ ਚੁੱਕੇ ਗਏ।



# ਖੁਦਕੁਸ਼ੀਆਂ ਦੇ 70% ਕੇਸ ਮੁਆਵਜ਼ੇ ਲਈ 'ਅਣਫਿੱਟ'



**ਬਠਿੰਡਾ:** ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਮਜ਼ਦੂਰਾਂ ਦੇ ਤਕਰੀਬਨ 70 ਫੀਸਦੀ ਕੇਸ ਸਰਕਾਰੀ ਮੁਆਵਜ਼ੇ ਲਈ 'ਅਣਫਿੱਟ' ਕਰਾਰ ਦੇ ਦਿੱਤੇ ਗਏ। ਪੀੜਤ ਪਰਿਵਾਰਾਂ ਲਈ ਇਹ ਵੱਡਾ ਝਟਕਾ ਹੈ। ਲੰਘੇ ਸਾਢੇ ਤਿੰਨ ਵਰ੍ਹਿਆਂ ਦੌਰਾਨ ਇਨ੍ਹਾਂ ਪੀੜਤ ਪਰਿਵਾਰਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਸਰਕਾਰੀ ਮੁਆਵਜ਼ਾ ਰਾਸ਼ੀ ਲਈ ਦਰਖਾਸਤਾਂ ਦਿੱਤੀਆਂ ਸਨ। ਬਹੁਤੇ ਕੇਸ ਪੋਸਟਮਾਰਟਮ ਤੇ ਪੁਲਿਸ ਰਿਪੋਰਟ ਦੀ ਕਮੀ ਕਾਰਨ ਰੱਦ ਕੀਤੇ ਗਏ ਹਨ ਜਦੋਂ ਕਿ ਕਈ ਕੇਸਾਂ 'ਚ ਮੌਤ ਦਾ ਕਾਰਨ ਕਰਜ਼ਾ ਨਾ ਮੰਨ ਕੇ ਮੁਆਵਜ਼ੇ ਤੋਂ ਇਨਕਾਰ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰਾਂ ਤੋਂ ਆਰ.ਟੀ.ਆਈ. ਤਹਿਤ ਮਿਲੀ ਜਾਣਕਾਰੀ ਅਨੁਸਾਰ ਬਠਿੰਡਾ, ਮਾਨਸਾ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ 'ਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦੇ 1095 ਕੇਸ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿਚੋਂ ਸਿਰਫ 336 ਕੇਸਾਂ ਨੂੰ ਹੀ ਮੁਆਵਜ਼ੇ ਦੇ ਯੋਗ ਪਾਇਆ ਗਿਆ ਹੈ ਜੋ 30.68 ਫੀਸਦੀ ਬਣਦੇ ਹਨ। ਬਾਕੀ 759 ਕੇਸਾਂ ਨੂੰ ਵੱਖ-ਵੱਖ ਆਧਾਰ 'ਤੇ ਰੱਦ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵੱਲੋਂ ਖੁਦਕੁਸ਼ੀ ਵਾਲੇ ਕੇਸਾਂ ਨੂੰ ਵਿਚਾਰਿਆ ਜਾਂਦਾ ਹੈ ਅਤੇ ਪੜਤਾਲ ਮਗਰੋਂ ਯੋਗ ਕੇਸ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਪਹਿਲੀ ਅਪਰੈਲ, 2013 ਤੋਂ 22 ਜੁਲਾਈ, 2015 ਤੱਕ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਪ੍ਰਤੀ ਕੇਸ ਦੋ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਸੀ। ਉਸ ਮਗਰੋਂ ਇਹ ਰਾਸ਼ੀ ਵਧਾ ਕੇ 3 ਲੱਖ ਰੁਪਏ ਕਰ ਦਿੱਤੀ ਗਈ।

ਬਠਿੰਡਾ ਜ਼ਿਲ੍ਹੇ 'ਚ ਸਾਢੇ ਤਿੰਨ ਵਰ੍ਹਿਆਂ ਦੌਰਾਨ 471 ਪੀੜਤਾਂ ਨੇ ਸਹਾਇਤਾ ਰਾਸ਼ੀ ਲਈ ਦਰਖਾਸਤਾਂ ਦਿੱਤੀਆਂ ਸਨ, ਜਿਨ੍ਹਾਂ ਵਿਚੋਂ 262 ਕੇਸਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ 209 ਕੇਸਾਂ ਨੂੰ 'ਚ ਸਹਾਇਤਾ ਰਾਸ਼ੀ ਦਿੱਤੀ ਗਈ ਹੈ। ਮਾਨਸਾ ਜ਼ਿਲ੍ਹੇ 'ਚ ਇਸ ਸਮੇਂ ਦੌਰਾਨ 262 ਪੀੜਤਾਂ ਨੇ ਦਰਖਾਸਤਾਂ ਦਿੱਤੀਆਂ, ਪਰ ਇਸ ਜ਼ਿਲ੍ਹੇ ਵਿਚ ਸਿਰਫ 34 ਕੇਸ ਹੀ ਯੋਗ ਪਾਏ ਗਏ ਜਦੋਂ ਕਿ ਬਾਕੀ 228 ਕੇਸ ਰੱਦ ਕਰ ਦਿੱਤੇ ਗਏ। ਬਹੁਤੇ ਕੇਸ ਸਬੂਤਾਂ ਦੀ ਘਾਟ ਕਾਰਨ ਰੱਦ ਕੀਤੇ ਗਏ ਹਨ।

### *ਕੀ ਹੈ ਕਿਸਾਨਾਂ ਦਾ ਤਰਕ...*

**ਬਠਿੰਡਾ:** ਸਰਕਾਰੀ ਵੇਰਵਿਆਂ ਅਨੁਸਾਰ ਜ਼ਿਲ੍ਹਾ ਬਰਨਾਲਾ 'ਚ 173 ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚੋਂ 75 ਕੇਸਾਂ ਨੂੰ ਹੀ ਜ਼ਿਲ੍ਹਾ ਕਮੇਟੀ 'ਚ ਵਿਚਾਰਿਆ ਗਿਆ ਅਤੇ ਸਿਰਫ 26 ਕੇਸ ਪ੍ਰਵਾਨ ਕੀਤੇ ਗਏ ਹਨ। ਜ਼ਿਲ੍ਹਾ ਸੰਗਰੂਰ ਵਿਚ 287 ਦਰਖਾਸਤਾਂ 'ਚੋਂ ਸਿਰਫ 67 ਕੇਸਾਂ ਨੂੰ ਹੀ ਮੁਆਵਜ਼ੇ ਲਈ ਪ੍ਰਵਾਨ ਕੀਤਾ ਗਿਆ। ਕਿਸਾਨ ਆਗੂ ਗੁਰਦੀਪ ਸਿੰਘ ਨੇ ਕਿਹਾ ਕਿ ਜੇਕਰ ਕਿਸਾਨ ਦੀ ਮੌਤ ਦਿਲ ਦੇ ਦੌਰੇ ਨਾਲ ਹੁੰਦੀ ਹੈ ਤਾਂ ਉਸ ਪਿੱਛੇ ਵੀ ਕਾਰਨ ਤਾਂ ਕਰਜ਼ਾ ਹੀ ਹੁੰਦਾ ਹੈ ਜਿਸ ਕਾਰਨ ਤਣਾਅ ਪੈਦਾ ਹੁੰਦਾ ਹੈ।

ਕਰਜ਼ੇ ਕਾਰਨ ਬਹੁਤੇ ਕਿਸਾਨ ਬਿਮਾਰੀਆਂ ਦੇ ਜਾਲ ਵਿਚ ਫਸੇ ਹੋਏ ਹਨ ਅਤੇ ਉਨ੍ਹਾਂ ਕੋਲ ਇਲਾਜ ਲਈ ਪੈਸਾ ਵੀ ਨਹੀਂ ਹੈ। ਕਿਸਾਨ ਆਗੂ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਬਹੁਤੇ ਕਿਸਾਨ ਮਜ਼ਦੂਰ ਪਰਿਵਾਰ ਅਨਪੜ੍ਹਤਾ ਕਾਰਨ ਪੋਸਟਮਾਰਟਮ ਵਗੈਰਾ ਜਾਂ ਫਿਰ ਪੁਲਿਸ ਕੇਸ ਦਰਜ ਨਹੀਂ ਕਰਾਉਂਦੇ ਹਨ ਜਦੋਂ ਕਿ ਉਨ੍ਹਾਂ ਕੋਲ ਬਾਕੀ ਹੋਰ ਸਬੂਤ ਮੌਜੂਦ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪਿੰਡ 'ਚੋਂ ਤਸਦੀਕ ਕਰਨ ਮਗਰੋਂ ਇਹ ਕੇਸ ਮੁੜ ਵਿਚਾਰੇ ਜਾਣ।

# ਸਟੇਟ ਬੈਂਕ ਵਿਚ ਰਲਾਏ ਜਾਣਗੇ ਪੰਜ ਬੈਂਕ

**ਨਵੀਂ ਦਿੱਲੀ:** ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਦੇ ਸਾਰੇ ਪੰਜ ਸਹਿਯੋਗੀ ਬੈਂਕਾਂ ਦਾ ਰਲੇਵਾਂ ਪਹਿਲੀ ਅਪਰੈਲ, 2017 ਤੋਂ ਸ਼ੁਰੂ ਹੋਵੇਗਾ। ਇਹ ਭਾਰਤ ਦੇ ਬੈਂਕਿੰਗ ਇਤਿਹਾਸ ਦਾ ਸਭ ਤੋਂ ਵੱਡਾ ਰਲੇਵਾਂ ਹੋਵੇਗਾ।

ਐਸ.ਬੀ.ਆਈ. ਨੇ ਸ਼ੇਅਰ ਬਾਜ਼ਾਰਾਂ ਨੂੰ ਭੇਜੀ ਸੂਚਨਾ 'ਚ ਦੱਸਿਆ ਹੈ ਕਿ ਸਟੇਟ ਬੈਂਕ ਆਫ ਪਟਿਆਲਾ (ਐਸ.ਬੀ.ਪੀ.), ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ (ਐਸ.ਬੀ.ਬੀ.ਜੇ.), ਸਟੇਟ ਬੈਂਕ ਆਫ ਮੈਸੂਰ (ਐਸ.ਬੀ.ਐਮ.), ਸਟੇਟ ਬੈਂਕ ਆਫ ਤਰਾਵਨਕੋਰ (ਐਸ.ਬੀ.ਟੀ.) ਤੇ ਸਟੇਟ ਬੈਂਕ ਆਫ ਹੈਦਰਾਬਾਦ (ਐਸ.ਬੀ.ਐਚ.) ਦੀਆਂ ਜਾਇਦਾਦਾਂ ਪਹਿਲੀ ਅਪਰੈਲ 2017 ਤੋਂ ਐਸ.ਬੀ.ਆਈ. ਨੂੰ ਟਰਾਂਸਫਰ ਹੋ ਜਾਣਗੀਆਂ। ਮਤਲਬ ਕਿ ਪਹਿਲੀ ਅਪਰੈਲ ਤੋਂ ਇਨ੍ਹਾਂ ਪੰਜ ਬੈਂਕਾਂ ਨੂੰ ਐਸ.ਬੀ.ਆਈ. 'ਚ ਸ਼ਾਮਲ ਕਰਨ ਦਾ ਕੰਮ ਸ਼ੁਰੂ ਹੋ ਜਾਵੇਗਾ।

ਇਨ੍ਹਾਂ ਪੰਜ ਸਹਿਯੋਗੀ ਬੈਂਕਾਂ ਦੇ ਰਲੇਵੇਂ ਨਾਲ ਐਸ.ਬੀ.ਆਈ. ਜਾਇਦਾਦ ਦੇ ਆਧਾਰ 'ਤੇ ਦੁਨੀਆਂ ਦੇ ਵੱਡੇ ਬੈਂਕਾਂ 'ਚ ਸ਼ਾਮਲ ਹੋ ਜਾਵੇਗਾ। ਇਸ ਦੀ ਕੁੱਲ ਜਾਇਦਾਦ 37 ਲੱਖ ਕਰੋੜ ਰੁਪਏ ਹੋਵੇਗੀ। ਰਲੇਵੇਂ ਤੋਂ ਬਾਅਦ ਇਸ ਦੀਆਂ 22,500 ਸ਼ਾਖਾਵਾਂ ਤੇ 58,000 ਏ.ਟੀ.ਐਮ. ਦਾ ਵੱਡਾ ਨੈੱਟਵਰਕ ਹੋਵੇਗਾ। ਬੈਂਕ ਦੇ ਗਾਹਕਾਂ ਦੀ ਗਿਣਤੀ ਵੀ 50 ਕਰੋੜ ਤੋਂ ਵਧ ਹੋਵੇਗੀ। ਸਟੇਟ ਬੈਂਕ ਆਫ ਪਟਿਆਲਾ ਤੇ ਸਟੇਟ ਬੈਂਕ ਆਫ ਹੈਦਰਾਬਾਦ ਦੇ ਰਲੇਵੇਂ ਲਈ ਐਸ.ਬੀ.ਆਈ. ਨੇ ਵੱਖਰੀ ਯੋਜਨਾ ਬਣਾਈ ਹੈ।

# ਪ੍ਰੇਮ ਸਬੰਧਾਂ ਕਾਰਨ ਕੀਤੀ ਸੀ ਤਿੰਨ ਔਰਤਾਂ ਦੀ ਹੱਤਿਆ

**ਜਲੰਧਰ:** ਲਾਜਪਤ ਨਗਰ ਵਿਚ ਤਿੰਨ ਔਰਤਾਂ ਦੀ ਹੱਤਿਆ ਦਾ ਮੁੱਖ ਕਾਰਨ ਪ੍ਰੇਮ ਸਬੰਧਾਂ ਵਿਚ ਅੜਿੱਕਾ ਬਣ ਰਹੀ ਪਤਨੀ ਨੂੰ ਰਾਹ ਵਿਚੋਂ ਹਟਾਉਣਾ ਸੀ। ਅਮਨਿੰਦਰ ਸਿੰਘ ਨੇ ਪਤਨੀ ਦੀ ਹੱਤਿਆ ਲਈ 8 ਲੱਖ 'ਚ ਸੌਦਾ ਕੀਤਾ ਸੀ ਅਤੇ ਪੇਸ਼ਗੀ ਵਜੋਂ 1 ਲੱਖ 4 ਹਜ਼ਾਰ ਰੁਪਏ ਦਿੱਤੇ ਸਨ, ਪਰ ਵਾਰਦਾਤ ਵਾਲੇ ਦਿਨ ਅਮਨਿੰਦਰ ਦੀ ਮਾਂ ਅਤੇ ਉਸ ਦੀ ਪਤਨੀ ਦੀ ਸਹੇਲੀ ਘਰ ਵਿਚ ਹੋਣ ਕਾਰਨ ਉਹ ਵੀ ਮਾਰੀਆਂ ਗਈਆਂ। ਪੁਲਿਸ ਨੇ ਮੁੱਖ ਸਾਜ਼ਿਸ਼ਘਾੜੇ ਅਮਨਿੰਦਰ ਤੇ ਉਸ ਦੀ ਪ੍ਰੇਮਿਕਾ ਤੇਜਿੰਦਰ ਕੌਰ ਉਰਫ ਰੂਬੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਜਾਣਕਾਰੀ ਮੁਤਾਬਕ ਤੇਜਿੰਦਰ ਕੌਰ 2012 'ਚ ਅਮਨਿੰਦਰ ਸਿੰਘ ਦੀ ਫੈਕਟਰੀ ਵਿਚ ਕੰਮ ਕਰਦੀ ਸੀ। ਇਸ ਦੌਰਾਨ ਦੋਵਾਂ 'ਚ ਪ੍ਰੇਮ ਸਬੰਧ ਬਣ ਗਏ। ਇਸ ਬਾਰੇ ਅਮਨਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗ ਗਿਆ। ਪਰਿਵਾਰ ਦੇ ਵਿਰੋਧ ਕਾਰਨ ਉਸ ਨੇ ਰੂਬੀ ਨੂੰ ਕੰਮ ਤੋਂ ਹਟਾ ਦਿੱਤਾ ਅਤੇ 2015 ਵਿਚ ਉਸ ਨੇ ਰਾਮਾਮੰਡੀ ਵਿਚ ਰੂਬੀ ਨੂੰ ਅਲੱਗ ਘਰ ਲੈ ਦਿੱਤਾ, ਪਰ 2016 'ਚ ਅਮਨਿੰਦਰ ਦੀ ਮਾਤਾ ਤੇ ਭੈਣ ਵੀ ਰੂਬੀ ਦੇ ਘਰ ਪਹੁੰਚ ਗਈਆਂ ਤੇ ਉਥੇ ਉਨ੍ਹਾਂ ਨੇ ਅਮਨਿੰਦਰ ਤੇ ਰੂਬੀ ਨੂੰ ਕਾਫੀ ਜ਼ਲੀਲ ਕੀਤਾ। ਇਸ ਬਾਅਦ ਰੂਬੀ ਆਪਣੇ ਪਿੰਡ ਜਮਸ਼ੇਰ ਜਾ ਕੇ ਰਹਿਣ ਲੱਗੀ। ਇਸ ਦੌਰਾਨ ਅਮਨਿੰਦਰ ਨੇ ਆਪਣੀ ਪਤਨੀ ਪਰਮਜੀਤ ਕੌਰ ਨੂੰ ਤਲਾਕ ਦੇ ਕੇ ਰੂਬੀ ਨਾਲ ਵਿਆਹ ਕਰਨ ਬਾਰੇ ਸੋਚਿਆ, ਪਰ ਪਰਮਜੀਤ ਕੌਰ ਦੇ ਮਾਤਾ ਪਿਤਾ, ਜੋ ਧੂਰੀ ਦੇ ਰਹਿਣ ਵਾਲੇ ਹਨ, ਨੇ ਤਲਾਕ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਪ੍ਰੇਮ ਸਬੰਧਾਂ 'ਚ ਅੜਿੱਕਾ ਬਣ ਰਹੀ ਪਤਨੀ ਨੂੰ ਰੂਬੀ ਤੇ ਅਮਨਿੰਦਰ ਨੇ ਮਾਰਨ ਬਾਰੇ ਸੋਚਿਆ। ਇਸ ਲਈ ਅਮਨਿੰਦਰ ਨੇ ਉਸ ਦੇ ਪੈਟਰੋਲ ਪੰਪ 'ਤੇ ਪਹਿਲਾਂ ਕੰਮ ਕਰਦੇ ਰਹੇ ਵਿਪਨ ਵਾਸੀ ਢਿਲਵਾਂ ਰਾਮਾਮੰਡੀ ਨਾਲ ਸੰਪਰਕ ਕੀਤਾ ਅਤੇ ਉਸ ਨੇ ਅਮਨਿੰਦਰ ਸਿੰਘ ਨੂੰ ਅੰਮ੍ਰਿਤਪਾਲ ਸਿੰਘ ਵਾਸੀ ਸਰਹਾਲੀ ਕਲਾਂ (ਹੁਸ਼ਿਆਰਪੁਰ) ਨਾਲ ਮਿਲਾਇਆ। ਪਰਮਜੀਤ ਕੌਰ ਨੂੰ ਕਤਲ ਕਰਨ ਲਈ 8 ਲੱਖ ਰੁਪਏ ਵਿਚ ਸੌਦਾ ਤੈਅ ਹੋਇਆ। ਵਿਪਨ ਤੇ ਅੰਮ੍ਰਿਤਪਾਲ ਨੇ ਗਾਜ਼ੀਆਬਾਦ ਤੋਂ 32 ਬੋਰ ਦਾ ਦੇਸੀ ਰਿਵਾਲਵਰ ਲਿਆਂਦਾ। 21 ਫਰਵਰੀ ਨੂੰ ਦੋਵਾਂ ਨੇ ਸੀ.ਸੀ.ਟੀ.ਵੀ. ਕੈਮਰੇ ਮਕੈਨਿਕ ਬਣ ਕੇ ਘਰ ਦੀ ਰੇਕੀ ਕੀਤੀ ਅਤੇ ਕੁਨੈਕਸ਼ਨ ਕੱਟ ਕੇ ਡੀ.ਵੀ.ਆਰ. ਤੇ ਸਕਰੀਨ ਲੈ ਗਏ। 22 ਫਰਵਰੀ ਨੂੰ ਉਹ ਪਰਮਜੀਤ ਦੀ ਹੱਤਿਆ ਕਰਨ ਗਏ, ਪਰ ਘਰ ਵਿਚ ਵੱਡਾ ਮੁੰਡਾ ਹੋਣ ਕਾਰਨ ਉਹ ਸਫਲ ਨਹੀਂ ਹੋ ਸਕੇ। 23 ਫਰਵਰੀ ਨੂੰ ਅਮਨਿੰਦਰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਬਾਜ਼ਾਰ ਚਲਾ ਗਿਆ। ਇਸ ਬਾਅਦ ਵਿਪਨ ਤੇ ਅਮਨਿੰਦਰ ਘਰ ਵਿਚ ਦਾਖਲ ਹੋਏ ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਅਮਨਿੰਦਰ ਦੀ ਮਾਤਾ ਦਲਜੀਤ ਕੌਰ, ਪਤਨੀ ਪਰਮਜੀਤ ਕੌਰ ਅਤੇ ਪਰਮਜੀਤ ਦੀ ਸਹੇਲੀ ਖੁਸ਼ਵਿੰਦਰ ਕੌਰ ਦੀ ਮੌਤ ਹੋ ਗਈ।

### *ਜਲੰਧਰ ਤੀਹਰੇ ਕਤਲ ਕਾਂਡ ਬਾਰੇ ਅਹਿਮ ਖੁਲਾਸਾ*



# ਪਾਕਿ 'ਚ ਪਹਿਲਾ ਦਸਤਾਰਧਾਰੀ ਨਿਊਜ਼ ਐਂਕਰ

**ਇਸਲਾਮਾਬਾਦ:** ਗੁਆਂਢੀ ਮੁਲਕ ਪਾਕਿ ਦੇ ਮੀਡੀਆ ਇਤਿਹਾਸ 'ਚ ਪਹਿਲੀ ਵਾਰ ਕਿਸੇ ਸਾਬਤ ਸੂਰਤ ਸਿੱਖ ਨੌਜਵਾਨ ਨੂੰ ਨਿਊਜ਼ ਟੀ.ਵੀ. ਚੈਨਲ 'ਤੇ ਐਂਕਰ ਭਾਵ ਅਨਾਊਂਸਰ ਨਿਯੁਕਤ ਕੀਤਾ ਗਿਆ ਹੈ। ਸੂਬਾ ਖੈਬਰ ਪਖਤੂਨਖਵਾ 'ਚ ਜ਼ਿਲ੍ਹਾ ਸਾਂਗਲਾ ਦੇ ਕਸਬੇ ਚਕਾਸੇਰ ਵਾਸੀ ਉੱਤਮ ਰਾਮ ਸਿੰਘ ਦੇ ਪੁੱਤਰ ਹਰਮੀਤ ਸਿੰਘ ਦੀ ਨਿਯੁਕਤੀ ਉਸ ਦੀ ਕਾਬਲੀਅਤ ਦੇ ਆਧਾਰ 'ਤੇ ਪ੍ਰਸਿੱਧ ਪਾਕਿਸਤਾਨੀ ਨਿਊਜ਼ ਚੈਨਲ ਏ.ਟੀ.ਵੀ. 'ਤੇ ਬਤੌਰ ਅਨਾਊਂਸਰ ਕੀਤੀ ਗਈ ਹੈ।

ਮਾਸ ਕਮਿਊਨੀਕੇਸ਼ਨ ਦੀ ਡਿਗਰੀ ਕਰਨ ਤੋਂ ਬਾਅਦ ਲੰਮਾ ਸਮਾਂ ਮਲੇਸ਼ੀਆ 'ਚ ਰਹਿਣ ਤੋਂ ਬਾਅਦ ਹੁਣ ਹਰਮੀਤ ਸਿੰਘ ਨੇ ਪੱਕੇ ਤੌਰ 'ਤੇ ਪਾਕਿਸਤਾਨ ਰਹਿਣ ਦਾ ਮਨ ਬਣਾਇਆ ਹੈ। ਹਰਮੀਤ ਸਿੰਘ ਤੋਂ ਬਿਨਾ ਪਿਸ਼ਾਵਰ ਦਾ ਤਰਨਜੀਤ ਸਿੰਘ ਵੀ ਕਈ ਚੈਨਲਾਂ ਲਈ ਐਂਕਰਿੰਗ ਕਰਨ ਦੇ ਨਾਲ ਫਿਲਮਾਂ 'ਚ ਐਕਟਰ ਤੇ ਡਾਇਰੈਕਟਰ ਵਜੋਂ ਪ੍ਰਸਿੱਧੀ ਹਾਸਲ ਕਰ ਰਿਹਾ ਹੈ।


# ਪੀ.ਸੀ.ਐਸ. ਸੈਕਰਾਮੈਂਟੋ ਦਾ 28ਵਾਂ ਵਿਸਾਖੀ ਮੇਲਾ 29 ਅਪਰੈਲ ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਵਲੋਂ ਆਪਣਾ ਸਾਲਾਨਾ ਵਿਸਾਖੀ ਮੇਲਾ ਇਸ ਵਾਰ 29 ਅਪਰੈਲ, ਸਨਿਚਰਵਾਰ ਨੂੰ ਇਥੇ ਸ਼ੈਲਡਨ ਹਾਈ ਸਕੂਲ (8833 ਕਿੰਗਜ਼ਬ੍ਰਿਜ ਡਰਾਈਵ) ਵਿਚ ਸ਼ਾਮ 3 ਵਜੇ ਤੋਂ ਮਨਾਇਆ ਜਾਵੇਗਾ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਵਾਰ ਵੀ ਕੈਲੀਫੋਰਨੀਆ ਦੇ ਸਕੂਲਾਂ-ਕਾਲਜਾਂ ਦੀਆਂ ਟੀਮਾਂ ਤੋਂ ਇਲਾਵਾ ਹੋਰ ਚੋਟੀ ਦੀਆਂ ਟੀਮਾਂ ਵੀ ਭੰਗੜੇ, ਗਿੱਧੇ, ਲੋਕ ਬੋਲੀਆਂ ਅਤੇ ਡਾਂਸ ਆਈਟਮਾਂ ਤੇ ਸਕਿਟਾਂ ਪੇਸ਼ ਕਰਨਗੀਆਂ। ਗੀਤ-ਸੰਗੀਤ ਵੀ ਹੋਵੇਗਾ। ਪੰਜਾਬੀ ਭਾਈਚਾਰੇ ਦੀਆਂ ਉਘੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਗਹਿਣਿਆਂ ਅਤੇ ਕੱਪੜਿਆਂ ਦੇ ਸਟਾਲ ਲਾਏ ਜਾਣਗੇ। ਹੋਰ ਜਾਣਕਾਰੀ ਲਈ ਰਸ਼ਪਾਲ ਫਰਵਾਲਾ (916-880-0531), ਸਟਾਲ ਲਾਉਣ ਲਈ ਤੀਰਥ ਸਹੋਤਾ (916-271-8382) ਅਤੇ ਅਮਰੀਕ ਪਰਹਾਰ (916-502-0064) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੁਖਨਾ ਝੀਲ 'ਤੇ ਪਰਵਾਸੀ ਪੰਛੀਆਂ ਦੀ ਰੌਣਕ

**ਚੰਡੀਗੜ੍ਹ:** ਸੁਖਨਾ ਝੀਲ ਉਤੇ ਸਰਦੀਆਂ ਵਿਚ ਪਹੁੰਚਣ ਵਾਲੇ ਪੰਛੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਪੰਛੀਆਂ ਨਾਲ ਪਿਆਰ ਕਰਨ ਵਾਲੀ ਚੰਡੀਗੜ੍ਹ ਬਰਡਜ਼ ਕਲੱਬ ਸੰਸਥਾ ਵੱਲੋਂ ਪੰਛੀਆਂ ਦੀ ਗਿਣਤੀ ਕੀਤੀ ਗਈ, ਜਿਸ 'ਚ 42 ਪ੍ਰਜਾਤੀਆਂ ਦੇ ਕੁੱਲ 4127 ਪੰਛੀ ਮਿਲੇ ਹਨ।



ਇਸ ਤੋਂ ਪਹਿਲਾਂ ਸੁਖਨਾ 'ਤੇ ਸਾਲ 2012 ਵਿਚ ਪੰਛੀਆਂ ਦੀ ਗਿਣਤੀ ਕੀਤੀ ਗਈ ਸੀ, ਪਰ ਉਸ ਸਮੇਂ 2007 ਪੰਛੀ ਝੀਲ 'ਤੇ ਪਹੁੰਚੇ ਸਨ, ਪਰ ਇਸ ਵਾਰ ਪੰਛੀਆਂ ਦੀ ਗਿਣਤੀ 'ਚ ਦੁਗਣਾ ਵਾਧਾ ਹੋਇਆ ਹੈ। ਇਨ੍ਹਾਂ ਵਿਚ ਕਾਮਨ ਸ਼ੈਲ ਡੱਕ ਤੇ ਸਟ੍ਰੋਕ ਬਿਲਡ ਕਿੰਗਫਿਸ਼ਰ ਪੰਛੀ ਕਈ ਸਾਲਾਂ ਬਾਅਦ ਨਜ਼ਰ ਆਏ ਹਨ।

ਇਸ ਵਾਰ ਸਭ ਤੋਂ ਜ਼ਿਆਦਾ ਗਿਣਤੀ ਵਿਚ ਕਾਮਨ ਕੂਟ ਪੰਛੀ ਦੇਖਣ ਨੂੰ ਮਿਲਿਆ। ਇਨ੍ਹਾਂ ਦੀ ਕੁੱਲ 2420 ਗਿਣਤੀ ਦਰਜ ਕੀਤੀ ਗਈ ਹੈ। ਇਹ ਪੰਛੀ ਸੁਖਨਾ ਝੀਲ 'ਤੇ ਮਾਰਚ ਤੋਂ ਅਪਰੈਲ ਤੱਕ ਰਹਿਣਗੇ। ਜਾਣਕਾਰਾਂ ਅਨੁਸਾਰ ਇਹ ਪੰਛੀ ਮੰਗੋਲੀਆ, ਰੂਸ, ਚੀਨ ਤੇ ਲੇਹ ਲੱਦਾਖ ਤੋਂ ਆਉਂਦੇ ਹਨ ਤੇ ਮੌਸਮ ਠੀਕ ਹੋ ਜਾਣ ਤੋਂ ਬਾਅਦ ਵਾਪਸ ਆਪਣੇ ਇਲਾਕਿਆਂ ਵਿਚ ਚਲੇ ਜਾਂਦੇ ਹਨ ਜਦਕਿ ਆਮ ਦਿਨਾਂ ਵਿਚ ਇਥੇ 8 ਤੋਂ ਦਸ ਕਿਸਮਾਂ ਦੇ ਪੰਛੀ ਰਹਿ ਜਾਂਦੇ ਹਨ। ਸੁਖਨਾ ਉਤੇ ਪਹੁੰਚਣ ਵਾਲੇ ਪੰਛੀਆਂ ਵਿਚ ਗ੍ਰੇਲੈਗ ਗੂਸ 39, ਰੂਡੀ ਸ਼ੈਲ ਡੱਕ 138, ਕਾਮਨ ਪੋਰਚਰਡ 160, ਮਲਾਰਡ 9, ਗ੍ਰੇ ਹਾਰਨ 18, ਗ੍ਰੇਟ ਈਗਰਟ 14, ਰੀਵਰ ਟਰਨ 1, ਪਾਈਡ ਕਿੰਗਫਿਸ਼ਰ 10, ਬਲੈਡ ਵਿਨਡ ਸਟਿਲਡ 2, ਇੰਡੀਅਨ ਕੋਮਰਾਂਨਟ 1, ਵਾਈਟ ਵੈਗ ਟੇਲ 5 ਤੋਂ ਇਲਾਵਾ ਹੋਰ ਵੀ ਕਈ ਪੰਛੀ ਸ਼ਾਮਲ ਹਨ। ਸੁਖਨਾ ਦੇ 4 ਸਕੇਅਰ ਕਿੱਲੋਮੀਟਰ ਵਿਚ ਤਿੰਨ ਟੀਮਾਂ ਵੱਲੋਂ ਪੰਛੀਆਂ ਦੀ ਗਿਣਤੀ ਕੀਤੀ ਗਈ।

# ਡਿਪੋਰਟੇਸ਼ਨ ਦਾ ਭੈਅ...

ਅਖਬਾਰ 'ਲਾਸ ਏਂਜਲਸ ਟਾਈਮਜ਼' ਦੀ ਇਕ ਰਿਪੋਰਟ ਅਨੁਸਾਰ ਇਕ ਮੈਕਸੀਕਨ ਬਜ਼ੁਰਗ ਔਰਤ ਇਸ ਭੈਅ ਕਰਕੇ ਗਰੌਸਰੀ ਲੈਣ ਲਈ ਘਰੋਂ ਬਾਹਰ ਨਾ ਗਈ ਕਿ ਕਿਤੇ ਉਹ ਫੜ੍ਹੀ ਜਾ ਜਾਵੇ। ਸੋ ਉਸ ਨੇ ਗਰੌਸਰੀ ਲਿਆਉਣ ਲਈ ਆਪਣੇ ਗਵਾਂਢੀ ਦਾ ਮਿੰਨਤ ਤਰਲਾ ਕਰ ਲਿਆ।

ਨਿਊ ਯਾਰਕ ਦੇ ਉਨ੍ਹਾਂ ਇਲਾਕਿਆਂ ਵਿਚ, ਜਿਥੇ ਸਟੋਰ ਮੈਕਸੀਕਨ ਖਾਣੇ ਵੇਚਦੇ

**ਅਟਾਰਨੀ ਅਨੂ ਪੇਸ਼ਾਵਰੀਆ**
**ਫੋਨ: 510-353-0102**

ਸਨ, ਵਿਕਰੀ ਬਹੁਤ ਘਟ ਗਈ ਹੈ ਕਿਉਂਕਿ ਫੜ੍ਹੇ ਜਾਣ ਦੇ ਡਰੋਂ ਕੋਈ ਗਾਹਕ ਬਾਜ਼ਾਰ ਜਾਣ ਲਈ ਤਿਆਰ ਨਹੀਂ। ਇਥੋਂ ਤੱਕ ਕਿ ਇਕ ਬਿਜਨਸਮੈਨ ਨੇ ਕਿਹਾ ਕਿ ਜਿਥੇ ਉਸ ਨੂੰ ਟਿਕਾਣੇ ਪਹੁੰਚਣ ਲਈ ਭੀੜ ਕਰਕੇ ਪਹਿਲਾਂ ਦੋ ਘੰਟੇ ਲੱਗਿਆ ਕਰਦੇ ਸਨ, ਹੁਣ ਉਹ ਅੱਧੇ ਘੰਟੇ ਵਿਚ ਪਹੁੰਚ ਜਾਂਦਾ ਹੈ ਕਿਉਂਕਿ ਸੜਕਾਂ ਉਤੇ ਭੀੜ ਬਹੁਤ ਹੀ ਘੱਟ ਰਹਿ ਗਈ ਹੈ।

ਕੁਝ ਪੰਜਾਬੀ, ਜੋ ਅਮਰੀਕਾ ਵਿਚ ਵਰਕ ਵੀਜ਼ੇ 'ਤੇ ਰਹਿੰਦੇ ਹਨ ਅਤੇ ਟਰੱਕ ਖਰੀਦ ਕੇ ਵਧੀਆ ਕਾਰੋਬਾਰ ਕਰ ਰਹੇ ਹਨ, ਹੁਣ ਇਸ ਡਰੋਂ ਟਰੱਕ ਵੇਚੀ ਜਾ ਰਹੇ ਹਨ ਕਿ ਪਤਾ ਨਹੀਂ ਅੱਗੋਂ ਉਹ ਟਰੱਕ ਚਲਾ ਵੀ ਸਕਣਗੇ ਜਾਂ ਨਹੀਂ। ਦਿਲਚਸਪ ਗੱਲ ਇਹ ਵੀ ਹੈ ਕਿ ਕੁਝ ਹੋਰ ਲੋਕ ਇਸ ਗੱਲੋਂ ਖੁਸ਼ ਹਨ ਕਿ ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਟਰੱਕ ਨਹੀਂ ਚਲਾ ਸਕਣਗੇ, ਸੋ ਡਰਾਈਵਰਾਂ ਦੀ ਕਮੀ ਹੋ ਜਾਵੇਗੀ ਤੇ ਮੁਕਾਬਲਾ ਘਟ ਜਾਵੇਗਾ ਤੇ ਉਹ ਵੱਧ ਭਾੜਾ ਲੈ ਸਕਣਗੇ।

ਰਾਸ਼ਟਰਪਤੀ ਡੋਨਲਡ ਟਰੰਪ ਦੇ ਗੈਰ ਕਾਨੂੰਨੀ ਇਮੀਗਰੇਸ਼ਨ 'ਤੇ ਹਮਲੇ ਪ੍ਰਤੀ ਕਾਫੀ ਹੱਦ ਤੱਕ ਸਹੀ ਅਤੇ ਬੁਨਿਆਦੀ ਚਿੰਤਾ ਹੋਣੀ ਸੁਭਾਵਿਕ ਹੈ ਪਰ ਬਹੁਤ ਕੁਝ ਅਫਵਾਹਾਂ ਕਰਕੇ ਵੀ ਹੈ। ਇਹ ਮੰਨੀ ਹੋਈ ਗੱਲ ਹੈ ਕਿ ਅਫਵਾਹਾਂ ਦਾ ਬਹੁਤ ਥੋੜ੍ਹਾ ਆਧਾਰ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ ਪਰ ਉਹ ਦਹਿਲ ਅਤੇ ਡਰ ਪੈਦਾ ਕਰਨ ਵਿਚ ਕਿਸੇ ਗੱਲੋਂ ਪਿਛੇ ਨਹੀਂ ਰਹਿੰਦੀਆਂ।

ਕੁਝ ਪੰਜਾਬੀ ਜੋ ਕਈ ਕਈ ਸਾਲਾਂ ਤੋਂ ਕਾਨੂੰਨੀ ਤੌਰ 'ਤੇ ਅਮਰੀਕੀ ਸਿਟੀਜ਼ਨ ਹਨ, ਕਈ ਵਾਰ ਹਾਸੇ ਮਜ਼ਾਕ ਵਿਚ ਕਹਿੰਦੇ ਹਨ, ਹੁਣ ਤਾਂ ਬਈ ਪੰਜਾਬ ਵਿਚ ਮੁੜ ਜ਼ਮੀਨ ਖਰੀਦਣੀ ਪੈਣੀ ਐ, ਕੀ ਪਤਾ ਕਦੋਂ ਉਨ੍ਹਾਂ ਦੀ ਵਾਰੀ ਆ ਜਾਵੇ। ਇੰਜ ਕਹਿੰਦਿਆਂ ਉਹ ਮਹੇਸ਼ਾ ਯੁਗਾਂਡਾ ਦੀ



ਮਿਸਾਲ ਦਿੰਦੇ ਹਨ ਜਿਥੋਂ ਸਾਰੇ ਭਾਰਤੀਆਂ ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ, ਨੂੰ ਉਥੋਂ ਨਿਕਲ ਜਾਣ ਲਈ ਕਹਿ ਦਿੱਤਾ ਗਿਆ ਸੀ।

ਕੈਲੀਫੋਰਨੀਆ ਵਿਚ ਰਹਿੰਦੇ ਵਡੇਰੀ ਉਮਰ ਦੇ ਲੋਕਾਂ ਨੂੰ ਅੱਜ ਵੀ ਯਾਦ ਹੈ, 80ਵਿਆਂ ਵਿਚ ਜਦੋਂ ਉਹ ਫਾਰਮਾਂ ਵਿਚ ਕੰਮ ਕਰਦੇ ਸਨ, ਉਨ੍ਹਾਂ ਦੇ ਫਾਰਮਾਂ 'ਤੇ ਅਕਸਰ ਛਾਪੇ ਮਾਰੇ ਜਾਂਦੇ ਅਤੇ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਲੋਕਾਂ ਨੂੰ ਹਿਰਾਸਤ ਵਿਚ ਲੈ ਕੇ ਉਨ੍ਹਾਂ ਦੇ ਦੇਸ਼ ਨੂੰ ਮੋੜ ਦਿੱਤਾ ਜਾਂਦਾ। ਪਰ ਉਨ੍ਹਾਂ ਸਮਿਆਂ ਵਿਚ ਮੀਡੀਆ ਅਤੇ ਸੋਸ਼ਲ ਮੀਡੀਆ ਇੰਨਾ ਤਾਕਤਵਰ ਨਹੀਂ ਸੀ ਕਿ ਅਜਿਹੀਆਂ ਗੱਲਾਂ ਕੋਈ ਵੱਡੇ ਮਾਮਲੇ ਬਣ ਜਾਂਦੇ। ਪਰ ਅੱਜ ਦੁਨੀਆਂ ਦੇ ਕਿਸੇ ਛੋਟੇ ਜਿਹੇ ਕੋਨੇ ਵਿਚ ਵਾਪਰੀ ਇਕ ਨਿੱਕੀ ਜਿਹੀ ਘਟਨਾ ਵੀ ਮਿੰਟਾਂ-ਸਕਿੰਟਾਂ ਵਿਚ ਦੁਨੀਆਂ ਭਰ ਵਿਚ ਪਹੁੰਚ ਜਾਂਦੀ ਹੈ।

ਹੁਣ ਸਵਾਲ ਇਹ ਹੈ ਕਿ ਇਹ ਡਰ ਕਿਸ ਕੁ ਹੱਦ ਤੱਕ ਸਹੀ ਹੈ ਅਤੇ ਕਿੰਨਾ ਕੁ ਕਾਲਪਨਿਕ? ਇਸ ਦਾ ਸਾਡੇ ਆਲੇ-ਦੁਆਲੇ ਉਤੇ ਅਤੇ ਸਾਡੇ ਆਪਣੇ ਲੋਕਾਂ ਉਪਰ ਨਿਕਟ ਭਵਿੱਖ ਤੇ ਦੂਰ ਭਵਿੱਖ ਵਿਚ ਕਿੰਨਾ ਕੁ ਅਸਰ ਪਵੇਗਾ? ਇਹ ਜਰੂਰੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਹੋ ਰਹੇ ਰੱਦੋਬਦਲ ਤੋਂ ਸੁਚੇਤ ਰਹੀਏ। ਸਾਡਾ ਪ੍ਰਿੰਟ ਮੀਡੀਆ ਆਮ ਕਰ ਕੇ ਹਫਤਾਵਾਰੀ ਹੈ ਅਤੇ ਜਿੰਨੀ ਕੁ ਤਾਜ਼ਾ ਜਾਣਕਾਰੀ ਸਾਨੂੰ ਮਿਲਦੀ ਹੈ, ਉਹ ਰੇਡੀਓ ਤੋਂ ਜਾਂ ਫਿਰ ਇਕ-ਦੋ ਪੰਜਾਬੀ ਟੀ.ਵੀ. ਚੈਨਲਾਂ ਤੋਂ ਹੀ ਮਿਲਦੀ ਹੈ। ਬਦਕਿਸਮਤੀ ਨੂੰ ਇਨ੍ਹਾਂ ਰੇਡੀਓ ਤੇ ਟੀ.ਵੀ. ਸਟੇਸ਼ਨਾਂ ਦੇ ਐਂਕਰਾਂ ਅਤੇ ਮੇਜ਼ਬਾਨਾਂ ਨੂੰ ਵਿਸ਼ੇ ਦੀ ਬਹੁਤ ਘੱਟ ਜਾਣਕਾਰੀ ਹੁੰਦੀ ਹੈ ਅਤੇ ਉਹ ਸਥਿਤੀ ਦਾ ਸਹੀ ਵਿਸ਼ਲੇਸ਼ਣ ਕਰ ਸਕਣ ਦੇ ਅਸਮਰੱਥ ਹੁੰਦੇ ਹਨ। ਇਸ ਦੇ ਉਲਟ ਅੰਗਰੇਜ਼ੀ ਮੀਡੀਏ ਕੋਲ ਹਰ ਛੋਟੇ-ਵੱਡੇ ਵਿਸ਼ੇ ਬਾਰੇ ਮਾਹਿਰ ਮੌਜੂਦ ਹੁੰਦੇ ਹਨ ਅਤੇ ਪ੍ਰੈਸ ਕਾਨਫਰੰਸ 'ਚ ਹਰ ਵਿਸ਼ੇ 'ਤੇ ਕਿਸੇ ਵੱਲੋਂ ਤੇ ਕਿਸੇ ਅਹਿਮ ਵਿਅਕਤੀ ਵਲੋਂ ਆਖੀ ਨਿੱਕੀ ਨਿੱਕੀ ਗੱਲ ਬਾਰੇ ਉਨ੍ਹਾਂ ਨੂੰ ਜਾਣਕਾਰੀ ਹੁੰਦੀ ਹੈ ਅਤੇ ਉਹ ਇਸ ਦਾ ਵਿਸ਼ਲੇਸ਼ਣ ਵੀ ਕਰ ਸਕਦੇ ਹਨ।

ਜੇ ਤੁਹਾਡੀ ਕੋਈ ਸਮੱਸਿਆ ਹੈ ਤਾਂ ਅਗਿਆਨ ਤੇ ਘੱਟ ਜਾਣਕਾਰੀ ਦਾ ਸ਼ਿਕਾਰ ਬਣਨ ਦੀ ਥਾਂ ਕਿਸੇ ਮਾਹਿਰ ਦੀ ਰਾਏ ਲੈ ਲੈਣਾ ਬਿਹਤਰ ਹੋਵੇਗਾ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਜੁਰਮਾਨੇ ਵਸੂਲ ਕੇ ਪਾਵਰਕੌਮ ਦੇ ਹੋਏ ਵਾਰੇ-ਨਿਆਰੇ

**ਚੰਡੀਗੜ੍ਹ:** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਪੰਜ ਸਾਲਾਂ ਵਿਚ ਆਪਣੀ ਵਿੱਤੀ ਹਾਲਤ ਸੁਧਾਰਨ ਲਈ ਬਿਜਲੀ ਦੇ ਬਿੱਲ ਉਗਰਾਹੁਣ ਨਾਲੋਂ ਜੁਰਮਾਨੇ ਵਸੂਲਣ ਨੂੰ ਤਰਜੀਹ ਦਿੱਤੀ ਹੈ। ਅਦਾਰੇ ਨੇ 96 ਹਜ਼ਾਰ ਖਪਤਕਾਰਾਂ ਤੋਂ 900 ਕਰੋੜ ਦੇ ਜੁਰਮਾਨੇ ਉਗਰਾਹੇ ਹਨ। ਆਰ.ਟੀ.ਆਈ. ਤਹਿਤ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਪਟਿਆਲਾ ਜ਼ਿਲ੍ਹੇ ਵਿਚ 390 ਤੋਂ ਵੱਧ ਖਪਤਕਾਰਾਂ ਕੋਲੋਂ ਬਿਜਲੀ ਚੋਰੀ ਕਰਨ ਜਾਂ ਬਿਜਲੀ ਗਲਤ ਢੰਗ ਨਾਲ ਵਰਤਣ ਦੇ ਮਾਮਲੇ ਵਿਚ ਜੁਰਮਾਨੇ ਵਜੋਂ 16 ਕਰੋੜ ਰੁਪਏ ਉਗਰਾਹੇ ਹਨ।



ਬਿਜਲੀ ਐਕਟ 2003 ਦੀ ਧਾਰਾ 135 ਤਹਿਤ ਜੇਕਰ ਕੋਈ ਖਪਤਕਾਰ ਬਿਜਲੀ ਚੋਰੀ ਕਰਦਾ ਹੈ ਤਾਂ ਉਸ ਨੂੰ ਦੋ ਸਾਲ ਤੱਕ ਦੀ ਕੈਦ ਹੋ ਸਕਦੀ ਹੈ ਤੇ ਖਪਤਕਾਰਾਂ ਨੂੰ ਕੈਦ ਤੋਂ ਬਚਣ ਲਈ ਜੁਰਮਾਨਾ ਭਰਨਾ ਹੀ ਪੈਂਦਾ ਹੈ, ਕਿਉਂਕਿ ਬਿਜਲੀ ਬੋਰਡ ਵੱਲੋਂ ਪਾਏ ਜੁਰਮਾਨੇ ਖਿਲਾਫ਼ ਖਪਤਕਾਰਾਂ ਕੋਲ ਕੋਈ ਕਾਨੂੰਨੀ ਚਾਰਾਜੋਈ ਨਹੀਂ ਹੈ। ਪਾਵਰਕੌਮ ਦੀ ਜੁਰਮਾਨੇ ਦੀ ਰਿਕਵਰੀ ਦਰ 90 ਫੀਸਦੀ ਤੋਂ ਵੀ ਉਪਰ ਹੈ। ਸ਼ਹਿਰੀ ਮੰਡਲ ਹੁਸ਼ਿਆਰਪੁਰ ਵੱਲੋਂ ਚੋਰੀ ਦੇ 312 ਕੇਸ ਦਰਜ ਕਰਵਾਏ ਗਏ ਸਨ, ਜਿਨ੍ਹਾਂ 'ਚੋਂ ਅਦਾਰੇ ਨੂੰ ਇਕ ਕਰੋੜ 98 ਲੱਖ ਤੋਂ ਵੱਧ ਜੁਰਮਾਨਾ ਪ੍ਰਾਪਤ ਹੋਇਆ ਹੈ। ਪਾਵਰਕੌਮ ਦੇ ਮਲੋਟ ਵੰਡ ਮੰਡਲ ਨੇ 2100 ਖਪਤਕਾਰਾਂ ਖਿਲਾਫ਼ ਬਿਜਲੀ ਚੋਰੀ ਦੇ ਮੁਕੱਦਮੇ ਦਰਜ ਕੀਤੇ, ਜਿਸ ਵਿਚ 9 ਕਰੋੜ ਦੇ ਜੁਰਮਾਨੇ ਵਸੂਲੇ ਹਨ। ਗਿੱਦੜਬਾਹਾ ਡਿਵੀਜ਼ਨ ਵਿਚ 130 ਖ਼ਪਤਕਾਰਾਂ ਨੂੰ ਚੋਰੀ ਦੇ ਕੇਸਾਂ ਵਿਚ 2 ਕਰੋੜ 90 ਲੱਖ ਰੁਪਏ ਜੁਰਮਾਨਾ ਹੋਇਆ ਹੈ। ਬਰਨਾਲਾ ਜ਼ਿਲ੍ਹੇ ਵਿਚ ਪਾਵਰਕੌਮ ਨੇ ਚੋਰੀ ਦੇ ਕੁੱਲ 900 ਕੇਸ ਦਰਜ ਕੀਤੇ ਹਨ, ਜਿਸ ਤੋਂ 76 ਕਰੋੜ ਰੁਪਏ ਜੁਰਮਾਨੇ ਵਜੋਂ ਆਮਦਨ ਹੋਈ ਹੈ। ਸੰਗਰੂਰ ਵਿਚ 3845 ਖਪਤਕਾਰਾਂ ਕੋਲੋਂ 271 ਕਰੋੜ ਰੁਪਏ ਵਸੂਲੇ ਹਨ।

### ਪਾਵਰਕੌਮ ਦੀ ਮੁਹਿੰਮ 'ਤੇ ਸਵਾਲ

**ਚੰਡੀਗੜ੍ਹ:** ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ (ਪਾਵਰਕੌਮ) ਵੱਲੋਂ ਹਾਲ ਹੀ ਵਿਚ ਆਪਣੇ ਕਰੋੜਾਂ ਰੁਪਇਆਂ ਦੇ ਬਕਾਏ ਦੀ ਵਸੂਲੀ ਲਈ ਸ਼ੁਰੂ ਕੀਤੀ ਗਈ ਮੁਹਿੰਮ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਪਾਵਰਕੌਮ ਨੇ ਇਹ ਕਾਰਵਾਈ ਉਸ ਸਮੇਂ ਸ਼ੁਰੂ ਕੀਤੀ ਹੈ ਜਦੋਂ ਹਾਕਮ ਪਾਰਟੀ ਦੇ ਹੱਥਾਂ ਵਿਚੋਂ ਸੱਤਾ ਖਿਸਕਦੀ ਨਜ਼ਰ ਆ ਰਹੀ ਹੈ। ਪਾਵਰਕੌਮ ਦੇ ਅਧਿਕਾਰੀਆਂ ਵੱਲੋਂ ਨਵੀਂ ਬਣਨ ਵਾਲੀ ਸਰਕਾਰ ਮੂਹਰੇ ਆਪਣਾ ਅਕਸ ਸਾਫ-ਸੁਥਰਾ ਦਿਖਾਉਣ ਲਈ ਰਸੂਖਵਾਨਾਂ ਤੋਂ ਬਕਾਏ ਵਸੂਲਣ ਦੀ ਮੁਹਿੰਮ ਸ਼ੁਰੂ ਕਰਨ ਦਾ ਪਰਪੰਚ ਰਚਿਆ ਜਾ ਰਿਹਾ ਹੈ। ਪਿਛਲੇ 10 ਸਾਲਾਂ ਦੌਰਾਨ ਰਸੂਖਵਾਨਾਂ ਤੋਂ ਕਰੋੜਾਂ ਰੁਪਏ ਦੀ ਵਸੂਲੀ ਤੋਂ ਅੱਖਾਂ ਮੀਚ ਕੇ ਰੱਖਣਾ ਇਹ ਸਾਬਤ ਕਰਦਾ ਹੈ ਕਿ ਪਾਵਰਕੌਮ ਅਤੇ ਇਸ ਦੇ ਅਧਿਕਾਰੀ ਸੱਤਾਧਾਰੀ ਧਿਰਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਰਹੇ ਹਨ।

### ਅਫਸਰਸ਼ਾਹੀ ਦੀ ਆਈ ਸ਼ਾਮਤ

**ਚੰਡੀਗੜ੍ਹ:** ਪਾਵਰਕੌਮ ਨੇ ਸਰਕਾਰੀ ਵਿਭਾਗਾਂ ਦੇ ਦਫਤਰਾਂ ਨੂੰ ਵੀ ਨਹੀਂ ਬਖ਼ਸ਼ਿਆ। ਮੁੱਖ ਮੰਤਰੀ ਪੰਜਾਬ ਦੇ ਜੱਦੀ ਪਿੰਡ ਬਾਦਲ ਦੇ ਖੇਡ ਸਟੇਡੀਅਮ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਹੈ, ਜਿਸ ਵੱਲ ਤਿੰਨ ਲੱਖ ਰੁਪਏ ਖੜ੍ਹੇ ਸਨ। ਬਾਦਲ ਦੇ ਹਲਕੇ ਵਿਚ ਤਕਰੀਬਨ 100 ਡਿਫਾਲਟਰ ਕੁਨੈਕਸ਼ਨ ਕੱਟੇ ਜਾ ਚੁੱਕੇ ਹਨ। ਜੁਡੀਸ਼ਲ ਕੰਪਲੈਕਸ ਜ਼ੀਰਾ ਦਾ ਕੁਨੈਕਸ਼ਨ ਵੀ ਕੱਟਿਆ ਗਿਆ ਹੈ। ਬਠਿੰਡਾ ਦੀ ਨਵੀਂ ਜੇਲ੍ਹ ਵੀ 84 ਲੱਖ ਰੁਪਏ ਦੀ ਡਿਫਾਲਟਰ ਹੈ। ਗੁਰੂਹਰਸਹਾਏ ਦੇ ਐਸ.ਡੀ.ਐਮ. ਦਫਤਰ ਅਤੇ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਦਾ ਕੁਨੈਕਸ਼ਨ ਵੀ ਕੱਟਿਆ ਗਿਆ ਹੈ। ਇਸ ਤੋਂ ਇਲਾਵਾ ਗੁਰੂਹਰਸਹਾਏ ਦੇ ਤਿੰਨ ਸੁਵਿਧਾ ਕੇਂਦਰਾਂ ਦੇ ਕੁਨੈਕਸ਼ਨ ਵੀ ਕੱਟੇ ਗਏ। ਜਲੰਧਰ ਦੇ ਸਿਹਤ ਵਿਭਾਗ ਵੱਲ 4.04 ਕਰੋੜ ਰੁਪਏ ਬਕਾਇਆ ਹੈ ਜਦੋਂ ਕਿ ਸਰਕਾਰੀ ਹਸਪਤਾਲ ਤੇ ਡਿਸਪੈਂਸਰੀਆਂ ਵੱਲ 90.48 ਲੱਖ ਦਾ ਬਕਾਇਆ ਹੈ।

## ਪੁੱਤ ਦੀ ਲਾਸ਼ ਲੈਣ ਲਈ ਸਪੇਨ 'ਚ ਭਟਕ ਰਹੇ ਨੇ ਮਾਪੇ

**ਨਡਾਲਾ:** ਪਿੰਡ ਤਲਵੰਡੀ ਪੁਰਦਲ ਵਾਸੀ ਰਾਜਨਪ੍ਰੀਤ ਸਿੰਘ (22) ਪੁੱਤਰ ਜੋਗਿੰਦਰ ਸਿੰਘ ਦੀ ਸਪੇਨ ਦੀ ਰਾਜਧਾਨੀ ਮੈਡਰਿਡ ਵਿਚ ਸੜਕ ਹਾਦਸੇ ਮਗਰੋਂ ਮੌਤ ਹੋ ਗਈ ਸੀ। ਹਸਪਤਾਲ ਦੀ ਲਾਪਰਵਾਹੀ ਕਾਰਨ ਅਦਾਲਤੀ ਗੇੜ ਵਿਚ ਪਏ ਮਾਪੇ ਤਿੰਨ ਮਹੀਨਿਆਂ ਤੋਂ ਪੁੱਤ ਦੀ ਲਾਸ਼ ਲੈਣ ਲਈ ਯਤਨ ਕਰ ਰਹੇ ਹਨ।

ਮ੍ਰਿਤਕ ਦੇ ਮਾਮੇ ਜੋਗਾ ਸਿੰਘ ਨਡਾਲਾ ਨੇ ਦੱਸਿਆ ਕਿ ਉਨ੍ਹਾਂ ਦਾ ਜੀਜਾ ਕਰੀਬ 12 ਸਾਲ ਪਹਿਲਾਂ ਸਪੇਨ ਗਿਆ ਸੀ। ਉਹ ਆਪਣੀ ਪਤਨੀ, ਇਕ ਬੇਟੀ ਤੇ ਬੇਟੇ ਸਮੇਤ ਮੈਡਰਿਡ ਵਿਚ ਰਹਿ ਰਹੇ ਸਨ। ਉਨ੍ਹਾਂ ਦਾ ਬੇਟਾ ਰਾਜਨਪ੍ਰੀਤ ਸਿੰਘ ਆਪਣੇ ਰੈਸਟੋਰੈਂਟ ਦੀ ਸਕੂਟਰੀ 'ਤੇ ਕਿਸੇ ਗਾਹਕ ਨੂੰ ਪੀਜ਼ਾ ਡਲਿਵਰੀ ਦੇਣ ਜਾ ਰਿਹਾ ਸੀ ਕਿ ਕਾਰ ਚਾਲਕ ਨੇ ਟੱਕਰ ਮਾਰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਪੁਲਿਸ ਦੀ ਮਦਦ ਨਾਲ ਜ਼ਖ਼ਮੀ ਰਾਜਨਪ੍ਰੀਤ ਨੂੰ ਹਸਪਤਾਲ ਪਹੁੰਚਾਇਆ। ਹਾਦਸੇ ਦੌਰਾਨ ਰਾਜਨਪ੍ਰੀਤ ਦੀ ਬਾਂਹ ਟੁੱਟ ਗਈ ਸੀ। ਹਸਪਤਾਲ ਵਿਚ ਡਾਕਟਰਾਂ ਨੇ ਬਾਂਹ ਦਾ ਅਪਰੇਸ਼ਨ ਕਰ ਕੇ ਘਰ ਭੇਜ ਦਿੱਤਾ। ਇਸ ਤੋਂ 15 ਦਿਨਾਂ ਬਾਅਦ ਜਦੋਂ ਰਾਜਨਪ੍ਰੀਤ ਹਸਪਤਾਲ ਗਿਆ ਤਾਂ ਡਾਕਟਰਾਂ ਨੇ ਬਾਂਹ 'ਤੇ ਲੱਗੇ ਟਾਂਕੇ ਖੋਲ੍ਹ ਕੇ ਘਰ ਵਾਪਸ ਭੇਜ ਦਿੱਤਾ। ਇਸ ਦੌਰਾਨ ਹੋਈ ਕਿਸੇ ਇਨਫੈਕਸ਼ਨ ਕਾਰਨ ਰਾਜਨਪ੍ਰੀਤ ਸਿੰਘ ਦੀ ਘਰ ਪੁੱਜਣ ਤੋਂ ਪਹਿਲਾਂ ਹੀ ਮੌਤ ਹੋ ਗਈ। ਹਸਪਤਾਲ ਦੀ

# ਵਿਸਾਖੀ ਨੂੰ ਕੌਮੀ ਸਿੱਖ ਦਿਵਸ ਵਜੋਂ ਮਾਨਤਾ ਲਈ ਸਰਗਰਮੀ ਤੇਜ਼



**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ ਨੂੰ ਅਮਰੀਕਾ ਵਿਚ ਸਿੱਖ ਕੌਮੀ ਦਿਵਸ ਵਜੋਂ ਮਾਨਤਾ ਦਿਵਾਉਣ ਲਈ ਇਥੋਂ ਦੀਆਂ ਸਿੱਖ ਜਥੇਬੰਦੀਆਂ ਨੇ ਯਤਨ ਸ਼ੁਰੂ ਕਰ ਦਿੱਤੇ ਹਨ। ਇਸ ਵਰ੍ਹੇ 8 ਅਪਰੈਲ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਨੈਸ਼ਨਲ ਸਿੱਖ ਡੇਅ ਪਰੇਡ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਰਾਹੀਂ ਅਮਰੀਕਾ ਵਿਚ ਸਿੱਖਾਂ ਦੀ ਹੋਂਦ ਜਤਾਈ ਜਾਵੇਗੀ। ਇਹ ਫੈਸਲਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ.ਐਸ.ਏ.) ਵੱਲੋਂ ਕੀਤਾ ਗਿਆ ਹੈ।

ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਖੁਲਾਸਾ ਕੀਤਾ ਕਿ ਅਮਰੀਕਾ ਦੇ ਈਸਟ ਕੋਸਟ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਿੱਖ ਕੋਆਰਡੀਨੇਸ਼ਨ ਕਮੇਟੀ ਬਣਾਈ ਗਈ ਹੈ। ਕਮੇਟੀ ਨੇ ਫੈਸਲਾ ਕੀਤਾ ਹੈ ਕਿ ਅਮਰੀਕਾ ਵਿਚ ਖਾਲਸਾ ਸਾਜਨਾ ਦਿਵਸ ਨੂੰ 'ਨੈਸ਼ਨਲ ਸਿੱਖ ਡੇਅ' ਵਜੋਂ ਮਾਨਤਾ ਦਿਵਾਈ ਜਾਵੇ। ਇਸ ਸਬੰਧੀ ਅਮਰੀਕਾ ਦੇ ਸਦਨ ਵਿਚ ਮਤਾ ਪਵਾਉਣਾ ਜ਼ਰੂਰੀ ਹੈ, ਜਿਸ ਵਾਸਤੇ ਕੋਆਰਡੀਨੇਸ਼ਨ ਕਮੇਟੀ ਵੱਲੋਂ ਅੱਠ ਅਪਰੈਲ ਨੂੰ ਨੈਸ਼ਨਲ ਸਿੱਖ ਡੇਅ ਪਰੇਡ ਕਰਾਈ ਜਾਵੇਗੀ। ਇਹ ਪਰੇਡ ਵਾਸ਼ਿੰਗਟਨ ਡੀ.ਸੀ. ਵਿਚ ਹੋਵੇਗੀ, ਜਿਸ ਰਾਹੀਂ ਅਮਰੀਕਾ ਦੀ ਸਰਕਾਰ 'ਤੇ ਦਬਾਅ ਪਾਉਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਵਰਜੀਨੀਆ ਦੇ ਫੇਅਰ ਫੈਕਸ ਸਥਿਤ ਗੁਰਦੁਆਰੇ ਵਿਚ ਜਥੇਬੰਦੀਆਂ ਦੀ ਇਕ ਭਰਵੀਂ ਮੀਟਿੰਗ ਹੋਈ ਸੀ। ਉਨ੍ਹਾਂ ਆਖਿਆ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਵੱਲੋਂ ਵਿਸਾਖੀ ਦੇ ਦਿਹਾੜੇ ਮੌਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ ਅਤੇ ਪੰਜ ਪਿਆਰੇ ਸਾਜੇ ਗਏ ਸਨ। ਇਹ ਦਿਵਸ ਸਮੁੱਚੀ ਕੌਮ ਲਈ ਇਤਿਹਾਸਕ ਦਿਨ ਹੈ। ਇਸ ਦਿਵਸ ਨੂੰ ਅਮਰੀਕਾ ਵਿਚ ਨੈਸ਼ਨਲ ਸਿੱਖ ਦਿਵਸ ਵਜੋਂ ਮਾਨਤਾ ਦਿਵਾਈ ਜਾਵੇਗੀ ਤੇ ਇਸ ਤੋਂ ਬਾਅਦ ਹੋਰਾਂ ਮੁਲਕਾਂ ਵਿਚ ਵੀ ਇਹ ਉਪਰਾਲਾ ਕੀਤਾ ਜਾਵੇਗਾ।

# ਬਾਦਲਾਂ ਦੇ ਚਹੇਤਿਆਂ ਦੇ ਖੇਤਾਂ ਨੂੰ ਵੀ ਪੱਕੀਆਂ ਸੜਕਾਂ

**ਲੰਬੀ:** ਪੰਜਾਬ ਮੰਡੀ ਬੋਰਡ ਨੇ ਪਿੰਡ ਬਨਵਾਲਾ ਅੰਨੂ ਵਿਚ ਬਾਦਲਾਂ ਦੇ ਚਹੇਤੇ ਆਗੂਆਂ ਦੇ ਖੇਤਾਂ ਨੂੰ ਵੀ ਸੀਮਿੰਟਿਡ ਸੜਕਾਂ ਬਣਾ ਦਿੱਤੀਆਂ ਹਨ। ਬਨਵਾਲਾ ਅੰਨੂ ਬਾਦਲਾਂ ਦੇ ਓ.ਐਸ.ਡੀਜ਼ .ਅਤੇ ਨਿੱਜੀ ਸਕੱਤਰਾਂ ਦਾ ਪਿੰਡ ਹੈ। ਸਰਕਾਰ ਨੇ ਲੱਖਾਂ ਰੁਪਏ ਦੇ ਸਰਕਾਰੀ ਫੰਡ ਇਸ ਪਿੰਡ ਦੀ ਭੇਟ ਚਾੜ੍ਹੇ ਹਨ।

ਜਾਣਕਾਰੀ ਅਨੁਸਾਰ ਅਕਾਲੀ ਆਗੂ ਹਰਭਜਨ ਸਿੰਘ ਬਨਵਾਲਾ ਦੇ ਖੇਤ ਵਿਚ ਕੋਠੇ ਤੱਕ ਹੀ ਸੀਮਿੰਟਿਡ ਸੜਕ ਬਣਾ ਦਿੱਤੀ ਗਈ ਹੈ। ਇਹ ਸੜਕ ਖੇਤ ਵਿਚ ਨਹਿਰੀ ਖਾਲ ਨਾਲ ਜਾ ਜੁੜਦੀ ਹੈ। ਇਹ ਖੇਤ ਪਿੰਡੋਂ ਬਾਹਰ ਮਹਿਣਾ ਰੋੜ ਉਤੇ ਸਥਿਤ ਹੈ। ਸਰਕਾਰ ਨੇ ਚਾਰ-ਪੰਜ ਸੌ ਫੁੱਟ ਲੰਮੇ ਰਸਤੇ 'ਤੇ ਸੀਮਿੰਟਿਡ ਸੜਕ ਬਣਾਈ ਹੈ, ਜਿਸ ਉਤੇ ਛੇ-ਸੱਤ ਲੱਖ ਰੁਪਏ ਖਰਚ ਆਏ ਹਨ। ਸਹਿਕਾਰੀ ਸਮਿਤੀ ਬਨਵਾਲਾ ਅੰਨੂ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਓ.ਐਸ.ਡੀਜ਼ .ਅਤੇ ਨਿੱਜੀ ਸਕੱਤਰਾਂ ਦੇ ਰਿਸ਼ਤੇ ਵਿਚ ਚਾਚਾ ਲਗਦੇ ਹਨ। ਇਸ ਖੇਤ ਦੇ ਬਿਲਕੁੱਲ ਸਾਹਮਣੇ ਪੀ.ਪੀ.ਪੀ (ਭੰਗ) ਦੇ ਹਲਕਾ ਯੂਥ ਪ੍ਰਧਾਨ ਨਿਰਮਲ ਸਿੰਘ ਬਨਵਾਲਾ ਦੀ ਰਿਹਾਇਸ਼ ਮੂਹਰੇ 20-30 ਫੁੱਟ ਜਗ੍ਹਾ ਪੱਕੀ ਕਰਨ ਤੋਂ ਨਾਂਹ ਕਰ ਦਿੱਤੀ ਗਈ।

ਸਿੱਖਿਆ ਮੁਲਾਜ਼ਮ ਯੂਨੀਅਨ ਦੇ ਸੂਬਾਈ

### ਨਿਯਮ ਛਿੱਕੇ ਟੰਗ ਕੇ ਬਣਾਈਆਂ ਸੜਕਾਂ



ਆਗੂ ਵਕੀਲ ਸਿੰਘ ਦੀ ਰਿਹਾਇਸ਼ 'ਤੇ ਬੰਦ ਕੰਧ ਮੂਹਰੇ ਪੱਕੀ ਸੜਕ ਬਣਾ ਦਿੱਤਾ ਗਈ, ਜਿਸ 'ਤੇ ਹੁਣ ਛਟੀਆਂ ਦਾ ਢੇਰ ਪਿਆ ਹੈ ਅਤੇ ਰਸਤਾ ਅੱਗੋਂ ਜਾਲੀ ਨਾਲ ਬੰਦ ਕੀਤਾ ਹੋਇਆ ਹੈ। ਵਕੀਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਅਗਲੇ ਸਮੇਂ ਵਿਚ ਇਥੋਂ ਘਰ ਦਾ ਮੁੱਖ ਲਾਂਘਾ ਬਣਾਉਣਾ ਹੈ ਪਰ ਇਥੇ ਪੱਕੀ ਸੜਕ ਬਣਾਉਣ ਲਈ ਕਿਸੇ ਨੂੰ ਨਹੀਂ ਆਖਿਆ।

ਪਿੰਡ ਵਾਸੀ ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਮੰਡੀ ਬੋਰਡ ਨੇ ਅਕਾਲੀ ਪਰਿਵਾਰਾਂ ਦੇ ਖੇਤਾਂ ਨੂੰ ਸੜਕਾਂ ਬਣਾ ਦਿੱਤੀਆਂ ਤੇ ਲਾਲ ਲਕੀਰ ਦੀਆਂ ਹੱਦਾਂ ਦਾ ਧਿਆਨ ਨਹੀਂ ਰੱਖਿਆ। ਉਸ ਦੇ ਘਰ ਅੱਗੇ ਮੁੱਖ ਦਰਵਾਜ਼ੇ ਤੱਕ 30-40 ਫੁੱਟ ਸੀਮਿੰਟਿਡ ਸੜਕ ਬਣਾਉਣ ਲਈ ਗੁਹਾਰਾਂ ਲਾਉਣ 'ਤੇ ਪੰਜਾਬ ਮੰਡੀ ਬੋਰਡ ਦੇ ਐਸ.ਡੀ.ਓ. ਨੇ ਪੈਰ 'ਤੇ ਪਾਣੀ ਨਹੀਂ ਪੈਣ ਦਿੱਤਾ। ਉਨ੍ਹਾਂ ਨਿਯਮਾਂ ਨੂੰ ਛਿੱਕੇ ਟੰਗ ਕੇ ਬਣਾਈਆਂ ਸੜਕਾਂ ਉਤੇ ਖਰਚ ਫੰਡਾਂ ਨੂੰ ਪੰਜਾਬ ਮੰਡੀ ਬੋਰਡ ਦੇ ਅਫਸਰਾਂ ਤੋਂ ਵਸੂਲਣ ਦੀ ਮੰਗ ਕੀਤੀ।

# ਮੋਦੀ ਦੀ ਨੋਟਬੰਦੀ ਨੇ ਰੀਅਲ ਅਸਟੇਟ ਲੀਹੋਂ ਲਾਹਿਆ



**ਨਵੀਂ ਦਿੱਲੀ:** ਦਸੰਬਰ 2016 ਵਿਚ ਖਤਮ ਹੋਏ ਤੀਜੀ ਤਿਮਾਹੀ ਵਿਚ ਹਾਊਸਿੰਗ ਸੇਲ ਵਿਚ ਤਕਰੀਬਨ 31 ਫੀਸਦੀ ਤੇ ਨਵੇਂ ਲਾਂਚ ਵਿਚ 40 ਫੀਸਦੀ ਦੀ ਗਿਰਾਵਟ ਆਈ ਹੈ। ਅਸਲ ਵਿਚ ਨਵੰਬਰ ਵਿਚ ਨੋਟਬੰਦੀ ਤੋਂ ਬਾਅਦ ਰੀਅਲ ਅਸਟੇਟ ਮਾਰਕੀਟ ਨੂੰ ਭਾਰੀ ਸੱਟ ਵੱਜੀ ਸੀ। ਇਸ ਦਾ ਖੁਲਾਸਾ ਜਾਰੀ ਇਕ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ। ਰੀਅਲ ਅਸਟੇਟ ਡਾਟਾ, ਰਿਸਰਚ ਤੇ ਆਨ ਲਿਸਟ ਫਰਮ ਪ੍ਰੋਪਿਕੁਟੀ ਨੇ ਦੇਸ਼ ਦੇ ਅੱਠ ਸ਼ਹਿਰਾਂ ਵਿਚ ਮਾਰਕੀਟ ਦੇ ਤਾਜ਼ਾ ਰੁਝਾਨ ਬਾਰੇ ਸਰਵੇ ਕੀਤਾ ਹੈ। ਸਰਵੇ ਗੁੜਗਾਉਂ, ਨੋਇਡਾ, ਮੁੰਬਈ, ਕਲਕੱਤਾ, ਪੁਣੇ, ਹੈਦਰਾਬਾਦ ਤੇ ਚੇਨਈ ਵਿਚ ਕੀਤਾ ਗਿਆ ਸੀ। ਇਸ ਅਨੁਸਾਰ ਸਤੰਬਰ ਵਿਚ ਖਤਮ ਹੋਏ ਦੂਜੇ ਕੁਆਰਟਰ ਵਿਚ ਚਾਰ ਲੱਖ 59 ਹਜ਼ਾਰ 76 ਘਰ ਅਨਸੋਲਡ ਸੀ ਜੋ ਦਸੰਬਰ 2016 ਵਿਚ ਖਤਮ ਹੋਏ ਕੁਆਰਟਰ ਪਿਛੋਂ ਚਾਰ ਲੱਖ 53 ਹਜ਼ਾਰ 592 ਰਹਿ ਗਏ।

ਰਿਪੋਰਟ ਅਨੁਸਾਰ ਜੁਲਾਈ ਤੋਂ ਸਤੰਬਰ 2016 ਦੌਰਾਨ ਜਿਥੇ 38 ਹਜ਼ਾਰ 450 ਯੂਨਿਟ ਦੀ ਸੇਲ ਹੋਈ ਸੀ, ਉਥੇ ਹੀ ਅਕਤੂਬਰ ਤੋਂ ਦਸੰਬਰ 2016 ਦੌਰਾਨ 26 ਹਜ਼ਾਰ 718 ਯੂਨਿਟ ਦੀ ਵਿਕਰੀ ਹੋਈ, ਭਾਵ 31 ਫੀਸਦੀ ਦੀ ਗਿਰਾਵਟ।

ਇਸ ਤਰ੍ਹਾਂ ਜੁਲਾਈ ਤੋਂ ਸਤੰਬਰ 2016 ਦੇ ਵਿਚਕਾਰ 27696 ਯੂਨਿਟ ਲਾਂਚ ਹੋਏ ਜਦੋਂਕਿ ਅਗਲੇ ਕਵਾਟਰ ਭਾਵ ਅਕਤੂਬਰ ਤੋਂ ਦਸੰਬਰ 2016 ਦੌਰਾਨ 26 ਹਜ਼ਾਰ 718 ਯੂਨਿਟ ਹੀ ਵਿਕੇ। ਇਥੇ ਵੀ ਤਕਰੀਬਨ 31 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ।

### ਹੁਣ ਕਾਲੀਆਂ ਕਮਾਈਆਂ ਵਾਲੇ ਖਬਰਦਾਰ!

**ਨਵੀਂ ਦਿੱਲੀ:** ਹੁਣ ਬੈਂਕ ਵਿਚ ਕਾਲਾ ਧਨ ਜਮ੍ਹਾਂ ਕਰਾਉਣ ਵਾਲੇ ਨਹੀਂ ਬਚ ਸਕਦੇ। ਕਾਲਾ ਧਨ ਜਮ੍ਹਾਂ ਕਰਾਉਣ ਵਾਲਿਆਂ ਖਿਲਾਫ਼ ਕਾਰਵਾਈ ਤੈਅ ਹੈ। ਸਿੱਧੇ ਟੈਕਸ ਨਾਲ ਸਬੰਧਤ ਕੇਂਦਰੀ ਬੋਰਡ (ਸੀ.ਬੀ.ਡੀ.ਟੀ.) ਨੇ ਕਿਹਾ ਕਿ ਕਿਸੇ ਵੀ ਸ਼ੱਕੀ ਬੈਂਕ ਖਾਤਾਧਾਰਕ ਜਿਸ 'ਤੇ ਕਾਲੇ ਧਨ ਨੂੰ ਖਪਾਉਣ ਅਤੇ ਕੰਪਨੀ ਮਾਮਲਿਆਂ ਦਾ ਸ਼ੱਕ ਹੋਵੇਗਾ, ਨੂੰ 'ਅਪਰੇਸ਼ਨ ਕਲੀਨ ਮਨੀ' ਮੁਹਿੰਮ ਤਹਿਤ ਜਾਂਚ ਤੋਂ ਛੋਟ ਨਹੀਂ ਦਿੱਤੀ ਜਾਵੇਗੀ, ਭਾਵੇਂ ਉਸ ਦੇ ਖਾਤੇ ਵਿਚ ਜਮ੍ਹਾਂ ਪੂੰਜੀ ਘੱਟ ਹੀ ਕਿਉਂ ਨਾ ਹੋਵੇ। ਨੀਤੀ ਬਣਾਉਣ ਵਾਲੇ ਵਿਭਾਗ ਨੇ ਇਸ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ, ਜਿਸ ਤਹਿਤ ਜਮ੍ਹਾਂ ਨਕਦੀ ਦੇ ਜਾਇਜ਼ ਅਤੇ ਨਾਜਾਇਜ਼ ਹੋਣ ਦੀ ਪਛਾਣ ਕੀਤੀ ਜਾਵੇਗੀ। ਵਿਭਾਗ ਨੇ ਇਨ੍ਹਾਂ ਨੇਮਾਂ ਤਹਿਤ 18 ਲੱਖ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਹੈ। ਜੇਕਰ ਕਿਸੇ ਸ਼ੱਕੀ ਬੈਂਕ ਖਾਤੇ ਵਿਚ ਕਾਲੇ ਧਨ ਨੂੰ ਖਪਾਉਣ ਦੇ ਸਬੂਤ, ਟੈਕਸ ਛੋਟ ਵਿਚ ਗੜਬੜ, ਫਰਜ਼ੀ ਕੰਪਨੀਆਂ ਬਣਾਉਣ ਅਤੇ ਪੈਸੇ ਦੀ ਨਿਰਧਾਰਤ ਸੀਮਾ ਲਈ ਬਣਾਏ ਨਿਯਮ ਲਾਗੂ ਨਹੀਂ ਹੋਣਗੇ ਤਾਂ ਉਸ ਤੋਂ ਪੁੱਛਗਿੱਛ ਕੀਤੀ ਜਾਵੇਗੀ।

## ਪਤਨੀ ਦਾ ਕਤਲ ਕਾਰਨ ਵਾਲਾ ਪੰਜਾਬੀ ਗ੍ਰਿਫਤਾਰ

**ਵੈਨਕੂਵਰ:** ਬਰਨਬੀ ਦੇ ਇਕ ਘਰ ਵਿਚ ਮਾਰੀ ਗਈ ਔਰਤ ਦੇ ਪਤੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਕੇ ਉਸ ਖਿਲਾਫ਼ ਕਤਲ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੁਲਿਸ ਜਦੋਂ ਬਰਨਬੀ ਦੇ 18 ਐਵੇਨਿਊ ਦੇ 7900 ਬਲਾਕ ਸਥਿਤ ਘਰ ਪਹੁੰਚੀ ਤਾਂ ਅੰਦਰ ਔਰਤ ਜ਼ਖ਼ਮੀ ਹਾਲਤ 'ਚ ਪਈ ਸੀ ਜਿਸ ਦੀ ਹਸਪਤਾਲ ਲਿਜਾਣ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਕਤਲ ਦਾ ਕਾਰਨ ਘਰੇਲੂ ਕਲੇਸ਼ ਸੀ।

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ

**ਖੇਡ ਮੇਲਾ** **ਐਤਵਾਰ 19 ਮਾਰਚ 2017** *ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 19 ਮਾਰਚ 2017 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।




**ਵਿਸ਼ੇਸ਼ ਲੰਗਰ:** ਇਸ ਮੌਕੇ ਛੱਲੀਆਂ, ਛੋਲੇ-ਭਠੂਰੇ, ਗੰਨੇ ਦਾ ਰਸ, ਪਕੌੜੇ, ਤਾਜਾ ਫਲ, ਫਰਾਈਆਂ ਅਤੇ ਬਰੈਡ ਪਕੌੜਿਆਂ ਦਾ ਵਿਸ਼ੇਸ਼ ਬੰਦੋਬਸਤ ਹੋਵੇਗਾ

## ਨਾਟਕ 'ਸਿੰਘ ਸੂਰਮੇ' ਦਾ ਮੰਚਨ

**18 ਮਾਰਚ 2017,** *ਸਨਿਚਰਵਾਰ ਸ਼ਾਮ 7 ਵਜੇ*

*ਸੰਗਤ ਨੂੰ ਬੇਨਤੀ ਹੈ ਕਿ ਇਹ ਨਾਟਕ ਵੇਖਣ ਲਈ ਜ਼ਰੂਰ ਪਹੁੰਚੇ*

**Call For Registration:** (Volleyball) Charan Singh Bhandal 408-482-1372
(Basketball) Jaswinder Singh Sohal 408-391-7013
Harjinder Singh Purewal 408-824-8762
Bhupinder Singh Dhillon 408-926-6650

**General Info:** Sukhdev Singh Bainiwal 408-421-9463
**Langer Seva:** Harjinder Singh Ladhar 408-904-9158
**Stall Reservations:** Khushvinder P. Singh 408-507-1290

*Parking available at Evergreen Valley High School; shuttles available for rides. Do not park on streets with "No Parking" signs.*

# ਆਤਿਫ ਅਸਲਮ ਸੁਰਾਂ



ਕਲਾ ਪਰਿਕਰਮਾ

ਲਹਿੰਦੇ ਪੰਜਾਬ ਵਿਚ ਵਜ਼ੀਰਾਬਾਦ ਵਿਖੇ ਜੰਮਿਆ ਆਤਿਫ ਅਸਲਮ ਸਮਝੋ ਅੱਜ ਕਲਾ ਦੇ ਖੇਤਰ ਦਾ ਵਜ਼ੀਰ ਹੈ। ਪਹਿਲਾਂ ਪਹਿਲ ਭਾਵੇਂ ਅਸਲਮ ਦਾ ਸ਼ੌਕ ਕ੍ਰਿਕਟ ਸੀ, ਪਰ ਜਿਉਂ ਜਿਉਂ ਜ਼ਿੰਦਗੀ ਨੇ ਅਗਾਂਹ ਕਦਮ ਵਧਾਏ, ਉਹਦੀ ਰੁਚੀ ਸੰਗੀਤ ਵਿਚ ਵਧਦੀ ਗਈ। ਮਿਸਾਲੀ ਗਾਇਕ ਨੁਸਰਤ ਫ਼ਤਿਹ ਅਲੀ ਖਾਂ ਅਤੇ ਆਬਿਦਾ ਪ੍ਰਵੀਨ ਨੂੰ ਉਸ ਨੇ ਰੱਜ ਕੇ ਸੁਣਿਆ। ਫਿਰ ਜਦੋਂ ਕਰੀਅਰ ਦੀ ਵਾਰੀ ਆਈ ਤਾਂ ਉਸ ਨੇ ਕ੍ਰਿਕਟ ਦੀ ਥਾਂ ਸੰਗੀਤ ਨੂੰ ਹੀ ਪਹਿਲ ਦਿੱਤੀ; ਹਾਲਾਂਕਿ ਉਸ ਵਕਤ

**ਰੁਬੀਨਾ ਮਿਹਰ**

ਉਹ ਅੰਡਰ-19 ਕ੍ਰਿਕਟ ਟੀਮ ਵਿਚ ਵੀ ਵਾਅਵਾ ਵਜ਼ਨਦਾਰ ਖਿਡਾਰੀ ਬਣ ਚੁੱਕਿਆ ਸੀ। ਫਿਰ 17 ਜੁਲਾਈ 2004 ਨੂੰ ਉਸ ਦੀ ਪਲੇਠੀ ਐਲਬਮ 'ਜਲ ਪਰੀ' ਆਈ ਜੋ ਦਿਨਾਂ ਵਿਚ ਹੀ ਹਿੱਟ ਹੋ ਗਈ। ਇਸ ਐਲਬਮ ਦੇ ਕਈ ਗੀਤ 'ਭੀਗੀ ਯਾਦੇਂ", 'ਅਹਿਸਾਸ' ਅਤੇ 'ਜਲ ਪਰੀ' ਪਾਕਿਸਤਾਨ ਵਿਚ ਹੀ ਨਹੀਂ, ਸਮੁੱਚੇ ਉਪ ਮਹਾਂਦੀਪ ਵਿਚ ਸੁਣੇ ਗਏ। ਗਾਇਨ ਤੋਂ ਬਾਅਦ ਅਸਲਮ ਨੇ ਫਿਲਮਾਂ ਵਿਚ ਵੀ ਜ਼ੋਰ-ਅਜ਼ਮਾਈ ਕੀਤੀ। 2011 ਵਿਚ ਆਈ ਉਰਦੂ ਫਿਲਮ 'ਬੋਲ' ਉਸ ਦੀ ਪਹਿਲੀ ਫਿਲਮ ਸੀ। ਇਸ ਤੋਂ ਬਾਅਦ ਉਸ ਨੇ ਕਈ ਫਿਲਮਾਂ ਵਿਚ ਗੀਤ ਗਾਏ ਅਤੇ ਅਦਾਕਾਰੀ ਵੀ ਕੀਤੀ। ਹਿੰਦੀ ਫਿਲਮਾਂ 'ਬਸ ਏਕ ਪਲ', 'ਰੇਸ', 'ਪ੍ਰਿੰਸ', 'ਤੇਰੇ ਨਾਲ ਲਵ ਹੋ ਗਿਆ', 'ਰੇਸ-2', 'ਜਯੰਤਾਭਾਈ ਕੀ ਲਵ ਸਟੋਰੀ', 'ਬਦਲਾਪੁਰ' ਅਤੇ 'ਫਲਾਇੰਗ ਜੱਟ' ਵਿਚ ਵੀ ਉਸ ਨੇ ਆਪਣੇ ਗੀਤਾਂ ਨਾਲ ਖੂਬ ਰੰਗ ਲਾਏ।



ਅਸਲਮ ਦਾ ਪੂਰਾ ਨਾਂ ਮੁਹੰਮਦ ਆਤਿਫ਼ ਅਸਲਮ ਹੈ। ਉਸ ਦਾ ਜਨਮ 12 ਮਾਰਚ 1983 ਨੂੰ ਹੋਇਆ। ਪਾਕਿਸਤਾਨ ਦਾ ਸਿਵਲੀਅਨ ਖਿਤਾਬ ਤਮਗ਼ਾ-ਏ-ਇਮਤਿਆਜ਼ ਹਾਸਲ ਕਰਨ ਵਾਲਾ ਉਹ ਸਭ ਤੋਂ ਛੋਟੀ ਉਮਰ ਦਾ ਕਲਾਕਾਰ ਸੀ। ਗੱਲ ਕਰਨ 'ਤੇ ਉਹ ਬਹੁਤ ਦੁਖੀ ਹੋ ਕੇ ਦੱਸਦਾ ਹੈ ਕਿ 21ਵੀਂ ਸਦੀ ਵਿਚ ਵੀ ਲੋਕਾਂ ਦਾ ਔਰਤਾਂ ਪ੍ਰਤੀ ਨਜ਼ਰੀਆ 18ਵੀਂ ਸਦੀ ਵਾਲਾ ਹੀ ਹੈ। ਮੁਲਕ ਦੀ ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਹਾਲਾਤ ਕੁਝ ਕੁ ਹੇਰ-ਫੇਰ ਉਸੇ ਤਰ੍ਹਾਂ ਦੇ ਹਨ। ਉਸ ਦਾ ਦਾਅਵਾ ਹੈ ਕਿ ਅਜਿਹੇ ਹਾਲਾ ਨੂੰ ਬਦਲਣਾ ਭਾਵੇਂ ਖਾਲਾ ਜੀ ਦਾ ਵਾੜਾ ਨਹੀਂ, ਪਰ ਸਮੁੱਚੇ ਹਾਲਾਤ ਨੂੰ ਬਦਲਣ ਵਿਚੀ ਕਲਾਕਾਰਾਂ ਦੀ ਭੂਮਿਕਾ ਅਹਿਮ ਹੋ ਸਕਦੀ ਹੈ। ਇਸ ਲਈ ਕਲਾਕਾਰਾਂ ਨੂੰ ਆਪਣੀ ਕਲਾ ਦੇ ਨਾਲ ਨਾਲ ਸਮਾਜ ਸੁਧਾਰ ਵੱਲ ਵੀ ਯੋਗਦਾਨ ਪਾਉਣਾ ਚਾਹੀਦਾ ਹੈ।

ਅਸਲਮ ਨੇ ਟੈਲੀਵਿਜ਼ਨ 'ਤੇ ਵੀ ਪ੍ਰੋਗਰਾਮ ਕੀਤਾ। 'ਸੁਰ ਕਸ਼ੇਤਰਾ' ਵਿਚ ਉਹ 'ਟੀਮ ਪਾਕਿਸਤਾਨ' ਦੇ ਕੈਪਟਨ ਵਜੋਂ ਹਾਜ਼ਰ ਹੋਇਆ। ਇਹ ਸ਼ੋਅ ਦੁਬਈ ਵਿਚ ਰਿਕਾਰਡ ਹੋਇਆ ਜਿਸ ਵਿਚ ਭਾਰਤ ਅਤੇ ਪਾਕਿਸਤਾਨ ਦੇ ਗਾਇਕਾਂ ਨੇ ਹਿੱਸਾ ਲਿਆ ਸੀ। ਮਗਰੋਂ ਅਸਲਮ ਦੀ ਟੀਮ ਦੇ ਨਬੀਲ ਸ਼ੌਕਤ ਅਲੀ ਨੇ ਇਹ ਖਿਤਾਬ ਜਿੱਤਿਆ। ਨਬੀਲ ਮਸ਼ਹੂਰ ਗਾਇਕ ਸ਼ੌਕਤ ਅਲੀ ਦਾ ਬੇਟਾ ਹੈ ਜਿਸ ਨੇ ਛੋਟੀ ਉਮਰ ਵਿਚ ਹੀ ਆਪਣੇ ਬਾਪ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਸੀ।

ਮੁਹੰਮਦ ਆਤਿਫ ਅਸਲਮ ਨੇ ਹਾਲੀਵੁੱਡ ਲਈ ਵੀ ਗੀਤ ਗਾਏ। ਉਸ ਨੇ ਆਪਣੀ ਦੂਜੀ ਐਲਬਮ 'ਦੂਰੀ' ਦੇ ਚਾਰ ਗੀਤ ਦੋ ਫਿਲਮਾਂ ਵਿਚ ਲੈ ਲਏ ਗਏ। ਇਨ੍ਹਾਂ ਵਿਚ 'ਦੂਰੀ' ਅਤੇ 'ਮੌਲਾ' ਗੀਤ ਵੀ ਸ਼ਾਮਲ ਹਨ ਜੋ 'ਸਪੈਨਿਸ਼ ਬਿਊਟੀ' (2010) ਲਈ ਚੁਣੇ ਗਏ। ਦੋ ਗੀਤ 'ਬੋਲ ਕੇ ਲਬ ਆਜ਼ਾਦ ਹੈਂ ਤੇਰੇ' ਅਤੇ 'ਮੋਰੀ ਅਰਜ਼ ਸੁਨੋ' ਗੀਤ ਮੀਰਾ ਨਈਅਰ ਦੀ ਫਿਲਮ 'ਦਿ ਰਿਲਕਟੈਂਟ ਫੰਡਾਮੈਟਲਿਸਟ' (2012) ਲਈ ਚੁਣੇ ਗਏ ਸਨ।

## ਧੜਕਦੀ ਜ਼ਿੰਦਗੀ ਦੀਆਂ ਸੁਰਾਂ ਦੀ ਸਰਗਮ...



*ਆਤਿਫ ਅਸਲਮ ਪਿਛਲੇ ਦਿਨੀਂ ਉਸ ਵੇਲੇ ਚਰਚਾ ਵਿਚ ਆ ਗਿਆ ਸੀ ਜਦੋਂ ਉਸ ਦੇ ਇਕ ਪ੍ਰੋਗਰਾਮ ਦੌਰਾਨ ਕੁਝ ਬੁਰਛਾਗਰਦਾਂ ਨੇ ਇਕ ਕੁੜੀ ਨਾਲ ਬਦਤਮੀਜ਼ੀ ਕੀਤੀ। ਉਸ ਨੇ ਇਸ ਲੜਕੀ ਨੂੰ ਤੰਗ ਕਰ ਰਹੇ ਉਨ੍ਹਾਂ ਬੁਰਛਾਗਰਦਾਂ ਤੋਂ ਹੀ ਨਹੀਂ ਬਚਾਇਆ, ਸਗੋਂ ਉਸ ਨੂੰ ਸਟੇਜ ਉਤੇ ਵੀ ਲਿਆਂਦਾ ਅਤੇ ਬੁਰਛਾਗਰਦਾਂ ਨੂੰ ਖੂਬ ਝਾੜਾਂ ਪਾਈਆਂ। ਇਹ ਘਟਨਾ ਪਾਕਿਸਤਾਨ ਦੇ ਮਹਾਂਨਗਰ ਕਰਾਚੀ ਦੀ ਹੈ। ਅਸਲਮ ਦੀ ਇਸ ਕਾਰਵਾਈ ਦੀ ਵੱਖ-ਵੱਖ ਹਸਤੀਆਂ ਨੇ ਖੂਬ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਕਲਾਕਾਰ ਨੂੰ ਅਜਿਹੇ ਫਰਜ਼ ਨਿਭਾਉਣੇ ਚਾਹੀਦੇ ਹਨ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਮਾਰਚ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-263



*ਬਾਝ ਹੱਥਾਂ ਜਿਉਂ ਕਰੇਂ ਕਮਾਈਆਂ, ਦੇਖ ਦੇਖ ਅੱਖੀਆਂ ਭਰ ਆਈਆਂ।*
*ਤੇਰੇ ਜੇਰੇ ਨੂੰ ਸਭ ਦੀ ਸਲਾਮ, ਜੁਗਤਾਂ ਜੁੱਗ ਵਿਚ ਕਰੇ ਸਮਾਈਆਂ।*

## ਕੈਪਸ਼ਨ ਮੁਕਾਬਲਾ-261



ਲੋਕਾਂ ਦਿੱਤਾ ਮਾਣ ਬੜਾ ਹੈ
ਸੋਚ ਤੇਰੀ ਲਾਸਾਨੀ ਨੂੰ।
ਭੁੱਲ ਨਾ ਜਾਈਂ ਕਿਧਰੇ ਮਾਨਾ
ਬੇਬਿਆਂ ਦੀ ਕੁਰਬਾਨੀ ਨੂੰ।
ਢਿੱਡੋਂ ਦਿੱਤਾ ਪਿਆਰ ਹੈ ਇਨ੍ਹਾਂ
ਮਮਤਾ ਨਾ ਹੁਣ ਰੁੱਸ ਜਾਵੇ।
ਬੜਾ ਸੰਤਾਪ ਹੰਢਇਆ ਲੋਕਾਂ
ਵਿਸ਼ਵਾਸ ਨਾ ਕਿਧਰੇ ਟੁੱਟ ਜਾਵੇ।
**-ਜਗਮੀਤ ਸਿੰਘ ਪੰਧੇਰ**

---

ਤਵੀ 'ਤੇ ਰੋਟੀ ਬਣਾਉਂਦੀ ਮਾਂ ਹੋਵੇ
ਖਾਣ ਵਾਲਾ ਭਗਵੰਤ ਮਾਨ ਹੋਵੇ।
ਟੱਬਰ ਨੂੰ ਚਾਅ ਚੜ੍ਹ ਜਾਂਦਾ ਦੂਣਾ
ਜੇ ਆਇਆ ਕੋਈ ਮਹਿਮਾਨ ਹੋਵੇ।
ਪਰਵਾਸੀ ਤਰਸੇ ਉਨ੍ਹਾਂ ਰੋਟੀਆਂ ਨੂੰ
ਜਿਨ੍ਹਾਂ 'ਚ ਮਾਂ ਦਾ ਪਿਆਰ ਹੋਵੇ।
ਖਾਣੇ ਦਾ ਲੁਤਫ ਨਾ ਉਹ ਆਵੇ
ਭਾਵੇਂ ਭਰਿਆ ਪੈਸੇ ਦਾ ਸੰਸਾਰ ਹੋਵੇ।
**-ਅਮਰਜੀਤ ਸਿੰਘ ਤੂਰ**

---

ਲੋਕ ਨੁਮਾਇੰਦਾ, ਲੋਕਾਂ ਨਾਲ।
ਘਰ ਘਰ ਜੇ ਕੇ ਪੁੱਛਦਾ ਹਾਲ।
ਰੱਖਦਾ ਦਿਲੋਂ ਪੰਜਾਬ ਦਾ ਖਿਆਲ।
ਰੱਬ ਮਿਹਰ ਉਸ 'ਤੇ ਇਸ ਸਾਲ।
ਬਣੂ ਪੰਜਾਬ ਸਾਡਾ ਫਿਰ ਖੁਸ਼ਹਾਲ।
**-ਇੰਦਰਜੀਤ ਮੰਗਾ ਪਿਟਸਬਰਗ**

---

ਸ਼ਾਇਦ ਰਿਹਾ ਚੋਣਾਂ ਵਿਚ ਰੁੱਝਿਆ
ਵਿਹਲੇ ਹੋ ਘਰ ਫੇਰਾ ਪਾਇਆ।
ਤਵੀ ਤੋਂ ਲਹਿੰਦੀ ਮਾਂ ਹੱਥੋਂ ਲੈ ਕੇ
ਖਾਣ ਨੂੰ ਡਾਢਾ ਦਿਲ ਲਲਚਾਇਆ।
ਵੇਲੇ-ਕੁਵੇਲੇ ਲੰਗਰਾਂ ਦੇ ਟੁੱਕਰ
ਖਾ ਅੱਕ ਗਿਆ ਬਾਹਲਾ ਮਨ।
ਭਗਵੰਤ ਮਾਨ ਜਿਹਾ ਤੱਕ ਕੇ ਪੁੱਤ ਨੂੰ
ਮਾਂ ਹੋਈ ਜਾਵੇ ਚਿੱਤੋਂ ਪ੍ਰਸੰਨ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਇਹ ਲੋਕ ਜੋ ਦਿਖਾਵਾ ਕਰਦੇ
ਵੋਟਾਂ ਲੈਣ ਲਈ ਵਾਅਦੇ ਕਰਦੇ।
ਉਨ੍ਹਾਂ ਨਾਲ ਖਾ ਪੀ ਸਾਂਝ ਦਿਖਾਉਂਦੇ
ਫਿਰ ਭ੍ਰਿਸ਼ਟਾਚਾਰ ਦੇ ਰਾਹੇ ਪੈਂਦੇ।
ਬੀਬੀ ਹੱਥ ਜੋੜ ਕੇ ਕਹਿੰਦੀ,
ਤੁਸੀਂ ਕੀੜੀ ਘਰ ਆਏ ਭਗਵਾਨ।
ਪਾ ਪਤੂਹੀ ਮੰਤਰੀਆਂ ਵਾਲੀ
ਮੰਜੇ ਬੈਠਾ ਟਾਪਾਂ ਪਾੜੇ ਮਾਨ।
**-ਦਰਸ਼ਨਪਾਲ ਦੋਸਾਂਝ**

---

ਖੁੱਲ੍ਹਾ ਦੇਖ ਕੇ ਦਰਵਾਜ਼ਾ,
ਲੰਘ ਆਇਆ ਭਗਵੰਤ ਮਾਨ।
ਬੀਬੀਆਂ ਨਾ ਲਾਈ ਭੋਰਾ ਦੇਰ,
ਲੱਗੀਆਂ ਝੱਟ ਫੁਲਕੇ ਪਕਾਉਣ।
ਪਰ ਨਾਲ ਹੀ ਮਨ ਦੀ ਕਹਿ'ਤੀ
ਲੀਡਰਾਂ ਪੰਜਾਬ ਦਾ ਕਰ'ਤਾ ਘਾਣ।
ਵਾੜ ਹੀ ਖੇਤ ਨੂੰ ਖਾਣ ਲੱਗ ਗਈ,
ਕੌਣ ਆਊ ਇਸ ਨੂੰ ਬਚਾਉਣ!
**-ਦਵਿੰਦਰ ਕੌਰ**

---

ਭੁਲੇਖਾ ਨਹੀਂ, ਇਹ ਹੈ ਸੱਚ
ਮੰਜੇ ਉਤੇ ਬੈਠਾ ਕੋਈ ਇਨਸਾਨ।
ਗੌਰ ਨਾਲ ਵੇਖੋ ਇਹ ਸਾਡਾ
ਪਿਆਰਾ ਨੇਤਾ ਭਗਵੰਤ ਮਾਨ।
ਮਾਣ ਵਧਿਆ ਗਰੀਬ ਦਾ
ਖਾ ਕੇ ਘਰ ਉਸ ਦੇ ਰੋਟੀ।
ਪਾਰਲੀਮੈਂਟ 'ਚ ਗੱਜ ਕੇ ਬੋਲਦਾ
ਨਾ ਇਹਦੀ ਨੀਅਤ ਖੋਟੀ।
**-ਗੋਰਾ ਪ੍ਰਜਾਪਤ, ਨਿਊ ਯਾਰਕ**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting any model homes to save big time.***

## Just Sold

1. 2465 Becket Dr., Union City, CA 94587
2. 638 Baron Way, Hayward, CA 94544
3. 29145 Eden Shores Dr., Hayward, CA 94545
4. 4356 Queen Ann Dr., Union City, CA 94587
5. 4415 Viejo Way, Union City, CA 94587

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

**Call Sukhi Gill** **Ph: 510-207-9067**

DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner
2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

***Follow us on zillow.com and trulia.com***

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਅਮਨੈਸਟੀ ਨੇ ਭਾਰਤ 'ਚ ਫਿਰਕੂ ਸੋਚ ਦੇ ਪਸਾਰ 'ਤੇ ਉਠਾਏ ਸਵਾਲ

**ਲੰਡਨ:** ਮਨੁੱਖੀ ਅਧਿਕਾਰਾਂ ਬਾਰੇ ਆਪਣੀ ਸਾਲਾਨਾ ਰਿਪੋਰਟ ਵਿਚ ਯੂ.ਕੇ. ਸਥਿਤ ਗੈਰ-ਸਰਕਾਰੀ ਸੰਸਥਾ ਅਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਭਾਰਤ ਵਿਚ ਸਰਕਾਰੀ ਤੇ ਗੈਰ-ਸਰਕਾਰੀ ਵਿਅਕਤੀਆਂ ਦੀਆਂ ਧਮਕੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਰਿਪੋਰਟ ਮੁਤਾਬਕ 'ਵਿਦੇਸ਼ੀ ਫੰਡ ਹਾਸਲ ਕਰਨ ਵਾਲੀਆਂ ਸਮਾਜਿਕ ਜਥੇਬੰਦੀਆਂ' ਨੂੰ ਪ੍ਰੇਸ਼ਾਨ ਕਰਨ ਲਈ ਵਿਦੇਸ਼ੀ ਯੋਗਦਾਨ (ਨਿਯਮ) ਕਾਨੂੰਨ ਜਾਂ ਐਫ.ਸੀ.ਆਰ.ਏ. ਵਰਤਿਆ ਜਾਂਦਾ ਹੈ। ਜਾਤੀ ਆਧਾਰਤ ਹਿੰਸਾ ਤੇ ਗਊ ਰੱਖਿਅਕ ਗਰੁੱਪਾਂ ਵੱਲੋਂ ਗੁਜਰਾਤ, ਹਰਿਆਣਾ, ਮੱਧ ਪ੍ਰਦੇਸ਼ ਤੇ ਕਰਨਾਟਕ ਸਮੇਤ ਹੋਰ ਸੂਬਿਆਂ ਵਿਚ ਗਊ ਹੱਤਿਆ ਰੋਕੂ ਕਾਨੂੰਨ ਨੂੰ ਲਾਗੂ ਕਰਨ ਦੇ ਨਾਂ ਉਤੇ ਲੋਕਾਂ ਉਤੇ ਹਮਲੇ ਕੀਤੇ ਜਾ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ।




ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਉੜੀ ਵਿਚ ਫੌਜੀ ਕੈਂਪ ਉਤੇ ਹਥਿਆਰਬੰਦ ਵਿਅਕਤੀਆਂ ਦੇ ਹਮਲੇ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧਿਆ ਹੈ। ਜੰਮੂ ਕਸ਼ਮੀਰ ਸੂਬੇ 'ਚ ਕਈ ਮਹੀਨੇ ਕਰਫਿਊ ਲੱਗਾ ਰਿਹਾ ਅਤੇ ਅਧਿਕਾਰੀਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ। ਇਸ ਰਿਪੋਰਟ ਵਿਚ ਭਾਰਤ ਸਰਕਾਰ ਦੇ ਨੋਟਬੰਦੀ ਵਾਲੇ ਫੈਸਲੇ ਦੇ ਸਿੱਟਿਆਂ ਨੂੰ ਵੀ ਉਭਾਰਿਆ ਗਿਆ ਹੈ। ਇਸ ਮੁਤਾਬਕ, ਦੇਸ਼ ਵਿਚ ਕਾਲੇ ਧਨ ਨੂੰ ਖਤਮ ਕਰਨ ਲਈ ਭਾਰਤ ਵੱਲੋਂ 500 ਤੇ 1000 ਰੁਪਏ ਦੇ ਨੋਟ ਬੰਦ ਕਰ ਦਿੱਤੇ ਗਏ, ਜਿਸ ਨਾਲ ਲੱਖਾਂ ਲੋਕਾਂ ਦੇ ਜੀਵਨ ਉਤੇ ਬੁਰਾ ਅਸਰ ਪਿਆ। ਆਲਮੀ ਪੱਧਰ ਉਤੇ 159 ਮੁਲਕਾਂ ਬਾਰੇ ਇਸ ਰਿਪੋਰਟ ਵਿਚ 'ਦਮਨ ਦੀ ਸਿਆਸਤ' ਦੇ ਵਧਣ ਫੁੱਲਣ ਦੀ ਨਿੰਦਾ ਕੀਤੀ ਗਈ ਹੈ, ਜੋ ਵਿਸ਼ਵ ਵਿਚ ਵੰਡ ਅਤੇ ਡਰ ਦੇ ਬੀਜ ਬੋਅ ਰਹੀ ਹੈ। ਅਮਨੈਸਟੀ ਇੰਟਰਨੈਸ਼ਨਲ ਦੇ ਸਕੱਤਰ ਜਨਰਲ ਸਲਿਲ ਸ਼ੈਟੀ ਨੇ ਕਿਹਾ ਕਿ ਅੱਜ ਦੀ ਦਮਨ ਵਾਲੀ ਸਿਆਸਤ ਬੇਸ਼ਰਮੀ ਨਾਲ ਕੁਝ ਲੋਕਾਂ ਨੂੰ ਇਨਸਾਨ ਨਾ ਮੰਨਣ ਵਾਲੇ ਖਤਰਨਾਕ ਵਿਚਾਰ ਨੂੰ ਅੱਗੇ ਤੋਰ ਰਹੀ ਹੈ। ਸਾਲ 2016 ਵਿਚ 'ਅਸੀਂ ਬਨਾਮ ਉਹ' ਦੀ ਸਨਕੀ ਢੰਗ ਨਾਲ ਵਰਤੋਂ ਕੀਤੀ ਗਈ ਅਤੇ 1930 ਬਾਅਦ ਦੋਸ਼, ਨਫਰਤ ਤੇ ਡਰ ਕੌਮਾਂਤਰੀ ਤਰਜੀਹ ਬਣਿਆ ਰਿਹਾ। ਖੇਤਰੀ ਪੱਧਰ 'ਤੇ ਦੱਖਣੀ ਏਸ਼ੀਆ 'ਚ ਕਈ ਸਰਕਾਰਾਂ ਨੇ ਪ੍ਰਭੂਸੱਤਾ ਤੇ ਸੁਰੱਖਿਆ ਦੇ ਨਾਂ ਆਜ਼ਾਦੀ ਨੂੰ ਢਾਹ ਲਾਈ ਹੈ।

ਅਮਨੈਸਟੀ ਨੇ ਚਿਤਾਵਨੀ ਦਿੱਤੀ ਹੈ ਕਿ ਲਾਕਾਨੂੰਨੀ ਵਾਲੇ ਕੌਮਾਂਤਰੀ ਮੰਚ ਉਤੇ ਮਨੁੱਖੀ ਅਧਿਕਾਰ ਲੀਡਰਸ਼ਿਪ ਦੀ ਕਮਜ਼ੋਰ ਹੋਂਦ ਕਾਰਨ 2017 ਵਿਚ ਚੱਲ ਰਿਹਾ ਆਲਮੀ ਸੰਕਟ ਵਧੇਗਾ। ਸੀਰੀਆ, ਯਮਨ, ਲਿਬੀਆ, ਅਫਗਾਨਿਸਤਾਨ, ਕੇਂਦਰੀ ਅਮਰੀਕਾ, ਕੇਂਦਰੀ ਅਫਰੀਕਾ ਗਣਰਾਜ, ਬੁਰੂੰਡੀ, ਇਰਾਕ, ਦੱਖਣੀ ਸੁਡਾਨ ਅਤੇ ਸੁਡਾਨ ਸੰਕਟ ਵਾਲੇ ਇਲਾਕਿਆਂ ਵਿਚ ਸ਼ਾਮਲ ਹਨ। ਇਸ ਸਾਲਾਨਾ ਰਿਪੋਰਟ 'ਚ ਸਾਲ 2016 ਵਿਚ ਘੱਟ ਤੋਂ ਘੱਟ 23 ਮੁਲਕਾਂ ਵਿਚ ਹੋਏ ਜੰਗੀ ਅਪਰਾਧਾਂ ਨੂੰ ਹਿੱਸਾ ਬਣਾਇਆ ਗਿਆ ਹੈ।

# ਪਾਕਿ 'ਚ ਅਣਖ ਖਾਤਰ ਕਤਲ ਦੇ ਮਾਮਲੇ ਵਧੇ

### 2016 ਦੌਰਾਨ ਅਣਖ ਖਾਤਰ 1577 ਹੱਤਿਆਵਾਂ




**ਇਸਲਾਮਾਬਾਦ:** ਪਾਕਿਸਤਾਨ ਵਿਚ ਅਣਖ ਖਾਤਰ ਹੱਤਿਆ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸੂਬਾ ਖ਼ੈਬਰ ਪਖਤੂਨਖਵਾ ਪੁਲਿਸ ਮੁਤਾਬਕ ਸੂਬੇ 'ਚ ਪਿਛਲੇ ਕੁਝ ਹਫਤਿਆਂ ਵਿਚ ਆਨਰ ਕਿਲਿੰਗ ਦੇ ਨਾਂ ਉਤੇ 187 ਮਹਿਲਾਵਾਂ ਦੀ ਹੱਤਿਆ ਕੀਤੀ ਗਈ, ਜਦੋਂਕਿ ਪਿਸ਼ਾਵਰ ਦੀ ਸਮਾਜ ਸੇਵੀ ਸੰਸਥਾ 'ਔਰਤ ਫਾਊਂਡੇਸ਼ਨ' ਦਾ ਦਾਅਵਾ ਹੈ ਕਿ ਪੁਲਿਸ ਵੱਲੋਂ ਦੱਸੀ ਜਾ ਰਹੀ ਗਿਣਤੀ ਅਸਲ ਨਾਲੋਂ ਬਹੁਤ ਘੱਟ ਹੈ।

ਅਜਿਹੇ ਮਾਮਲਿਆਂ ਵਿਚ ਪਰਿਵਾਰਕ ਮੈਂਬਰ ਜਾਂ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ ਹੋਣ ਕਰ ਕੇ ਬਹੁਤੇ ਕੇਸ ਤਾਂ ਪੁਲਿਸ ਤਕ ਪਹੁੰਚਦੇ ਹੀ ਨਹੀਂ ਅਤੇ ਜੋ ਪਹੁੰਚਦੇ ਹਨ ਉਨ੍ਹਾਂ ਦਾ ਸਮਝੌਤਾ ਕਰਵਾ ਦਿੱਤਾ ਜਾਂਦਾ ਹੈ।

ਪਾਕਿਸਤਾਨ ਮਨੁੱਖੀ ਅਧਿਕਾਰ ਕਮੀਸ਼ਨ ਦੇ ਅੰਕੜਿਆਂ ਅਨੁਸਾਰ ਸਾਲ 1998 ਤੋਂ 2004 ਤੱਕ ਪੁਲਿਸ ਵੱਲੋਂ 4000 ਮਾਮਲੇ ਦਰਜ ਕੀਤੇ ਗਏ। ਮਾਰੇ ਗਏ ਲੋਕਾਂ 'ਚ 2700 ਔਰਤਾਂ ਅਤੇ 1300 ਪੁਰਸ਼ ਸਨ। ਇਕੱਲੇ ਸਾਲ 2013 ਵਿਚ 1261 ਔਰਤਾਂ ਕਤਲ ਕੀਤੀਆਂ ਗਈਆਂ। ਇਸੇ ਤਰ੍ਹਾਂ ਆਨਰ ਕਿਲਿੰਗ ਦੇ ਨਾਂ ਉਤੇ ਸਾਲ 2010 ਵਿਚ 791, 2011 ਵਿਚ 720, 2015 ਵਿਚ 1100 ਅਤੇ ਸਾਲ 2016 ਵਿਚ 1577 ਲੋਕਾਂ ਦੀ ਹੱਤਿਆ ਦੇ ਮਾਮਲੇ ਦਰਜ ਕੀਤੇ ਗਏ। ਪਿਛਲੇ ਵਰ੍ਹੇ ਸਵਾਤ ਘਾਟੀ ਵਿਚ ਆਨਰ ਕਿਲਿੰਗ ਦੇ ਨਾਂ ਉਤੇ 1096 ਲੋਕਾਂ ਦੀ ਹੱਤਿਆ ਕੀਤੀ ਗਈ।

### ਹਿਨਾ ਹੱਤਿਆ ਕੇਸ 'ਚ ਜ਼ੁਲਫਿਕਾਰ ਕਾਬੂ

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਜ਼ਿਲ੍ਹਾ ਕੋਹਾਟ 'ਚ ਆਨਰ ਕਿਲਿੰਗ ਦੇ ਨਾਂ ਉਤੇ ਹਿਨਾ ਸ਼ਾਹਨਵਾਜ਼ ਦੀ ਹੱਤਿਆ ਦੇ ਦੋਸ਼ੀਆਂ 'ਚੋਂ ਜ਼ੁਲਫਿਕਾਰ ਅਲੀ ਭੁੱਟੋ ਨੂੰ ਗ੍ਰਿਫਤਾਰ ਕਰ ਲਿਆ ਹੈ। ਹਿਨਾ ਸ਼ਾਹਨਵਾਜ਼ ਐਮ.ਫਿਲ. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਸਲਾਮਾਬਾਦ ਵਿਚ 80 ਹਜ਼ਾਰ ਰੁਪਏ ਮਹੀਨੇ 'ਤੇ ਨੌਕਰੀ ਕਰ ਰਹੀ ਸੀ, ਉਸ ਦੇ ਚਚੇਰੇ ਭਰਾ ਮਹਿਬੂਬ ਆਲਮ ਨੂੰ ਉਸ ਦਾ ਨੌਕਰੀ ਕਰਨਾ ਪਸੰਦ ਨਹੀਂ ਸੀ ਜਿਸ ਕਾਰਨ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਹਿਨਾ ਦਾ ਕਤਲ ਕਰ ਦਿੱਤਾ। ਹਿਨਾ ਦੀ ਹੱਤਿਆ ਵਾਲੇ ਦਿਨ ਸੂਬੇ ਦੇ ਜ਼ਿਲ੍ਹਾ ਸਾਂਗਲਾ ਦੀ ਮਹਿਲਾ ਨੂੰ ਗੈਰ ਪੁਰਸ਼ ਨਾਲ ਵੇਖਣ 'ਤੇ ਉਸ ਦੇ ਭਰਾ ਨੇ ਆਪਣੇ ਜੀਜੇ ਨਾਲ ਮਿਲ ਕੇ ਔਰਤ ਦਾ ਕਤਲ ਕਰ ਦਿੱਤਾ।

# ਤਿੰਨ ਸੌ ਚੀਨੀਆਂ ਨੂੰ ਚੂਨਾ ਲਾਉਣ ਵਾਲੇ ਭਾਰਤੀ ਅਮਰੀਕੀ ਨੂੰ ਜੇਲ੍ਹ


**ਵਾਸ਼ਿੰਗਟਨ:** ਅਮਰੀਕਾ ਦੀ ਇਕ ਅਦਾਲਤ ਨੇ ਚੀਨ ਦੇ ਤਿੰਨ ਸੌ ਨਾਗਰਿਕਾਂ ਨਾਲ ਧੋਖਾਧੜੀ ਕਰਨ ਦੇ ਦੋਸ਼ ਹੇਠ ਭਾਰਤੀ ਮੂਲ ਦੇ ਅਮਰੀਕੀ ਹੋਟਲ ਡਿਵੈੱਲਪਰ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਚੀਨੀ ਨਾਗਰਿਕਾਂ ਨੇ ਉਸ ਦੇ ਡੁੱਬ ਚੁੱਕੇ 90 ਕਰੋੜ ਅਮਰੀਕੀ ਡਾਲਰ ਦੇ ਪ੍ਰਾਜੈਕਟ ਵਿਚ ਨਿਵੇਸ਼ ਕੀਤਾ ਸੀ।



ਅੰਸ਼ੂ ਸੇਠੀ (32) ਨੂੰ ਸ਼ਿਕਾਗੋ ਦੀ ਇਕ ਅਦਾਲਤ ਨੇ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਤਿੰਨ ਸਾਲ ਦੀ ਸਜ਼ਾ ਸੁਣਾ ਦਿੱਤੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਸ਼ਿਕਾਗੋ ਕਨਵੈਨਸ਼ਨ ਸੈਂਟਰ ਐਲ.ਐਲ.ਸੀ. ਦੇ ਬਾਨੀ ਸੇਠੀ ਨੇ ਸਾਲ 2011 ਵਿਚ ਸ਼ਿਕਾਗੋ ਕੌਮਾਂਤਰੀ ਹਵਾਈ ਅੱਡੇ ਨੇੜੇ ਇਕ ਹੋਟਲ ਅਤੇ ਇਕ ਕਨਵੈਨਸ਼ਨ ਸੈਂਟਰ ਬਣਾਉਣ ਦਾ ਐਲਾਨ ਕੀਤਾ ਸੀ। ਉਸ ਨੇ ਚੀਨੀ ਵਿਅਕਤੀਆਂ ਨੂੰ ਪੰਜ-ਪੰਜ ਲੱਖ ਅਮਰੀਕੀ ਡਾਲਰ ਨਿਵੇਸ਼ ਕਰਨ ਅਤੇ ਪ੍ਰਸ਼ਾਸਨਿਕ ਫੀਸ ਦੇ ਰੂਪ ਵਿਚ 41,500 ਡਾਲਰ ਦੇਣ ਲਈ ਕਿਹਾ ਸੀ। ਇਸ ਪ੍ਰਾਜੈਕਟ ਵਿਚ ਨਿਵੇਸ਼ ਕਰਨ ਵਾਲੇ ਚੀਨੀਆਂ ਨੇ ਈ.ਬੀ.-5 ਵੀਜ਼ੇ ਲਈ ਅਰਜ਼ੀਆਂ ਵੀ ਦਿੱਤੀਆਂ ਸਨ। ਇਸ ਤਹਿਤ ਵਿਦੇਸ਼ੀ ਨਿਵੇਸ਼ਕਾਂ ਨੂੰ ਦੋ ਸਾਲ ਦਾ ਆਰਜ਼ੀ ਵੀਜ਼ਾ ਮਿਲਦਾ ਹੈ, ਜੋ ਰੁਜ਼ਗਾਰ ਪੈਦਾ ਕਰਨ ਵਾਲੇ ਨਿਵੇਸ਼ ਦੀ ਸਫਲਤਾ ਬਾਅਦ ਪੱਕੇ ਵੀਜ਼ੇ ਵਿਚ ਬਦਲ ਜਾਂਦਾ ਹੈ। ਸੇਠੀ ਨੇ 290 ਤੋਂ ਵੱਧ ਨਿਵੇਸ਼ਕਾਂ ਤੋਂ ਤਕਰੀਬਨ 15.8 ਕਰੋੜ ਅਮਰੀਕੀ ਡਾਲਰ ਇਕੱਤਰ ਕੀਤੇ ਸਨ। ਨਿਵੇਸ਼ਕਾਂ ਨੂੰ ਸੱਦਾ ਦਿੰਦੇ ਸਮੇਂ ਸੇਠੀ ਨੇ ਕਈ ਝੂਠੀਆਂ ਗੱਲਾਂ ਕਹੀਆਂ ਅਤੇ ਇਹ ਪ੍ਰਾਜੈਕਟ ਕਦੇ ਵੀ ਹਕੀਕਤ ਨਹੀਂ ਬਣਿਆ ਅਤੇ ਨਿਵੇਸ਼ਕਾਂ ਨੂੰ ਕਦੇ ਵੀ ਈ.ਬੀ.-5 ਵੀਜ਼ੇ ਨਹੀਂ ਮਿਲੇ।

# ਨਾਸਾ ਨੇ ਧਰਤੀ ਦੇ ਆਕਾਰ ਵਰਗੇ ਸੱਤ ਨਵੇਂ ਗ੍ਰਹਿ ਲੱਭੇ

**ਹਿਊਸਟਨ:** ਨਾਸਾ ਨੇ ਧਰਤੀ ਦੇ ਆਕਾਰ ਵਰਗੇ 7 ਨਵੇਂ ਗ੍ਰਹਿ ਲੱਭਣ ਦਾ ਦਾਅਵਾ ਕੀਤਾ ਹੈ। ਖਗੋਲ ਵਿਗਿਆਨੀਆਂ ਨੇ ਪਹਿਲੀ ਵਾਰ ਧਰਤੀ ਦੇ ਆਕਾਰ ਵਰਗੇ ਲੱਭੇ ਇਨ੍ਹਾਂ ਸੱਤ ਗ੍ਰਹਿਆਂ 'ਤੇ ਜੀਵਨ ਦੀ ਸੰਭਾਵਨਾ ਪ੍ਰਗਟਾਈ ਹੈ। ਨਾਸਾ ਨੇ ਟਵੀਟ ਕਰ ਕੇ ਇਹ ਜਾਣਕਾਰੀ ਦਿੱਤੀ। ਨਾਸਾ ਨੇ ਲਿਖਿਆ ਕਿ ਸਾਡੇ ਸੌਰ ਮੰਡਲ ਦੇ ਬਾਹਰ ਇਕ ਤਾਰੇ ਦੇ ਆਲੇ-ਦੁਆਲੇ ਧਰਤੀ ਦੇ ਆਕਾਰ ਦੇ ਸੱਤ ਨਵੇਂ ਗ੍ਰਹਿ ਮਿਲੇ ਹਨ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਸਪਿਟਜ਼ਰ ਸਪੇਸ ਟੈਲੀਸਕੋਪ ਅਨੁਸਾਰ ਇਹ ਗ੍ਰਹਿ ਆਕਾਰ ਵਿਚ ਧਰਤੀ ਜਿੰਨੇ ਵੱਡੇ ਹਨ। ਨਾਸਾ ਨੇ ਆਪਣੇ ਸਾਂਝੇਦਾਰਾਂ ਨਾਲ ਮਿਲ ਕੇ ਇਸ ਨਵੇਂ ਸੋਲਰ ਸਿਸਟਮ ਦੀ ਖੋਜ ਕੀਤੀ ਹੈ। ਇਨ੍ਹਾਂ ਗ੍ਰਹਿਆਂ ਵਿਚ ਤਿੰਨ ਅਜਿਹੇ ਹਨ ਜਿਨ੍ਹਾਂ ਦੀ ਸਤ੍ਹਾ 'ਤੇ ਪਾਣੀ ਹੋ ਸਕਦਾ ਹੈ। ਯੂਨੀਵਰਸਿਟੀ ਆਫ ਲੀਗ ਬੈਲਜੀਅਮ ਦੇ ਪ੍ਰਮੁੱਖ ਰਿਸਰਚਰ ਮਾਈਕਲ ਜੀਲਨ ਨੇ ਦੱਸਿਆ ਕਿ ਇਥੇ ਕੁਝ ਤਰਲ ਪਾਣੀ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਇਥੇ ਜੀਵਨ ਦੀ ਸੰਭਾਵਨਾ ਹੈ। ਇਹ ਪਹਿਲੀ ਵਾਰ ਹੈ ਕਿ ਧਰਤੀ ਦੇ ਆਕਾਰ ਦੇ ਸੱਤ ਗ੍ਰਹਿ ਲੱਭੇ ਹੋਣ।




ਗ੍ਰਹਿਆਂ ਨੇੜੇ ਇਕ ਗਿੱਠਾ ਤਾਰਾ ਚੱਕਰ ਹੈ, ਜਿਸ ਦਾ ਨਾਮ ਟ੍ਰੈਪਿਪਸਟ-1 ਹੈ, ਜੋ ਕਿ 39 ਪ੍ਰਕਾਸ਼ ਸਾਲ ਦੂਰ ਹੈ। ਜੋ ਜੁਪੀਟਰ ਗ੍ਰਹਿ ਤੋਂ ਥੋੜਾ ਕੁ ਵੱਡਾ ਹੈ, ਤਾਰਾ ਚੱਕਰ ਕਮਜ਼ੋਰ ਰੋਸ਼ਨੀ ਨਾਲ ਚਮਕ ਰਿਹਾ ਹੈ, ਜੋ ਧਰਤੀ ਦੇ ਸੂਰਜ ਦੀ ਰੋਸ਼ਨੀ ਤੋਂ 2000 ਸਮਾ ਧੁੰਦਲੀ ਹੈ। ਖੋਜਕਾਰਾਂ ਨੂੰ ਉਨ੍ਹਾਂ ਗ੍ਰਹਿਆਂ ਦੀ ਸਿਰਫ ਦੋ ਝਲਕਾਂ ਹੀ ਮਿਲੀਆਂ ਹਨ।

# ਸਵੱਛ ਭਾਰਤ ਅਭਿਆਨ ਦਾ ਦਮ ਨਿਕਲਿਆ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਭਾਰਤ ਨੂੰ 'ਸਵੱਛ' ਬਣਾਉਣ ਦੇ ਮਕਸਦ ਨਾਲ 2 ਅਕਤੂਬਰ 2014 ਨੂੰ ਮਹਾਤਮਾ ਗਾਂਧੀ ਦੀ ਜਨਮ ਸ਼ਤਾਬਦੀ ਮੌਕੇ ਬੜੇ ਜ਼ੋਰ-ਸ਼ੋਰ ਨਾਲ 'ਸਵੱਛ ਭਾਰਤ ਅਭਿਆਨ' ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਅਭਿਆਨ ਤਹਿਤ ਦੇਸ਼ ਨੂੰ 2 ਅਕਤੂਬਰ 2019 ਤੱਕ ਸਵੱਛ ਬਣਾਉਣ ਦਾ ਟੀਚਾ ਮਿਥਿਆ ਹੋਇਆ ਹੈ। ਅਭਿਆਨ ਦੀ ਸ਼ੁਰੂਆਤ ਮੌਕੇ ਲੋਕਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ-ਆਪਣੇ ਤੌਰ 'ਤੇ ਪੂਰੀ ਵਾਹ ਲਾਈ ਸੀ।

ਵੱਖ-ਵੱਖ ਵਿੱਦਿਅਕ ਸੰਸਥਾਵਾਂ ਤੋਂ ਲੈ ਕੇ ਸਰਕਾਰੀ ਦਫਤਰਾਂ ਤੇ ਜਨਤਕ ਥਾਵਾਂ ਦੀ ਸਾਫ-ਸਫਾਈ ਦਾ ਕੰਮ ਸਾਰਿਆਂ ਨੇ ਮਿਲ ਕੇ ਕੀਤਾ ਅਤੇ ਬੈਨਰ ਤੇ ਫਲੈਕਸ ਆਦਿ ਵੀ ਲਗਾਏ। ਅਦਾਕਾਰ ਅਮਿਤਾਭ ਬਚਨ ਤੇ ਸਲਮਾਨ ਖਾਨ ਤੋਂ ਲੈ ਕੇ ਕਈ ਬਾਲੀਵੁੱਡ ਸਿਤਾਰਿਆਂ, ਖਿਡਾਰੀਆਂ ਅਤੇ ਦੇਸ਼ ਦੀਆਂ ਕੁਝ ਨਾਮੀ ਹਸਤੀਆਂ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾ ਕੇ ਲੋਕਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਹੁਣ ਜਦੋਂ ਕਰੀਬ ਤਿੰਨ ਸਾਲ ਦੇ ਬਾਅਦ ਵੀ ਵੱਖ-ਵੱਖ ਥਾਵਾਂ 'ਤੇ ਉਸੇ ਤਰ੍ਹਾਂ ਗੰਦਗੀ ਦੇ ਢੇਰ ਨਜ਼ਰ ਆਉਂਦੇ ਹਨ ਤੇ ਬਾਅਦ 'ਚ ਸਵੱਛ ਭਾਰਤ ਅਭਿਆਨ ਦੇ ਬੋਰਡਾਂ 'ਤੇ ਨਜ਼ਰ ਪੈਂਦੀ ਹੈ ਤਾਂ ਇਹ ਅਭਿਆਨ ਸਿਰਫ ਇਸ਼ਤਿਹਾਰਬਾਜ਼ੀ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਦਿਖਾਈ ਦਿੰਦਾ ਹੈ। ਕੇਂਦਰ ਸਰਕਾਰ ਦੇਸ਼ ਦੇ 1.1 ਕਰੋੜ ਦੇਸ਼ ਵਾਸੀਆਂ ਲਈ ਪਖਾਨੇ ਬਣਾਉਣ ਲਈ ਸਹਾਇਤਾ ਦੇ ਚੁੱਕੀ ਹੈ ਅਤੇ ਅਜੇ ਵੀ ਦੇਸ਼ ਅੰਦਰ 9.9 ਕਰੋੜ ਪਖਾਨਿਆਂ ਦੀ ਜ਼ਰੂਰਤ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਇਸ ਪ੍ਰਤੀ ਪੂਰੀ ਸਰਗਰਮੀ ਦਿਖਾ ਰਹੀ ਹੈ, ਪਰ ਇਸ ਲਈ ਵੀ ਸਰਕਾਰ ਨੂੰ ਸਿਆਸੀ ਪੱਖਪਾਤ ਤੋਂ ਉਪਰ ਉਠ ਕੇ ਲੋੜਵੰਦਾਂ ਦੀ ਸ਼ਨਾਖਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਸਹੀ ਤੇ ਯੋਗ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ, ਪਰ ਫਿਰ ਵੀ ਇਸ ਅਭਿਆਨ ਲਈ ਆਪਣੇ ਟੀਚੇ ਦੀ ਪੂਰਤੀ ਕਰਨਾ ਮੁਨਾਸਬ ਨਹੀਂ ਜਾਪਦਾ। ਇਸ ਦਾ ਮੁੱਖ ਕਾਰਨ ਲੋਕਾਂ ਦਾ ਗੈਰ ਜ਼ਿੰਮੇਵਾਰੀ ਵਾਲਾ ਵਤੀਰਾ ਜਾਂ ਵਿਵਹਾਰ ਹੈ।



### ਸ਼ਿਲਪਾ ਸ਼ੈਟੀ ਸਵੱਛ ਅਭਿਆਨ ਦੀ ਬਰਾਂਡ ਅੰਬੈਸਡਰ ਬਣੀ

**ਮੁੰਬਈ:** ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਲਈ ਅਦਾਕਾਰਾ ਸ਼ਿਲਪਾ ਸ਼ੈਟੀ ਨੂੰ ਬਰਾਂਡ ਅੰਬੈਸਡਰ ਬਣਾਇਆ ਹੈ। 41 ਸਾਲਾ ਅਦਾਕਾਰਾ ਟੀ.ਵੀ. ਅਤੇ ਰੇਡੀਓ 'ਚ ਸੜਕਾਂ 'ਤੇ ਗੰਦਗੀ ਫੈਲਾਉਣ ਵਾਲੇ ਲੋਕਾਂ ਨੂੰ ਪਾਠ ਪੜ੍ਹਾਏਗੀ। ਛੇਤੀ ਹੀ ਉਨ੍ਹਾਂ ਦੀ ਤਸਵੀਰ ਵਾਲੇ ਪੋਸਟਰ ਸਮੁੱਚੇ ਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਲਾਏ ਜਾਣਗੇ।

# ਅਜ ਦਾ ਸੰਸਾਰੀਕਰਨ ਅਤੇ ਪੰਜਾਬ ਦੀ ਸਿਆਸਤ

ਪੰਜਾਬ ਹਮੇਸ਼ਾ ਹੀ ਖੁਸ਼ਹਾਲੀ ਦਾ ਪ੍ਰਤੀਕ ਰਿਹਾ ਹੈ। ਇਸ ਖੁਸ਼ਹਾਲੀ ਸਦਕਾ ਹੀ ਇਹ ਭੂਗੋਲਿਕ ਖਿੱਤਾ ਹਮੇਸ਼ਾ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਆਰਥਿਕ ਪੱਖ ਤੋਂ ਖੁਸ਼ਹਾਲ ਇਸ ਸੂਬੇ ਦੀ ਰਾਜਨੀਤਕ ਹਾਲਤ ਵੀ ਲਗਾਤਾਰ ਬਦਲਦੀ ਰਹੀ ਹੈ। ਇਸ ਹਾਲਤ ਦੀਆਂ ਜੜ੍ਹਾਂ ਕਿਤੇ ਨਾ ਕਿਤੇ ਸ਼ੁਰੂਆਤੀ ਦੌਰ ਨਾਲ ਜੁੜ ਜਾਂਦੀਆਂ ਹਨ, ਜਦੋਂ ਪੰਜਾਬ ਸੂਬੇ ਦਾ ਆਪਣਾ ਕੋਈ ਵਜੂਦ ਨਹੀਂ ਸੀ ਹੁੰਦਾ, ਪਰ ਭਾਸ਼ਾ ਦੇ ਤੌਰ 'ਤੇ ਪੰਜਾਬੀ ਬੋਲੀ ਦੇ ਅੰਸ਼ ਜ਼ਰੂਰ ਮੌਜੂਦ ਸਨ।

**ਸਰਬਜੀਤ ਸਿੰਘ**
ਫੋਨ: +91-94176-26925

ਪੰਜਾਬ ਤੋਂ ਪਹਿਲਾਂ ਸ਼ਾਇਦ ਇਹ ਸਪਤ ਸਿੰਧੂ ਹਮਲਾਵਰਾਂ ਦਾ ਪਹਿਲਾ ਨਿਸ਼ਾਨ ਬਣਿਆ ਰਿਹਾ। ਇਸ ਦੇ ਨਾਲ ਲਗਦੇ ਇਲਾਕੇ ਵਿਚ ਵੀ ਵਿਦੇਸ਼ੀ ਹਮਲਾਵਰ ਆਉਂਦੇ ਤੇ ਲੁੱਟ-ਮਾਰ ਕਰ ਕੇ ਚਲੇ ਜਾਂਦੇ ਰਹੇ। ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ੀ ਰਾਜ ਸਮੇਂ ਪੰਜਾਬ ਦਾ ਖੇਤਰ ਬਹੁਤ ਵਿਸ਼ਾਲ ਸੀ। ਆਜ਼ਾਦੀ ਉਪਰੰਤ ਵੀ ਪੰਜਾਬ ਭੂਗੋਲਿਕ ਤੌਰ 'ਤੇ ਮੌਜੂਦਾ ਪੰਜਾਬ ਤੋਂ ਕਾਫ਼ੀ ਵੱਡਾ ਸੀ। ਰਾਜਨੀਤਕ ਕਾਰਨਾਂ ਕਰ ਕੇ 1966 ਵਿਚ ਆਧੁਨਿਕ ਪੰਜਾਬ ਬਣਿਆ। ਪੰਜਾਬ ਦੀ ਰਾਜਨੀਤੀ ਵਿਚ ਇਹ ਵੱਡੀ ਤਬਦੀਲੀ ਸੀ। ਨਵੇਂ ਬਣੇ ਪੰਜਾਬ ਨੇ ਦੇਸ਼-ਵਿਦੇਸ਼ ਵਿਚ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਅੱਜ ਪੂਰੇ ਵਿਸ਼ਵ ਵਿਚ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੋਲੀ ਜ਼ਿਕਰਯੋਗ ਹਨ।

ਪੰਜਾਬ ਵਿਚ ਸਰਕਾਰਾਂ ਜਮਹੂਰੀ ਤਰੀਕੇ ਨਾਲ ਬਣਦੀਆਂ ਅਤੇ ਚੱਲਦੀਆਂ ਹਨ। ਕੇਂਦਰ ਦੀ ਰਾਜਨੀਤੀ ਦਾ ਅਸਰ ਪੰਜਾਬ ਦੀ ਰਾਜਨੀਤੀ ਉਤੇ ਵੀ ਪਿਆ ਹੈ। ਤੀਹ ਸਾਲ ਤਕ ਕੇਂਦਰ ਵਿਚ ਕਿਸੇ ਇੱਕ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਸੀ, 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਇਕੱਲੇ ਤੌਰ ਉਤੇ ਬਹੁਮਤ ਮਿਲਣ ਦੇ ਬਾਵਜੂਦ ਕੇਂਦਰ ਦੀ ਗਠਜੋੜ ਸਰਕਾਰ ਵਿਚ ਪੰਜਾਬ ਦੀ ਮੁੱਖ ਪਾਰਟੀ ਸ਼੍ਰੋਮਣੀ ਅਕਾਲੀ ਦਲ ਭਾਈਵਾਲ ਹੈ। ਪੰਜਾਬ ਵਿਚ ਵੀ ਪਿਛਲੇ ਦਸ ਸਾਲ ਤੋਂ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਹੈ।

ਰਾਜਨੀਤੀ ਦਾ ਅਸਲ ਮਕਸਦ ਨੀਤੀਆਂ ਦੇ ਆਧਾਰ ਉਤੇ ਸੁਚਾਰੂ ਪ੍ਰਬੰਧ ਦੇ ਜ਼ਰੀਏ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦਿਆਂ ਵਿਕਾਸ ਦਾ ਲਾਭ ਸਭ ਤਕ ਪਹੁੰਚਾਉਣ ਦੀ ਕੋਸ਼ਿਸ਼ ਕਰਨਾ ਹੁੰਦਾ ਹੈ। ਮੌਜੂਦਾ ਰਾਜਨੀਤੀ ਵਿਚ ਸਿਧਾਂਤਾਂ ਲਈ ਕੋਈ ਥਾਂ ਨਹੀਂ ਹੈ। ਪੈਸੇ, ਧਰਮ, ਜਾਤ ਅਤੇ ਹੋਰ ਵੱਖ ਵੱਖ ਤਰੀਕਿਆਂ ਨਾਲ ਲੋਕਾਂ ਤੋਂ ਵੋਟ ਲੈਣ ਲਈ ਤਰ੍ਹਾਂ ਤਰ੍ਹਾਂ ਦੇ ਨਾ-ਅਮਲਯੋਗ ਵਾਅਦੇ ਵੀ ਕੀਤੇ ਜਾਂਦੇ ਹਨ। ਰਾਜਨੀਤੀ ਵਿਚ ਮੀਡੀਆ ਅਤੇ ਹੋਰ ਆਧੁਨਿਕ ਯੰਤਰਾਂ ਦਾ ਦਖ਼ਲ ਵਧ ਰਿਹਾ ਹੈ। ਲੋਕਾਂ ਨਾਲ ਰਾਬਤਾ ਰੱਖ ਕੇ ਕੰਮ ਦੇ ਆਧਾਰ ਉਤੇ ਸਮਰਥਨ ਲੈਣ ਦੇ ਬਜਾਇ ਹੁਣ ਪੇਸ਼ੇਵਾਰਾਨਾ ਲੋਕਾਂ ਨੂੰ ਰਣਨੀਤੀ ਘੜਨ ਲਈ ਚੋਣਾਂ ਵਿਚ ਵਰਤਿਆ ਜਾਣ ਲੱਗਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਪਾਰਟੀਆਂ ਅਤੇ ਆਗੂਆਂ ਦੀ ਲੋਕਾਂ ਨਾਲੋਂ ਦੂਰੀ ਵਧ ਰਹੀ ਹੈ।

ਇੱਕੀਵੀਂ ਸਦੀ ਦੀਆਂ ਗੱਲਾਂ ਕਰਨ ਵਾਲੀ ਪੰਜਾਬ ਦੀ ਰਾਜਨੀਤੀ ਸਾਹਮਣੇ ਬਹੁਤ ਸਾਰੀਆਂ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹਨ। ਨੌਜਵਾਨਾਂ ਦੀ ਗਿਣਤੀ ਵਧਣ ਦੇ ਨਾਲ ਹੀ ਬੇਰੁਜ਼ਗਾਰੀ ਦਾ ਮੁੱਦਾ ਵੱਡੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਪੰਜਾਬ ਦੀ ਅੱਧੋ ਤੋਂ ਵੱਧ ਆਬਾਦੀ ਅੱਜ ਵੀ ਖੇਤੀ ਉਤੇ ਨਿਰਭਰ ਹੈ। ਦੂਜੇ ਪਾਸੇ, ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ। ਇਸੇ ਕਰ ਕੇ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਰਹੇ ਹਨ। ਬੇਰੁਜ਼ਗਾਰ ਨੌਜਵਾਨ ਅਜਿਹੇ ਘਾਟੇ ਵਾਲੇ ਖੇਤਰ ਵਿਚ ਕੰਮ ਨਹੀਂ ਕਰਨਾ ਚਾਹੁੰਦੇ। ਇਨ੍ਹਾਂ ਦਾ ਇੱਕ ਹਿੱਸਾ ਵਿਦੇਸ਼ਾਂ ਵੱਲ ਦੌੜ ਰਿਹਾ ਹੈ। ਬਹੁਤ ਸਾਰੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਹਨ। ਪੰਜ ਦਰਿਆਵਾਂ ਦੀ ਇਸ ਧਰਤੀ ਉਤੇ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਪ੍ਰਸ਼ਾਸਨ ਅਤੇ ਸਰਕਾਰ ਭਾਵੇਂ ਅਜਿਹੀਆਂ ਬੁਰਾਈਆਂ ਉਪਰ ਕਾਬੂ ਪਾਉਣ ਦਾ ਯਤਨ ਕਰ ਰਹੇ ਹਨ, ਪਰ ਇਹ ਵਰਤਾਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਰਹੱਦੀ ਸੂਬਾ ਹੋਣ ਕਰ ਕੇ ਪੰਜਾਬ ਨੂੰ ਹੋਰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜਨੀਤਕ ਤੌਰ 'ਤੇ ਦੇਖਿਆ ਜਾਵੇ ਤਾਂ ਲੋਕਾਂ ਵਿਚ ਨਵੀਂ ਚੇਤਨਾ ਆ ਰਹੀ ਹੈ। ਅੱਜ ਪੰਜਾਬ ਦਾ ਹਰ ਨਾਗਰਿਕ ਇਹ ਸਮਝ ਰਿਹਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਨੂੰ ਭਵਿੱਖ ਵਿਚ ਕਿਸ ਤਰ੍ਹਾਂ ਸਨਮਾਨ ਨਾਲ ਜਿਉਣਯੋਗ ਬਣਾਉਣਾ ਹੈ।




ਰਾਜਨੀਤੀ ਵਿਚ ਨੌਜੁਆਨ ਵਰਗ ਦੇ ਦਾਖ਼ਲ ਨਾਲ ਇਹ ਗੱਲ ਸਿੱਧ ਹੋ ਗਈ ਹੈ ਕਿ ਨੌਜੁਆਨ ਵਰਗ ਵਿਚ ਬਹੁਤ ਸਾਰੀਆਂ ਇੱਛਾਵਾਂ ਹਨ ਜਿਨ੍ਹਾਂ ਬਾਰੇ ਉਹ ਖ਼ੁਦ ਫ਼ੈਸਲਾ ਲੈਣਾ ਚਾਹੁੰਦਾ ਹੈ। ਰਾਜਨੀਤੀ ਵਿਚ ਧਰਮ, ਜਾਤ ਅਤੇ ਸੰਪਰਦਾਇਕ ਆਧਾਰ ਵੀ ਆਪਣਾ ਪ੍ਰਭਾਵ ਬਣਾਈ ਰੱਖਦੇ ਹਨ। ਪੰਜਾਬ ਖਿੱਤਾ ਧਾਰਮਿਕ ਤੌਰ 'ਤੇ ਗੁਰੂਆਂ, ਪੀਰਾਂ-ਫ਼ਕੀਰਾਂ ਅਤੇ ਭਗਤਾਂ ਦੀ ਰਹਿਨੁਮਾਈ ਅਧੀਨ ਕਈ ਸਦੀਆਂ ਤੋਂ ਚਲਦਾ ਆ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਹੁਣ ਕੁਝ ਨਵੇਂ ਚਿਹਰੇ ਵੀ ਲੋਕਾਂ ਦੇ ਪ੍ਰਤੀਨਿਧ ਬਣ ਕੇ ਸਾਹਮਣੇ ਆ ਰਹੇ ਹਨ। ਅੱਜ ਪੂਰਾ ਸੰਸਾਰ ਮੰਡੀ ਬਣਦਾ ਜਾ ਰਿਹਾ ਹੈ ਜਿਸ ਦਾ ਪ੍ਰਭਾਵ ਆਰਥਿਕਤਾ ਨਾਲ ਜੁੜਿਆ ਹੈ। ਕਈ ਸਦੀਆਂ ਤੋਂ ਗੁਲਾਮ ਰਹੀ ਮਾਨਸਿਕਤਾ ਨੂੰ ਆਜ਼ਾਦੀ ਤੋਂ ਬਾਅਦ ਵੀ ਬਹੁਤ ਸਾਰੀਆਂ ਕਠਿਨਾਈਆਂ ਸਹਿਣੀਆਂ ਪਈਆਂ ਹਨ। ਆਧੁਨਿਕ ਪੰਜਾਬ ਵਿਚ ਜਨਸੰਖਿਆ ਦੇ ਵਧਣ ਨਾਲ ਨਵੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਪਿੰਡਾਂ ਅਤੇ ਸ਼ਹਿਰਾਂ ਵਿਚ ਬਹੁਤ ਸਾਰੀਆਂ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਰਾਜਨੀਤੀ ਦੇ ਨਾਲ ਨਾਲ ਬਹੁਤ ਸਾਰੇ ਸਮਾਜਿਕ ਅਤੇ ਆਰਥਿਕ ਕਾਰਨ ਵੀ ਜੁੜੇ ਹੋਏ ਹੁੰਦੇ ਹਨ ਜਿਸ ਨਾਲ ਕਿਸੇ ਖੇਤਰ ਦਾ ਸਰਬ-ਪੱਖੀ ਵਿਕਾਸ ਜੁੜਿਆ ਹੁੰਦਾ ਹੈ।

ਆਜ਼ਾਦੀ ਤੋਂ ਪਹਿਲਾਂ ਦੀ ਰਾਜਨੀਤੀ ਤੇ ਆਧੁਨਿਕ ਰਾਜਨੀਤੀ ਵਿਚ ਬਹੁਤ ਜ਼ਿਆਦਾ ਫ਼ਰਕ ਹੈ। ਹੁਣ ਰਾਜਨੀਤੀ ਵਿਚ ਆਰਥਿਕਤਾ ਦਾਖ਼ਲ ਹੋ ਚੁੱਕੀ ਹੈ। ਆਮ ਬੰਦਾ ਬੁਨਿਆਦੀ ਸਹੂਲਤਾਂ ਵੱਲ ਕੇਂਦਰਿਤ ਹੋ ਰਿਹਾ ਹੈ। ਇਸੇ ਪ੍ਰਸੰਗ ਵਿਚ ਉਹ ਰਾਜਨੀਤੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਰਾਜਨੀਤਕ ਪਾਰਟੀਆਂ ਦੀ ਆਪਸੀ ਫੁੱਟ ਦਾ ਅਸਰ ਪਿੰਡਾਂ ਤਕ ਪਹੁੰਚ ਚੁੱਕਾ ਹੈ। ਪਿੰਡਾਂ ਦੀ ਰਾਜਨੀਤੀ ਵਿਚ ਸਰਪੰਚ ਦੀ ਚੋਣ ਲਈ ਵੱਡੇ ਪੱਧਰ 'ਤੇ ਚੋਣ ਪ੍ਰਚਾਰ ਕੀਤਾ ਜਾਂਦਾ ਹੈ। ਇਹ ਆਧੁਨਿਕ ਰਾਜਨੀਤੀ ਦੀ ਬਦਲਦੀ ਤਸਵੀਰ ਵਜੋਂ ਹੀ ਦਰਪੇਸ਼ ਹੈ। ਛੋਟੀਆਂ ਰਾਜਨੀਤਕ ਪਾਰਟੀਆਂ ਦਾ ਕੌਮੀ ਰਾਜਨੀਤੀ ਵਿਚ ਦਾਖ਼ਲ ਵਧ ਰਿਹਾ ਹੈ। ਪੰਜਾਬ ਦੀ ਰਾਜਨੀਤੀ ਵਿਚ ਨਵੇਂ ਚਿਹਰੇ ਆਉਣ ਦੇ ਕਾਰਨ ਅਜਿਹੇ ਕਈ ਮੁੱਦਿਆਂ 'ਤੇ ਗੱਲਬਾਤ ਹੋ ਰਹੀ ਹੈ ਜਿਸ ਨਾਲ ਲੋਕਾਂ ਦੀਆਂ ਸੁੱਖ-ਸਹੂਲਤਾਂ ਵਿਚ ਵਾਧਾ ਹੋ ਸਕੇ। ਸਮੇਂ ਦੀ ਤੇਜ਼ੀ ਅਤੇ ਵਧ ਰਹੀਆਂ ਸਮੱਸਿਆਵਾਂ ਆਧੁਨਿਕ ਰਾਜਨੀਤੀ ਲਈ ਚਿੰਤਾ ਦਾ ਵਿਸ਼ਾ ਹਨ।


ਨਿੱਤ ਵਧਦੀਆਂ ਘਟਨਾਵਾਂ ਬੰਦੇ ਤੋਂ ਇਲਾਵਾ ਸਮੁੱਚੇ ਸਮਾਜ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਬੰਦਾ ਸਮਾਜ ਵਿਚ ਰਹਿ ਕੇ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਸਮਾਜ ਵਿਚ ਰਹਿੰਦੇ ਹੋਏ ਲੋਕਾਂ ਲਈ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਹਿਲੂ ਇਹ ਤੈਅ ਕਰਦੇ ਹਨ ਕਿ ਉਹ ਕਿੰਨਾ ਸੁਰੱਖਿਅਤ ਹੈ। ਇਤਿਹਾਸ ਵਿਚ ਸਾਨੂੰ ਅਜਿਹੇ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ ਜਿਨ੍ਹਾਂ ਵਿਚ ਚੰਗਾ ਸ਼ਾਸਕ ਉਹੀ ਹੁੰਦਾ ਸੀ ਜਿਸ ਦੀ ਜਨਤਾ ਖ਼ੁਸ਼ ਹੁੰਦੀ ਸੀ।

ਪੰਜਾਬ ਦੀ ਰਾਜਨੀਤੀ ਵਿਚ ਇਸਤਰੀਆਂ ਦੀ ਸ਼ਮੂਲੀਅਤ ਪਹਿਲਾਂ ਨਾਲੋਂ ਕੁਝ ਵਧ ਰਹੀ ਹੈ। ਰਾਜਨੀਤੀ ਦੇ ਖੇਤਰ ਵਿਚ ਇਸਤਰੀਆਂ ਮੁੱਖ ਮੰਤਰੀ ਦੇ ਅਹੁਦੇ ਤਕ ਵੀ ਪਹੁੰਚ ਚੁੱਕੀਆਂ ਹਨ। ਦੂਜੇ ਖੇਤਰਾਂ, ਜਿਵੇਂ ਫ਼ੌਜ, ਪੁਲੀਸ, ਪ੍ਰਸ਼ਾਸਨਿਕ ਖੇਤਰ ਵਿਚ ਇਸਤਰੀਆਂ ਦੀ ਸ਼ਮੂਲੀਅਤ ਵਧ ਰਹੀ ਹੈ। ਰਾਜਨੀਤੀ ਵਿਚ ਇਸਤਰੀਆਂ ਦੀ ਭੂਮਿਕਾ ਗੌਲਣਯੋਗ ਹੈ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਵਿਚ ਵਧ ਰਹੀ ਇਸਤਰੀਆਂ ਦੀ ਭੂਮਿਕਾ ਤੋਂ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਪੰਜਾਬ ਦੀ ਰਾਜਨੀਤੀ ਸਹੀ ਦਿਸ਼ਾ ਵੱਲ ਵਧ ਰਹੀ ਹੈ। ਪੰਜਾਬ ਦੀ ਰਾਜਨੀਤੀ ਇਸ ਖਿੱਤੇ ਵਿਚੋਂ ਬਾਹਰ ਨਿਕਲ ਕੇ ਕੌਮੀ ਪੱਧਰ ਤਕ ਪਹੁੰਚ ਕਰ ਰਹੀ ਹੈ। ਰਾਜਨੀਤੀ ਦੀ ਸਹੀ ਦਿਸ਼ਾ ਨੂੰ ਦੇਖਣ ਲਈ ਸਾਨੂੰ ਉਹ ਸਾਰੇ ਹਾਲਾਤ 'ਤੇ ਵੀ ਧਿਆਨ ਦੇਣਾ ਪਵੇਗਾ ਜਿਸ ਨਾਲ ਆਮ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਜੁੜੀਆਂ ਹੁੰਦੀਆਂ ਹਨ।

ਪੰਜਾਬ ਦੇ ਰਾਜਨੀਤਕ ਤਾਣੇ-ਬਾਣੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਅੱਜ ਉਨ੍ਹਾਂ ਮੋਹਰੀ ਸੂਬਿਆਂ ਵਿਚੋਂ ਹੈ ਜਿਨ੍ਹਾਂ ਨੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਇਆ ਹੈ। ਪੰਜਾਂ ਦਰਿਆਵਾਂ ਦੀ ਇਹ ਧਰਤੀ ਹਮੇਸ਼ਾ ਹੀ ਦੇਸ਼ ਵਿਚ ਆਉਣ ਵਾਲੇ ਹਮਲਾਵਰਾਂ ਲਈ ਰੁਕਾਵਟ ਬਣੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਲਈ ਇਸ ਦੀ ਰਾਜਨੀਤੀ ਨੂੰ ਸਾਰਥਿਕ ਅਤੇ ਸਹੀ ਦਿਸ਼ਾ ਵੱਲ ਕਦਮ ਪੁੱਟਣ ਦੀ ਜ਼ਰੂਰਤ ਦਰਕਾਰ ਹੈ।

# ਧਰਮ, ਸਿਆਸਤ ਤੇ ਸੁਆਰਥ

ਇਨਸਾਨੀ ਦਿਮਾਗ ਨੇ ਜਦੋਂ ਆਪਣੇ ਆਲੇ ਦੁਆਲੇ ਹਨੇਰੀ, ਬੱਦਲ, ਬਦਲਦੇ ਦਿਨ-ਰਾਤ, ਬਿਜਲੀ ਦਾ ਕੜਕਣਾ, ਤਾਰੇ, ਚੰਨ ਅਤੇ ਜ਼ਮੀਨ ਦੀ ਚਾਲ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਇਹ ਘਟਨਾਵਾਂ ਉਸ ਦੀ ਸਮਝ ਵਿਚ ਨਹੀਂ ਆ ਰਹੀਆਂ ਸਨ। ਉਸ ਵੇਲੇ ਆਦਿ ਮਨੁੱਖ ਨੂੰ ਇਹ ਮਹਿਸੂਸ ਹੋਇਆ ਕਿ ਕੋਈ ਅਦਿਖ ਸ਼ਕਤੀ ਹੈ ਜੋ ਸਭ ਘਟਨਾਵਾਂ ਦੀ ਕਰਤਾ ਹੈ। ਇਸ ਦਾ ਡਰਾਵਣਾ ਤੇ ਸੁਖਾਵਾਂ ਅਨੁਭਵ ਜੋ ਮਨੁੱਖੀ ਜਾਣਕਾਰੀ ਤੋਂ ਪਰੇ ਸੀ, ਉਹ ਸੋਚ ਦੇ ਰੂਪ ਵਿਚ ਬਦਲ ਗਿਆ ਅਤੇ ਸ਼ਕਤੀਮਾਨ ਚਾਲਕ ਨੂੰ ਰੱਬ ਦਾ ਨਾਂ ਦਿੱਤਾ।




**ਕਰਨਲ ਕੁਲਦੀਪ ਸਿੰਘ ਗਰੇਵਾਲ**
ਫੋਨ: +91-78376-71032

ਕੁਦਰਤੀ ਅਤੇ ਗ਼ੈਰ ਕੁਦਰਤੀ ਘਟਨਾਵਾਂ ਤੋਂ ਪੈਦਾ ਹੋਏ ਡਰ ਤੋਂ ਰਾਹਤ ਲਈ ਮਨੁੱਖ ਇਕੱਠ ਵਿਚ ਰਹਿਣ ਲੱਗਿਆ। ਆਪਸੀ ਮੇਲ ਨੂੰ ਕਾਇਮ ਰੱਖਣ ਲਈ ਕੁਝ ਅਸੂਲਾਂ ਦੀ ਲੋੜ ਪਈ ਅਤੇ ਸਮੇਂ ਅਨੁਸਾਰ ਇਹ ਅਸੂਲ ਬਦਲਦੇ ਗਏ। ਇਸ ਤਰ੍ਹਾਂ ਧਰਮ ਦਾ ਮੁੱਢ ਬੱਝਿਆ। ਜਦੋਂ ਵੀ ਕਿਸੇ ਧਰਮ ਦੀ ਸ਼ੁਰੂਆਤ ਹੁੰਦੀ ਹੈ ਤਾਂ ਧਰਮ ਦੇ ਅਸੂਲ ਕਿਸੇ 'ਤੇ ਨਹੀਂ ਥੋਪੇ ਜਾਂਦੇ। ਹਰ ਇਨਸਾਨ ਆਪਣੀ ਇੱਛਾ ਅਨੁਸਾਰ ਆਪਣੀ ਇਹੀ ਸੋਚ ਮੁੱਖ ਰੱਖ ਕੇ ਉਨ੍ਹਾਂ ਅਸੂਲਾਂ 'ਤੇ ਚੱਲਣ ਦਾ ਫ਼ੈਸਲਾ ਕਰਦਾ ਹੈ; ਭਾਵ ਧਰਮ ਨਿੱਜੀ ਮਸਲਾ ਹੈ। ਸੰਸਾਰ ਵਿਚ ਭਾਰਤ ਨੂੰ ਰਿਸ਼ੀਆਂ, ਮੁਨੀਆਂ, ਗੁਰੂਆਂ, ਯੋਗੀਆਂ, ਪੀਰਾਂ ਪੈਗੰਬਰਾਂ ਦੇ ਦੇਸ਼ ਵਜੋਂ ਜਾਣਿਆ ਜਾਂਦਾ ਹੈ। ਇਥੇ ਬਹੁਤ ਸਾਰੇ ਧਰਮ ਪ੍ਰਚਲਿਤ ਹਨ। ਦੇਸ਼ ਵਿਚ ਹਿੰਦੂ ਧਰਮ ਜੋ ਈਸਾ ਤੋਂ 1500 ਸਾਲ ਪਹਿਲਾਂ ਹੋਂਦ ਵਿਚ ਆਇਆ, ਸਭ ਤੋਂ ਵੱਡਾ ਧਰਮ ਹੈ। ਭਾਰਤ ਵਿਚ ਲਗਭਗ 70 ਕਰੋੜ ਹਿੰਦੂ ਧਰਮ ਦੇ ਪੈਰੋਕਾਰ ਹਨ। ਪੁਰਾਤਨ ਸਮੇਂ ਤੋਂ ਹੀ ਸ਼ਾਸਕ ਪ੍ਰਜਾ ਵਿਚ ਆਪਣੀ ਸ਼ਕਤੀ ਦਾ ਦਬ-ਦਬਾ ਰੱਖਣ ਲਈ ਧਰਮ ਗੁਰੂਆਂ ਰਾਹੀਂ ਧਰਮ ਦਾ ਇਸਤੇਮਾਲ ਕਰਦੇ ਆ ਰਹੇ ਹਨ। ਅੱਜ ਵੀ ਇਹ ਰੀਤ ਜਾਰੀ ਹੈ; ਸਗੋਂ ਧਰਮ ਤੋਂ ਇਲਾਵਾ ਵਿਦਿਆ, ਸਭਿਆਚਾਰ, ਇਤਿਹਾਸ ਅਤੇ ਮੀਡੀਆ ਨੂੰ ਵੀ ਆਪਣੀ ਰਾਜਨੀਤਕ ਸ਼ਕਤੀ ਨੂੰ ਵਧਾਉਣ ਦਾ ਜ਼ਰੀਆ ਬਣਾ ਲਿਆ ਗਿਆ ਹੈ।

ਜਿਉਂ-ਜਿਉਂ ਧਰਮ ਗਰੰਥ ਪੁਰਾਣੇ ਹੁੰਦੇ ਜਾ ਰਹੇ ਹਨ, ਉਨ੍ਹਾਂ ਵਿਚ ਦਰਜ ਸਿੱਖਿਆਵਾਂ ਦੀ ਨਾ ਕੇਵਲ ਵਿਆਖਿਆ ਹੀ ਔਖੀ ਹੋ ਰਹੀ ਹੈ, ਬਲਕਿ ਉਨ੍ਹਾਂ ਦੇ ਅਰਥ ਵੀ ਸ਼ਾਸਕੀ ਸਹੂਲਤ ਅਨੁਸਾਰ ਬਦਲਾਏ ਜਾਂਦੇ ਹਨ। ਹਿੰਦੂ ਧਰਮ ਦੇ ਮੁੱਢ ਵਿਚ ਸਾਰੇ ਗਰੰਥ ਸੰਸਕ੍ਰਿਤ ਵਿਚ ਲਿਖੇ ਜਾਂਦੇ ਸਨ ਅਤੇ ਸੰਸਕ੍ਰਿਤ ਪੜ੍ਹਨ ਦਾ ਅਧਿਕਾਰ ਸਿਰਫ਼ ਮਨੂ ਸਿਮਰਤੀ ਅਨੁਸਾਰ ਬਣਾਈਆਂ ਜਾਤਾਂ ਵਿਚ ਬ੍ਰਾਹਮਣਾਂ ਨੂੰ ਹੀ ਸੀ। ਉਸ ਸਮੇਂ ਬ੍ਰਾਹਮਣ ਹੀ ਰਾਜੇ ਦੇ ਪਿਆਰੇ ਸਲਾਹਕਾਰ ਹੁੰਦੇ ਸਨ।

ਅੰਗਰੇਜ਼ੀ ਰਾਜ ਦੇ ਫੈਲਾਓ ਵਿਚ ਵੀ ਚਰਚ ਦਾ ਬਹੁਤ ਵੱਡਾ ਰੋਲ ਰਿਹਾ ਹੈ। ਲੋਕਾਂ ਵਿਚ ਜਾਗ੍ਰਿਤੀ ਆਉਣ ਨਾਲ ਈਸਾਈ ਧਰਮ ਅਜ਼ਾਦ ਧਰਮ ਦੇ ਰੂਪ ਵਿਚ ਉਭਰ ਕੇ ਆਇਆ ਹੈ, ਪਰ ਬਾਕੀ ਦੁਨੀਆ ਵਿਚ ਬਹੁਤ ਸਾਰੇ ਧਰਮਾਂ ਵਿਚ ਅਜਿਹਾ ਨਹੀਂ ਹੋਇਆ। ਭਾਰਤ ਵਿਚ ਵੀ ਭਾਵੇਂ ਜਾਗ੍ਰਿਤੀ ਆਈ ਹੈ, ਪਰ ਧਰਮ ਸ਼ਾਸਕੀ ਚੁੰਗਲ ਤੋਂ ਬਾਹਰ ਨਹੀਂ ਆ ਸਕੇ। ਦੇਸ਼ ਵਿਚ ਧਾਰਮਿਕ ਸੰਸਥਾਵਾਂ ਤਾਂ ਬਣੀਆਂ ਹਨ, ਪਰ ਉਨ੍ਹਾਂ 'ਤੇ ਸਿਆਸੀ ਰੰਗ ਚੜ੍ਹਿਆ ਹੋਇਆ ਹੈ। ਅੱਜ ਵੀ ਕੋਈ ਬੁੱਧੀਮਾਨ ਬੰਦਾ ਆਪਣੇ ਗਿਆਨ ਅਨੁਸਾਰ ਧਰਮ ਗਰੰਥਾਂ ਦੀ ਵਿਆਖਿਆ ਕਰਨ ਤੋਂ ਇਸ ਲਈ ਅਸਮਰੱਥ ਹੈ ਕਿ ਜੇ ਉਸ ਦੀ ਵਿਆਖਿਆ ਧਰਮ ਸੰਸਥਾਵਾਂ ਦੀ ਵਿਆਖਿਆ ਦੇ ਉਲਟ ਹੋ ਗਈ ਤਾਂ ਉਸ 'ਤੇ ਪ੍ਰਚੰਡਤਾ ਦਾ ਪਹਾੜ ਟੁੱਟ ਪਵੇਗਾ।

ਧਰਮ ਗਰੰਥਾਂ ਦੀ ਵਿਆਖਿਆ ਦੀ ਲੋੜ ਤੋਂ ਪੈਦਾ ਹੋਏ ਅਭਾਸੀ ਧਰਮ ਗੁਰੂ ਆਪਣੇ ਸੁਆਰਥ ਨੂੰ ਅੱਗੇ ਰੱਖ ਕੇ ਧਾਰਮਿਕ ਲਿਖਤਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਲੱਗੇ ਅਤੇ ਲੋਕਾਂ ਦੇ ਦਿਲਾਂ ਵਿਚ ਸਦਭਾਵਨਾ ਲਿਆਉਣ ਦੀ ਬਜਾਏ ਕੱਟੜਤਾ ਅਤੇ ਅਸਹਿਣਸ਼ੀਲਤਾ ਭਰਨ ਲੱਗੇ। ਮੇਰੇ ਖ਼ਿਆਲ ਵਿਚ ਇਨ੍ਹਾਂ ਨੂੰ ਧਰਮ ਗੁਰੂ ਕਹਿਣ ਦੀ ਬਜਾਏ ਅਭਾਸੀ ਧਰਮ ਨੇਤਾ ਕਹਿਣਾ ਜ਼ਿਆਦਾ ਉਚਿਤ ਹੋਵੇਗਾ। ਬੇਰੁਜ਼ਗਾਰੀ, ਗਰੀਬੀ, ਮਾਨਸਿਕ ਅਤੇ ਸਰੀਰਿਕ ਰੋਗਾਂ ਤੋਂ ਪੀੜਤ ਲੋਕ ਠੇਕੇਦਾਰਾਂ ਦੇ ਪ੍ਰਵਚਨਾਂ ਵਿਚੋਂ ਸਕੂਨ ਲੱਭਣ ਲਈ ਇਕੱਠੇ ਹੋ ਜਾਂਦੇ ਹਨ। ਇਸ ਮਾਹੌਲ ਦਾ ਲਾਭ ਉਠਾਉਣ ਲਈ ਸਿਆਸੀ ਨੇਤਾ ਅਤੇ ਪਾਰਟੀਆਂ ਇਸ ਸਾਰੇ ਅਡੰਬਰ ਦੀਆਂ ਭਾਗੀ ਬਣ ਜਾਂਦੀਆਂ ਹਨ। ਧਾਰਮਿਕ ਨੇਤਾਵਾਂ ਅਤੇ ਸਿਆਸਤਦਾਨਾਂ ਦਾ ਗੱਠਜੋੜ ਦੋਵਾਂ ਲਈ ਲਾਭਕਾਰੀ ਸਿੱਧ ਹੁੰਦਾ ਹੈ। ਰਾਜ ਨੇਤਾ, ਚੋਣਾਂ ਸਮੇਂ ਧਰਮ ਨੇਤਾਵਾਂ ਦੀ ਚਾਪਲੂਸੀ ਕਰ ਕੇ ਚੋਣਾਂ ਜਿੱਤਣ ਦਾ ਜ਼ਰੀਆ ਤਿਆਰ ਕਰ ਲੈਂਦੇ ਹਨ ਅਤੇ ਜਦੋਂ ਧਰਮ ਨੇਤਾ ਕਿਸੇ ਕਾਨੂੰਨ ਦੇ ਸ਼ਿਕੰਜੇ ਵਿਚ ਆ ਜਾਂਦੇ ਹਨ ਤਾਂ ਸਿਆਸਤਦਾਨਾਂ ਦੀ ਮਦਦ ਨਾਲ ਸਾਫ਼ ਬਚ ਨਿਕਲਦੇ ਹਨ।




*ਸਵਾਲ ਉਠਦਾ ਹੈ- ਕੀ ਭਾਰਤ ਵਰਗੇ ਬਹੁਧਰਮੀ ਦੇਸ਼ ਵਿਚ ਧਰਮ ਨੂੰ ਰਾਜਨੀਤੀ ਤੋਂ ਵੱਖ ਕੀਤਾ ਜਾ ਸਕਦਾ ਹੈ? ਇਹ ਬਿਲਕੁਲ ਸੰਭਵ ਹੈ। ਜੇ ਧਰਮ ਆਪਣੇ ਦਾਇਰੇ ਵਿਚ ਹੀ ਸੀਮਿਤ ਰਹਿਣ। ਸਭ ਧਾਰਮਿਕ ਗਤੀਵਿਧੀਆਂ ਚਾਰ ਦੀਵਾਰੀ ਦੇ ਅੰਦਰ ਹੀ ਹੋਣ, ਬਾਹਰ ਕਿਸੇ ਕਿਸਮ ਦੇ ਦਿਖਾਵਿਆਂ 'ਤੇ ਪਾਬੰਦੀ ਲਗਾਈ ਜਾਵੇ।*

ਸਿਆਸਤਦਾਨ ਧਰਮ ਨੂੰ ਰਾਜਨੀਤੀ ਦਾ ਮੋਹਰਾ ਬਣਾ ਕੇ ਵਰਤਦੇ ਹਨ। ਜਦੋਂ ਧਰਮ ਨੂੰ ਹਥਿਆਰ ਬਣਾ ਕੇ ਸਿਆਸੀ ਟੀਚਿਆਂ ਲਈ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਸ ਵਿਚੋਂ ਉਪਜੀ ਨਫ਼ਰਤ ਦੇ ਲਾਵੇ ਵਿਚ ਇਨਸਾਨੀਅਤ ਝੁਲਸ ਜਾਂਦੀ ਹੈ। ਭਾਰਤੀ ਸਿਆਸਤ ਵਿਚ ਧਰਮ ਦਾ ਇਸਤੇਮਾਲ ਆਮ ਹੋ ਗਿਆ ਹੈ। ਧਰਮ ਦੇ ਨਾਮ 'ਤੇ ਦੰਗੇ ਭੜਕਾ ਕੇ ਸਿਆਸਤ ਚਮਕਾਉਣਾ ਰਾਜ ਨੇਤਾਵਾਂ ਦੀ ਆਦਤ ਵਿਚ ਹੀ ਸ਼ਾਮਿਲ ਹੋ ਗਿਆ ਹੈ। ਉਹ ਧਰਮ ਨਾਲ ਜੁੜੀਆਂ ਘਟਨਾਵਾਂ ਜੋ ਅਪਰਾਧ ਦੇ ਤੌਰ 'ਤੇ ਕਾਨੂੰਨੀ ਪ੍ਰਣਾਲੀ ਰਾਹੀਂ ਨਜਿੱਠੀਆਂ ਜਾਣੀਆਂ ਚਾਹੀਦੀਆਂ ਹਨ, ਉਨ੍ਹਾਂ ਨੂੰ ਸਿਆਸੀ ਰੰਗ ਦੇ ਕੇ ਲੋਕਾਂ ਦੇ ਦਿਲਾਂ ਵਿਚ ਜ਼ਹਿਰ ਭਰਿਆ ਜਾ ਰਿਹਾ ਹੈ ਜਿਸ 'ਤੇ ਫਿਰ ਸਾਲਾਂਬੱਧੀ ਰਾਜਨੀਤੀ ਕੀਤੀ ਜਾਂਦੀ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਸ਼ਾਸਨ ਹੀ ਰੀਤੀ-ਰਿਵਾਜਾਂ, ਖਾਣ-ਪੀਣ ਅਤੇ ਪਹਿਰਾਵੇ ਦਾ ਪਹਿਰੇਦਾਰ ਬਣ ਰਿਹਾ ਹੈ। ਜੋ ਲੋਕ ਇਸ ਦਾ ਵਿਰੋਧ ਕਰਦੇ ਹਨ ਜਾਂ ਤਾਂ ਉਨ੍ਹਾਂ ਨੂੰ ਜਾਨ ਦਾ ਖ਼ਤਰਾ ਹੋ ਜਾਂਦਾ ਹੈ ਜਾਂ ਉਹ ਜੀਵਨ ਤੋਂ ਹੀ ਹੱਥ ਧੋ ਬੈਠਦੇ ਹਨ। ਭਾਰਤੀ ਸੰਵਿਧਾਨ ਵਿਚ ਭਾਵੇਂ ਹਰ ਨਾਗਰਿਕ ਨੂੰ ਧਰਮ ਦੀ ਆਜ਼ਾਦੀ ਹੈ ਅਤੇ ਇਹ ਨਿੱਜੀ ਮਾਮਲਾ ਹੈ, ਫਿਰ ਧਰਮ ਪਰਿਵਰਤਨ ਰੋਕਣ ਜਾਂ ਜ਼ਬਰੀ ਧਰਮ ਬਦਲੀ ਕਰਾਉਣ ਦਾ ਕਿਸੇ ਨੂੰ ਕੀ ਹੱਕ ਹੈ? ਕੋਈ ਵੀ ਸਮਾਜਿਕ ਰੀਤੀ ਰਿਵਾਜ ਜਾਂ ਧਾਰਮਿਕ ਧਾਰਾਵਾਂ ਜੇਕਰ ਮਨੁੱਖੀ ਅਧਿਕਾਰਾਂ ਦਾ ਹਨਨ ਕਰਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਕਾਨੂੰਨੀ ਰਾਹ ਅਪਨਾਉਣ ਤੋਂ ਪਹਿਲਾਂ ਆਮ ਲੋਕਾਂ ਦੀ ਸਮਾਜਿਕ ਲਹਿਰ ਰਾਹੀਂ ਸਹਿਮਤੀ ਲੈਣੀ ਜ਼ਰੂਰੀ ਹੋ ਜਾਂਦੀ ਹੈ।

ਸਵਾਲ ਉਠਦਾ ਹੈ- ਕੀ ਭਾਰਤ ਵਰਗੇ ਬਹੁਧਰਮੀ ਦੇਸ਼ ਵਿਚ ਧਰਮ ਨੂੰ ਰਾਜਨੀਤੀ ਤੋਂ ਵੱਖ ਕੀਤਾ ਜਾ ਸਕਦਾ ਹੈ? ਇਹ ਬਿਲਕੁਲ ਸੰਭਵ ਹੈ। ਜੇ ਧਰਮ ਆਪਣੇ ਦਾਇਰੇ ਵਿਚ ਹੀ ਸੀਮਿਤ ਰਹਿਣ। ਸਭ ਧਾਰਮਿਕ ਗਤੀਵਿਧੀਆਂ ਚਾਰ ਦੀਵਾਰੀ ਦੇ ਅੰਦਰ ਹੀ ਹੋਣ, ਬਾਹਰ ਕਿਸੇ ਕਿਸਮ ਦੇ ਦਿਖਾਵਿਆਂ 'ਤੇ ਪਾਬੰਦੀ ਲਗਾਈ ਜਾਵੇ। ਇੱਕ ਧਰਮ ਦੂਜੇ ਧਰਮ ਦੇ ਕਿਸੇ ਵੀ ਮਸਲੇ ਵਿਚ ਦਖ਼ਲ ਨਾ ਦੇਵੇ। ਹਰ ਧਰਮ ਨੂੰ ਆਪਣੇ ਅਸੂਲਾਂ ਵਿਚ ਖਾਣ-ਪੀਣ ਅਤੇ ਪਹਿਰਾਵੇ ਆਦਿ ਦੀ ਖੁੱਲ੍ਹ ਹੋਵੇ। ਧਰਮ ਅਸਥਾਨਾਂ 'ਤੇ ਕਿਸੇ ਵੀ ਕਿਸਮ ਦੀਆਂ ਰਾਜਨੀਤਕ ਗਤੀਵਿਧੀਆਂ 'ਤੇ ਰੋਕ ਲੱਗਣੀ ਚਾਹੀਦੀ ਹੈ। ਜੇ ਕਿਸੇ ਧਰਮ ਵਿਚ ਸੁਧਾਰਕ ਲਹਿਰ ਉਠਦੀ ਹੈ ਤਾਂ ਉਸ ਦਾ ਕਾਨੂੰਨੀ ਹੱਲ ਲੱਭਿਆ ਜਾਵੇ, ਪਰ ਦੂਜੇ ਧਰਮ ਉਸ ਲਹਿਰ ਤੋਂ ਦੂਰ ਰਹਿਣ।

ਕੀ ਰਾਜਨੇਤਾ ਇਹ ਸਭ ਕੁਝ ਹੋਣ ਦੇਣਗੇ? ਜਦੋਂ ਕਿ ਉਨ੍ਹਾਂ ਨੂੰ ਬਣੇ-ਬਣਾਏ ਇਕੱਠ ਆਪਣੇ ਪ੍ਰਚਾਰ ਲਈ ਮਿਲ ਰਹੇ ਹੋਣ ਅਤੇ ਧਰਮ ਅਸਥਾਨਾਂ ਦੇ ਪੈਸੇ 'ਤੇ ਉਨ੍ਹਾਂ ਦਾ ਅਧਿਕਾਰ ਹੋਵੇ। ਜੇ ਦੇਸ਼ ਨੂੰ ਰਾਜ ਨੇਤਾਵਾਂ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਦੰਗਿਆਂ ਤੋਂ ਬਚਾਉਣਾ ਹੈ ਤਾਂ ਰਾਜਨੀਤੀ ਦਾ ਧਰਮ ਵਿਚ ਦਖ਼ਲ ਕਾਨੂੰਨੀ ਤੌਰ 'ਤੇ ਬੰਦ ਹੋਣਾ ਚਾਹੀਦਾ ਹੈ।

# ਮਾਂ ਬੋਲੀ ਮਹਾਨ ਬੋਲੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਸ ਵਰ੍ਹੇ ਦਾ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਕਈ ਪੱਖਾਂ ਤੋਂ ਲਾਜਵਾਬ ਰਿਹਾ। ਕੈਨੇਡਾ ਤੇ ਬਰਤਾਨੀਆ ਦੇ ਪੰਜਾਬੀ ਪ੍ਰੇਮੀਆਂ ਨੇ ਰਾਸ਼ਟਰੀ ਮਾਰਗਾਂ ਤੇ ਸ਼ਾਪਿੰਗ ਸੈਂਟਰ ਵਿਚ ਮਾਂ ਬੋਲੀ ਦੇ ਪ੍ਰਚਾਰ ਤੇ ਪਾਸਾਰ ਲਈ ਹੁਮ-ਹੁਮਾ ਕੇ ਝੰਡੇ ਲਹਿਰਾਏ। ਕੈਨੇਡਾ ਵਾਲਿਆਂ ਨੇ ਤਾਂ 29-30 ਅਪਰੈਲ ਨੂੰ ਅੰਤਰਰਾਸ਼ਟਰੀ ਪੰਜਾਬੀ ਫਿਲਮ ਉਤਸਵ ਮਨਾਉਣ ਦਾ ਫੈਸਲਾ ਵੀ ਕੀਤਾ ਹੈ।

ਭਾਵੇਂ ਓਧਰਲੇ ਤੇ ਏਧਰਲੇ ਪੰਜਾਬ ਵਿਚ ਪੰਜਾਬੀ ਦੋ ਲਿਪੀਆਂ-ਸ਼ਾਹਮੁਖੀ ਤੇ ਗੁਰਮੁਖੀ ਵਿਚ ਲਿਖੀ ਜਾਂਦੀ ਹੈ ਪਰ ਦੋਹਾਂ ਦੇਸ਼ਾਂ ਦੇ ਪੰਜਾਬੀ ਪ੍ਰੇਮੀਆਂ ਨੇ ਇਸ ਵਾਰ ਦੇ ਮਾਂ ਬੋਲੀ ਦਿਵਸ ਉਤੇ ਪਹਿਲਾਂ ਨਾਲੋਂ ਗੱਜ ਵੱਜ ਕੇ ਜਲੂਸ ਕੱਢੇ। ਚੰਡੀਗੜ੍ਹ ਨਿਵਾਸੀਆਂ ਨੇ ਤਾਂ ਸੌ ਤੋਂ ਵੱਧ ਗ੍ਰਿਫਤਾਰੀਆਂ ਵੀ ਦਿੱਤੀਆਂ। ਸਾਹੀਵਾਲ (ਪਾਕਿਸਤਾਨ) ਦੀ ਪੰਜਾਬੀ ਆਵਾਜ਼ ਸੁਸਾਇਟੀ ਅਤੇ ਪੰਜਾਬੀ ਲੋਕ ਸੁਜਾਗ ਨਾਂ ਦੀਆਂ ਸੰਸਥਾਵਾਂ ਨੇ ਹਫਤਾ ਭਰ ਆਮ ਲੋਕਾਂ ਨੂੰ ਮਾਂ ਬੋਲੀ ਪੜ੍ਹਨ ਤੇ ਲਿਖਣ ਦੇ ਲਾਭ ਦਰਸਾਏ। ਇਸੇ ਤਰ੍ਹਾਂ ਲਾਹੌਰ ਦੇ ਪੰਜਾਬੀ ਅਦਬੀ ਬੋਰਡ ਨੇ ਸ਼ਹਿਰ ਦੇ ਉਘੇ ਲੇਖਕਾਂ ਤੇ ਸੰਪਾਦਕਾਂ ਨੂੰ ਨਾਲ ਲੈ ਕੇ ਦੋਵਾਂ ਪੰਜਾਬਾਂ ਦੇ ਪੰਜਾਬੀ ਪ੍ਰੇਮੀਆਂ ਨੂੰ ਇੱਕ ਦੂਜੇ ਨਾਲ ਮਿਲ ਕੇ ਚੱਲਣ ਦਾ ਸੱਦਾ ਦਿੱਤਿਆਂ ਪੰਜਵੀਂ ਤੋਂ ਦਸਵੀਂ ਸ਼੍ਰੇਣੀ ਤੱਕ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਪੜ੍ਹਨੀ ਲਾਜ਼ਮੀ ਕਰਨ ਦੀ ਮੰਗ ਪਾਈ।

ਪੰਜਾਬ ਦੀ ਮੀਡੀਆ ਰਾਜਧਾਨੀ ਜਲੰਧਰ 'ਚ ਪੰਜਾਬ ਜਾਗ੍ਰਤੀ ਮੰਚ ਤੇ ਸਰਬੱਤ ਦਾ ਭਲਾ ਟਰੱਸਟ ਨੇ ਨੌਂ ਅਹਿਮ ਮਤੇ ਪਾਸ ਕੀਤੇ। ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਪੰਜਾਬੀ ਦਾ ਲਾਜ਼ਮੀ ਹੋਣਾ, ਹੇਠਲੀਆਂ ਤੇ ਉਤਲੀਆਂ ਅਦਾਲਤਾਂ ਦਾ ਕੰਮ ਕਾਜ ਮਾਂ ਬੋਲੀ ਵਿਚ ਹੋਣਾ, ਕੇਂਦਰੀ ਸਰਕਾਰ ਦੇ ਸਹਿਯੋਗ ਨਾਲ ਖੁਲ੍ਹੇ ਪਬਲਿਕ ਸਕੂਲਾਂ ਵਿਚ ਪੰਜਾਬੀ ਨੂੰ ਅਖੋਂ ਪਰੋਖੇ ਨਾ ਕਰਨਾ ਅਤੇ ਨਿਊਜ਼ ਚੈਨਲਾਂ ਵਲੋਂ ਨਸ਼ਿਆਂ ਤੇ ਹਥਿਆਰਾਂ ਦੇ ਹੱਕ ਵਿਚ ਗਾਏ ਜਾਂਦੇ ਗੀਤਾਂ ਨੂੰ ਵੀ ਅਸ਼ਲੀਲ ਗੀਤ ਗਾਉਣ ਵਾਲਿਆਂ ਵਾਂਗ ਨੱਥ ਪਾਉਣਾ ਇਨ੍ਹਾਂ ਮਤਿਆਂ ਦਾ ਸਾਰ ਹੈ। ਇਨ੍ਹਾਂ ਨੂੰ ਲਾਗੂ ਕਰਨ ਲਈ ਰਾਜ ਸਰਕਾਰ ਕੋਲੋਂ ਸ਼ਕਤੀਸ਼ਾਲੀ ਪੰਜਾਬ ਭਾਸ਼ਾ




ਕਮਿਸ਼ਨਰ ਦੀ ਸਥਾਪਨਾ ਦਾ ਮੁੱਦਾ ਖਾਸ ਤੌਰ 'ਤੇ ਅੱਗੇ ਲਿਆਂਦਾ ਗਿਆ।

ਜੇ ਚੰਡੀਗੜ੍ਹ ਵਾਸੀਆਂ ਨੇ ਚੰਡੀਗੜ੍ਹ ਪੰਜਾਬੀ ਮੰਚ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਲੇਖਕ ਸਭਾ, ਚੰਡੀਗੜ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚਾਰ ਦੀਆਂ ਚਾਰੇ ਖੱਬੇ ਪੱਖੀ ਪਾਰਟੀਆਂ ਦੀ ਛਤਰ ਛਾਇਆ ਹੇਠ ਨਾਟਕਕਾਰ ਆਤਮਜੀਤ, ਕਵੀ ਸੁਰਿੰਦਰ ਗਿੱਲ ਤੇ ਕਹਾਣੀਕਾਰ ਮੋਹਨ ਭੰਡਾਰੀ ਵਰਗੇ ਉਘੇ ਸਾਹਿਤਕਾਰ ਆਪਣੇ ਨਾਲ ਜੋੜੇ ਤਾਂ ਜਲੰਧਰ ਦੇ ਪੰਜਾਬੀ ਪ੍ਰੇਮੀਆਂ ਨੇ ਸੁਰਜੀਤ ਪਾਤਰ ਤੇ ਸੁਖਵਿੰਦਰ ਅੰਮ੍ਰਿਤ ਵਰਗੇ ਕਵੀ ਤੇ ਵਰਿਆਮ ਸੰਧੂ ਵਰਗੇ ਨਾਮਵਰ ਕਥਾਕਾਰ ਹੀ ਨਹੀਂ ਜਗਤ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਐਸ.ਪੀ. ਸਿੰਘ ਓਬਰਾਏ ਵਰਗੇ ਉਚ ਦੁਮਾਲੜੇ ਵਿਅਕਤੀ ਆਪਣੇ ਨਾਲ ਤੋਰੇ। ਜਲੰਧਰ ਵਾਲੇ ਸਮਾਗਮ ਵਿਚ 65 ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੇ ਆਪਣੀਆਂ ਰੰਗ-ਬਰੰਗੀਆਂ ਵਰਦੀਆਂ ਪਾ ਕੇ ਸ਼ਿਰਕਤ ਕੀਤੀ ਅਤੇ ਸਾਢੇ ਤਿੰਨ ਦਰਜਨ ਧਾਰਮਿਕ, ਸਮਾਜਿਕ ਤੇ ਕਿਸਾਨ ਜਥੇਬੰਦੀਆਂ ਨੇ ਵੀ ਮਾਂ ਬੋਲੀ ਦੇ ਹੱਕ ਵਿਚ ਪਰਚਮ ਲਹਿਰਾਏ। ਸਮਾਗਮ ਨੂੰ ਸਫਲ ਕਰਨ ਵਿਚ ਅਜੀਤ ਸਮਾਚਾਰ ਸਮੂਹ ਦੇ ਬਰਜਿੰਦਰ ਸਿੰਘ ਹਮਦਰਦ ਦਾ ਯੋਗਦਾਨ ਵਿਸ਼ੇਸ਼ ਮਹੱਤਵ ਵਾਲਾ ਰਿਹਾ। ਇਹ ਮੰਨ ਕੇ ਚਲਣਾ ਬਣਦਾ ਹੈ ਕਿ ਅਜਿਹੇ ਹੰਭਲੇ ਇਧਰਲੇ ਤੇ ਉਧਰਲੇ ਪੰਜਾਬ ਤੋਂ ਬਿਨਾ ਸੱਤ ਸਮੁੰਦਰ ਪਾਰ ਵੀ ਸਫਲ ਹੋਣਗੇ। ਮਾਂ ਬੋਲੀ ਮਹਾਨ ਬੋਲੀ! ਮਾਤ ਭਾਸ਼ਾ ਮਹਾਨ ਭਾਸ਼ਾ!

**ਕੂਕੜਾਂ ਬੀਹੜਾਂ ਤੇ ਜੇਜੋਂ ਦੁਆਬਾ:** ਮੇਰਾ ਮਿੱਤਰ ਪੰਜਾਬੀ ਕਵੀ ਗੁਰਦੇਵ ਚੌਹਾਨ ਮੇਰਾ ਗਰਾਈਂ ਹੈ। ਉਸ ਦਾ ਪਿੰਡ ਕੂਕੜਾਂ ਮੇਰੇ ਪਿੰਡ ਸੂਨੀ ਤੋਂ ਛੇ ਕਿਲੋਮੀਟਰ ਹੈ। ਮੇਰੇ ਵਾਂਗ ਉਹ ਮਾਹਿਲਪੁਰ ਦੇ ਉਸ ਖਾਲਸਾ ਕਾਲਜ ਵਿਚ ਪੜ੍ਹਿਆ ਹੈ ਜਿਸ ਨੂੰ ਮੈਂ ਯੂਨੀਵਰਸਿਟੀ ਕਹਿੰਦਾ ਹਾਂ। ਸੂਨੀ ਤੇ ਕੂਕੜਾਂ ਨੂੰ ਸੈਲਾ ਖੁਰਦ ਰੇਲਵੇ ਸਟੇਸ਼ਨ ਲਗਦਾ ਹੈ। ਰਾਹੋਂ ਤੋਂ ਨਵਾਂ ਸ਼ਹਿਰ, ਗੜ੍ਹਸ਼ੰਕਰ ਰਾਹੀਂ ਇਹ ਰੇਲਵੇ ਲਾਈਨ ਜੇਜੋਂ ਤੱਕ ਜਾਂਦੀ ਹੈ। ਸਾਡੀ ਜਵਾਨੀ ਸਮੇਂ ਜੇਜੋਂ ਦੇ ਪੇੜੇ ਮਥਰਾ (ਯੂ.ਪੀ.) ਦੇ ਪੇੜਿਆਂ ਵਾਂਗ ਸਵਾਦੀ ਤੇ ਸਿਹਤਮੰਦ ਮੰਨੇ ਜਾਂਦੇ ਸਨ। ਜੇਜੋਂ ਦੇ ਪੇੜੇ ਗਾਂਵਾਂ-ਬੱਕਰੀਆਂ ਦੇ ਦੁੱਧ ਤੋਂ ਬਣਦੇ ਸਨ ਤੇ ਮਥਰਾ ਦੇ ਗਾਂਵਾਂ ਦੇ ਦੁੱਧ ਤੋਂ। ਇਹ ਮਾਝੇ ਦੁੱਧ ਦੇ ਨਾ ਹੋਣ ਕਾਰਨ ਦਿਮਾਗ ਲਈ ਚੰਗੇ ਸਮਝੇ ਜਾਂਦੇ ਸਨ।

ਗੁਰਦੇਵ ਚੌਹਾਨ ਪਿਛਲੇ ਗਿਆਰਾਂ ਸਾਲਾਂ ਤੋਂ ਕੈਨੇਡਾ ਦੇ ਟੋਰਾਂਟੋ ਖੇਤਰ ਵਿਚ ਰਹਿ ਰਿਹਾ ਹੈ। ਉਹ ਚੰਡੀਗੜ੍ਹ ਸਾਹਿਤ ਅਕਾਡਮੀ ਦੇ ਸੱਦੇ ਉਤੇ ਰੂਬਰੂ ਪ੍ਰੋਗਰਾਮ ਲਈ ਆਇਆ ਤਾਂ ਉਸ ਦੇ ਪੈਦਾਇਸ਼ੀ ਖੇਤਰ ਦੀਆਂ ਗੱਲਾਂ ਹੋਣੀਆਂ ਕੁਦਰਤੀ ਸਨ। ਸਾਡੇ ਬਚਪਨ ਵਿਚ ਕੰਢੀ ਦੇ ਇਨ੍ਹਾਂ ਪਿੰਡਾਂ ਦੇ ਜੱਟ ਤੇ ਰਾਜਪੂਤ ਖੇਤੀ ਕਰਨ ਨਾਲੋਂ ਊਠ ਵਾਹੁਣੇ ਚੰਗਾ ਸਮਝਦੇ ਸਨ। ਉਹ ਕੰਢੀ ਦਾ ਸਾਮਾਨ ਊਠਾਂ ਉਤੇ ਲੱਦ ਕੇ ਜੇਜੋਂ ਰਾਹੀਂ ਕੁੱਲੂ ਬੰਜਾਰ ਦੇ ਪਰਬਤਾਂ ਨੂੰ ਢੋਂਹਦੇ ਸਨ ਤੇ ਪਹਾੜੀ ਮਾਲ ਕੰਢੀ ਦੇ ਮੈਦਾਨੀ ਖੇਤਰ ਲਈ। ਹਰ ਪਿੰਡ ਵਿਚ ਇੱਕ ਡੇਢ ਦਰਜਣ ਊਠ ਹੁੰਦੇ ਸਨ। ਮੇਰਾ ਪਿਤਾ ਵੀ ਊਠ ਵਾਹੁੰਦਾ ਸੀ। ਜਦੋਂ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਪਹਾੜੀ ਖੇਤਰਾਂ ਲਈ ਸੜਕਾਂ ਬਣਨ ਪਿੱਛੋਂ ਢੋ-ਢੁਆਈ ਲਈ ਟਰੱਕ ਚੱਲਣ ਲਗ ਪਏ ਤਾਂ ਊਠ ਵਾਹੁਣ ਵਾਲਿਆਂ ਦਾ ਧੰਦਾ ਠੱਪ ਹੋ ਗਿਆ, ਤੇ ਊਠਾਂ ਵਾਲਿਆਂ ਨੂੰ ਊਠ ਵੇਚ ਕੇ ਹੋਰ ਕੰਮ ਕਰਨੇ ਪਏ।

ਮੱਕੀ ਦੇ ਗੀਤ, ਨਿੱਕੀਆਂ ਬੇੜੀਆਂ ਨਿੱਕੇ ਚੱਪੂ, ਸਾਹਿਤ ਸੱਤਿਆਨਾਸ ਤੇ ਕੁੱਤਾ, ਕਿਤਾਬ ਤੇ ਗੁਲਾਬ ਆਦਿ ਪੁਸਤਕਾਂ ਦਾ ਲੇਖਕ ਗੁਰਦੇਵ ਚੌਹਾਨ ਰਵਾਇਤੀ ਕਲਮਕਾਰੀ ਤੋਂ ਵੱਖਰਾ ਤੁਰਨ ਲਈ ਜਾਣਿਆ ਜਾਂਦਾ ਹੈ। ਉਹ ਦੱਖਣੀ ਏਸ਼ੀਆ ਦੀਆਂ ਲਿਖਤਾਂ ਨੂੰ ਅੰਤਰਾਸ਼ਟਰੀ ਪੱਧਰ ਦੇ ਪਹੁੰਚਾਉਣ ਲਈ ਅੰਗਰੇਜ਼ੀ ਭਾਸ਼ਾ ਵਿਚ 'ਸਾਊਥ ਏਸ਼ੀਅਨ ਐਨਸੈਂਬਲ' ਨਾਂ ਦਾ ਸਾਹਿਤਕ ਰਸਾਲਾ ਕੱਢਦਾ ਹੈ। ਉਸ ਦੇ ਪਿਤਾ ਨੇ ਫੌਜ ਦੀ ਨੌਕਰੀ ਛੱਡ ਕੇ ਜੇਜੋਂ ਦੁਆਬਾ ਵਿਖੇ ਬਜਾਜੀ ਦੀ ਦੁਕਾਨ ਖੋਲ੍ਹ ਲਈ। ਕੱਪੜੇ ਦੀ ਰਾਸ਼ਨਿੰਗ ਤੇ ਨੰਗਲ ਵਾਲੇ ਪਾਸੇ ਵੱਡੇ ਬਜਾਜਾਂ ਦੇ ਹੋਂਦ ਵਿਚ ਆਉਣ ਨਾਲ ਪਿਤਾ ਦਾ ਕੰਮ ਵੀ ਊਠਾਂ ਵਾਲਿਆਂ ਦੇ ਧੰਦੇ ਵਾਂਗ ਠੱਪ ਹੋ ਗਿਆ। ਪੰਜਾਬੀ ਨਵੇਂ ਨਵੇਲੇ ਕੰਮ ਲੱਭਣ ਤੇ ਕਰਨ ਲਈ ਜਾਣੇ ਜਾਂਦੇ ਹਨ। ਗੁਰਦੇਵ ਚੌਹਾਨ ਵੀ ਉਨ੍ਹਾਂ ਵਿਚੋਂ ਇੱਕ ਹੈ। ਪੰਜਾਬੀ ਹਰ ਮੈਦਾਨ ਫਤਿਹ ਦਾ ਜੈਕਾਰਾ ਲਾਉਂਦੇ ਆਏ ਹਨ।

**ਅੰਤਿਕਾ:** ਰਾਵੀ ਭੰਗੂ

ਹਰ ਉਹ ਵਤਨ ਜੋ ਆਪਣੇ ਘਰ ਵਿਚ
ਸੁੱਖ ਦੀ ਨੀਂਦੇ ਸੌਂਦਾ ਹੈ।
ਉਹ ਅਪਣੀ ਜਾਨ ਦੀ ਰੱਖਿਆ ਲਈ
ਕਿਸੇ ਹੋਰ ਦੀ ਜਾਨ ਨਹੀਂ ਲੈਂਦਾ।

# ਟਰੰਪ ਦੀ ਡਿਪੋਰਟੇਸ਼ਨ ਨੀਤੀ ਨਾਲ ਕਾਮਿਆਂ ਦੀ ਹੋ ਸਕਦੀ ਹੈ ਵੱਡੀ ਕਮੀ

ਅਮਰੀਕਾ ਵਿਚ ਬਹੁਤ ਸਾਰੇ ਧੰਦੇ ਐਸੇ ਨੇ ਜਿਹੜੇ ਗੈਰ-ਕਾਨੂੰਨੀ ਕਾਮਿਆਂ ਦੇ ਸਿਰ 'ਤੇ ਹੀ ਚੱਲਦੇ ਹਨ। ਬੇਸ਼ੱਕ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਰਹਿ ਰਹੇ ਲੋਕਾਂ ਨਾਲ ਨਜਿੱਠਣ ਲਈ ਸਮੇਂ ਸਮੇਂ ਸਰਕਾਰਾਂ ਸਖਤ ਕਾਨੂੰਨ ਬਣਾਉਂਦੀਆਂ ਰਹੀਆਂ ਹਨ, ਪ੍ਰੰਤੂ ਮੌਜੂਦਾ ਰਾਸ਼ਟਰਪਤੀ ਡੌਨਲਡ ਟਰੰਪ ਦੀ ਸਰਕਾਰ ਨੇ ਜਿਸ ਤਰ੍ਹਾਂ ਇਨ੍ਹਾਂ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨਾ ਸ਼ੁਰੂ ਕੀਤਾ ਹੈ, ਇਸ ਕਰਕੇ ਬਹੁਤ ਸਾਰੇ ਉਦਯੋਗਪਤੀ ਤੇ ਕਿਸਾਨ ਸੰਕਟ ਵਿਚ ਫਸੇ ਨਜ਼ਰ ਆ ਰਹੇ ਹਨ।

ਰਾਸ਼ਟਰਪਤੀ ਟਰੰਪ ਵਲੋਂ ਲੱਖਾਂ ਗੈਰ-ਕਾਨੂੰਨੀ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ ਜਿਸ ਕਰਕੇ ਕਾਮਿਆਂ ਦੀ ਸਖਤ ਥੋੜ੍ਹ ਪੈਦਾ ਹੋ ਸਕਦੀ ਹੈ ਜੋ ਬਿਜਨਸ ਮਾਲਕਾਂ ਅਤੇ ਕਿਸਾਨਾਂ ਲਈ ਵੱਡਾ ਫਿਕਰ ਬਣਿਆ ਹੋਇਆ ਹੈ।

ਬਹੁਤ ਸਾਰੀਆਂ ਅਜਿਹੀਆਂ ਸਟੇਟਾਂ ਹਨ ਜਿਥੇ ਸਨਅਤਾਂ ਅਤੇ ਖੇਤੀ ਗੈਰ-ਕਾਨੂੰਨੀ ਪਰਵਾਸੀ ਕਾਮਿਆਂ 'ਤੇ ਨਿਰਭਰ ਹੈ। ਉਂਜ ਤਾਂ ਕਾਮਿਆਂ ਦੀ ਕਮੀ ਪੂਰੇ ਮੁਲਕ ਵਿਚ ਹੀ ਸਾਹਮਣੇ ਆਵੇਗੀ, ਪ੍ਰੰਤੂ ਕੈਲੀਫੋਰਨੀਆ, ਟੈਕਸਸ, ਫਲੋਰਿਡਾ ਅਤੇ ਨੇਵਾਡਾ ਅਜਿਹੀਆਂ ਸਟੇਟਾਂ ਹਨ ਜਿਥੇ ਇਹ ਸੰਕਟ ਵੱਧ ਹੋਵੇਗਾ। ਇਨ੍ਹਾਂ ਸਟੇਟਾਂ ਵਿਚ ਹਰ ਗਿਆਰਵਾਂ ਕਾਮਾ ਗੈਰ-ਕਾਨੂੰਨੀ ਹੈ। ਖੇਤੀ ਖੇਤਰ ਵਿਚ ਗੈਰ-ਕਾਨੂੰਨੀ ਕਾਮਿਆਂ ਦੀ ਗਿਣਤੀ ਇਸ ਤੋਂ ਵੀ ਕਈ ਗੁਣਾਂ ਵੱਧ ਹੈ। ਇਕ ਅੰਦਾਜ਼ੇ ਮੁਤਾਬਕ ਖੇਤੀਬਾੜੀ ਖੇਤਰ ਵਿਚ ਹਰ ਚੌਥਾ ਕਾਮਾ ਗੈਰ-ਕਾਨੂੰਨੀ ਹੈ। ਇੰਜ ਹੀ ਉਸਾਰੀ ਦੇ ਕੰਮ ਵਿਚ ਹਰ ਛੇਵਾਂ ਮਜ਼ਦੂਰ ਬਿਨਾ ਕਾਗਜ਼ਾਂ ਵਾਲਾ ਪਰਵਾਸੀ ਹੈ।




ਖਬਰਾਂ ਅਨੁਸਾਰ ਕੈਲੀਫੋਰਨੀਆ ਵਿਚ ਵਰਕ ਪਰਮਿਟ ਵਾਲੇ ਲੋਕਾਂ ਨੂੰ ਡੀ.ਐਮ.ਵੀ. ਕਮਰਸ਼ੀਅਲ ਲਾਈਸੈਂਸ ਨਹੀਂ ਦੇਵੇਗੀ। ਇਸ ਖਾਤਰ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਹੋਣਾ ਜ਼ਰੂਰੀ ਹੋਵੇਗਾ। ਜੇ ਇਹ ਕਾਇਦਾ ਵਾਕਿਆ ਹੀ ਅਮਲ ਵਿਚ ਆਉਂਦਾ ਹੈ ਤਾਂ ਇਸ ਨਾਲ ਲੱਖਾਂ ਕਾਮੇ ਬੇਰੁਜ਼ਗਾਰ ਹੋ ਜਾਣਗੇ ਅਤੇ ਟਰੱਕਿੰਗ ਇੰਡਸਟਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਜੇ ਪੰਜਾਬੀ ਭਾਈਚਾਰੇ ਦੀ ਗੱਲ ਕਰੀਏ ਤਾਂ ਕਰੀਬ 50% ਡਰਾਈਵਰ ਵਰਕ ਪਰਮਿਟ ਵਾਲੇ ਹਨ। ਅਗਰ ਇਨ੍ਹਾਂ ਤੋਂ ਲਾਈਸੈਂਸ ਖੋਹ ਲਏ ਜਾਂਦੇ ਹਨ ਤਾਂ ਟਰੱਕਿੰਗ ਕੰਪਨੀਆਂ ਕੱਖੋਂ ਹੌਲੀਆਂ ਹੋ ਜਾਣਗੀਆਂ। ਡਰਾਈਵਰਾਂ ਦੀ ਸਖਤ ਕਮੀ ਹੋ ਜਾਵੇਗੀ।

ਨੈਬਰਾਸਕਾ, ਓਕਲਾਹੋਮਾ, ਅਰਕਨਸਾਸ ਆਦਿ ਸਟੇਟਾਂ ਵਿਚ ਵੱਡੀ ਪੱਧਰ 'ਤੇ ਬੀਫ ਦੇ ਬੁਚੜਖਾਨੇ ਹਨ ਜਿਥੇ ਵੱਡੀ ਗਿਣਤੀ ਵਿਚ ਗੈਰ-ਕਾਨੂੰਨੀ ਪਰਵਾਸੀ ਕੰਮ ਕਰਦੇ ਹਨ ਜਿਨ੍ਹਾਂ ਵਿਚ ਬਹੁਤੇ ਮੈਕਸੀਕੋ ਤੋਂ ਹਨ। ਜੇ ਟਰੰਪ ਪ੍ਰਸ਼ਾਸਨ ਇਨ੍ਹਾਂ ਵਰਕਰਾਂ ਨੂੰ ਡਿਪੋਰਟ ਕਰਦਾ ਹੈ ਤਾਂ ਬੁੱਚੜਖਾਨਿਆਂ ਦੇ ਮਾਲਕਾਂ ਦੀ ਹਾਲਤ ਦੀਵਾਲੀਏ ਹੋਣ ਤੱਕ ਪਹੁੰਚ ਸਕਦੀ ਹੈ। ਹਕੀਕਤ ਇਹ ਹੈ ਕਿ ਇਨ੍ਹਾਂ ਬੁੱਚੜਖਾਨਿਆਂ ਵਿਚ ਕਾਨੂੰਨੀ ਤੌਰ 'ਤੇ ਰਹਿੰਦੇ ਵਰਕਰ ਕੰਮ ਕਰਨ ਲਈ ਤਿਆਰ ਨਹੀਂ ਹਨ। ਹੌਲੀ ਹੌਲੀ ਡਿਪੋਰਟੇਸ਼ਨ ਦਾ ਪ੍ਰਭਾਵ ਸਾਰੀਆਂ ਸਟੇਟਾਂ ਵਿਚ ਨਜ਼ਰ ਆਵੇਗਾ।

ਬਹੁਤ ਸਾਰੀਆਂ ਸਟੇਟਾਂ ਵਿਚ ਆਈ.ਸੀ.ਈ. ਵੱਲੋਂ ਛਾਪੇ ਮਾਰ ਕੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫਤ ਵਿਚ ਲਿਆ ਜਾ ਰਿਹਾ ਹੈ। ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਯਾਤਰੂਆਂ ਦੀ ਚੈਕ ਅੱਪ, ਇੰਸਪੈਕਸ਼ਨ ਸਟੇਸ਼ਨਾਂ 'ਤੇ ਟਰੱਕਾਂ ਦੀ ਤਲਾਸ਼ੀ, ਬਿਜਨਸਾਂ, ਫਾਰਮਾਂ ਅਤੇ ਮੀਟ ਕੰਪਨੀਆਂ 'ਤੇ ਛਾਪਿਆਂ ਨੇ ਮਾਲਕਾਂ ਅਤੇ ਕਾਮਿਆਂ ਦੀ ਨੀਂਦ ਉਡਾਈ ਪਈ ਹੈ।

2012 ਦੀ ਪੀਓ ਰਿਸਰਚ ਸੈਂਟਰ ਦੀ ਮਰਦਮਸ਼ੁਮਾਰੀ ਅਨੁਸਾਰ ਗੈਰ-ਕਾਨੂੰਨੀ ਪਰਵਾਸੀ ਅਮਰੀਕਾ ਦੀ ਲੇਬਰ ਦਾ ਕੁਲ 5.1% ਹਿੱਸਾ ਬਣਦੇ ਹਨ ਜੋ ਇੱਕ ਵੱਡਾ ਅੰਕੜਾ ਹੈ। ਇਹ ਅੰਕੜਾ ਮੁੱਖ ਤੌਰ 'ਤੇ ਐਰੀਜੋਨਾ, ਨਿਊ ਮੈਕਸੀਕੋ, ਟੈਕਸਸ, ਕੈਲੀਫੋਰਨੀਆ, ਫਲੋਰਿਡਾ, ਯੂਟਾ, ਨੇਵਾਡਾ, ਨਿਊ ਜਰਸੀ, ਇਲੀਨਾਏ, ਮੈਰੀਲੈਂਡ, ਨਿਊ ਯਾਰਕ, ਨਾਰਥ ਕੈਰੋਲਾਈਨਾ, ਜਾਰਜੀਆ ਆਦਿ ਕੁਝ ਹੀ ਸਟੇਟਾਂ ਦਾ ਹੈ।

ਪੂਰੇ ਸਨਅਤੀ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਕੁਲ ਮਿਲਾ ਕੇ ਹਰ ਦਸਵਾਂ ਕਾਮਾ ਡਿਪੋਰਟ ਹੋਣ ਦੇ ਖਤਰੇ ਦਾ ਸਾਹਮਣਾ ਕਰੇਗਾ। ਇਸ ਨਾਲ ਖੇਤੀਬਾੜੀ ਖੇਤਰ ਤੋਂ ਇਲਾਵਾ ਮੀਟ ਇੰਡਸਟਰੀ, ਕੰਸਟਰਕਸ਼ਨ ਅਤੇ ਲਾਅਨ ਕੇਅਰ ਖੇਤਰਾਂ ਨੂੰ ਵੱਡਾ ਧੱਕਾ ਲੱਗੇਗਾ। ਸੂਤਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਵਿਚ ਦੇਸ਼ ਵਿਚੋਂ ਕਰੀਬ ਇੱਕ ਹਜ਼ਾਰ ਗੈਰ-ਕਾਨੂੰਨੀ ਵਰਕਰ ਡਿਪੋਰਟ ਕੀਤੇ ਜਾ ਚੁਕੇ ਹਨ। ਕੀ ਸੂਟ-ਬੂਟ ਪਾਉਣ (ਬਲੂ ਕਾਲਰ) ਵਾਲੇ ਲੋਕ ਇਹ ਗੈਰ-ਕਾਨੂੰਨੀ ਪਰਵਾਸੀਆਂ ਵਾਲੇ ਕੰਮ ਕਰ ਸਕਣਗੇ? ਇਹ ਇਕ ਵੱਡਾ ਸਵਾਲ ਹੈ। ਗੈਰ-ਕਾਨੂੰਨੀ ਵਰਕਰਾਂ ਵਿਚ ਵੱਡੀ ਗਿਣਤੀ ਮੈਕਸੀਕਨ ਮੂਲ ਦੇ ਲੋਕਾਂ ਦੀ ਹੈ। ਇਹ ਉਹ ਲੋਕ ਹਨ ਜਿਨ੍ਹਾਂ ਤੋਂ ਉਹ ਕੰਮ ਲਏ ਜਾਂਦੇ ਹਨ ਜੋ ਦਫਤਰੀ ਕੰਮ ਕਰਨ ਵਾਲੇ ਆਮ ਲੋਕ ਕਰਨ ਤੋਂ ਝਿਜਕਦੇ ਹਨ।

ਖਬਰਾਂ ਅਨੁਸਾਰ ਬਿਨਾ ਕਾਗਜ਼ਾਤ ਯਾਨਿ ਗੈਰ-ਕਾਨੂੰਨੀ ਪਰਵਾਸੀਆਂ, ਜਿਨ੍ਹਾਂ ਵਿਰੁਧ ਫੌਜਦਾਰੀ ਜਾਂ ਡਰੰਕ ਡਰਾਈਵਿੰਗ ਦੇ ਕੇਸ ਹਨ, ਨਾਲ ਨਜਿੱਠਣ ਲਈ ਟਰੰਪ ਪ੍ਰਸ਼ਾਸਨ ਵਲੋਂ ਕੋਈ 10 ਹਜ਼ਾਰ ਇਮੀਗਰੇਸ਼ਨ ਕਸਟਮ ਏਜੰਸੀ ਏਜੰਟਾਂ ਦੀ ਨਵੀਂ ਭਰਤੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਨਵੀਂਆਂ ਜੇਲ੍ਹਾਂ ਬਣਾਈਆਂ ਜਾ ਰਹੀਆਂ ਹਨ ਅਤੇ 5 ਹਜ਼ਾਰ ਬਾਰਡਰ ਪੈਟਰੋਲ ਅਫਸਰ ਭਰਤੀ ਕੀਤੇ ਜਾ ਰਹੇ ਹਨ। ਇਨ੍ਹਾਂ ਸਭ ਦਾ ਬੋਝ ਵੀ ਟੈਕਸ ਅਦਾ ਕਰਨ ਵਾਲੇ ਲੋਕਾਂ 'ਤੇ ਪਵੇਗਾ।

*-ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ*
*ਫੋਨ: 559-333-5776*

# ਜਦੋਂ ਅਫਸੋਸ ਕਰਨ ਗਿਆਂ ਨੂੰ ਵਧਾਈਆਂ ਦੇਣੀਆਂ ਪਈਆਂ

ਕੋਈ 29 ਸਾਲ ਪਹਿਲਾਂ ਦੀ ਗੱਲ ਹੈ। ਅਸੀਂ ਨਿਊ ਜਰਸੀ ਸਟੇਟ ਦੇ ਸਮੁੰਦਰ ਦੇ ਪੂਰਬੀ ਤੱਟ ਨੇੜਲੇ ਕਸਬੇ ਟਕਰਟਨ ਰਹਿੰਦੇ ਸਾਂ। ਉਨ੍ਹੀਂ ਦਿਨੀਂ ਮੈਂ ਆਰ.ਬੀ.ਏ. ਗਰੁਪ (ਮੋਰਿਸਟਾਊਨ) ਵਿਚ ਕੰਸਟਰਕਸ਼ਨ ਇੰਜੀਨੀਅਰ (ਸਿਵਲ) ਸਾਂ। ਮੇਰਾ ਕੰਮ ਗਾਰਡਨ ਸਟੇਟ ਪਾਰਕਵੇਅ 'ਤੇ ਦੋ ਪੁਰਾਣੇ ਪੁਲਾਂ ਦੀ ਮੁਰੰਮਤ ਕਰਨ ਲਈ ਚਲ ਰਹੇ ਕੰਮ ਦੀ ਨਿਗਰਾਨੀ ਕਰਨਾ ਸੀ। ਇੱਕ ਪੁਲ ਦਾ ਨਾਂ 'ਮਲਕਾ ਰਿਵਰ ਬ੍ਰਿਜ਼' ਅਤੇ ਦੂਜੇ ਦਾ 'ਬਾਸ ਰਿਵਰ ਬ੍ਰਿਜ' ਹੈ।

ਮੇਰੀ ਪਤਨੀ ਕੁਲਦੀਪ ਕੌਰ ਵੀ ਟਕਰਟਨ ਤੋਂ 25 ਮੀਲ ਦੂਰ ਪਲੈਜੇਂਟਵਿਲ ਇੱਕ ਕੱਪੜੇ ਦੇ ਸਟੋਰ 'ਤੇ ਕੈਸ਼ੀਅਰ ਦਾ ਕੰਮ ਕਰਦੀ ਸੀ। ਇਹ ਸਟੋਰ ਇੱਕ ਅਮਰੀਕਨ 62 ਕੁ ਸਾਲਾ ਗੋਰੀ ਕੈਥੀ ਦਾ ਸੀ। ਉਹ ਬਹੁਤ ਹੀ ਸਾਊ ਤੇ ਮਿਲਾਪੜੇ ਸੁਭਾਅ ਦੀ ਸੀ। ਕੁਲਦੀਪ ਕੌਰ ਹਮੇਸ਼ਾ ਉਸ ਦੇ ਨੇਕ ਸੁਭਾਅ ਦੀਆਂ ਸਿਫਤਾਂ ਕਰਦੀ। ਕੁਲਦੀਪ ਕੌਰ ਨੂੰ ਵੀ ਕੈਥੀ ਨੌਕਰ ਘੱਟ ਤੇ ਆਪਣੀ ਧੀ ਜ਼ਿਆਦਾ ਸਮਝਦੀ। ਕੈਥੀ ਦਾ ਪਤੀ ਪੀਟਰ ਵੀ ਕਦੇ ਕਦਾਈਂ ਸਟੋਰ 'ਤੇ ਗੇੜਾ ਮਾਰ ਜਾਂਦਾ। ਅਜੇ ਸਾਡੇ ਕੋਈ ਬੱਚਾ ਨਹੀਂ ਸੀ।

ਕੁਲਦੀਪ ਕੌਰ ਦਾ ਕੈਥੀ ਨਾਲ ਪਿਆਰ ਐਨਾ ਵਧ ਗਿਆ ਕਿ ਕੈਥੀ ਨੇ ਇੱਕ ਦਿਨ ਆਪਣੇ ਘਰ ਸਾਨੂੰ ਡਿਨਰ ਦਾ ਸੱਦਾ ਦਿੱਤਾ। ਅਸੀਂ ਨਵੇਂ ਨਵੇਂ ਨਿਊ ਜਰਸੀ ਵਿਚ ਆਏ ਸਾਂ, ਨਾ ਕੋਈ ਜਾਣ ਨਾ ਪਹਿਚਾਣ, ਇਸ ਲਈ ਮੈਨੂੰ ਚਾਅ ਚੜ੍ਹ ਗਿਆ। ਪ੍ਰੀਤੀ ਭੋਜ ਦੀ ਤਰੀਕ ਮੁਕੱਰਰ ਸੀ ਅਤੇ ਹਾਂ ਅਸੀਂ ਕਰ ਦਿੱਤੀ। ਨਿਯਤ ਦਿਨ ਅਸੀਂ ਸਮੇਂ ਸਿਰ ਉਨ੍ਹਾਂ ਦੇ ਘਰ ਪੁੱਜ ਗਏ। ਬਹੁਤ ਸਲੀਕੇ ਨਾਲ ਉਨ੍ਹਾਂ ਸਾਡੀ ਆਓ-ਭਗਤ ਕੀਤੀ। ਸਨੈਕਸ ਤੇ ਡਰਿੰਕ ਲੈਣ ਤੋਂ ਬਾਅਦ ਗੱਲਾਂ-ਬਾਤਾਂ ਦਾ ਦੌਰ ਸ਼ੁਰੂ ਹੋਇਆ। ਸਾਨੂੰ ਪਰਿਵਾਰਕ ਮਾਹੌਲ ਵਿਚ ਅਪਣੱਤ ਮਹਿਸੂਸ ਹੋਈ। ਕੈਥੀ ਨੇ ਆਪਣੇ ਹੱਥੀਂ ਸਾਰੇ ਭੋਜਨ ਤਿਆਰ ਕੀਤੇ ਸਨ। ਖੁਸ਼ੀ ਖੁਸ਼ੀ ਅਸੀਂ ਡਿਨਰ ਕਰਕੇ ਵਾਪਿਸ ਮੁੜਨ ਦੀ ਇਜ਼ਾਜਤ ਲਈ।

ਅਜੇ ਦੋ ਕੁ ਮਹੀਨੇ ਲੰਘੇ ਸਨ ਕਿ ਕੁਲਦੀਪ ਕੌਰ ਇੱਕ ਦਿਨ ਉਦਾਸ ਕੰਮ ਤੋਂ ਪਰਤੀ। ਭਰੀਆਂ ਅੱਖਾਂ ਨਾਲ ਕਹਿਣ ਲੱਗੀ, "ਜੀ, ਕੈਥੀ ਦਾ ਘਰਵਾਲਾ ਸੀ ਨਾ, ਪੀਟਰ, ਉਹ ਗੁਜ਼ਰ ਗਿਆ।"

"ਹਾਏ ਮੇਰਿਆ ਰੱਬਾ, ਇਹ ਕੀ ਹੋਇਆ, ਉਸ ਦਿਨ ਤਾਂ ਉਹ ਚੰਗਾ ਭਲਾ ਸੀ।" ਮੈਂ ਕੁਲਦੀਪ ਨੂੰ ਹੌਸਲਾ ਦਿੰਦਿਆਂ ਕਹਿ ਰਿਹਾ ਸਾਂ। ਧੀਰਜ ਅਤੇ ਹੌਸਲੇ ਨਾਲ ਕੁਲਦੀਪ ਨੂੰ ਦਿਲਾਸਾ ਦੇ ਕੇ ਠੰਡਿਆਂ ਕੀਤਾ।

ਅਸੀਂ ਵੀਕ-ਐਂਡ 'ਤੇ ਕੈਥੀ ਦੇ ਸਟੋਰ 'ਤੇ ਜਾ ਕੇ ਉਸ ਨਾਲ ਅਫਸੋਸ ਕਰਨ ਦੀ ਸਲਾਹ ਬਣਾਈ। ਅਸੀਂ ਦੋਵੇਂ ਕਾਰ ਲੈ ਕੇ ਘਰੋਂ ਪਲੈਜੇਂਟਵਿਲ ਨੂੰ ਚੱਲ ਪਏ। ਰਾਸਤੇ ਵਿਚ ਗਾਰਡਨ ਸਟੇਟ ਪਾਰਕਵੇਅ 'ਤੇ ਮੈਂ ਕਾਰ ਚਲਾਉਂਦਿਆਂ ਆਪਣੀਆਂ ਸੋਚਾਂ ਵਿਚ ਗੁਆਚਾ ਅਫਸੋਸ ਦੇ ਲਫਜ਼ਾਂ ਦੀ ਬੁਣਤੀ ਬੁਣ ਰਿਹਾਂ ਸਾਂ। ਦੋਵਾਂ ਜੀਆਂ ਨਾਲ ਬਿਤਾਏ ਡਿਨਰ ਮੌਕੇ ਖੁਸ਼ੀ ਦੇ ਪਲ ਅਤੇ ਪੀਟਰ ਵੱਲੋਂ ਮਿਲਿਆ ਪਿਆਰ ਮੈਨੂੰ ਯਾਦ ਆ ਰਹੇ ਸਨ।

ਚਾਲੀ-ਪੰਜਾਹ ਮਿੰਟ ਦੀ ਡਰਾਈਵ ਤੋਂ ਬਾਅਦ ਅਸੀਂ ਕਾਰ ਪਾਰਕ ਕਰਕੇ ਸਟੋਰ ਵੱਲ ਨੂੰ ਜਾ ਰਹੇ ਸਾਂ। ਦੂਰੋਂ ਹੀ ਕੈਥੀ ਅਤੇ ਇਕ ਗੋਰਾ ਆਪਸ ਵਿਚ ਘੁਲ-ਮਿਲ ਕੇ ਗੱਲਾਂ ਕਰਦੇ, ਅਸੀਂ ਵੇਖੇ। ਨਜ਼ਦੀਕ ਪੁੱਜੇ ਤਾਂ ਇਸ ਤੋਂ ਪਹਿਲਾ ਕਿ ਮੈਂ ਕੁਝ ਕਹਿੰਦਾ, ਕੈਥੀ ਉਸ ਗੋਰੇ ਆਦਮੀ ਦਾ ਸਾਡੇ ਨਾਲ ਤੁਆਰਫ ਕਰਾਉਂਦੀ ਬੋਲੀ, "ਮੀਟ ਮਿਸਟਰ ਨਾਰਮਨ, ਹੀ ਇਜ਼ ਮਾਈ ਨਿਊ ਹਸਬੈਂਡ।"

ਕੈਥੀ ਦੀ ਗੱਲ ਸੁਣ ਕੇ ਮੈਂ ਪਲ ਦੀ ਪਲ ਡੌਰ-ਭੌਰ ਹੋ ਗਿਆ, ਪਰ ਮੌਕਾ ਸੰਭਾਲਦਿਆਂ ਕਿਹਾ, "ਕਾਂਗਰੈਚੂਲੇਸ਼ਨਜ਼ ਆਨ ਯੂਅਰ ਨਿਊ ਮੈਰਿਜ, ਵਿਸ਼ ਯੂ ਦੀ ਬੈਸਟ! ਵੀ ਵਿਲ ਕੰਮ ਅਗੇਨ।"

ਅੱਜ, ਦੋ ਕਲਚਰਾਂ ਵਿਚ ਫਸਿਆ, ਅਮਰੀਕਾ ਵਿਚ 33 ਸਾਲ ਰਹਿਣ ਮਗਰੋਂ ਵੀ ਮੈਨੂੰ ਆਉਣ ਵਾਲੇ ਸਮੇਂ ਵਿਚ ਆਪਣੇ ਪੋਤੇ-ਪੜਪੋਤਿਆਂ ਦਾ ਕੈਥੀ-ਨਾਰਮਨ ਵਾਂਗ ਹੀ ਹੋ ਜਾਣ ਦਾ ਡਰ ਕਦੇ ਕਦਾਈਂ ਤਾਂ ਆਣ ਹੀ ਘੇਰਦਾ ਹੈ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

ਗੁਰਮਤਿ ਵਿਚਾਰ

# ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ



ਡਾ. ਗੁਰਨਾਮ ਕੌਰ, ਪਟਿਆਲਾ

ਭਾਈ ਗੁਰਦਾਸ ਤੀਜੀ ਵਾਰ ਦੀ 17ਵੀਂ ਪਉੜੀ ਦੇ ਅਖੀਰ ਵਿਚ ਦੱਸਦੇ ਹਨ ਕਿ ਜੁਗਾਂ ਦੇ ਅਰੰਭ ਤੋਂ ਵੀ ਪਹਿਲਾਂ ਆਦਿ ਕਾਲ ਵਿਚ ਅਕਾਲ ਪੁਰਖ, ਜੋ ਮਾਇਆ ਤੋਂ ਨਿਰਲੇਪ ਹੈ, ਨੇ ਹੁਕਮ ਕੀਤਾ ਤਾਂ ਗੁਰੂ ਦੇ ਸ਼ਬਦ ਦੀ ਬਖਸ਼ਿਸ਼ ਹੋਈ ਜੋ ਹਉਮੈ ਨੂੰ ਕੱਟਣ ਵਾਲਾ ਹੈ। ਗੁਰੂ ਦੇ ਸ਼ਬਦ ਦੇ ਅਭਿਆਸ ਨਾਲ ਗੁਰੂ ਦਾ ਸ਼ਬਦ 'ਸ਼ਬਦ ਬ੍ਰਹਮ' (ਜਿੱਥੇ ਜੀਵ ਵਾਹਿਗੁਰੂ ਦੇ ਸਰੂਪ ਵਿਚ ਸ਼ਰਨ ਪ੍ਰਾਪਤ ਕਰਦਾ ਹੈ) ਵਿਚ ਮਿਲਿਆ ਅਤੇ ਜੀਵਾਂ ਦੀ ਹਉਮੈ ਨਸ਼ਟ ਹੋ ਗਈ। ਇਸ ਲਈ ਇਹ ਵਿਸਮਾਦੀ ਸ਼ਬਦ ਅਰਥਾਤ ਗੁਰੂ ਦਾ ਦਿੱਤਾ ਗਿਆਨ ਜਿਸ ਤੋਂ ਅਕਾਲ ਪੁਰਖ ਦੇ ਸਰੂਪ ਦੀ ਸਮਝ ਲੱਗਦੀ ਹੈ, ਗੁਰਮੁਖਾਂ ਵਾਸਤੇ ਗਿਆਨ-ਅੰਜਨ ਭਾਵ ਗਿਆਨ ਰੂਪੀ ਸੁਰਮਾ ਹੈ ਜੋ ਅਸਚਰਜ ਤੋਂ ਅਸਚਰਜ ਹੈ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਗੁਰੂ ਦੀ ਮਿਹਰ ਰਾਹੀਂ ਗੁਰੂ ਦੀ ਮਤਿ ਧਾਰਨ ਕਰਕੇ ਹਰ ਤਰ੍ਹਾਂ ਦੇ ਭਰਮ ਅਤੇ ਵਹਿਮ ਦੂਰ ਹੋ ਜਾਂਦੇ ਹਨ, ਉਹ ਅਕਾਲ ਪੁਰਖ ਸਾਰੀ ਰਚਨਾ ਦਾ ਮੁੱਢ ਹੈ, ਸਭ ਦੀ ਉਤਪਤੀ ਦਾ ਸੋਮਾ ਹੈ ਜੋ ਸਮੇਂ ਤੋਂ ਪਰੇ ਹੈ ਅਤੇ ਕਦੇ ਵੀ ਨਸ਼ਟ ਨਹੀਂ ਹੁੰਦਾ। ਉਹ ਅਕਾਲ ਪੁਰਖ ਕਲਿਆਣ ਸਰੂਪ ਹੈ, ਜੋ ਵੀ ਉਸ ਅਕਾਲ ਪੁਰਖ ਨੂੰ ਸੇਵਦਾ ਹੈ, ਉਹ ਉਸ 'ਤੇ ਮਿਹਰ ਕਰਦਾ ਹੈ ਜਿਵੇਂ ਉਸ ਨੇ ਸ਼ਿਵ ਅਤੇ ਸਨਕਾਦਿਕ 'ਤੇ ਕੀਤੀ ਹੈ। ਹਰ ਇੱਕ ਯੁਗ ਵਿਚ ਉਸ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ, ਕੇਵਲ ਉਹ ਹੀ ਸਿੱਖਾਂ ਦੇ ਧਿਆਨ ਧਰਨ ਦਾ ਕੇਂਦਰ ਹੈ। ਗੁਰਸਿੱਖਾਂ ਦਾ ਇਸ਼ਨਾਨ ਵੀ ਇਹ ਹੀ ਹੈ ਕਿ ਉਸ ਦੇ ਨਾਮ ਦਾ ਸਿਮਰਨ ਕਰਨ। ਪਿਆਰੇ ਦੇ ਪ੍ਰੇਮ ਦਾ ਪਿਆਲਾ ਪੀ ਕੇ ਹੀ ਉਸ ਅਕਾਲ ਪੁਰਖ ਦੇ ਪ੍ਰੇਮ ਦਾ ਸਵਾਦ ਆਉਂਦਾ ਹੈ, ਉਸ ਦੇ ਪ੍ਰੇਮ ਦਾ ਗਿਆਨ ਹੁੰਦਾ ਹੈ। ਸਾਰਿਆਂ ਨੂੰ ਪ੍ਰਕਾਸ਼ਿਤ ਕਰਨ ਵਾਲਾ ਅਕਾਲ ਪੁਰਖ ਹੀ ਆਦਿ ਜੁਗਾਦਿ ਤੋਂ ਸਭ ਨੂੰ ਅਨੰਦਿਤ ਕਰ ਰਿਹਾ ਹੈ:

ਹੋਈ ਆਗਿਆ ਆਦਿ ਆਦਿ ਨਿਰੰਜਨੋ।
ਨਾਦੈ ਮਿਲਿਆ ਨਾਦੁ ਹਉਮੈ ਭੰਜਨੋ।
ਬਿਸਮਾਦੈ ਬਿਸਮਾਦੁ ਗੁਰਮੁਖਿ ਅੰਜਨੋ।
ਗੁਰਮਤਿ ਗੁਰ ਪ੍ਰਸਾਦਿ ਭਰਮੁ ਨਿਖੰਜਨੋ।
ਆਦਿ ਪੁਰਖੁ ਪਰਮਾਦਿ ਅਕਾਲ ਅਗੰਜਨੋ।
ਸੇਵਕ ਸਿਵ ਸਨਕਾਦਿ ਕ੍ਰਿਪਾ ਕਰੰਜਨੋ।
ਜਪੀਐ ਜੁਗਹੁ ਜੁਗਾਦਿ ਗੁਰ ਸਿਖ ਮੰਜਨੋ।
ਪਿਰਮ ਪਿਆਲੇ ਸਾਦੁ ਪਰਮ ਪੁਰੰਜਨੋ।
ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ॥੧੭॥

ਅਗਲੀ ਪਉੜੀ ਵਿਚ ਭਾਈ ਗੁਰਦਾਸ, ਜਿਸ ਕਿਸਮ ਦੀ ਉਚੀ ਅਵਸਥਾ ਦਾ ਉਪਰ ਵਰਣਨ ਕੀਤਾ ਹੈ, ਉਸ ਦੀ ਪ੍ਰਾਪਤੀ ਲਈ ਜਗਿਆਸੂ ਨੂੰ ਕਿਸ ਕਿਸਮ ਦਾ ਉਦਮ ਕਰਨ ਚਾਹੀਦਾ ਹੈ, ਦਾ ਖੁਲਾਸਾ ਕਰ ਰਹੇ ਹਨ। ਭਾਈ ਗੁਰਦਾਸ ਦੱਸ ਰਹੇ ਹਨ ਕਿ ਸੱਚਾ ਮੁਰੀਦ ਜਾਂ ਚੇਲਾ ਬਣਨ ਲਈ ਆਪਣੇ ਮਨ ਨੂੰ ਸੰਸਾਰ ਵੱਲੋਂ ਮਾਰਨਾ ਹੁੰਦਾ ਹੈ, ਭਾਵ 'ਜੀਵਤਿਆ ਮਰਿ ਰਹੀਐ' ਵਾਲੀ ਅਵਸਥਾ ਵਿਚ ਆਉਣਾ ਪੈਂਦਾ ਹੈ; ਮਹਿਜ ਗੱਲੀਂ-ਬਾਤੀਂ ਮੁਰੀਦ ਨਹੀਂ ਬਣ ਸਕੀਦਾ, ਇਸ ਲਈ ਘਾਲਣਾ ਘਾਲਣੀ ਪੈਂਦੀ ਹੈ। ਸੱਚਾ ਮੁਰੀਦ ਉਹ ਵਿਅਕਤੀ ਬਣ ਸਕਦਾ ਹੈ ਜੋ ਸੱਚ ਤੇ ਸੰਤੋਖ ਲਈ ਸ਼ਹੀਦ ਹੋ ਸਕਦਾ ਹੈ ਅਤੇ ਆਪਣੇ ਮਨ ਅੰਦਰੋਂ ਹਰ ਤਰ੍ਹਾਂ ਦੇ ਡਰ, ਭਰਮ ਤੇ ਸ਼ੱਕ ਦੂਰ ਕਰ ਕੇ ਮਨ ਨੂੰ ਬਿਲਕੁਲ ਸਾਫ-ਸਪੱਸ਼ਟ ਕਰ ਲੈਂਦਾ ਹੈ। ਸੱਚਾ ਮੁਰੀਦ ਉਹੀ ਹੈ, ਜੋ ਹਰ ਸਮੇਂ ਮੁਲ ਖਰੀਦੇ ਗੁਲਾਮ ਦੀ ਤਰ੍ਹਾਂ ਸੇਵਾ ਕਰਨ ਲਈ ਹਾਜ਼ਰ ਰਹੇ, ਹਰ ਸਮੇਂ ਕਾਰ ਕਰਨ ਵਿਚ ਜੁਟਿਆ ਰਹੇ। ਉਹ ਆਪਣੇ ਮੁਰਸ਼ਦ ਲਈ ਆਪਣੀ ਹਰ ਤਰ੍ਹਾਂ ਦੀ ਸਰੀਰਕ ਲੋੜ ਜਿਵੇਂ ਭੁੱਖ, ਨੀਂਦ ਅਤੇ ਪਿਆਸ ਨੂੰ ਭੁੱਲ ਜਾਵੇ, ਕੁਝ ਵੀ ਉਸ ਦੇ ਰਸਤੇ ਦਾ ਰੋੜਾ ਨਾ ਬਣੇ।

ਉਹ ਆਪਣੇ ਗੁਰੂ ਲਈ ਸੱਜਰਾ ਆਟਾ ਪੀਸੇ ਅਤੇ ਪਾਣੀ ਭਰ ਕੇ ਲਿਆਵੇ (ਪਹਿਲੇ ਸਮਿਆਂ ਵਿਚ ਹੱਥ-ਚੱਕੀਆਂ ਨਾਲ ਘਰ ਅੰਦਰ ਹੀ ਆਟਾ ਪੀਸਿਆਂ ਜਾਂਦਾ ਸੀ ਅਤੇ ਪਾਣੀ ਵੀ ਦੂਰ-ਦੁਰਾਡੇ ਖੂਹਾਂ ਤੋਂ ਭਰ ਕੇ ਲਿਆਂਦਾ ਜਾਂਦਾ ਸੀ। ਇਤਿਹਾਸਕਾਰਾਂ ਅਨੁਸਾਰ ਜਦੋਂ ਗੁਰੂ ਅਮਰਦਾਸ ਖਡੂਰ ਸਾਹਿਬ ਇੱਕ ਸਿੱਖ ਦੇ ਨਾਤੇ ਗੁਰੂ ਅੰਗਦ ਦੇਵ ਪਾਸ ਟਿਕ ਗਏ ਤਾਂ ਗੁਰੂ ਦੇ ਇਸ਼ਨਾਨ ਲਈ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਪਾਣੀ ਭਰ ਕੇ ਲਿਆਇਆ ਕਰਦੇ ਸਨ)। ਉਹ ਗਰਮੀ ਸਮੇਂ ਪੱਖਾ ਝੱਲ ਕੇ ਸੇਵਾ ਕਰੇ ਅਤੇ ਗੁਰੂ ਦੇ ਚਰਨ ਪਾਣੀ ਨਾਲ ਚੰਗੀ ਤਰ੍ਹਾਂ ਧੋਵੇ ਅਰਥਾਤ ਗੁਰੂ ਦੀ ਸੇਵਾ ਕਰੇ। ਉਸ ਨੂੰ ਗੰਭੀਰ ਕਿਸਮ ਦਾ ਸੇਵਕ ਬਣਨਾ ਚਾਹੀਦਾ ਹੈ ਅਰਥਾਤ ਦੁੱਖ-ਸੁੱਖ ਨੂੰ ਸਮਾਨ ਕਰਕੇ ਜਾਣੇ ਅਤੇ ਧੀਰਜ ਨਾਲ ਵਿਚਰੇ, ਭਾਣਾ ਮੰਨੇ। ਜੇ ਇਸ ਕਿਸਮ ਦਾ ਰਵੱਈਆ ਅਪਨਾ ਕੇ ਇੱਕ ਦਰਵੇਸ਼ ਦੀ ਤਰ੍ਹਾਂ ਉਹ ਮਾਲਕ ਦੇ ਦਰਵਾਜ਼ੇ 'ਤੇ ਜਾਂਦਾ ਹੈ ਤਾਂ ਉਸ ਨੂੰ ਪਿਆਰੇ ਦੇ ਪ੍ਰੇਮ ਦਾ ਪਿਆਲਾ ਮਿਲਦਾ ਹੈ। ਇਸ ਤਰ੍ਹਾਂ ਉਸ ਨੂੰ ਈਦ ਦੇ ਚੰਦ ਵਾਂਗ ਦੇਖਿਆ ਜਾਵੇਗਾ ਅਤੇ ਮੁਬਾਰਕਾਂ ਮਿਲਣਗੀਆਂ, ਤਾਂ ਹੀ ਉਹ ਪੂਰਨਮਾਸ਼ੀ ਦੇ ਚੰਦ ਵਾਂਗ ਸੰਪੂਰਨ ਹੋ ਕੇ ਪੁੱਗੇਗਾ ਅਰਥਾਤ ਇਸ ਕਿਸਮ ਦੀ ਜੀਵਨ ਜਾਚ ਰਾਹੀਂ ਉਹ ਪੂਰਨ ਗੁਰਮੁਖਿ ਦੀ ਪਦਵੀ ਪ੍ਰਾਪਤ ਕਰੇਗਾ:

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ ਈਦ ਪੁਗਿ ਖਲੋਵਣਾ॥੧੮॥

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਮੁਰੀਦ ਗੁਰੂ ਦੇ ਚਰਨਾਂ ਦੀ ਧੂੜ ਬਣ ਕੇ ਉਸ ਦੇ ਚਰਨਾਂ ਦੇ ਨੇੜੇ ਰਹਿੰਦਾ ਹੈ ਭਾਵ ਹਲੀਮੀ ਨਾਲ ਵਿਚਰਦਾ ਹੈ। ਉਹ ਗੁਰੂ ਦੀ ਮੂਰਤਿ ਅਰਥਾਤ ਗੁਰੂ ਦੇ ਸ਼ਬਦ ਨੂੰ ਪ੍ਰੇਮ ਕਰੇ, ਉਸ ਦੇ ਪ੍ਰੇਮ ਵਿਚ ਜੀਵੇ ਅਤੇ ਸੰਸਾਰਕ ਵਿਕਾਰਾਂ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵੱਲੋਂ ਆਪਣੇ ਮਨ ਨੂੰ ਮਾਰ ਕੇ ਇੱਕ ਬੇਲਾਗ ਜੀਵਨ ਜੀਵੇ। ਸਾਰੇ ਸਾਕਾਂ ਨੂੰ ਛੱਡ ਕੇ, ਭਾਵ ਬਾਕੀ ਸੰਸਾਰਕ ਰਿਸ਼ਤਿਆਂ ਦੇ ਰੰਗ ਤੋਂ ਅਭਿੱਜ ਹੋ ਕੇ ਉਸ ਪਰਵਦਗਾਰ ਦੀ ਭਗਤੀ ਦੇ ਰੰਗ ਵਿਚ ਰੰਗਿਆ ਹੋ ਕੇ ਜੀਵੇ। ਉਹ ਹੋਰ ਕਿਸੇ ਵੀ ਕਿਸਮ ਦਾ ਆਸਰਾ ਨਾ ਭਾਲੇ, ਕਿਸੇ ਪਾਸੇ ਤੋਂ ਕੋਈ ਝਾਕ ਜਾਂ ਆਸ ਨਾ ਰੱਖੇ ਸਿਰਫ ਅਕਾਲ ਪੁਰਖ ਅਤੇ ਗੁਰੂ ਦਾ ਆਸਰਾ ਤੱਕੇ, ਉਨ੍ਹਾਂ ਦੀ ਸ਼ਰਨ ਦੇ ਆਸਰੇ ਵਿਚ ਹੀ ਰਹੇ।

ਪ੍ਰੇਮ ਦਾ ਪਿਆਲਾ ਬਹੁਤ ਪਵਿੱਤਰ ਅਤੇ ਪਿਆਰਾ ਹੁੰਦਾ ਹੈ, ਉਸ ਨੂੰ ਸਿਰਫ ਪਰਮਾਤਮਾ ਦੇ ਪ੍ਰੇਮ ਦੇ ਪਿਆਲੇ ਦਾ ਅੰਮ੍ਰਿਤ-ਰਸ ਪੀਣਾ ਚਾਹੀਦਾ ਹੈ। ਜੇ ਉਹ ਗਰੀਬੀ ਅਰਥਾਤ ਹਲੀਮੀ ਵਾਲਾ ਜੀਵਨ ਜਿਉਂਦਾ ਹੈ ਤਾਂ ਉਹ ਚਿਰੰਜੀਵ ਹੁੰਦਾ ਹੈ। ਜੇ ਉਹ ਆਪਣੀਆਂ ਦਸ ਇੰਦ੍ਰੀਆਂ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ, ਉਨ੍ਹਾਂ ਤੋਂ ਉਤੇ ਉਠ ਜਾਂਦਾ ਹੈ ਤਾਂ ਉਹ ਸਹਿਜ ਪ੍ਰਾਪਤ ਕਰ ਲੈਂਦਾ ਹੈ, ਉਸ ਦੇ ਅੰਦਰੋਂ ਭਟਕਣ ਮੁੱਕ ਜਾਂਦੀ ਹੈ। ਉਸ ਨੂੰ ਗੁਰੂ ਦੇ ਸ਼ਬਦ ਪ੍ਰਤੀ ਸਦਾ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਮਨ ਵਿਚੋਂ ਹਰ ਤਰ੍ਹਾਂ ਦੇ ਭੈ ਤੇ ਭਰਮ ਕੱਢ ਦੇਣੇ ਚਾਹੀਦੇ ਹਨ (ਜਦੋਂ ਗੁਰੂ ਦਾ ਸ਼ਬਦ ਹਿਰਦੇ ਵਿਚ ਵਸ ਜਾਂਦਾ ਹੈ ਤਾਂ ਸਾਰੇ ਸ਼ੰਕੇ, ਭਰਮ ਅਤੇ ਭੈ ਦੂਰ ਹੋ ਜਾਂਦੇ ਹਨ। ਇਨ੍ਹਾਂ ਦੀ ਮਨ ਅੰਦਰ ਕੋਈ ਗੁੰਜਾਇਸ਼ ਨਹੀਂ ਰਹਿੰਦੀ)। ਜਦੋਂ ਮੁਰੀਦ ਦੀ ਸੁਰਤਿ ਸ਼ਬਦ ਵਿਚ ਲੀਨ ਹੋ ਜਾਂਦੀ ਹੈ ਤਾਂ ਉਹ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰ ਜਾਂਦਾ ਹੈ, ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ। ਇਸ ਦਾ ਭਾਵ ਅਰਥ ਇਹੀ ਹੈ ਕਿ ਮੁਰੀਦ ਗੁਰੂ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲੇ, ਹਲੀਮੀ ਵਾਲਾ ਜੀਵਨ ਬਤੀਤ ਕਰੇ, ਆਪਣੇ ਮਨ ਨੂੰ ਗੁਰੂ ਦੀ ਸਿੱਖਿਆ ਅਨੁਸਾਰ ਢਾਲੇ ਅਤੇ ਸੰਸਾਰ ਵਿਚ ਸਹਿਜ ਨਾਲ ਵਿਚਰੇ:

ਪੈਰੀ ਪੈ ਪਾ ਖਾਕੁ ਮੁਰੀਦੇ ਥੀਵਣਾ।
ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ।
ਪਰਹਰਿ ਸਭੇ ਸਾਕ ਸੁਰੰਗ ਰੰਗੀਵਣਾ।
ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।
ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।
ਮਸਕੀਨੀ ਅਉਤਾਕ ਅਸਥਿਰੁ ਥੀਵਣਾ।
ਦਸ ਅਉਰਾਤਿ ਤਲਾਕ ਸਹਜਿ ਅਲੀਵਣਾ।
ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।
ਸਬਦ ਸੁਰਤਿ ਹੁਸਨਾਕ ਪਾਰਿ ਪਰੀਵਣਾ॥੧੯॥

ਮੁਰੀਦ ਨੂੰ, ਚੇਲੇ ਨੂੰ ਜਾਂ ਸਿੱਖ ਨੂੰ ਕਿਵੇਂ ਵਿਚਰਨਾ ਚਾਹੀਦਾ ਹੈ ਜਾਂ ਕੀ ਕਰਨਾ ਚਾਹੀਦਾ ਹੈ? ਇਸ ਦਾ ਵਰਣਨ ਕਰਨ ਪਿਛੋਂ ਭਾਈ ਗੁਰਦਾਸ ਤੀਸਰੀ ਵਾਰ ਦੀ ਆਖਰੀ ਤੇ ਵੀਹਵੀਂ ਪਉੜੀ ਵਿਚ ਦੱਸਦੇ ਹਨ ਕਿ ਅਜਿਹੀ ਘਾਲਣਾ ਘਾਲਣ ਉਪਰੰਤ ਸਫਲ ਸਿੱਖ ਜਾਂ ਮੁਰੀਦ ਫਿਰ ਕੌਣ ਹੁੰਦਾ ਜਾਂ ਅਖਵਾਉਂਦਾ ਹੈ। ਸਫਲ ਸਿੱਖ ਉਹ ਹੈ ਜਿਸ ਨੇ ਸਤਿਗੁਰ ਦੇ ਚਰਨਾਂ ਵਿਚ ਜਾ ਕੇ ਸੀਸ ਨਿਵਾਇਆ ਹੈ ਅਰਥਾਤ ਜਿਸ ਦੇ ਮਨ ਵਿਚ ਗੁਰੂ ਦਾ ਪੂਰਨ ਸਤਿਕਾਰ ਹੈ। ਉਹ ਗੁਰੂ ਦੇ ਚਰਨਾਂ ਵਿਚ ਜਾ ਕੇ ਆਪਣੇ ਆਪ ਨੂੰ ਗੁਰੂ ਦੇ ਚਰਨਾਂ ਨਾਲ ਪੂਰੇ ਮਨ ਨਾਲ ਜੋੜ ਲੈਂਦਾ ਹੈ, ਕੋਈ ਦੇਖਾ ਦੇਖੀ ਦਾ ਮੱਥਾ ਨਹੀਂ ਟੇਕਦਾ, ਮਨ ਦੇ ਪੂਰੇ ਸਮਰਪਣ ਨਾਲ ਗੁਰੂ ਨੂੰ ਨਮਸਕਾਰ ਕਰਦਾ ਹੈ। ਉਹ ਆਪਣੇ ਮਨ ਦੀ ਮਤਿ ਦਾ ਤਿਆਗ ਕਰਕੇ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ (ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਹਨ-ਗੁਰਮੁਖਿ ਤੇ ਮਨਮੁਖਿ। ਜੋ ਗੁਰੂ ਦੀ ਸਮਝ ਲੈ ਕੇ ਗੁਰੂ ਦਾ ਅਨੁਸਾਰੀ ਹੋ ਕੇ ਚੱਲਦਾ ਹੈ, ਉਹ ਗੁਰਮੁਖਿ ਹੈ ਅਤੇ ਜੋ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ, ਉਹ ਮਨਮੁਖਿ ਹੈ। ਮਨ ਦੀਆਂ ਬਿਰਤੀਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਮਨੁੱਖ ਨੂੰ ਵਿਕਾਰਾਂ ਵੱਲ ਲਾਉਂਦੀਆਂ ਹਨ ਸਵੈ-ਅਨੁਭਵ ਦੀ ਯਾਤਰਾ ਤੋਂ ਜਗਿਆਸੂ ਨੂੰ ਵਿਚਲਤ ਕਰ ਦਿੰਦੀਆਂ ਹਨ, ਸਵੈ-ਅਨੁਭਵ ਉਸ ਦੀ ਯਾਤਰਾ ਦੀ ਆਖਰੀ ਮੰਜਿਲ ਹੈ)।

ਇਕ ਸੱਚਾ ਸਿੱਖ, ਗੁਰੂ ਦੇ ਭਾਣੇ ਵਿਚ ਚਲਦਾ ਹੈ ਅਤੇ ਸਹਿਜ ਵਾਲਾ ਜੀਵਨ ਜਿਉਂਦਾ ਹੈ। ਸਹਿਜ ਦੀ ਪ੍ਰਾਪਤੀ ਮਨੁੱਖ ਨੂੰ ਹੁਕਮ ਅਨੁਸਾਰੀ ਹੋ ਕੇ ਚੱਲਿਆਂ ਪ੍ਰਾਪਤ ਹੁੰਦੀ ਹੈ, ਗੁਰਮੁਖਿ ਸਦਾ ਸਹਿਜ ਵਿਚ ਵਿਚਰਦਾ ਹੈ ਅਰਥਾਤ ਉਸ ਦੇ ਮਨ ਅੰਦਰ ਕਿਸੇ ਕਿਸਮ ਦਾ ਵਿਕਾਰ ਨਹੀਂ ਹੁੰਦਾ। ਸਹਿਜ ਪਦ ਦੀ ਪ੍ਰਾਪਤੀ ਸਭ ਤੋਂ ਵੱਡੀ ਪ੍ਰਾਪਤੀ ਹੈ। ਉਹ ਆਪਣੀ ਸੁਰਤਿ ਨੂੰ ਸ਼ਬਦ ਵਿਚ ਲੀਨ ਕਰਕੇ ਅਕਾਲ ਪੁਰਖ ਦੇ ਹੁਕਮ ਨੂੰ ਕਮਾਉਂਦਾ ਹੈ (ਜਦੋਂ ਮਨੁੱਖ ਹੁਕਮ ਦਾ ਅਨੁਸਾਰੀ ਹੋ ਕੇ ਚੱਲਦਾ ਹੈ ਤਾਂ ਉਸ ਦੇ ਮਨ ਵਿਚੋਂ ਹਉਮੈ ਦਾ ਪੂਰਨ ਤਿਆਗ ਹੋ ਜਾਂਦਾ ਹੈ। ਹਉਮੈ ਅਗਿਆਨ ਦੀ ਪ੍ਰਤੀਕ ਹੈ ਅਤੇ ਹੁਕਮ ਗਿਆਨ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਹਉਮੈ ਕੂੜ ਦੀ ਕੰਧ ਹੈ ਅਤੇ ਸਚਿਆਰ ਬਣਨ ਲਈ ਇਸ ਨੂੰ ਗਿਰਾਉਣਾ ਜ਼ਰੂਰੀ ਹੈ ਤਾਂ ਕਿ ਹੁਕਮ ਅਨੁਸਾਰ ਚੱਲਿਆ ਜਾ ਸਕੇ)।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਆਪਣੇ ਸਵੈ ਦਾ ਅਨੁਭਵ ਕਰਨ ਲਈ ਸਤਿਸੰਗਤਿ 'ਚ ਜਾਣਾ ਬਹੁਤ ਜ਼ਰੂਰੀ ਹੈ। ਗੁਰਮਤਿ ਅਨੁਸਾਰ ਸਵੈ ਅਨੁਭਵ ਲਈ ਸਤਿਸੰਗਤਿ ਅਜਿਹੀ ਪਾਠਸ਼ਾਲਾ ਹੈ ਜਿੱਥੇ ਜਾ ਕੇ ਮਨੁੱਖ ਨਾਮ ਸਿਮਰਨ ਰਾਹੀਂ ਆਪਣੇ ਮਨ ਦੇ ਵਿਕਾਰਾਂ ਦਾ ਤਿਆਗ ਕਰਦਾ ਹੈ, ਗੁਰੂ ਦੀ ਮਤਿ ਲੈਂਦਾ ਹੈ, ਅਕਾਲ ਪੁਰਖ ਦਾ ਨਿਰਮਲ ਭਉ ਅਤੇ ਉਸ ਦਾ ਭਾਉ-ਦੋਵੇਂ ਬਹੁਤ ਜ਼ਰੂਰੀ ਹਨ ਜੋ ਮਨੁੱਖ ਸਤਿਸੰਗਤਿ ਵਿਚੋਂ ਸਿੱਖਦਾ ਹੈ। ਜੋ ਮਨੁੱਖ ਅਕਾਲ ਪੁਰਖ ਦੇ ਭੈ ਵਿਚ ਜਿਉਂਦਾ ਹੈ, ਉਹ ਹੋਰ ਹਰ ਤਰ੍ਹਾਂ ਦੇ ਦੁਨਿਆਵੀ ਭੈ ਤੋਂ ਮਨ ਮੁਕਤ ਕਰ ਲੈਂਦਾ ਹੈ ਅਤੇ ਜੋ ਮਨੁੱਖ ਅਕਾਲ ਪੁਰਖ ਦੇ ਪ੍ਰੇਮ ਵਿਚ ਜਿਉਂਦਾ ਹੈ, ਉਹ ਸਾਰੀ ਮਾਨਵਤਾ ਨੂੰ ਵੀ ਪ੍ਰੇਮ ਕਰਦਾ ਹੈ। ਪ੍ਰਭੂ ਨੂੰ ਪਾਉਣ ਦਾ ਰਾਹ ਮਾਨਵਤਾ ਦੇ ਪ੍ਰੇਮ ਵਿਚੋਂ ਹੋ ਕੇ ਜਾਂਦਾ ਹੈ।

ਗੁਰਮਤਿ ਅਨੁਸਾਰ ਕਰਤਾ ਪੁਰਖ ਸ੍ਰਿਸ਼ਟੀ ਦਾ ਸੋਮਾ ਹੈ ਜੋ ਆਪਣੇ ਆਪ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਆਪਣੀ ਰਚਨਾ ਵਿਚ ਵਸ ਰਿਹਾ ਹੈ। ਇਸ ਲਈ ਮਨੁੱਖ ਨੂੰ ਜਗਦੀਸ਼ੈ ਅੰਸ਼ ਪ੍ਰਵਾਨ ਕੀਤਾ ਗਿਆ ਹੈ। ਸਵੈ ਦੇ ਅਨੁਭਵ ਦਾ ਅਰਥ ਹੈ ਆਪਣੇ ਉਸ ਸ੍ਰੋਤ, ਆਪਣੀ ਹੋਂਦ ਦੇ ਸੋਮੇ ਦਾ ਅਨੁਭਵ ਕਰਨਾ। ਭਾਈ ਗੁਰਦਾਸ ਅਨੁਸਾਰ ਸਤਿਸੰਗਤਿ ਵਿਚ ਜਾ ਕੇ ਮਨੁੱਖ ਅਕਾਲ ਪੁਰਖ ਦੇ ਭੈ ਅਤੇ ਭਉ ਵਿਚ ਚਲਦਿਆਂ ਆਪਣੇ ਨਿਜ-ਘਰ (ਸਵੈ) ਨੂੰ, ਉਸ ਅਕਾਲ ਪੁਰਖ ਨੂੰ ਪਾ ਲੈਂਦਾ ਹੈ। ਸਫਲ ਸਿੱਖ ਅਕਾਲ ਪੁਰਖ ਦੇ ਚਰਨ ਕੰਵਲਾਂ ਨਾਲ ਇਸ ਤਰ੍ਹਾਂ ਜੁੜਿਆ ਰਹਿੰਦਾ ਹੈ ਜਿਵੇਂ ਭੌਰ ਕੰਵਲ ਦੇ ਫੁੱਲ ਨਾਲ ਲਿਪਟਿਆ ਰਹਿੰਦਾ ਹੈ ਅਰਥਾਤ ਅਕਾਲ ਪੁਰਖ ਨਾਲ ਸਿੱਖ ਦਾ ਪ੍ਰੇਮ ਅਤੇ ਲਗਨ ਉਸੇ ਕਿਸਮ ਦੇ ਹੁੰਦੇ ਹਨ ਜਿਸ ਤਰ੍ਹਾਂ ਭੌਰ ਨੂੰ ਫੁੱਲ ਨਾਲ, ਜਿਸ ਤੋਂ ਉਹ ਆਪਣਾ ਆਪ ਨਿਛਾਵਰ ਵੀ ਕਰ ਦਿੰਦਾ ਹੈ। ਇਸ ਤਰ੍ਹਾਂ ਅਧਿਆਤਮਕ ਅਨੰਦ, ਵਿਸਮਾਦ ਦੇ ਡੱਬੇ ਵਿਚ ਪਰਚ ਕੇ ਉਹ ਅੰਮ੍ਰਿਤ ਪੀਂਦਾ ਹੈ, ਸਦੀਵੀ ਅਨੰਦ ਵਿਚ ਰਹਿੰਦਾ ਹੈ। ਅਜਿਹੇ ਗੁਰਸਿੱਖ ਦਾ ਜਨਮ ਧੰਨ ਹੈ ਅਤੇ ਧੰਨ ਉਸ ਨੂੰ ਪੈਦਾ ਕਰਨ ਵਾਲੀ ਮਾਂ ਹੈ, ਉਸ ਦਾ ਇਸ ਸੰਸਾਰ 'ਤੇ ਜਨਮ ਲੈਣਾ ਸਫਲ ਹੋ ਗਿਆ ਹੈ:

ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ।
ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸਬਦਿ ਸੁਰਤਿ ਲਿਵ ਲਾਇ ਹੁਕਮੁ ਕਮਾਇਆ।
ਸਾਧਸੰਗਤਿ ਭੈ ਭਾਇ ਨਿਜ ਘਰੁ ਪਾਇਆ।
ਚਰਣ ਕਵਲ ਪਤੀਆਇ ਭਵਰੁ ਲੁਭਾਇਆ।
ਸੁਖ ਸੰਪਟ ਪਰਚਾਇ ਅਪਿਓ ਪੀਆਇਆ।
ਧੰਨੁ ਜਣੇਦੀ ਮਾਇ ਸਹਿਲਾ ਆਇਆ॥੨੦॥

-0-

ਸੰਪਾਦਕ ਦੀ ਡਾਕ

## ਡਾ. ਮਨਮੋਹਨ ਸਿੰਘ ਦੁਪਾਲਪੁਰ ਦਾ ਲੇਖ 'ਵੱਡਾ ਘੱਲੂਘਾਰਾ'

'ਪੰਜਾਬ ਟਾਈਮਜ਼' ਦੇ 11 ਫਰਵਰੀ ਦੇ ਅੰਕ ਵਿਚ 'ਵੱਡਾ ਘੱਲੂਘਾਰਾ' ਸਿਰਲੇਖ ਹੇਠ ਡਾ. ਮਨਮੋਹਨ ਸਿੰਘ ਦੁਪਾਲਪੁਰ ਦੇ ਵਿਚਾਰ ਪੜ੍ਹੇ। ਇੰਜ ਜਾਪਿਆ ਜਿਵੇਂ ਪੰਜਾਬੀ ਦੀ ਕਹਾਵਤ ਹੈ, 'ਦੁੱਖ ਯਾਰਾਂ ਦੇ ਰੋਵੇ ਭਰਾਵਾਂ ਨੂੰ।' ਲੇਖਕ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਸੀ ਕਿ ਰਵਾਇਤੀ ਅਕਾਲੀ ਲੀਡਰ ਸਿੱਖ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਰਾਸ਼ਟਰੀਆ ਸੇਵਕ ਸੰਘ (ਆਰ.ਐਸ.ਐਸ.) ਦੇ ਵਿਦਿਆਲੇ ਨਾਗਪੁਰ ਦੇ 'ਸੋਚ ਕੁੰਡ' ਦੇ ਵਿਦਿਆਰਥੀ ਬਣ ਕੇ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੇ ਹਨ। ਰਹਿੰਦੀ ਖੂਹੰਦੀ ਕਸਰ ਪੰਜਾਬੀ ਦਾ ਲੇਖਕ ਵਰਗ ਪੂਰੀ ਕਰ ਰਿਹਾ ਹੈ, ਜੋ ਆਪਣੇ ਆਪ ਨੂੰ ਬੁੱਧੀਜੀਵੀ ਕਹਾਉਣ ਦੀ ਹੋੜ ਵਿਚ ਲੱਗਾ ਹੋਇਆ ਹੈ। ਇਸ ਵਰਗ ਨੂੰ ਸਮਝ ਨਹੀਂ ਕਿ ਜੋ ਕੁਝ ਲਿਖਿਆ ਜਾ ਰਿਹਾ ਹੈ, ਉਹ ਆਪਣੇ ਫਿਰਕੇ ਨੂੰ ਲੋਕਾਂ ਦੀ ਨਜ਼ਰ 'ਚ ਕਿੰਨਾ ਡੇਗੇਗਾ। ਅਜਿਹੀ ਸੋਚ ਵਾਲੇ ਲਿਖਾਰੀ ਗੁਰੂ ਪੰਥ ਦਾ ਭਲਾ ਨਹੀਂ ਕਰ ਰਹੇ।

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਾਬਾ ਰਾਮ ਸਿੰਘ ਸਿੱਖ ਨਹੀਂ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਰਾਜ ਵਿਰੁਧ ਨਾ-ਮਿਲਵਰਤਣ ਲਹਿਰ ਚਲਾਈ? ਕੀ ਗਦਰ ਲਹਿਰ ਚਲਾਉਣ ਵਾਲੇ ਅਤੇ ਬੱਬਰ ਅਕਾਲੀਆਂ ਦੀ ਸਿਆਣਪ 'ਤੇ ਕੋਈ ਸ਼ੱਕ ਹੈ? ਕੀ ਗੁਰਦੁਆਰਾ ਸੁਧਾਰ ਲਹਿਰ ਚਲਾਉਣ ਵਾਲੇ ਬੁੱਧੀਜੀਵੀ ਨਹੀਂ ਸਨ ਜਿਨ੍ਹਾਂ ਨੇ ਆਜ਼ਾਦੀ ਲੈਣ ਦਾ ਰਾਹ ਦਿਖਾਇਆ? ਲੇਖਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮਰਹੱਠੇ ਪੰਜਾਬ ਨੂੰ ਗੁਲਾਮ ਬਣਾਉਣ ਆਏ ਸਨ। ਰਾਣੀ ਸਾਹਿਬ ਕੌਰ ਤੋਂ ਹਾਰ ਕੇ ਪਿਛੇ ਹਟੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਕਰਨ ਵਿਚ ਗੋਰਿਆਂ ਦੀ ਮਦਦ ਕਰਨ ਵਾਲੇ ਕੌਣ ਸਨ? ਮਰਹੱਠੇ ਕੋਈ ਭੇਡਾਂ-ਬੱਕਰੀਆਂ ਨਹੀਂ ਸਨ, ਜਿਨ੍ਹਾਂ ਨੂੰ ਅਬਦਾਲੀ ਨੇ ਘੇਰ ਕੇ ਉਨ੍ਹਾਂ ਦਾ ਕਤਲੇਆਮ ਕੀਤਾ। ਮਿਸਲਾਂ ਦੇ ਸਰਦਾਰ ਹਰ ਵਿਸਾਖੀ ਨੂੰ ਇਕੱਠ ਕਰ ਕੇ ਕੌਮ ਦੀ ਰਾਖੀ ਲਈ ਮਤੇ ਪਾਸ ਕਰਦੇ ਸਨ। ਕੀ ਉਨ੍ਹਾਂ ਦੀ ਬਹਾਦਰੀ ਅਤੇ ਸਿਆਣਪ 'ਤੇ ਸ਼ੱਕ ਹੈ? ਜੇ ਹੈ ਤਾਂ ਗਲਤ ਧਾਰਨਾ ਮਨ ਵਿਚ ਰੱਖੀ ਹੋਈ ਹੈ।

ਅੱਜ ਦੇ ਵਿਕਾਊ ਸਿੱਖ ਲੀਡਰ ਅਤੇ ਲੋਕ ਰਾਜ ਦਾ ਥੰਮ ਮੰਨਿਆ ਜਾਂਦਾ ਮੀਡੀਆ ਆਪਣੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਹੀਂ ਨਿਭਾ ਰਹੇ। ਸੱਚ ਤੋਂ ਕੋਹਾਂ ਦੂਰ ਬੈਠੇ ਪੱਤਰਕਾਰ ਤੇ ਲੇਖਕ ਆਪਣੀ ਵਿਦਵਤਾ ਨੂੰ ਚਮਕਾਉਣ ਲਈ ਹਾਕਮ ਧਿਰਾਂ ਨੂੰ ਖੁਸ਼ ਕਰ ਰਹੇ ਹਨ।

ਖੈਰ, ਮਨ ਤਾਂ ਨਹੀਂ ਸੀ ਕਰਦਾ ਕਿ ਕਿਸੇ ਫਿਰਕੇ ਬਾਰੇ ਲਿਖਿਆ ਜਾਵੇ ਪਰ ਡਾ. ਮਨਮੋਹਨ ਸਿੰਘ ਦੁਪਾਲਪੁਰ ਦਾ ਉਤਰ ਦੇਣਾ ਭੀ ਜਰੂਰੀ ਹੈ। ਹੇਠ ਲਿਖੇ ਤੱਥਾਂ ਦੀ ਪ੍ਰੋੜਤਾ ਲਈ ਡਾ. ਸੁਖਪ੍ਰੀਤ ਸਿੰਘ ਉਦੋਕੇ ਦੀ ਪੁਸਤਕ 'ਤਬੈ ਰੋਸ ਜਾਗਯੋ' ਪੜ੍ਹ ਲੈਣ ਤਾਂ ਚੰਗਾ ਹੈ।

ਮੁਹੰਮਦ ਬਿਨ ਕਾਸਮ 711 ਈ. ਵਿਚ ਬਲੋਚਿਸਤਾਨ ਪਾਰ ਕਰਕੇ ਸਿੰਧ ਤੱਕ ਪਹੁੰਚਿਆ। ਰਾਜਾ ਦਾਇਰ ਦੀ 30,000 ਫੌਜ ਨੂੰ ਸਿਰਫ 5000 ਸਿਪਾਹੀਆਂ ਨਾਲ ਹਰਾ ਕੇ ਉਸ ਦੀਆਂ ਦੋ ਧੀਆਂ ਨੂੰ ਨਾਲ ਲੈ ਗਿਆ ਅਤੇ ਲੁੱਟਮਾਰ ਕੀਤੀ। ਇਸ ਪਿਛੋਂ ਕਈ ਮੁਸਲਮਾਨ ਹੁਕਮਰਾਨਾਂ ਨੇ ਹਿੰਦ ਨੂੰ ਲੁੱਟਿਆ। ਮੈਂ ਸਿਰਫ ਮਹਿਮੂਦ ਗਜ਼ਨਵੀ ਬਾਰੇ ਹੀ ਲਿਖਾਂਗਾ, ਜਿਸ ਨੇ ਅਨੇਕਾਂ ਵਾਰ ਭਾਰਤ 'ਤੇ ਹਮਲੇ ਕੀਤੇ, ਮੰਦਿਰ ਅਤੇ ਮੂਰਤੀਆਂ ਤੋੜੀਆਂ, ਲੁੱਟ-ਮਾਰ ਕੀਤੀ ਅਤੇ ਵਾਪਿਸ ਜਾਣ ਵੇਲੇ ਅਨੇਕਾਂ ਮਰਦ ਤੇ ਔਰਤਾਂ ਨੂੰ ਗੁਲਾਮ ਬਣਾ ਕੇ ਨਾਲ ਲੈ ਜਾਂਦਾ ਰਿਹਾ। ਗਜਨੀ ਦੇ ਬਾਜ਼ਾਰਾਂ ਵਿਚ ਦੋ ਦੋ ਰੁਪਏ ਨੂੰ ਵੇਚਿਆ। ਇਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਵਿਚ ਫੌਜ ਬਣਾਈ ਹੋਈ ਸੀ। ਉਸ ਫੌਜ ਦਾ ਜਰਨੈਲ ਬ੍ਰਾਹਮਣ ਤਿਲਕ ਸੀ। ਇਹੋ ਤਿਲਕ ਸੀ ਜਿਸ ਦੀ ਸੂਹ 'ਤੇ ਗਜ਼ਨਵੀ ਨੇ ਸੋਮਨਾਥ ਦੇ ਮੰਦਿਰ 'ਤੇ ਹਮਲਾ ਕੀਤਾ। ਮੰਦਿਰ ਵਿਚ ਮੂਰਤੀਆਂ ਤੋੜੀਆਂ ਅਤੇ ਸੋਨਾ-ਚਾਂਦੀ ਲੁੱਟ ਕੇ ਗਜ਼ਨੀ ਨੂੰ ਵਾਪਿਸ ਜਾਣ ਵੇਲੇ ਮੰਦਿਰ ਦਾ ਦਰਵਾਜ਼ਾ ਲਾਹ ਕੇ ਲੈ ਗਿਆ ਜਿਹੜਾ ਸਿੱਖਾਂ ਨੇ ਵਾਪਸ ਲਿਆਂਦਾ।

ਇਸ ਤਿਲਕ ਬਾਰੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਿਖਿਆ, "Mahmud Ghaznavi enrolled an army in India and placed it under one of his noted general Tilak by name who was an Indian, a Hindu".

ਰਾਜਾ ਭਟਨੇਰ ਨੇ ਆਪਣੀ ਧੀ ਦਾ ਰਿਸ਼ਤਾ ਗਿਆਸੁਦੀਨ ਨਾਲ ਕੀਤਾ ਜਿਸ ਦੇ ਪੇਟੋਂ ਫਿਰੋਜ ਸ਼ਾਹ ਪੈਦਾ ਹੋਇਆ। ਭਗਵਾਨ ਦਾਸ ਨੇ ਆਪਣੀ ਭਤੀਜੀ ਅਕਬਰ ਨੂੰ ਵਿਆਹੀ ਅਤੇ ਦਾਜ ਵਿਚ ਬ੍ਰਾਹਮਣ ਮਹੇਸ਼ ਦਾਸ ਨੂੰ ਧੀ ਦੀ ਸੇਵਾ ਲਈ ਦਿੱਤਾ ਜੋ ਬੀਰਬਲ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸੇ ਮਹੇਸ਼ ਦਾਸ ਉਰਫ ਬੀਰਬਲ ਨੇ ਜਹਾਂਗੀਰ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਹੱਲਾ ਕਰਨ ਦੀ ਆਗਿਆ ਲਈ ਪਰ ਰਸਤੇ ਵਿਚ ਹੀ ਬਿਮਾਰ ਹੋਣ ਕਾਰਨ ਉਸ ਦੀ ਮੌਤ ਹੋ ਗਈ। ਉਸ ਵੇਲੇ ਸ੍ਰੀ ਹਰਗੋਬਿੰਦ ਸਾਹਿਬ ਤਖਤ 'ਤੇ ਬਿਰਾਜਮਾਨ ਸਨ।

ਮੈਂ ਡਾ. ਦੁਪਾਲਪਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 711 ਈ. ਤੋਂ 16ਵੀਂ ਸਦੀ ਤੱਕ ਹਿੰਦੂਆਂ ਦੀ ਦੂਰਅੰਦੇਸ਼ੀ ਨੇ ਕੰਮ ਨਹੀਂ ਕੀਤਾ? ਇਸ ਸਮੇਂ ਵਿਚ ਮੁਸਲਮਾਨ ਅਤੇ ਮੁਗਲਾਂ ਨੇ ਅਨੇਕਾਂ ਵਾਰ ਹਿੰਦੁਸਤਾਨ ਨੂੰ ਲੁੱਟਿਆ, ਮੰਦਿਰ ਢਾਹੇ, ਇਸਤਰੀਆਂ ਤੇ ਮਰਦਾਂ ਨੂੰ ਗੁਲਾਮ ਬਣਾ ਕੇ ਗਜ਼ਨੀ ਦੇ ਬਾਜ਼ਾਰਾਂ ਵਿਚ ਵੇਚਿਆ। ਸੋ, ਲੇਖਕ ਦੇ ਵਿਚਾਰਾਂ ਦਾ ਜਵਾਬ ਜਰੂਰੀ ਬਣਦਾ ਸੀ। ਕਿਸੇ ਸ਼ਾਇਰ ਨੇ ਸਿੱਖ ਕੌਮ ਨੂੰ ਮੁਖਾਤਿਬ ਹੋ ਕੇ ਲਿਖਿਆ, "ਤਾਰੀਖ ਕੀ ਨਜ਼ਰੋਂ ਨੇ ਵੁਹ ਦੌਰ ਵੀ ਦੇਖੇ ਹੈਂ, ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜਾ ਪਾਈ।"

-ਗੁਰਚਰਨ ਸਿੰਘ ਗਿੱਲ
ਚੈਸਟਰਫੀਲਡ, ਵਰਜੀਨੀਆ।

# ਸਾਡੇ ਗੁਰਾਂ ਨੇ ਜਹਾਜ ਬਣਾਇਆ

***ਸਿੱਖ ਗੁਰੂ ਸਾਹਿਬਾਨ ਨੇ ਵੱਖ ਵੱਖ ਸਭਿਆਚਾਰਾਂ, ਧਰਮਾਂ ਤੇ ਵਿਚਾਰਾਂ ਦੀ ਵਿਭਿੰਨਤਾ ਨੂੰ ਖਿੜੇ ਮੱਥੇ ਸਵੀਕਾਰ ਕਰ ਕੇ ਵੰਨ-ਸੁਵੰਨਤਾ ਵਿਚ ਇਕ ਸਾਂਝੀ ਰੋਸ਼ਨੀ ਦਾ ਨਜ਼ਰੀਆ ਅਪਨਾਉਣ ਦੀ ਨਸੀਹਤ ਦਿੱਤੀ ਸੀ ਪਰ ਅੱਜ ਸਿੱਖ ਸਿਆਸਤਦਾਨ ਅਤੇ ਕੁਝ ਵਿਦਵਾਨ ਸਿੱਖੀ ਨੂੰ ਇਕ ਦਾਇਰੇ ਵਿਚ ਬੰਦ ਕਰਨ 'ਤੇ ਆਮਾਦਾ ਹਨ। ਇਸ ਲੇਖ ਵਿਚ ਪ੍ਰੋ. ਅਵਤਾਰ ਸਿੰਘ ਨੇ ਅਜੋਕੇ ਵਿਦਵਾਨਾਂ ਤੇ ਸਿਆਸਤਦਾਨਾਂ ਦੀ ਅਜਿਹੀ ਸੋਚ ਉਤੇ ਸਵਾਲੀਆ ਨਿਸ਼ਾਨ ਲਾਇਆ ਹੈ। -ਸੰਪਾਦਕ***

ਅੰਗਰੇਜ਼ੀ ਕਵੀ ਵਿਸਟਨ ਹਿਊ ਔਡੇਨ ਦਾ ਕਥਨ ਹੈ, "ਦੋਜ਼ ਹੂ ਵਿੱਲ ਨੌਟ ਰੀਜ਼ਨ, ਪੈਰਿਸ਼ ਇਨ ਦਾ ਐਕਟ, ਦੋਜ਼ ਹੂ ਵਿਲ ਨੌਟ ਐਕਟ, ਪੈਰਿਸ਼ ਫੌਰ ਦੈਟ ਰੀਜ਼ਨ।" ਜੋ ਲੋਕ ਚਿੰਤਨ ਨਹੀਂ ਕਰਨਗੇ, ਅਮਲ ਦੌਰਾਨ ਨਸ਼ਟ ਹੋ ਜਾਣਗੇ। ਜਿਹੜੇ ਅਮਲ ਨਹੀਂ ਕਰਨਗੇ, ਉਹ ਇਸੇ ਕਾਰਣ ਖਤਮ ਹੋ ਜਾਣਗੇ। ਚਿੰਤਨਸ਼ੀਲ ਤਬੀਅਤ ਦੇ ਲੋਕਾਂ ਦੀ ਰੂਚੀ ਚਿੰਤਨ ਵਿਚ ਰਹਿੰਦੀ ਹੈ ਤੇ ਉਦਮੀ ਲੋਕਾਂ ਦੀ ਅਮਲ ਵਿਚ। ਪੜ੍ਹਨ ਵਾਲੇ ਅਮਲ ਤੋਂ ਅਕਸਰ ਦੂਰ ਰਹਿੰਦੇ ਹਨ ਤੇ ਅਮਲ ਵਾਲੇ ਪੜ੍ਹਦੇ ਹੀ ਨਹੀਂ। ਸੂਝਵਾਨ ਲੋਕਾਂ ਨੇ ਹੱਲ ਕੱਢਿਆ, ਉਦਮੀ ਲੋਕ ਚਿੰਤਨਸ਼ੀਲ ਲੋਕਾਂ ਦੇ ਸੰਪਰਕ ਵਿਚ ਰਹਿਣ ਤਾਂ ਅਮਲ ਬਿਹਤਰ ਹੋ ਸਕਦਾ ਹੈ।

ਸਿੱਖ ਸਮਾਜ ਵਿਚ ਦੇਖਿਆ ਗਿਆ ਹੈ ਕਿ ਅਮਲ ਵਿਚ ਰੁਚੀ ਰੱਖਣ ਵਾਲੇ ਲੋਕ, ਵਿਦਵਾਨਾਂ ਤੋਂ ਦੂਰੀ ਬਣਾਈ ਰੱਖਦੇ ਹਨ। ਜੇ ਕੋਈ ਨੇੜੇ ਜਾਂਦਾ ਵੀ ਹੈ ਤਾਂ ਉਹ ਸੇਧ ਲੈਣ ਦੀ ਥਾਂ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ। ਅਕਾਲੀ ਦਲ ਦੇ ਸ਼ਾਂਤਮਈ ਧਰਮ ਯੁੱਧ ਮੋਰਚੇ ਨੂੰ ਖਾੜਕੂ ਸੁਰਾਂ ਦੇਣ ਵਾਲਿਆਂ ਨੇ ਕਦੀ ਕਿਸੇ ਦੀ ਬੌਧਿਕ ਅਗਵਾਈ ਨਹੀਂ ਕਬੂਲੀ, ਇਸੇ ਕਰਕੇ ਬਹੁਤੇ ਖਾੜਕੂ



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384
E-mail: avtar61@gmail.com

ਆਪਣੇ ਪੁਰਾਣੇ ਅਕੀਦੇ ਭੁਲ ਕੇ, ਕਿਸੇ ਨਾ ਕਿਸੇ ਰਾਜਸੀ ਦਲ ਵਿਚ ਘੁਸ ਕੇ ਬੇਗ਼ੈਰਤੀ ਵਾਲੇ ਰਵੱਈਏ ਦੀ ਨੁਮਾਇਸ਼ ਕਰ ਰਹੇ ਹਨ। ਉਹ ਕਹਿ ਸਕਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਕਿਸੇ ਤੋਂ ਅਗਵਾਈ ਲੈਣ ਦੀ ਕੋਈ ਲੋੜ ਨਹੀਂ, ਪਰ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਅਤੇ ਉਦੇਸ਼ ਜਾਣਨ ਲਈ ਵੀ ਕਿਸੇ ਵਿਦਵਾਨ ਦੀ ਲੋੜ ਹੈ। ਭਾਈ ਗੁਰਦਾਸ ਪਿਛੋਂ ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਸਾਹਿਬ ਕਪੂਰ ਸਿੰਘ, ਡਾ. ਮੋਹਣ ਸਿੰਘ ਦੀਵਾਨਾ ਅਤੇ ਪ੍ਰੋ. ਜੇ.ਪੀ.ਐਸ. ਉਬਰਾਏ ਇਸ ਲੜੀ ਦੇ ਰੌਸ਼ਨ ਮੀਨਾਰ ਹਨ, ਜਿਨ੍ਹਾਂ ਨੇ ਗੁਰਮਤਿ ਦੇ ਪੂਰਨੇ ਉਜਾਗਰ ਕੀਤੇ, ਵਿਆਖਿਆ ਕੀਤੀ ਅਤੇ ਮਨੋਰਥ ਸਪਸ਼ਟ ਕੀਤੇ। ਚਿੰਤਾ ਦੀ ਗੱਲ ਇਹ ਹੈ ਕਿ ਇਹ ਲੜੀ ਇਥੇ ਹੀ ਮੁਕਦੀ ਨਜ਼ਰ ਆ ਰਹੀ ਹੈ, ਜਿਸ ਨੂੰ ਅੱਗੇ ਤੋਰਨ ਵਾਲਾ ਕੋਈ ਨਹੀਂ ਹੈ।

ਪੱਤਰਕਾਰੀ ਨੂੰ ਵਿਦਵਤਾ ਸਮਝਣ ਵਾਲੇ ਕਈ ਲੋਕਾਂ ਨੇ ਖਾੜਕੂਆਂ ਨੂੰ ਪਸੰਦ ਆਉਣ ਵਾਲੀਆਂ ਦਲੀਲਾਂ ਘੜ ਘੜ ਪੇਸ਼ ਕੀਤੀਆਂ। ਕਈਆਂ ਦੇ ਕਾਰੋਬਾਰ ਚੱਲ ਪਏ। ਖਾੜਕੂ ਸੋਚ ਵਾਲਿਆਂ ਨੇ ਵੀ ਉਨ੍ਹਾਂ ਦੀ ਸੇਵਾ-ਪਾਣੀ ਅਰੰਭ ਦਿਤੀ ਤੇ ਉਨ੍ਹਾਂ ਦੀ ਨੀਮ ਬੌਧਿਕਤਾ 'ਤੇ ਅਪ੍ਰਮਾਣਤ ਮੋਹਰ ਲਾ ਦਿਤੀ। ਪੱਤਰਕਾਰ ਖੁਦ ਨੂੰ ਸਿੱਖ ਸਮਾਜ ਦੇ 'ਥਿੰਕ ਟੈਂਕ' ਸਮਝ ਬੈਠੇ, ਜਿਨ੍ਹਾਂ ਨੇ ਕਿਤਾਬਾਂ ਲਿਖ ਲਿਖ ਢੇਰ ਲਾ ਦਿਤੇ, ਜਿਨ੍ਹਾਂ ਦੇ ਸਿਰਲੇਖ ਤੋਪਾਂ ਜਹੇ, ਵਾਕ ਨਿਰੀਆਂ ਮਿਜ਼ਾਇਲਾਂ ਤੇ ਸ਼ਬਦ ਜਿਵੇਂ ਅਗਨ ਬਾਣ ਹੋਣ।

ਅਜਿਹੇ ਇਕ ਵਿਦਵਾਨ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਤਾਂ ਉਸ ਨੂੰ ਪ੍ਰਤੀਤ ਹੋਇਆ ਕਿ ਉਹ ਹੁਣ ਤੱਕ ਜੋ ਲਿਖਦਾ ਰਿਹਾ ਹੈ, ਉਹ ਗੁਰਮਤਿ ਅਨੁਸਾਰ ਨਹੀਂ ਸੀ। ਇਸ ਪ੍ਰਤੀਤੀ ਵਿਚੋਂ ਉਸ ਨੇ ਖਾੜਕੂਆਂ ਬਾਬਤ ਵੀ ਕੁਝ ਅਣਸੁਖਾਵਾਂ ਕਹਿ ਦਿਤਾ। ਕਿਸੇ ਨੇ ਤੈਸ਼ ਵਿਚ ਆ ਕੇ ਉਸ ਨੂੰ 'ਮੰਜ਼ਲ ਤੋਂ ਥਿੜਕਿਆ' ਗਰਦਾਨ ਦਿਤਾ ਅਤੇ ਦੱਸਿਆ ਕਿ ਹਾਲੇ 'ਮੌਲਿਕ ਸ਼ਬਦਾਂ ਦੀ ਡਿਕਸ਼ਨਰੀ ਖਾਲਸਾ ਪੰਥ ਨੇ ਤਿਆਰ ਕਰਨੀ ਹੈ।' ਸਦਕੇ ਜਾਈਏ ਇਸ ਅਣਜੰਮੇ ਗਿਆਨ ਦੇ, ਜੋ ਗੁਰੂ ਗ੍ਰੰਥ ਸਾਹਿਬ ਦੀ ਸੋਝੀ ਹਾਸਲ ਕਰਨ ਵਾਲੇ ਨੂੰ ਮੰਜ਼ਲ ਤੋਂ ਥਿੜਕਿਆ ਸਮਝਦਾ ਹੈ। ਇਹ ਹਾਲ ਹੈ, ਸਿੱਖ ਚਿੰਤਨਸ਼ੀਲਤਾ ਦਾ।

ਖਾੜਕੂਪਣ 'ਦੇਹੀ ਰੁਝਾਨ' ਹੈ ਤੇ ਚਿੰਤਨ ਮਸਤਕ ਦਾ ਸਰੋਕਾਰ ਹੈ। ਸਿੱਖ ਸਮਾਜ ਵਿਚ 'ਸਿੱਖਾਂ ਦਾ ਮਨ ਨੀਵਾਂ ਮੱਤ ਉਚੀ' ਦੀ ਅਰਦਾਸ ਕੀਤੀ ਜਾਂਦੀ ਹੈ, ਜਿਸ ਦਾ ਸਾਫ ਮਤਲਬ ਹੈ ਕਿ ਖਾੜਕੂ ਅਮਲ ਹਮੇਸ਼ਾਂ ਮਸਤਕ ਦੀ ਗਿਆਨ ਧਾਰਾ ਦੇ ਅਨੁਕੂਲ ਰਹਿਣਾ ਜ਼ਰੂਰੀ ਹੈ। ਪਰ ਅਜ ਸਿੱਖ ਸਮਾਜ ਵਿਚ 'ਮਨ ਉਚਾ' ਤੇ 'ਮੱਤ ਨੀਵੀਂ' ਰੱਖਣ ਅਤੇ ਰਖਾਉਣ ਦਾ ਰੁਝਾਨ ਹੈ ਅਤੇ ਇਸੇ ਕਾਰਣ ਸਿੱਖਾਂ ਦੀ ਸਰਸਬਜ਼ ਗਿਆਨ ਧਾਰਾ ਆਪਣੇ ਅਸਲ ਸੋਮਿਆਂ ਤੋਂ ਟੁੱਟ ਕੇ ਸੁੱਕਣ ਤੇ ਮੁੱਕਣ ਕਿਨਾਰੇ ਹੈ।

ਖਾੜਕੂਵਾਦ ਦੇ ਪ੍ਰੇਰਕ ਵਿਦਵਾਨ ਗੁਰਮਤਿ ਦੇ ਗਹਿਨ ਅਧਿਐਨ ਤੋਂ ਵਿਰਵੇ ਹੋਣ ਕਾਰਨ ਬੇਹੱਦ ਸਤਹੀ ਕਿਸਮ ਦੇ ਵਿਚਾਰ ਅਤੇ ਸਿਧਾਂਤ ਘੜ ਲੈਂਦੇ ਹਨ ਅਤੇ ਯੂਟਿਊਬ 'ਤੇ ਚਾੜ੍ਹ ਦਿੰਦੇ ਹਨ, ਜਿਨ੍ਹਾਂ ਤੋਂ ਅਕਸਰ ਇਸ ਤਰ੍ਹਾਂ ਦੇ ਨਿਰਣੇ ਸੁਣਨ ਨੂੰ ਮਿਲਦੇ ਹਨ, "ਮੁਸਲਮਾਨਾਂ ਨੇ ਸਾਨੂੰ ਬਾਹਰੋਂ ਮਾਰਿਆ ਤੇ ਹਿੰਦੂਆਂ ਨੇ ਅੰਦਰੋਂ।" ਇਨ੍ਹਾਂ ਦੇ ਭਾਸ਼ਣ ਸ਼ਾਸਨ ਅਤੇ ਕੁਸ਼ਾਸਨ ਦੇ ਇਰਦ-ਗਿਰਦ ਰਹਿੰਦੇ ਹਨ ਅਤੇ ਆਪਣੀਆਂ ਅਨਿਖੜ ਰਵਾਇਤਾਂ ਨੂੰ ਨਿਖੇੜਨ ਲਈ ਪੂਰਾ ਤਾਣ ਲਾ ਦਿੰਦੇ ਹਨ। ਦਸਮ ਗ੍ਰੰਥ ਨੂੰ ਪੜ੍ਹੇ ਬਿਨਾ ਰੱਦ ਜਾਂ ਕਬੂਲ ਕਰ ਲੈਂਦੇ ਹਨ। ਕੈਲੰਡਰ ਨੂੰ ਸਮਝੇ ਬਗੈਰ ਉਸ ਵਿਚੋਂ ਸਿੱਖਾਂ ਦਾ ਮੁਕਤੀ ਮਾਰਗ ਤਲਾਸ਼ਣ ਵਾਲੇ ਵੱਖਰੇ ਰਾਜ ਦੀ ਸਿਰਤੋੜ ਪ੍ਰੋੜਤਾ ਕਰਦੇ ਹਨ।

ਪੁਰਾਣੇ ਸਮਿਆਂ ਵਿਚ ਉਹ ਲੋਕ ਵੇਦ ਪੜ੍ਹਦੇ ਸਨ, ਜੋ ਭਾਸ਼ਾ ਵਿਗਿਆਨ, ਛੰਦ, ਵਿਆਕਰਣ, ਨਿਰੁਕਤ, ਯੱਗ ਅਤੇ ਜੋਤਿਸ਼ ਵਿਚ ਮੁਹਾਰਤ ਹਾਸਲ ਕਰ ਲੈਂਦੇ ਸਨ। ਹੁਣ ਅਜਿਹਾ ਨਹੀਂ ਹੈ। ਸਿੱਖਾਂ ਵਿਚ ਬਿਨਾ ਪੜ੍ਹੇ ਅਤੇ ਸਿੱਖੇ, ਸਿੱਧੇ ਗੁਰੂ ਗ੍ਰੰਥ ਸਾਹਿਬ ਬਾਬਤ ਨਿਰਣੇ ਦੇਣ ਦਾ ਰੁਝਾਨ ਹੈ। ਜਿਨ੍ਹਾਂ ਦੀਆਂ ਗਿਆਨ ਗਾਗਰਾਂ 'ਚੋਂ ਕਦੀ ਸਨਾਤਨ ਅਤੇ ਹਿੰਦੂ ਧਰਮ ਦੀ ਕਿਸੇ ਪੁਸਤਕ, ਬੁੱਧ ਦੇ ਗ੍ਰੰਥ, ਇਸਲਾਮਿਕ ਕਿਤਾਬ ਜਾਂ ਸੂਫੀ ਸਿਧਾਂਤ ਦੇ ਦਰਸ਼ਨ ਨਹੀਂ ਹੁੰਦੇ, ਉਹ ਇਤਿਹਾਸ ਵਿਚ ਵੀ ਪਿੱਛੇ ਜਾਂਦੇ ਚੁਰਾਸੀ ਤੇ ਸੰਤਾਲੀ ਤੱਕ ਹੀ ਹੰਭ ਜਾਂਦੇ ਹਨ। ਸਿੱਖੀ ਦੀ ਅਧਿਆਤਮਕ, ਸਾਹਿਤਕ, ਸਮਾਜਕ ਅਤੇ ਸਿਆਸੀ ਸੂਝ ਲਈ ਇਹ ਭਾਈ ਕਪੂਰ ਸਿੰਘ ਦਾ ਕਦੀ ਕਦੀ ਕੇਵਲ ਨਾਂ ਹੀ ਲੈਂਦੇ ਹਨ। ਉਨ੍ਹਾਂ ਦੀਆਂ ਪੁਸਤਕਾਂ ਦਾ ਸੱਚ ਇਨ੍ਹਾਂ ਦੇ ਗਿਆਨ ਦੀ ਯੂਟਿਊਬ ਵਿਚ ਨਹੀਂ ਸਮਾਉਂਦਾ। ਡਾ. ਮੋਹਣ ਸਿੰਘ ਦੀਵਾਨਾ ਦੇ ਫਰਜ਼ੰਦ ਡਾ. ਉਬਰਾਏ ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਸਟਾਫ ਨਾਲ ਗੱਲਬਾਤ ਕਰ ਰਹੇ ਸਨ। ਇੱਕ ਸੱਜਣ ਨੇ ਉਨ੍ਹਾਂ ਨੂੰ ਟੋਕਣ ਦੀ ਕੋਸ਼ਿਸ਼ ਕੀਤੀ, "ਜੀ ਮਾਰਕਸਵਾਦ ਇਹ ਨਹੀਂ ਮੰਨਦਾ।" ਉਨ੍ਹਾਂ ਪੁੱਛਿਆ, "ਤੁਸੀਂ ਮਾਰਕਸ ਪੜ੍ਹਿਆ?" ਕਹਿੰਦਾ, "ਜੀ ਹਾਂ।" "ਕਿਥੋਂ ਪੜ੍ਹਿਆ?" ਜਵਾਬ ਵਿਚ ਉਹ ਕੇਵਲ ਸੁਰਜੀਤ ਭੱਟੀ ਦੀ ਇਕ ਕਿਤਾਬ ਦਾ ਹੀ ਨਾਂ ਲੈ ਸਕਿਆ। ਪ੍ਰੋ. ਉਬਰਾਏ ਨੇ ਦੱਸਿਆ ਕਿ ਮਾਰਕਸ ਪੜ੍ਹਨ ਲਈ ਜਰਮਨ ਸਿੱਖਣੀ ਪੈਂਦੀ

***ਪੱਤਰਕਾਰੀ ਨੂੰ ਵਿਦਵਤਾ ਸਮਝਣ ਵਾਲੇ ਕਈ ਲੋਕਾਂ ਨੇ ਖਾੜਕੂਆਂ ਨੂੰ ਪਸੰਦ ਆਉਣ ਵਾਲੀਆਂ ਦਲੀਲਾਂ ਘੜ ਘੜ ਪੇਸ਼ ਕੀਤੀਆਂ। ਕਈਆਂ ਦੇ ਕਾਰੋਬਾਰ ਚੱਲ ਪਏ। ਖਾੜਕੂ ਸੋਚ ਵਾਲਿਆਂ ਨੇ ਵੀ ਉਨ੍ਹਾਂ ਦੀ ਸੇਵਾ-ਪਾਣੀ ਅਰੰਭ ਦਿਤੀ ਤੇ ਉਨ੍ਹਾਂ ਦੀ ਨੀਮ ਬੌਧਿਕਤਾ 'ਤੇ ਅਪ੍ਰਮਾਣਤ ਮੋਹਰ ਲਾ ਦਿਤੀ। ਪੱਤਰਕਾਰ ਖੁਦ ਨੂੰ ਸਿੱਖ ਸਮਾਜ ਦੇ 'ਥਿੰਕ ਟੈਂਕ' ਸਮਝ ਬੈਠੇ, ਜਿਨ੍ਹਾਂ ਨੇ ਕਿਤਾਬਾਂ ਲਿਖ ਲਿਖ ਢੇਰ ਲਾ ਦਿਤੇ, ਜਿਨ੍ਹਾਂ ਦੇ ਸਿਰਲੇਖ ਤੋਪਾਂ ਜਹੇ, ਵਾਕ ਨਿਰੀਆਂ ਮਿਜ਼ਾਇਲਾਂ ਤੇ ਸ਼ਬਦ ਜਿਵੇਂ ਅਗਨ ਬਾਣ ਹੋਣ।***

ਹੈ, ਹਿੰਦੂ ਧਰਮ ਜਾਣਨ ਲਈ ਸੰਸਕ੍ਰਿਤ ਅਤੇ ਇਸਲਾਮ ਜਾਣਨ ਲਈ ਅਰਬੀ ਤੇ ਫਾਰਸੀ ਪੜ੍ਹਨੀ ਪੈਂਦੀ ਹੈ। ਅਸੀਂ ਇਨ੍ਹਾਂ ਦੇ ਅਨੁਵਾਦ ਵੀ ਨਹੀਂ ਪੜ੍ਹਦੇ ਤੇ ਸਮਝ ਲੈਂਦੇ ਹਾਂ ਕਿ ਸਾਨੂੰ ਸਭ ਕੁਝ ਸਮਝ ਆ ਗਿਆ। ਗਿਆਨ ਦੀ ਨੀਮ ਹਿਕਮਤ ਦੇ ਅਨਾੜੀ ਫਾਰਮੂਲਿਆਂ ਨਾਲ ਨੌਜੁਆਨਾਂ ਨੂੰ ਉਕਸਾ ਕੇ ਅਜਿਹੇ ਰਾਹ ਤੋਰ ਦੇਣਾ, ਜੋ ਕਿਤੇ ਨਹੀਂ ਪੁੱਜਦਾ, ਦਿਆਨਤਦਾਰੀ ਨਹੀਂ। ਇਹ ਸਿਲਸਿਲਾ ਕਈ ਲੋਕਾਂ ਲਈ ਬਾਹਰਲੇ ਮੁਲਕਾਂ ਵਿਚ ਸ਼ਰਨ ਹਾਸਲ ਕਰਨ ਦਾ ਬਹਾਨਾ ਬਣਿਆ। ਇਹੀ ਸੱਜਣ ਵਿਦੇਸ਼ੀ ਸੈਰਾਂ ਸਮੇਂ ਉਕਤ ਵਿਦਵਾਨਾਂ ਦੀ 'ਠਹਿਰ' ਅਤੇ 'ਠਾਹਰ' ਬਣਦੇ ਹਨ ਅਤੇ 'ਖਰਚ ਪਾਣੀ' ਦਾ ਇੰਤਜ਼ਾਮ ਕਰਦੇ ਹਨ। ਕਈ ਲੋਕਾਂ ਨੂੰ ਸਮਝ ਆ ਚੁਕੀ ਹੈ ਤੇ ਕਈਆਂ ਨੂੰ ਹਾਲੇ ਆਉਣੀ ਹੈ। ਇਧਰਲੇ ਨਹੀਂ ਚਾਹੁੰਦੇ ਕਿ ਉਧਰਲਿਆਂ ਨੂੰ ਗੱਲ ਸਮਝ ਆਵੇ।

ਭਾਸ਼ਾ ਵਿਭਾਗ ਪੰਜਾਬ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੂਫੀ ਮੱਤ ਦੇ ਨਿਕਾਸ ਅਤੇ ਵਿਕਾਸ ਬਾਬਤ ਭਾਈ ਸਾਹਿਬ ਕਪੂਰ ਸਿੰਘ ਤੋਂ ਲੇਖ ਲਿਖਵਾਇਆ, ਜਿਸ ਵਿਚ ਉਨ੍ਹਾਂ ਲਿਖਿਆ, "ਸਿੱਖ ਮੱਤ ਦੀ ਵਿਚਾਰਧਾਰਾ, ਇਸ ਦੇ ਸਿਧਾਂਤ ਅਤੇ ਇਸ ਦਾ ਵਿਕਾਸ, ਆਰੀਆਈ ਆਤਮਾ ਦਾ ਅੰਤਮ ਫਲ ਅਤੇ ਰਸ ਹਨ।" ਉਨ੍ਹਾਂ ਇਹ ਵੀ ਲਿਖਿਆ, "ਸੂਫੀ ਮੱਤ ਵਾਸਤਵ 'ਚ ਭਾਰਤੀ ਅਧਿਆਤਮਵਾਦ ਦਾ ਇਸਲਾਮੀ ਰੂਪ ਹੀ ਹੈ, ਜਿਸ ਨੇ ਇਸਲਾਮੀ ਰਾਜਸੀ ਤੇਜ ਅਤੇ ਅਸਹਿਨਸ਼ੀਲ ਬਿਰਤੀਆਂ ਦੇ ਭੈ ਤੋਂ ਸਵੈਰੱਖਿਆ ਲਈ ਮੂੰਹ ਕੱਜ ਲਿਆ ਹੈ ਤੇ ਪਹਿਰਾਵਾ ਬਦਲ ਲਿਆ ਹੈ।"

ਸੂਫੀ ਕਵਿਤਾ ਵਿਚ ਮੁਰਸ਼ਦ ਦਾ ਸਾਂਵਲਾ ਰੰਗ ਤੇ ਧੁਖਦਾ ਧੂੰਆਂ ਸੂਚਕ ਹੈ ਕਿ ਸੂਫੀ ਦਰਵੇਸ਼ਾਂ ਦਾ ਮੁੱਖ ਭਾਰਤੀ ਸਨਾਤਨ ਸੱਚ ਵੱਲ ਸੀ। ਬੁੱਲੇ ਸ਼ਾਹ ਨੇ ਤਾਂ ਨੌਵੇਂ ਪਾਤਸ਼ਾਹ ਨੂੰ ਗ਼ਾਜ਼ੀ ਤਸਲੀਮ ਕੀਤਾ। ਡਾ. ਇਕਬਾਲ ਨੇ 'ਹਿੰਦੁਸਤਾਨੀ ਬੱਚੋਂ ਕਾ ਕੌਮੀ ਗੀਤ' ਕਵਿਤਾ ਵਿਚ ਲਿਖਿਆ, "ਵਹਿਦਤ ਕੀ ਲੈਅ ਸੁਨੀ ਥੀ ਦੁਨੀਯਾ ਨੇ ਜਿਸ ਮਕਾਂ ਸੇ, ਮੀਰ-ਏ-ਅਰਬ (ਸ.) ਕੋ ਆਈ ਠੰਡੀ ਹਵਾ ਜਹਾਂ ਸੇ, ਮੇਰਾ ਵਤਨ ਵੁਹੀ ਹੈ, ਮੇਰਾ ਵਤਨ ਵੁਹੀ ਹੈ।"

ਇੱਕ ਹਦੀਸ ਮੁਤਾਬਕ ਮੁਹੰਮਦ ਸਾਹਿਬ ਨੇ ਕਿਹਾ ਸੀ, "ਮੈਂ ਅਰਬ ਵਿਚ ਹਾਂ, ਪਰ ਅਰਬ ਮੇਰੇ ਵਿਚ ਨਹੀਂ ਅਤੇ ਮੈਂ ਹਿੰਦ ਵਿਚ ਨਹੀਂ, ਪਰ ਹਿੰਦ ਮੇਰੇ ਵਿਚ ਹੈ।" ਇਸ ਹਦੀਸ ਦੀ ਪ੍ਰਮਾਣਿਕਤਾ ਸਾਬਤ ਕਰਨ ਵਿਚ ਨਾ ਵੀ ਪਈਏ ਤਾਂ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਕਿਸੇ ਖੇਤਰ ਦੀ ਸਥਾਨਕਤਾ ਅਤੇ ਸਨਾਤਨਤਾ ਅਲੱਗ ਅਲੱਗ ਗੱਲਾਂ ਹੁੰਦੀਆਂ ਹਨ। ਬੰਦੇ ਨੂੰ ਕਿਸੇ ਵੀ ਸਥਾਨਕਤਾ ਤੋਂ ਮੁਕਤ ਰਹਿਣ ਲਈ ਸਨਾਤਨਤਾ ਦੇ ਹਵਾਲੇ ਹੋਣਾ ਪੈਂਦਾ ਹੈ। ਹਿੰਦੁਸਤਾਨ ਦੀ ਸਨਾਤਨਤਾ ਦੀਆਂ ਠੰਡੀਆਂ ਹਵਾਵਾਂ ਦੀ ਕਸ਼ਿਸ਼ ਸੂਫੀ ਕਵਿਤਾ ਵਿਚ ਮਹਿਸੂਸ ਕੀਤੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਬਾਣੀਕਾਰ ਬਾਬਾ ਫਰੀਦ ਹੀ ਕਿਉਂ ਹਨ? ਇਸ ਸਵਾਲ ਦੀ ਸਮਝ ਉਪਰੋਕਤ ਕਥਨ ਦੇ ਸਨਮੁਖ ਵਧੇਰੇ ਸਪਸ਼ਟ ਹੁੰਦੀ ਹੈ।

ਉਨ੍ਹਾਂ ਨੇ ਸਬੂਤ ਸਹਿਤ ਸਾਬਤ ਕੀਤਾ ਕਿ ਮਨਸੂਰ ਨੇ ਭਾਰਤ ਯਾਤਰਾ ਦੌਰਾਨ ਭਾਰਤੀ ਅਧਿਆਤਮ ਅਤੇ ਯੋਗ ਸਾਧਨਾ ਦੀ ਤਾਲੀਮ ਲਈ। ਸ਼ੇਖ਼ ਸਾਅਦੀ ਨੇ ਪੰਜਾਬ ਦੀ ਯਾਤਰਾ ਕੀਤੀ। ਅੱਠਵੀਂ ਸਦੀ ਪਿਛੋਂ ਬਗਦਾਦ ਵਿਚ ਸੰਸਕ੍ਰਿਤ ਅਤੇ ਯੂਨਾਨੀ ਗ੍ਰੰਥਾਂ ਦੇ ਅਰਬੀ ਅਨੁਵਾਦ ਹੋਏ। ਅਲਬਰੂਨੀ ਨੇ ਸੰਸਕ੍ਰਿਤ ਗ੍ਰੰਥਾਂ ਦਾ ਸ਼ੌਕ ਨਾਲ ਅਧਿਅਨ ਕੀਤਾ। ਬਗਦਾਦ ਦੇ ਖ਼ਲੀਫੇ ਮਾਮੂਨ ਨੂੰ, ਭਾਰਤੀ ਬ੍ਰਾਹਮਣਾਂ ਨੂੰ ਸਨਮਾਨ ਦੇਣ ਕਾਰਨ, ਅਮੀਰੁਲਮੋਮਨੀਨ ਦੀ ਥਾਂ ਅਮੀਰੁਲਕਾਫਰੀਨ ਕਿਹਾ ਜਾਣ ਲੱਗਾ। ਈਸਾ ਦੇ ਜਨਮ ਤੋਂ ਤਿੰਨ ਸਦੀਆਂ ਪਹਿਲਾਂ ਤੋਂ ਲੈ ਕੇ ਅੱਠਵੀਂ ਸਦੀ ਈਸਵੀ ਤੱਕ ਕਰੀਬ ਹਜ਼ਾਰ ਸਾਲ ਅਫਗਾਨਿਸਤਾਨ ਅਤੇ ਤੁਰਕਿਸਤਾਨ ਬੋਧੀਆਂ ਦੇ ਪ੍ਰਸਿੱਧ ਕੇਂਦਰ ਰਹੇ। ਸੂਫੀ ਮੱਤ ਦੇ ਵਿਕਾਸ ਕੇਂਦਰ ਖ਼ੁਰਾਸਾਨ ਅਤੇ ਬਲਖ਼ ਵਿਚ ਮਹਾਯਾਨੀ ਬੋਧੀਆਂ ਦੇ ਵਿਸ਼ਵ ਵਿਦਿਆਲੇ ਅਤੇ ਪੁਸਤਕਾਲੇ ਸਨ।

ਉਨ੍ਹਾਂ ਦਾ ਵਿਚਾਰ ਹੈ ਕਿ ਭਾਰਤੀ ਸਨਾਤਨ ਸੱਚ ਬੋਧੀਆਂ ਰਾਹੀਂ ਇਸਾਈ ਸੰਤਾਂ ਕੋਲ ਪੁੱਜਾ, ਜਿੱਥੋਂ ਯੂਨਾਨੀ ਦਰਸ਼ਨ ਨਵਅਫਲਾਤੂਨਵਾਦੀਆਂ ਜ਼ਰੀਏ ਸੂਫੀ ਸਾਧਕਾਂ ਕੋਲ ਪੁੱਜਾ। ਉਨ੍ਹਾਂ ਮੁਤਾਬਕ ਸੂਫੀ ਉਹ ਹੈ, ਜੋ ਉਨ ਦੇ ਵਸਤਰ ਪਹਿਨਦਾ ਹੈ। ਉਨ੍ਹਾਂ ਹਵਾਲਾ ਦਿਤਾ ਕਿ ਭਾਰਤ ਦੇ ਇੱਕ ਪੁਰਾਤਨ ਸੰਤ ਚਿੰਤਕ ਅਜੀਤ ਕੇਸ਼ ਕੰਬਲੀਨ ਕੰਬਲ ਅਰਥਾਤ ਉਨ ਦੇ ਵਸਤਰ ਪਹਿਨਦੇ ਸਨ। ਉਨ੍ਹਾਂ ਨੇ ਮਨਸੂਰ ਦੀ ਜੀਵਨੀ ਵਿਚ ਮਹਾਨ ਸੂਫੀ ਸੰਤ ਜੁਨੈਦ ਦੇ ਅਧਿਆਤਮਕ ਅਨੁਭਵ, ਹਿੰਦੂ ਯੋਗ ਅਭਿਆਸ ਅਤੇ ਸਿੱਖ ਨਾਮ ਸਿਮਰਨ ਵਿਚ ਸਮਾਨਤਾ ਦਰਸਾਉਂਦਿਆਂ ਦੱਸਿਆ ਹੈ ਕਿ ਜੁਨੈਦ ਦਾ ਹੀ ਸਮਕਾਲੀ ਸੀ ਮਨਸੂਰ, ਜਿਸ ਨੇ ਉਪਨਿਸ਼ਦਕ ਸੱਚ 'ਅਹੰਬ੍ਰਹਮਸਮੀ' ਦਾ 'ਅਨਲਹੱਕ' ਵਜੋਂ ਅਰਬੀ ਤਰਜਮਾ ਕੀਤਾ ਸੀ। ਉਨ੍ਹਾਂ ਨੇ ਬੁੱਧ ਦੀ ਜੀਵਨੀ ਅਤੇ 'ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਲੇਖ ਲਿਖਿਆ, ਜਿਸ ਵਿਚ ਬੁੱਧ ਤੋਂ ਪਹਿਲਾਂ ਭਾਰਤ ਵਿਚ ਪ੍ਰਚਲਿਤ ਵੈਦਕ ਕਰਮ ਕਾਂਡ ਅਤੇ ਉਪਨਿਸ਼ਦਕ ਸਨਾਤਨ ਸੱਚ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਬੁੱਧ ਕਰਮ ਕਾਂਡ ਨੂੰ ਨਹੀਂ ਸੀ ਮੰਨਦੇ ਪਰ ਉਸ ਨੇ ਕਥਨ ਕੀਤਾ, "ਅਸਾਂ ਸਨਾਤਨ ਧਰਮ, ਪ੍ਰਾਚੀਨ ਪੱਥ ਲੱਭਿਆ ਹੈ, ਜਿਸ ਪੱਥ ਉਤੇ, ਪ੍ਰਾਚੀਨ ਬੁੱਧ ਚੱਲਦੇ ਰਹੇ ਹਨ, ਉਸੇ ਪੱਥ ਉਤੇ ਅਸੀਂ ਚੱਲ ਰਹੇ ਹਾਂ।" ਉਨ੍ਹਾਂ ਦਾ ਮੱਤ ਹੈ, "ਇਸੇ ਮਹਾਨ ਅਤੇ ਪ੍ਰਾਚੀਨ ਆਦਰਸ਼ ਦਾ

***ਸਿੱਖ ਸਮਾਜ ਵਿਚ ਦੇਖਿਆ ਗਿਆ ਹੈ ਕਿ ਅਮਲ ਵਿਚ ਰੁਚੀ ਰੱਖਣ ਵਾਲੇ ਲੋਕ, ਵਿਦਵਾਨਾਂ ਤੋਂ ਦੂਰੀ ਬਣਾਈ ਰੱਖਦੇ ਹਨ। ਜੇ ਕੋਈ ਨੇੜੇ ਜਾਂਦਾ ਵੀ ਹੈ ਤਾਂ ਉਹ ਸੇਧ ਲੈਣ ਦੀ ਥਾਂ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ। ਅਕਾਲੀ ਦਲ ਦੇ ਸ਼ਾਂਤਮਈ ਧਰਮ ਯੁੱਧ ਮੋਰਚੇ ਨੂੰ ਖਾੜਕੂ ਸੁਰਾਂ ਦੇਣ ਵਾਲਿਆਂ ਨੇ ਕਦੀ ਕਿਸੇ ਦੀ ਬੌਧਿਕ ਅਗਵਾਈ ਨਹੀਂ ਕਬੂਲੀ, ਇਸੇ ਕਰਕੇ ਬਹੁਤੇ ਖਾੜਕੂ ਆਪਣੇ ਪੁਰਾਣੇ ਅਕੀਦੇ ਭੁਲ ਕੇ, ਕਿਸੇ ਨਾ ਕਿਸੇ ਰਾਜਸੀ ਦਲ ਵਿਚ ਘੁਸ ਕੇ ਬੇਗ਼ੈਰਤੀ ਵਾਲੇ ਰਵੱਈਏ ਦੀ ਨੁਮਾਇਸ਼ ਕਰ ਰਹੇ ਹਨ। ਉਹ ਕਹਿ ਸਕਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਕਿਸੇ ਤੋਂ ਅਗਵਾਈ ਲੈਣ ਦੀ ਕੋਈ ਲੋੜ ਨਹੀਂ, ਪਰ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਅਤੇ ਉਦੇਸ਼ ਜਾਣਨ ਲਈ ਵੀ ਕਿਸੇ ਵਿਦਵਾਨ ਦੀ ਲੋੜ ਹੈ।***

ਪ੍ਰਚਾਰ ਸਿੱਖ ਗੁਰੂਆਂ ਨੇ ਕੀਤਾ।"

ਪਾਲੀ ਭਾਸ਼ਾ ਵਿਚ 'ਸਿੱਖ' ਧਰਮ ਮਾਰਗ 'ਤੇ ਚੱਲਣ ਵਾਲੇ ਨੂੰ ਕਹਿੰਦੇ ਹਨ ਅਤੇ 'ਸਿੰਘ' ਧਰਮ ਵਿਚ ਪਰਿਪੱਕ ਮਹਾਨ ਹਸਤੀ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਲਿਖਿਆ, "ਖਾਲਸਾ ਪੰਥ ਦੀ ਅੰਤਮ ਰੂਪ ਰੇਖਾ ਬੰਨ੍ਹਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਗੌਤਮ ਬੁੱਧ ਅਤੇ ਬੋਧੀ ਸੰਘ ਦੀ ਰਹੁ ਰੀਤ ਦੀ ਸਪਸ਼ਟ ਪਰ ਬਿਨਾ ਨਾਮ ਲਿਆਂ ਸਿੱਧੀ ਸੋਭਾ ਕੀਤੀ। ਜਿਵੇਂ ਸਾਰਨਾਥ ਵਿਚ ਧਰਮਚੱਕਰ ਦਾ ਪ੍ਰਾਰੰਭ ਕਰਨ ਸਮੇਂ ਗੌਤਮ ਬੁੱਧ ਨੇ ਬੋਧੀ ਸੰਘ ਦੀ ਨੀਂਹ ਪੰਜ ਭਿੱਖਸ਼ੂ ਦੀਖਤ ਕਰਕੇ ਰੱਖੀ ਸੀ, ਇਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਰੱਖੀ। ਬੁੱਧ ਮੱਤ ਅਤੇ ਸਿੱਖ ਮੱਤ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸੱਭਿਅਤਾ ਅਤੇ ਸਮਾਜਕ ਉਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ, ਸਗੋਂ ਪੰਚਾਇਤ ਕਰੇ। ਇਹ ਉਹੋ ਸਮੱਸਿਆ ਹੈ, ਜੋ ਅੱਜਕਲ੍ਹ ਵਿਅਕਤੀਵਾਦ ਤੇ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਟੁੰਬ ਰਹੀ ਹੈ।"

ਚੱਕਰਵਰਤੀ ਰਾਜਾਗੋਪਾਲਚਾਰੀਆ ਨੇ ਸ਼ੰਕਰਚਾਰੀਆ ਦੀ ਕਵਿਤਾ 'ਭਜਗੋਵਿੰਦਮ' ਦੀ ਵਿਆਖਿਆ ਵਿਚ ਦੱਸਿਆ ਕਿ ਕਿਵੇਂ ਸ਼ੰਕਰ ਨੇ ਭਾਰਤੀ ਸਨਾਤਨ ਸੱਚ, ਵੇਦਾਂਤ ਅਰਥਾਤ ਗਿਆਨ ਨੂੰ ਮਸਤਕ ਤੋਂ ਉਤਾਰ ਕੇ ਹਿਰਦੇ ਵਿਚ ਪਰਵੇਸ਼ ਕਰਾਇਆ। ਸ਼ੰਕਰ ਨੇ ਦਸਨਾਮੀਂ ਪਰੰਪਰਾ ਅਤੇ ਚਾਰ ਮੱਠਾਂ ਦੀ ਸਥਾਪਨਾ ਕੀਤੀ ਅਤੇ ਭਗਤੀ ਧਾਰਾ ਦਾ ਪ੍ਰਚਲਨ ਕੀਤਾ, ਜੋ ਰਾਮਾਨੁਜ ਅਤੇ ਦਸ ਅਲਵਰ ਸਾਧੂਆਂ ਵਿਚੋਂ ਹੁੰਦੀ ਹੋਈ, ਰਾਮਾਨੰਦ ਰਾਹੀਂ, ਗੁਰੂ ਗ੍ਰੰਥ ਸਾਹਿਬ ਦਾ ਭਾਗ ਬਣੀ। ਸਿੱਖ ਅਰਦਾਸ ਵਿਚ ਦਸ ਗੁਰੂ ਸਾਹਿਬਾਨ ਦੇ ਦਸ ਨਾਂਵਾਂ ਦੀ ਅਰਾਧਨਾ ਅਤੇ ਚਾਰ ਤਖਤਾਂ ਦੀ ਸਥਾਪਨਾ ਵਿਚ ਵੀ ਸਿੱਖੀ ਦੀ ਸਨਾਤਨਤਾ ਦਾ ਸੰਕੇਤ ਹੈ। ਉਦਾਸੀਆਂ ਨੂੰ ਵੀ ਉਨ੍ਹਾਂ ਦੇ ਚਾਰ ਧੂਣੇ ਅਤੇ ਛੇ ਬਖਸ਼ਿਸ਼ਾਂ ਮਿਲਾ ਕੇ ਦਸਨਾਮੀ ਸਾਧੂ ਕਿਹਾ ਗਿਆ। ਭਾਈ ਕਪੂਰ ਸਿੰਘ ਅਨੁਸਾਰ ਸੂਫੀਆਂ ਦੇ ਵੀ ਬੌਧਿਕ ਅਤੇ ਅਕਾਦਮਿਕ ਪ੍ਰਸਾਰ ਦੇ ਪ੍ਰਮੁੱਖ ਚਾਰ ਕੇਂਦਰ ਸਨ। ਚਾਰ ਵੇਦ, ਚਾਰ ਕਤੇਬ, ਚਾਰ ਵਰਣ, ਚਾਰ ਮਜ਼ਹਬ, ਚਾਰ ਮੱਠ, ਚਾਰ ਧੂਏਂ ਅਤੇ ਚਾਰ ਤਖਤ ਕਿਸੇ ਸਾਂਝੇਪਣ ਦਾ ਸੰਕੇਤ ਹਨ।

ਸਿੱਖੀ ਸਨਾਤਨ ਸੱਚ ਹੈ, ਜਿਸ ਦਾ ਪ੍ਰਯੋਜਨ ਮਾਨਵਤਾ ਨੂੰ ਇੱਕਸੁਰਤਾ ਪ੍ਰਦਾਨ ਕਰਨਾ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਗਲ ਵਿਚ ਸੁਸ਼ੋਭਿਤ ਬਾਲਾ ਅਤੇ ਮਰਦਾਨਾ ਆਰੀਆਈ ਅਤੇ ਸਾਮੀਂ ਪਰੰਪਰਾ ਦੇ ਸੁਮੇਲ ਜਾਂ ਇੱਕਸੁਰਤਾ ਦਾ ਸੁੰਦਰ ਬਿੰਬ ਹਨ। ਇਸ ਖਾਲਸ ਬਿੰਬ ਤੋਂ ਅਣਜਾਣ ਲੋਕ ਖਾਲਸੇ ਨੂੰ "ਮਹਾਂ ਉਪਲਕਸ਼ ਉਖਾਲਸਾ ਹਿੰਦੂ ਤੁਰਕ ਕੀ ਕਾਣ ਮੇਟੈ" ਤੋਂ ਥਿੜਕਾ ਕੇ ਖੁਦ ਕਾਣਾ ਕਰ ਦੇਣਾ ਚਾਹੁੰਦੇ ਹਨ।

ਪੰਦਰਵੀਂ ਸਦੀ ਵਿਚ ਟੌਮਸ ਮੋਰ ਨੇ ਪੁਸਤਕ 'ਯੂਟੋਪੀਆ' ਲਿਖੀ। ਯੂਨਾਨ ਦੇ ਅਗੇਤਰ ਈਯੂ ਦਾ ਅਰਥ ਹੈ, 'ਗੁੱਡ', "ਯੂ ਦਾ ਅਰਥ ਹੈ 'ਨੋ' ਅਤੇ ਟੋਪੀਆ ਮੈਨ੍ਹੇ 'ਪਲੇਸ'। ਈਯੂਟੋਪੀਆ ਹੈ, 'ਗੁੱਡ ਪਲੇਸ' ਤੇ ਓਯੂਟੋਪੀਆ ਹੈ 'ਨੋ ਪਲੇਸ।' ਟੌਮਸ ਮੋਰ ਨੇ ਈਯੂ ਅਤੇ ਓਯੂ ਵਿਚੋਂ ਸਾਂਝਾ 'ਯੂ' ਲੈ ਕੇ ਯੂਟੋਪੀਆ ਸ਼ਬਦ ਈਜਾਦ ਕੀਤਾ, ਜਿਸ ਦਾ ਅਰਥ ਹੈ, 'ਗੁੱਡ ਪਲੇਸ, ਨੋ ਪਲੇਸ'। ਉਸ ਨੇ ਆਪਣੇ ਇਸ ਨਾਵਲ ਵਿਚ ਇਕ ਅਜਿਹੇ ਟਾਪੂ ਦਾ ਚਿਤਰਣ ਕੀਤਾ, ਜੋ ਸਵਰਗ ਜਾਂ ਬਹਿਸ਼ਤ ਹੈ, ਪਰ ਉਹ ਮਹਿਜ਼ ਕਾਲਪਨਿਕ ਹੈ, ਉਸ ਦੀ ਕੋਈ ਹੋਂਦ ਨਹੀਂ। ਉਸ ਦਾ ਖ਼ਿਆਲ ਸੀ ਕਿ ਮਨੁੱਖ ਨੂੰ ਅਜਿਹੇ ਕਾਲਪਨਿਕ ਮੰਡਲ ਦੀ ਲੋੜ ਹੈ, ਜਿਸ ਦੀ ਕਸ਼ਿਸ਼ ਜਾਂ ਪ੍ਰੇਰਣਾ ਵਿਚ ਉਹ ਆਪਣੀ ਹਕੀਕਤ ਨੂੰ ਉਸ ਜਹੀ ਬਣਾਉਣ ਜਾਂ ਸਿਰਜਣ ਦੀ ਕੋਸ਼ਿਸ਼ ਕਰੇ।

ਹਿੰਦੂ ਮਿਥਿਹਾਸ ਵਿਚ ਹਰੀਚੰਦੌਰੀ ਦਾ ਜ਼ਿਕਰ ਹੈ, ਜੋ ਅਸਲੋਂ ਭਰਮ ਹੈ, ਜੋ ਧੁੰਦ ਅਤੇ ਧੁੱਪ ਦਾ ਖੇਲ੍ਹ ਹੈ। ਪਰ, ਭਗਤ ਰਵਿਦਾਸ ਨੇ ਬਾਣੀ ਵਿਚ ਬੇਗਮਪੁਰੇ ਦਾ ਚਿਤਰ ਖਿੱਚਿਆ, ਜੋ ਨਾ ਭਰਮ ਹੈ ਨਾ ਯੂਟੋਪੀਆ। ਉਹ ਜਗਿਆਸੂ ਦੀ ਹਕੀਕੀ ਅਵਸਥਾ ਅਤੇ ਅਧਿਆਤਮਿਕ ਮਾਰਗ ਦੀ ਮੰਜ਼ਲ ਹੈ। ਬੁੱਧ ਮੱਤ ਵਿਚ ਸੁਖਵਤੀ ਦਾ ਜ਼ਿਕਰ ਆਉਂਦਾ ਹੈ, ਜੋ ਬੁੱਧ ਗਤੀ ਨੂੰ ਪ੍ਰਾਪਤ ਅਮਿਤਾਭ ਪੁਰਸ਼ ਆਪਣੇ ਧਿਆਨ ਅਰਥਾਤ ਸ਼ੁੱਧ ਗਿਆਨ ਸਦਕਾ ਸਗਲੇ ਜੀਵ ਜੰਤ ਦੇ ਕਲਿਆਣ ਲਈ ਚਿਤਵਦਾ ਜਾਂ ਸਿਰਜਦਾ ਹੈ। ਅੰਗਰੇਜ਼ੀ ਸ਼ਬਦ 'ਸਟੇਟ' ਦਾ ਅਰਥ ਅਸਲ ਵਿਚ ਅਵਸਥਾ ਹੈ। ਨੇਸ਼ਨ ਸਟੇਟ ਉਹ ਮਾਨਵੀ ਅਵਸਥਾ ਹੈ, ਜੋ ਜਨਮਜਾਤ ਜਾਂ ਪ੍ਰਕ੍ਰਿਤਕ ਹੈ, ਪਰ ਸੁਖਵਤੀ ਜਾਂ ਬੇਗਮਪੁਰਾ ਉਹ ਅਧਿਆਤਮਕ ਅਵਸਥਾ ਜਾਂ ਸਟੇਟ ਹੈ, ਜੋ ਪ੍ਰਾਪਤ ਕੀਤੀ ਜਾਣੀ ਹੈ, ਜੋ ਸਿਮਰਣ ਦਾ ਪਰਿਣਾਮ ਹੈ। ਭਗਤ ਕਬੀਰ ਕਹਿੰਦੇ ਹਨ, "ਭਿਸਤੁ ਨਜੀਕਿ ਰਾਖੁ ਰਹਮਾਨਾ॥" ਇਸ ਦਾ ਅਰਥ ਇਹ ਨਹੀਂ ਕਿ ਕਬੀਰ ਸਾਹਿਬ ਵਾਹਿਗੁਰੂ ਤੋਂ ਬਹਿਸ਼ਤ ਦੀ ਕਾਮਨਾ ਕਰਦੇ ਹਨ, ਬਲਕਿ ਉਹ ਫਰਿਆਦ ਕਰ ਰਹੇ ਹਨ ਕਿ ਮੈਨੂੰ ਆਪਣੇ ਨਜ਼ਦੀਕ ਰੱਖ, ਉਹੀ ਮੇਰੇ ਲਈ ਬਹਿਸ਼ਤ ਹੈ। ਬਹਿਸ਼ਤ ਕੋਈ ਵੱਖਰਾ ਰਾਜ ਜਾਂ 'ਨੇਸ਼ਨ ਸਟੇਟ' ਨਹੀਂ, ਸਿਰਫ ਪਿਆਰੇ ਦੀ ਨੇੜਤਾ ਹੈ।

ਕੌਮੀ ਸਿੱਖ ਰਿਆਸਤ ਦੇ ਨਕਸ਼ ਅਤੇ ਨਕਸ਼ੇ ਦੀ ਗੱਲ ਕਰਦਿਆਂ ਸਿਰਫ ਰਣਜੀਤ ਸਿੰਘ ਦਾ ਨਾਂ ਲੈ ਦਿੱਤਾ ਜਾਂਦਾ ਹੈ ਜਾਂ ਬਾਣੀ ਦੀਆਂ ਕੁਝ ਤੁਕਾਂ ਬੋਲ ਦਿੱਤੀਆਂ ਜਾਂਦੀਆਂ ਹਨ। ਅਕਾਲੀ ਸਰਕਾਰ ਵੀ ਰਣਜੀਤ ਸਿੰਘ ਦਾ ਨਾਂ ਲੈ ਕੇ ਕੰਮ ਸਾਰਦੀ ਰਹੀ ਹੈ। ਸਿੱਖ ਕੌਮੀ ਰਿਆਸਤ ਦੇ ਅਭਿਲਾਸ਼ੀ ਕਦੀ ਰਣਜੀਤ ਸਿੰਘ ਦਾ ਇਤਿਹਾਸ ਨਹੀਂ ਫੋਲਦੇ ਅਤੇ ਜੇ ਸਿੱਖ ਰਾਜ ਦਾ ਅਰਥ ਸਿੱਖਾਂ ਦਾ ਰਾਜ ਨਹੀਂ, ਸਿੱਖ ਕਿਰਦਾਰ ਅਤੇ ਸਿੱਖੀ ਦਾ ਰਾਜ ਹੈ ਤਾਂ ਇਤਿਹਾਸ ਦੇ ਵਿਦਿਆਰਥੀ ਉਸ ਦੇ ਰਾਜ ਨੂੰ ਸਿੱਖ ਰਾਜ ਨਹੀਂ ਤਸਲੀਮ ਕਰਦੇ। ਬੇਸ਼ੱਕ ਉਸ ਦੇ ਦੇ ਰਾਜ ਵਿਚ ਸਿੱਖ ਆਪਣੇ ਬੱਚਿਆਂ ਨੂੰ ਅੰਮ੍ਰਿਤ ਦੀ ਦਾਤ ਨਾਲ ਜੋੜਦੇ ਸਨ। ਰਾਜਸੀ ਅਤੇ ਸਮਾਜੀ ਚੜ੍ਹਤ ਦੇ ਉਤਸ਼ਾਹੀ ਵਾਤਵਰਣ ਵਿਚ ਉਨ੍ਹਾਂ ਨੂੰ ਸਵੈਮਾਣ ਮਹਿਸੂਸ ਹੁੰਦਾ ਸੀ। ਰਾਜਸੀ ਚੜ੍ਹਤ ਦਾ ਮਾਣ ਅਤੇ ਅਭਿਮਾਨ ਇਕੋ ਗੱਲ ਹੈ, ਜਿਸ ਕਰਕੇ ਰਾਜ ਦਾ ਤਪ ਤੇਜ ਖਤਮ ਹੋਣ ਸਾਰ ਸਿੱਖਾਂ ਦਾ ਸਵੈਅਭਿਮਾਨ ਡਿਗਣਾ ਸ਼ੁਰੂ ਹੋਇਆ ਤਾਂ ਸਿੱਖਾਂ

*(ਬਾਕੀ ਅਗਲੇ ਸਫੇ 'ਤੇ)*

ਵਿਚ ਅੰਮ੍ਰਿਤ ਦੀ ਦਾਤ ਪ੍ਰਤਿ ਦੂਰੀ ਵਧਣ ਲੱਗੀ। ਸਿੱਖ ਰਾਜ ਦੀ ਸਮਾਪਤੀ ਉਪਰੰਤ ਸਿੱਖਾਂ ਦੀ ਗਿਣਤੀ ਵਿਚ ਹੈਰਾਨੀਜਨਕ ਕਮੀ ਆਈ। ਅਜੋਕੇ ਵਿਦਵਾਨ ਇਸੇ ਤੱਥ ਦੀ ਘਬਰਾਹਟ ਵਿਚ ਜ਼ੋਰ ਦਿੰਦੇ ਹਨ ਕਿ ਸਿੱਖ ਆਬਾਦੀ ਦੇ ਵਾਧੇ ਲਈ ਰਾਜ ਭਾਗ ਹੋਣਾ ਲਾਜ਼ਮੀ ਹੈ। ਜਥੇਦਾਰ ਸਾਹਿਬ ਸਿੱਖਾਂ ਨੂੰ ਵਧੇਰੇ ਬੱਚੇ ਪੈਦਾ ਕਰਨ ਲਈ ਕਈ ਵਾਰ ਆਖ ਚੁੱਕੇ ਹਨ, ਪਰ ਸਿੱਖ, ਆਰਥਕ ਤਾਣੇ ਬਾਣੇ ਅਧੀਨ ਦੋ ਬੱਚਿਆਂ ਤੋਂ ਵੀ ਪਿੱਛੇ ਖਿਸਕ ਰਹੇ ਹਨ।

ਅਕਾਲੀ ਸਰਕਾਰ ਸਮੇਂ ਨਜ਼ਰ ਆਉਣ ਵਾਲੀਆਂ ਨੀਲੀਆਂ ਦਸਤਾਰਾਂ, ਸਰਕਾਰ ਟੁਟਣ ਸਾਰ ਚਿੱਟੀਆਂ ਹੋ ਜਾਂਦੀਆਂ ਸਨ। ਕੇਵਲ ਰਾਜ ਭਾਗ ਅਤੇ ਮਾਣ-ਸਨਮਾਨ ਦੇ ਅਭਿਮਾਨ ਨਾਲ ਜੁੜੀ ਹੋਈ ਮੁਹੱਬਤ ਵਿਚ ਰੂਹਾਨੀ ਧਰਵਾਸ ਨਹੀਂ ਹੁੰਦਾ। ਗਿਰਗਟੀ ਕੱਚੇ ਰੰਗ ਬਾਬਤ ਫੁਰਮਾਨ ਹੈ: "ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ।" ਸਰਕਾਰਾਂ ਦੇ 'ਸਾਸ ਪੂਰੇ' ਹੋਣ ਉਪਰੰਤ ਇਹੋ ਭਾਣੇ ਵਰਤਦੇ ਹਨ; ਸ਼ਾਹ ਮੁਹੰਮਦ ਗਵਾਹ ਹੈ। ਫਰੀਦ ਜੀ ਦਾ ਵੀ ਫੁਰਮਾਨ ਹੈ, "ਜਾ ਲਬੁ ਤਾ ਨੇਹੁ ਕਿਆ।" ਬਾਦਸ਼ਾਹੀ ਚਮਕ-ਦਮਕ ਨੂੰ ਚੜ੍ਹਤ ਵਜੋਂ ਦੇਖਣ ਵਾਲੇ ਗੁਰੂ ਦਾ ਇਹ ਫੁਰਮਾਨ ਵੀ ਚੇਤੇ ਰੱਖਣ, "ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ।"

ਸਵੈਮਾਨ ਦੀ ਪਰਖ ਸੌਖੀ ਘੜੀ 'ਚ ਨਹੀਂ, ਔਖੀ 'ਚ ਹੁੰਦੀ ਹੈ। ਬਾਣੀ ਦੀ ਤੁਕ "ਅਉਖੀ ਘੜੀ ਨ ਦੇਖਣ ਦੇਈ" ਦਾ ਭਾਵ ਹੈ, ਵਾਹਿਗੁਰੂ ਆਪਣੇ ਸੇਵਕਾਂ ਨੂੰ ਅਉਖੀ ਘੜੀ ਨਹੀਂ ਦੇਖਣ ਦਿੰਦਾ, ਪਰ ਅਸੀਂ 'ਦੇਈ' ਸ਼ਬਦ ਨੂੰ ਬਿੰਦੀ ਲਾ ਕੇ 'ਦੇਈਂ' ਪਾਠ ਕਰਦੇ ਹਾਂ ਕਿ ਹੇ ਵਾਹਿਗੁਰੂ ਸਾਨੂੰ ਔਖੀ ਘੜੀ ਨਾ ਦੇਖਣ ਦੇਈਂ। ਆਪਹੁਦਰੀ ਬਿੰਦੀ ਨਾਲ ਗੁਰੂ ਦੀ ਪਰੌਪੋਜ਼ੀਸ਼ਨ ਅਰਥਾਤ ਅਟੱਲ ਵਾਕ ਨੂੰ ਲਿਲਕੜੀ ਵਿਚ ਤਬਦੀਲ ਕਰਨ ਨਾਲ ਕੀ ਖਰਾਬੀ ਹੁੰਦੀ ਹੈ, ਇਹ ਜਾਣਨ ਲਈ ਤਰਕ ਅਤੇ ਵਿਆਕਰਣ ਦੀ ਮੁਢਲੀ ਸਮਝ ਲਾਜ਼ਮੀ ਹੈ ਤਾਂ ਜੋ ਸਾਨੂੰ ਪਰੌਪੋਜ਼ੀਸ਼ਨ ਤੇ ਪਰੈਪੋਜ਼ੀਸ਼ਨ ਦਾ ਫਰਕ ਸਮਝ ਪੈ ਸਕੇ। ਸੂਫੀ ਦਰਵੇਸ਼ ਦਾ ਕਹਿਣਾ ਹੈ, "ਜਿੰਦ ਨਿਮਾਣੀ ਹੱਡਾਂ ਦੇ ਵਿਚ ਜਿਉਂ ਵੇਲਣ ਵਿਚ ਗੰਨਾ, ਰਹੁ ਨੂੰ ਕਹੁ ਹੁਣ ਰਹੁ ਨੀ ਅੜੀਏ, ਹੁਣ ਰਹੇਂ ਤਾਂ ਮੰਨਾ।"

ਰਾਜਸੀ ਚੜ੍ਹਤ ਦੌਰਾਨ ਸਿੱਖਾਂ ਦਾ ਗਿਣਾਤਮਕ ਵਾਧਾ ਫੁੱਲ ਫੁੱਲ ਕੇ ਦੱਸਣ ਵਾਲੀ ਗੱਲ ਨਹੀਂ। ਗਿਣਾਤਮਕ ਵਾਧੇ ਵਿਚ ਗੁਣਾਤਮਕ ਘਾਟਾ ਕਿਤਨਾ ਹੁੰਦਾ ਹੈ, ਇਹ ਜਾਣਨ ਦੀ ਜ਼ਰੂਰਤ ਹੈ। ਪੈਦਾਵਾਰ ਵਧਣ ਨਾਲ ਕੀਮਤ ਘਟ ਜਾਂਦੀ ਹੈ। ਆਲੂਆਂ ਦੀ ਬੇਕਦਰੀ ਸਭ ਨੇ ਦੇਖੀ ਹੈ। ਕਿਸੇ ਸਮੇਂ ਅਲਮੀਨੀਅਮ ਸੋਨੇ ਦੇ ਭਾਅ ਹੁੰਦੀ ਸੀ। ਸੌਖਾ ਤਰੀਕਾ ਖੋਜ ਲਿਆ ਗਿਆ ਤਾਂ ਅਲਮੀਨੀਅਮ ਬਹੁਤਾਤ ਵਿਚ ਹੋ ਗਈ। ਹੁਣ ਕੋਈ ਅਲਮੀਨੀਅਮ ਦਾ ਭਾਂਡਾ ਘਰ ਵਿਚ ਨਹੀਂ ਰੱਖਦਾ। ਜਦੋਂ ਸਿੱਖੀ ਸੋਨੇ ਦੀ ਤਰ੍ਹਾਂ ਕੁਠਾਲੀ ਵਿਚ ਕਮਾਉਣੀ ਪੈਂਦੀ ਸੀ, ਉਦੋਂ ਸਿੱਖ ਵਿਰਲੇ ਹੁੰਦੇ ਸਨ। ਹੁਣ ਸਿੱਖੀ ਕਮਾਉਣ ਲਈ ਕੁਠਾਲੀ ਨਹੀਂ, ਕੁੱਖ ਦੀ ਜ਼ਰੂਰਤ ਹੈ। ਸਿੱਖ ਦੇ ਘਰ ਜਨਮਿਆ ਹਰ ਕੋਈ ਸਿੱਖ ਕਹਾਉਂਦਾ ਹੈ, ਪਰ ਦੂਰੋਂ ਕੁਠਾਲੀ ਦੇਖ ਘੋਨ-ਮੋਨ ਹੋ ਜਾਂਦਾ ਹੈ। ਅਜਿਹੇ ਸਿੱਖਾਂ ਦੇ ਰਾਜ ਬਾਬਤ ਪੰਚਮ ਪਾਤਸ਼ਾਹ ਦਾ ਅਟੱਲ ਵਾਕ ਹੈ, "ਐਸੋ ਰਾਜੁ ਨ ਕਿਤੈ ਕਾਜਿ॥"

ਸਿੱਖ ਇਤਿਹਾਸ ਦਾ ਸੁਨਹਿਰੀ ਕਾਲ ਗੁਰੂ ਕਾਲ ਹੈ, ਜਿੱਥੋਂ ਅਸੀਂ ਸੇਧ ਲੈਣੀ ਹੈ। ਰਾਜਸੀ ਹਵਸ ਵਿਚ ਕਿਰਦਾਰ ਦੀ ਬੁਲੰਦੀ ਤੋਂ ਥਿੜਕੇ ਲੋਕਾਂ ਦੇ ਇਤਿਹਾਸ ਵਿਚੋਂ ਸਿੱਖੀ ਗੈਰਹਾਜ਼ਰ ਹੈ। ਇਸ ਇਤਿਹਾਸ ਵਿਚ ਕਿਤੇ ਕਿਤੇ ਕਿਰਦਾਰ ਦੀ ਬੁਲੰਦੀ ਅਤੇ ਸਿਦਕ ਦੀ ਅਡੋਲਤਾ ਨਜ਼ਰ ਆਉਂਦੀ ਹੈ। ਜਦੋਂ ਦਾ ਸਿੱਖਾਂ ਨੇ ਪੰਥ ਦੀ ਥਾਂ ਕੌਮ ਸ਼ਬਦ ਨਾਲ ਮੋਹ ਪਾਲ ਲਿਆ ਹੈ, ਉਦੋਂ ਦਾ ਸਿਦਕ ਘਟਣਾ ਸ਼ੁਰੂ ਹੋਇਆ ਹੈ। ਸਿੱਖੀ ਕੋਈ ਤਖੱਲਸ ਨਹੀਂ ਕਿ ਨਾਂ ਨਾਲ ਲਾ ਲਈ ਤੇ ਸਿੱਖ ਹੋ ਗਏ। ਸਿੱਖੀ ਅਜਿਹਾ ਅਮਲ ਹੈ, ਜਿਸ ਦੀ ਪ੍ਰੀਖਿਆ ਆਰੇ ਤੋਂ ਉਰੇ ਨਹੀਂ। ਸਿੱਖੀ ਦੀ ਪ੍ਰਾਪਤੀ ਤਿਆਗ ਹੈ ਅਤੇ ਕਮਾਈ ਨਿਛਾਵਰ ਹੋਣ ਵਿਚ।

ਜੋਗੀਆਂ ਸਨਿਆਸੀਆਂ ਦੇ ਭਗਤੀ ਆਸਣ ਸ਼ੇਰ ਦੀ ਖੱਲ ਵਿਚ ਸੂਚਨਾ ਹੈ ਕਿ ਉਹ ਸਨਿਆਸੀ ਇੰਨਾ ਮਹਾਂਬਲੀ ਯੋਧਾ ਹੈ ਕਿ ਉਸ ਨੇ ਆਪਣੇ ਅੰਦਰਲੇ ਜ਼ਾਲਿਮ ਪਸ਼ੂ ਸ਼ੇਰ ਨੂੰ ਮਾਰ ਲਿਆ ਹੈ। ਸੱਚਾ ਯੋਧਾ ਉਹੀ ਹੈ, ਜਿਸ ਨੇ ਆਪਣੇ ਅੰਦਰੋਂ ਦੂਸਰਿਆਂ 'ਤੇ ਹੁਕਮ ਚਲਾਉਣ ਦੀ ਲਲਕ ਮਾਰ ਲਈ ਅਤੇ ਖੁਦ ਨੂੰ ਰੱਬੀ ਹੁਕਮ ਵਿਚ ਲੀਨ ਕਰ ਲਿਆ। ਇਹੀ 'ਹੁਕਮ ਰਜਾਈ ਚਲਣਾ' ਹੈ। ਭਾਰਤੀ ਪਰੰਪਰਾ ਵਿਚ ਉਸ ਮਹਾਂਪੁਰਖ ਨੂੰ ਮਹਾਂਵੀਰ ਕਿਹਾ ਗਿਆ, ਜਿਸ ਨੇ ਆਪਣੀ ਗੱਲ ਬਾਤ ਵਿਚੋਂ ਵੀ ਹਿੰਸਾ ਸਮਾਪਤ ਕਰ ਲਈ ਸੀ। ਮਨ ਨੂੰ ਜਿੱਤਣ ਵਾਲੇ ਜਗਤ ਦੀ ਜਿੱਤ ਹਾਸਲ ਕਰ ਲੈਂਦੇ ਹਨ ਤੇ ਜਗਤ ਜਿੱਤਣ ਦੀ ਲਾਲਸਾ ਅਧੀਨ ਖੁਆਰੀ ਦੇ ਸਿਵਾ ਕੁਝ ਵੀ ਹਾਸਲ ਨਹੀਂ ਹੁੰਦਾ। ਗੁਰੂ ਨਾਨਕ ਪਾਤਸ਼ਾਹ ਦਾ ਆਗਮਨ 1469 ਵਿਚ ਹੋਇਆ। 230 ਸਾਲ ਦੇ ਲੰਬੇ ਇਤਿਹਾਸ ਅਤੇ ਅਭਿਆਸ ਬਾਦ 1699 ਵਿਚ ਦਸਮ ਪਿਤਾ ਨੇ ਪੰਜ ਸਿੱਖਾਂ ਨੂੰ ਸਿੰਘ ਅਰਥਾਤ ਸ਼ੇਰ ਆਖਿਆ, ਜਿਨ੍ਹਾਂ ਨੇ ਗੁਰੂ ਪਿਆਰ ਵਿਚ ਆਪਣੇ ਸਿਰ ਤਲੀ 'ਤੇ ਧਰ ਲਏ।

ਮੁਤੱਸਵੀ ਲੋਕ ਨਾਅਰੇ ਮਾਰਦੇ ਹਨ, "ਗਰਬ ਸੇ ਕਹੋ ਹਮ ਹਿੰਦੂ ਹੈਂ।" ਬੱਬੇ ਭੱਬੇ ਦਾ ਫਰਕ ਵੀ ਨਾ ਜਾਣਨ ਵਾਲੇ ਸਾਦਾ ਬੁੱਧ ਸਿੱਖਾਂ ਨੇ ਵੀ ਜਵਾਬ ਵਿਚ ਕਿਹਾ, "ਗਰਭ ਸੇ ਕਹੋ ਹਮ ਸਿੱਖ ਹੈਂ।" 'ਸਾਚੀ ਸਾਖੀ' ਵਿਚ ਸਿਰਦਾਰ ਕਪੂਰ ਸਿੰਘ ਦੱਸਦੇ ਹਨ ਕਿ ਗਰਬ ਤੋਂ ਮੁਕਤ ਸਾਡੇ ਬਜ਼ੁਰਗ, ਮੁਸਲਿਮ ਪਾਤਸ਼ਾਹੀਆਂ ਨਾਲ ਝਗੜੇ ਸਮੇਂ ਇਹ ਐਲਾਨ ਕਰਦੇ ਰਹੇ ਹਨ ਕਿ "ਹਮ ਹਿੰਦੂ ਹੈਂ ਗੁਰ ਕੇ ਸਿੱਖ।"

ਭਾਰਤ ਇੱਕ ਧਰਮ ਨਿਰਪੱਖ ਮੁਲਕ ਹੈ। ਮੁਸਲਮਾਨਾਂ ਨੇ ਆਪਣਾ ਧਰਮ ਆਧਾਰਤ ਮੁਲਕ ਬਣਾ ਲਿਆ। ਇਸ ਨਾਲ ਇਸਲਾਮ ਵਿਚ ਕੋਈ ਵਾਧਾ ਨਹੀਂ ਹੋਇਆ, ਮੁਸਲਮਾਨਾਂ ਦੀ ਰੂਹਾਨੀ, ਮਾਨਸਿਕ, ਸਮਾਜਿਕ ਅਤੇ ਆਰਥਕ ਹਾਲਤ ਵਿਚ ਸੁਧਾਰ ਨਹੀਂ ਹੋਇਆ। ਸਿੱਖ ਉਸ ਸਮੇਂ ਧਰਮ ਆਧਾਰਤ ਰਾਜ ਕਾਇਮ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਜੇ ਹੋ ਜਾਂਦੇ ਤਾਂ ਸਾਡੀ ਅਰਦਾਸ ਵਿਚ ਨਨਕਾਣਾ ਸਾਹਿਬ ਦੇ ਨਾਲ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਚਾਂਦਨੀ ਚੌਂਕ ਵੀ ਸ਼ਾਮਲ ਹੋ ਜਾਣੇ ਸਨ। ਜਿਸ ਤਰ੍ਹਾਂ ਹੁਣ ਲੋਕ ਰੀਟ੍ਰੀਟ ਦੀ ਰਸਮ ਦੇਖਣ ਲਈ ਅਟਾਰੀ ਸਰਹੱਦ 'ਤੇ ਜਾਂਦੇ ਹਨ, ਫਿਰ ਲਾਲੜੂ ਵੀ ਜਾ ਸਕਣਾ ਸੀ। ਸਾਡੇ ਲੇਖਕਾਂ, ਕਵੀਆਂ ਤੇ ਚਿੱਤਰਕਾਰਾਂ ਨੂੰ ਵੀ ਦੋ ਸਰਹੱਦਾਂ 'ਤੇ ਜਾ ਕੇ ਮੋਮਬੱਤੀਆਂ ਜਗਾਉਣੀਆਂ ਪੈਣੀਆਂ ਸਨ। ਦਰਬਾਰਾ ਸਿੰਘ, ਬੇਅੰਤ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਨਹੀਂ, ਰਾਸ਼ਟਰਪਤੀ ਹੋਣੇ ਸਨ। ਇਸ ਤੋਂ ਵੱਧ ਸਾਡੀ ਹਾਲਤ ਵਿਚ ਸ਼ਾਇਦ ਕੋਈ ਫਰਕ ਨਾ ਪੈਂਦਾ। ਪਰ ਉਸ ਨਾਕਾਮਯਾਬੀ ਦੇ ਬਾਵਜੂਦ ਇਹ ਆਪਣੀਆਂ ਕੁਟਲ ਨੀਤੀਆਂ ਸਦਕਾ ਇਤਨੇ ਕੁ ਕਾਮਯਾਬ ਹੋ ਗਏ ਹਨ ਕਿ ਪੰਜਾਬ ਦਾ ਮੁੱਖ ਮੰਤਰੀ ਹਮੇਸ਼ਾ ਇਕ ਵਿਸ਼ੇਸ਼ ਜਾਤੀ ਦਾ ਕਿਸਾਨ ਸਿੱਖ ਹੀ ਬਣੇ, ਵਿਦਵਾਨ ਨਹੀਂ। ਕਿਸੇ ਤਰ੍ਹਾਂ ਦੇ ਜੋੜ-ਤੋੜ, ਗਿਣਤੀ-ਮਿਣਤੀ ਜਾਂ ਕੁਟਲ ਨੀਤੀ ਨਾਲ ਵੀ ਕੋਈ ਸਿੱਖ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ। ਫਿਰ ਵੀ ਇੱਕ ਸਿੱਖ ਭਾਰਤ ਦਾ ਪ੍ਰਧਾਨ ਮੰਤਰੀ ਬਣਿਆ; ਕਿਸੇ ਗਿਣਤੀ-ਮਿਣਤੀ ਜਾਂ ਕੁਟਲ ਨੀਤੀ ਨਾਲ ਨਹੀਂ, ਉਸ ਦਾ ਈਮਾਨ ਅਤੇ ਲਿਆਕਤ ਸਬੱਬ ਬਣੇ। ਸਾਨੂੰ ਉਹ ਜਚਿਆ ਨਹੀਂ, ਕਿਉਂਕਿ ਉਹ ਵਿਦਵਾਨ ਸੀ, ਕਿਸਾਨ ਨਹੀਂ।

***ਭਾਰਤ ਇੱਕ ਧਰਮ ਨਿਰਪੱਖ ਮੁਲਕ ਹੈ। ਮੁਸਲਮਾਨਾਂ ਨੇ ਆਪਣਾ ਧਰਮ ਆਧਾਰਤ ਮੁਲਕ ਬਣਾ ਲਿਆ। ਇਸ ਨਾਲ ਇਸਲਾਮ ਵਿਚ ਕੋਈ ਵਾਧਾ ਨਹੀਂ ਹੋਇਆ, ਮੁਸਲਮਾਨਾਂ ਦੀ ਰੂਹਾਨੀ, ਮਾਨਸਿਕ, ਸਮਾਜਿਕ ਅਤੇ ਆਰਥਕ ਹਾਲਤ ਵਿਚ ਸੁਧਾਰ ਨਹੀਂ ਹੋਇਆ। ਸਿੱਖ ਉਸ ਸਮੇਂ ਧਰਮ ਆਧਾਰਤ ਰਾਜ ਕਾਇਮ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਜੇ ਹੋ ਜਾਂਦੇ ਤਾਂ ਸਾਡੀ ਅਰਦਾਸ ਵਿਚ ਨਨਕਾਣਾ ਸਾਹਿਬ ਦੇ ਨਾਲ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਚਾਂਦਨੀ ਚੌਂਕ ਵੀ ਸ਼ਾਮਲ ਹੋ ਜਾਣੇ ਸਨ। ਜਿਸ ਤਰ੍ਹਾਂ ਹੁਣ ਲੋਕ ਰੀਟ੍ਰੀਟ ਦੀ ਰਸਮ ਦੇਖਣ ਲਈ ਅਟਾਰੀ ਸਰਹੱਦ 'ਤੇ ਜਾਂਦੇ ਹਨ, ਫਿਰ ਲਾਲੜੂ ਵੀ ਜਾ ਸਕਣਾ ਸੀ। ਸਾਡੇ ਲੇਖਕਾਂ, ਕਵੀਆਂ ਤੇ ਚਿੱਤਰਕਾਰਾਂ ਨੂੰ ਵੀ ਦੋ ਸਰਹੱਦਾਂ 'ਤੇ ਜਾ ਕੇ ਮੋਮਬੱਤੀਆਂ ਜਗਾਉਣੀਆਂ ਪੈਣੀਆਂ ਸਨ।***

ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਹੱਥ ਜੋੜ ਨਤਮਸਤਕ ਹੁੰਦੇ ਹਾਂ। ਉਥੋਂ ਸਾਨੂੰ ਵਿਵੇਕ ਨਸੀਬ ਹੁੰਦਾ ਹੈ। ਕੌਮ ਅਤੇ ਰਾਜ ਦੀ ਪ੍ਰੌੜਤਾ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ, ਬਲਕਿ ਸ਼ਕਤੀ ਨਾਲੋਂ ਜ਼ਿੰਮੇਵਾਰੀ ਨੂੰ ਮਹੱਤਵ ਦਿਤਾ ਗਿਆ ਹੈ। ਧਰਮ ਧੱਕੇ ਨਾਲ ਨਹੀਂ ਸਿੱਖਾਇਆ ਜਾ ਸਕਦਾ, ਇਖਲਾਕੀ ਪ੍ਰੇਰਨਾ ਧਰਮ ਦਾ ਵਾਹਨ ਹੈ। ਧਰਮ ਕਾਨੂੰਨ ਨਹੀਂ, ਮੁਹੱਬਤ ਦਾ ਅਹਿਸਾਸ ਹੈ। ਕਾਨੂੰਨ ਨੂੰ ਜ਼ੰਜੀਰ, ਜੇਲ੍ਹ ਅਤੇ ਫਾਹੇ ਦੀ ਜ਼ਰੂਰਤ ਹੈ; ਧਰਮ ਨੂੰ ਗਿਆਨ, ਹਿਰਦੇ ਤੇ ਇਰਾਦੇ ਦੀ; ਕਾਨੂੰਨ ਨੂੰ ਕੈਦ ਦੀ; ਧਰਮ ਨੂੰ ਅਜ਼ਾਦੀ ਦੀ; ਰਾਜ ਨੂੰ ਸਰਹੱਦਾਂ ਦੀ ਅਤੇ ਧਰਮ ਨੂੰ ਰਾਹਾਂ ਦੀ। ਪੰਥ ਰਾਹ ਹੈ, ਸਰਹੱਦ ਨਹੀਂ। ਖਾਲਸਾ ਸੰਗਤ ਹੈ, ਕੌਮ ਨਹੀਂ। ਸੰਗਤ ਵਿਚ ਗਤੀਸ਼ੀਲਤਾ ਹੈ। ਪੰਥ ਵੀ ਗਤੀਸ਼ੀਲ ਹੈ। ਗਤੀਸ਼ੀਲਤਾ ਵਿਚ ਸ਼ੁੱਧਤਾ ਹੈ। ਸ਼ੁੱਧਤਾ ਹੀ ਖਾਲਸਾ ਹੈ। ਖਾਲਸਾ ਪੰਥ ਵਗਦਾ ਦਰਿਆ ਹੈ। ਰਾਜ ਰੁਕੇ ਹੋਏ ਪਾਣੀਆਂ ਦਾ ਛੱਪੜ ਹੈ। ਖਾਲਸਾ ਪੰਥ ਨੂੰ ਰਾਜਸੀ ਸਰਹੱਦਾਂ ਵਿਚ ਜਕੜਨ ਦੀ ਕੋਸ਼ਿਸ਼ ਅਤੇ ਪ੍ਰਚਾਰ ਕਰਨ ਵਾਲਿਆਂ ਦੀ ਸੋਚ ਖਾਲਸ ਨਹੀਂ।

ਰਾਜ ਅਤੇ ਸਮਾਜ-ਦੋ ਸੰਬੋਧ ਹਨ, ਇੱਕ ਨਹੀਂ। ਰਾਜ ਆਉਣੀ-ਜਾਣੀ ਸ਼ੈਅ ਹੈ, ਸਮਾਜ ਸਦੀਵੀ ਹੈ। ਸਮਾਜ ਵਿਚ ਸਮਰੱਥਾ ਹੁੰਦੀ ਹੈ ਕਿ ਉਹ ਰਾਜ ਨੂੰ ਪਲਟ ਦੇਵੇ। ਪਰ ਰਾਜ ਕੋਲ ਇਤਨੀ ਤਾਕਤ ਨਹੀਂ ਹੁੰਦੀ ਕਿ ਉਹ ਸਮਾਜ ਨੂੰ ਬਦਲ ਦੇਵੇ। ਹਿੰਦੁਸਤਾਨੀ ਲੋਕਾਂ ਨੇ ਔਰੰਗਜ਼ੇਬ ਦੀ ਤਲਵਾਰ ਦੇ ਡਰੋਂ ਇਸਲਾਮ ਧਾਰਨ ਨਹੀਂ ਕੀਤਾ, ਸਗੋਂ ਬਾਬਾ ਫਰੀਦ ਦੀ ਮੁਹੱਬਤ ਸਦਕਾ ਹਿੰਦੁਸਤਾਨ ਇਸਲਾਮ ਦੀ ਕਸ਼ਿਸ਼ ਵਿਚ ਆਇਆ। ਸਾਨੂੰ ਔਰੰਗਜ਼ੇਬ ਨਹੀਂ, ਬਾਬਾ ਫਰੀਦ ਦੇ ਮਾਖਿਉਂ ਮਿੱਠੇ ਬੋਲ ਪਿਆਰੇ ਹਨ। ਰਾਜ ਨਾਲੋਂ ਸਮਾਜ ਸਿਰਜਣਾ ਮਹਾਨ ਕਾਰਜ ਹੈ।

ਸ਼ਬਦਾਂ ਦੇ ਗੁਬਾਰੇ ਫੈਲਾਉਣ, ਤੁੱਕਿਆਂ ਦੇ ਤੀਰ ਚਲਾਉਣ ਅਤੇ ਲਫਾਫੇਬਾਜ਼ੀ ਨਾਲ ਮਸਲੇ ਹੱਲ ਨਹੀਂ ਹੁੰਦੇ। ਹਕੀਕਤ ਨੂੰ ਸੰਜੀਦਗੀ ਨਾਲ ਸਮਝਣਾ ਜ਼ਰੂਰੀ ਹੈ। ਸ਼ਬਦਾਂ ਨੂੰ ਸ਼ਬਦ ਰਹਿਣ ਦਿਉ, ਪੈਰਾਂ 'ਚ ਰੁਲਣ ਵਾਲੇ ਕਾਗਜ਼ੀ ਜਹਾਜ ਨਾ ਬਣਾਉ। ਵਾਕਾਂ ਨੂੰ ਹਵਾਈ ਕਿਲੇ ਨਾ ਬਣਾਉ। ਰੇਤ ਦੀਆਂ ਕੰਧਾਂ ਨਹੀਂ ਬਣਦੀਆਂ।

ਅਜੋਕੇ ਦੌਰ ਵਿਚ ਮਸਲਿਆਂ ਦੇ ਹੱਲ ਪੱਤਰਕਾਰ ਸੁਝਾ ਰਹੇ ਹਨ। ਪਰ, ਪੱਤਰਕਾਰੀ ਤੇ ਵਿਦਵਤਾ ਦੋ ਗੱਲਾਂ ਬਣਦੀਆਂ ਜਾ ਰਹੀਆਂ ਹਨ। ਜਿਹੜੇ ਪੱਤਰਕਾਰ ਪੁਸਤਕਾਂ ਦਾ ਪੱਲਾ ਫੜੀ ਰੱਖਦੇ ਹਨ, ਉਹ ਭੱਦਰਕਾਰੀ ਤੋਂ ਦੂਰ ਰਹਿੰਦੇ ਹਨ। ਜਿਹੜੇ ਪੱਤਰਕਾਰ ਕਦੀ ਕਿਤਾਬ ਦੇ ਨੇੜੇ ਨਹੀਂ ਢੁਕਦੇ ਉਹ ਕੇਵਲ ਸ਼ਬਦਾਂ ਦੇ ਅਖਬਾਰੀ ਪਤੰਗ ਉਡਾਉਂਦੇ ਹਨ। ਪੱਤਰਕਾਰ ਸੀ, ਖੁਸ਼ਵੰਤ ਸਿੰਘ; ਹਰੀਸ਼ ਖਰੇ ਹੈ। ਵਿਦਵਤਾ ਦੀਆਂ ਪੌੜੀਆਂ ਉਤਰਨ ਵਾਲੇ ਪੱਤਰਕਾਰ ਸਿਰਫ ਲੀਵਾਇਸ ਜੀਨ ਪਹਿਨ ਕੇ ਹੀ ਖੁਦ ਨੂੰ ਵਿਦਵਾਨ ਸਮਝ ਲੈਂਦੇ ਹਨ।

ਰਣਜੀਤ ਸਿੰਘ ਨੇ ਰਾਜ ਮਿਲਦੇ ਸਾਰ ਅੰਮ੍ਰਿਤਸਰ ਦੀ ਥਾਂ ਲਾਹੌਰ ਨੂੰ ਰਾਜਧਾਨੀ ਬਣਾ ਲਿਆ ਸੀ। ਧਰਮ ਨੇ ਅੰਮ੍ਰਿਤਸਰ ਦੀ ਸੁਰੱਖਿਆ ਲਈ ਤਲੀ 'ਤੇ ਸਿਰ ਧਰ ਕੇ ਸ਼ਹੀਦ ਹੋਣ ਵਾਲੇ ਪੈਦਾ ਕੀਤੇ ਤੇ ਰਾਜਨੀਤੀ ਨੇ ਚੰਡੀਗੜ੍ਹ ਦੀ ਪ੍ਰਾਪਤੀ ਲਈ ਭੁੱਖੇ ਰਹਿ ਕੇ ਮਰਨ ਵਾਲੇ ਸ਼ਹੀਦ ਪੈਦਾ ਕੀਤੇ। ਮੁੱਖੋਂ ਅਸੀਂ ਸ੍ਰੀ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਮੰਗਦੇ ਹਾਂ ਤੇ ਚਿੱਤ ਵਿਚ ਚੰਡੀਗੜ੍ਹ ਦੀ ਟਹਿਲ ਪਾਣੀ ਲੋਚਦੇ ਹਾਂ। ਚੰਡੀਗੜ੍ਹ ਲਈ 'ਧਰਮ ਯੁੱਧ' ਕਰਦੇ ਕਰਦੇ ਅਸੀਂ ਅੰਮ੍ਰਿਤਸਰ ਦੀ ਪਾਰਲੀਮਾਨੀ ਸੀਟ ਬੀਜੇਪੀ ਦੀ ਝੋਲੀ ਪਾ ਚੁੱਕੇ ਹਾਂ। ਲਾਹੌਰ ਦੇ ਸ਼ੌਕੀਨਾਂ ਦੇ ਬੋਝਿਆਂ ਵਿਚ ਗਾਜਰਾਂ ਦੇ ਸਿਵਾ ਕੁਝ ਨਹੀਂ ਹੋ ਸਕਦਾ।

ਗੁਰਮਤਿ ਦਾ ਗਾਡੀ ਰਾਹ ਹਰ ਤਰ੍ਹਾਂ ਦੀ ਭਿੰਨਤਾ ਨੂੰ ਸਵਿਕਾਰਦਾ ਹੈ; ਬੇਸ਼ੱਕ ਦੁਰਕਾਰਦਾ ਨਹੀਂ, ਪਰ ਪਾਲਦਾ ਵੀ ਨਹੀਂ। ਰਾਜ ਸਵੈ ਭਿੰਨਤਾ ਨੂੰ ਪਾਲਦਾ ਹੈ, ਦੂਸਰਿਆਂ ਦੀ ਭਿੰਨਤਾ ਨਸ਼ਟ ਕਰਦਾ ਹੈ। ਧਰਮ ਦਾ ਮਾਰਗ ਖੁਦ ਦੀ ਭਿੰਨਤਾ ਮੇਟ ਕੇ ਦੂਸਰਿਆਂ ਦੀ ਭਿੰਨਤਾ ਦਾ ਲੁਤਫ ਲੈਂਦਾ ਹੈ: "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥" ਰਾਜ ਸਮਾਜ ਦਾ ਬੱਚਾ ਹੈ। ਸਮਾਜ ਰਾਜ ਦੀ ਮਾਂ ਹੈ। ਜੇ ਬੱਚਾ ਚੋਰ ਹੈ ਤਾਂ ਨੁਕਸ ਮਾਂ ਵਿਚ ਹੈ। ਸਿਆਣੇ ਕਹਿੰਦੇ ਹਨ, 'ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ।' ਚੰਗੇ ਸਮਾਜ ਦੀ ਸਿਰਜਣਾ ਸਿੱਖ ਉਪਲਕਸ਼ ਹੈ। ਚੰਗਾ ਸਮਾਜ ਸਹਵਨ ਹੀ ਚੰਗੇ ਰਾਜ ਨੂੰ ਜਨਮ ਦੇਵੇਗਾ।

ਖਾਲਿਸਤਾਨ ਦੇ ਪ੍ਰਚਾਰਕ ਖਾਲਸਾ ਸ਼ਬਦ ਦੇ ਅਰਥ ਉਹ ਜ਼ਮੀਨ ਕਰਦੇ ਹਨ ਜੋ ਸਿੱਧੀ ਬਾਦਸ਼ਾਹ ਦੇ ਅਖਤਿਆਰ ਵਿਚ ਹੁੰਦੀ ਹੈ। ਹਾਲਾਂਕਿ ਇਹ ਖਾਲਸਾ ਸ਼ਬਦ ਦਾ ਦੁਜੈਲਾ ਅਰਥ ਹੈ। ਖਾਲਸਾ ਦਾ ਮੁਢਲਾ ਤੇ ਪ੍ਰਥਮ ਅਰਥ ਸ਼ੁੱਧ ਜਾਂ ਖੋਟ ਰਹਿਤ ਹੀ ਹੈ। ਪੁਰਾਣੇ ਸਮੇਂ ਵਿਚ ਰਾਜੇ ਨੂੰ ਭੂਪਤ ਅਰਥਾਤ ਭੂਮੀ ਪਤੀ ਕਿਹਾ ਜਾਂਦਾ ਸੀ। ਅਸਲ ਵਿਚ ਰਾਜਾ ਹੀ ਜ਼ਮੀਨ ਦਾ ਮਾਲਕ ਹੁੰਦਾ ਸੀ, ਜਿਸ ਦਾ ਕਾਫੀ ਹਿੱਸਾ ਆਪਣੇ ਚਹੇਤਿਆਂ, ਪ੍ਰਬੰਧਕਾਂ, ਲੋੜਵੰਦਾਂ, ਵੱਡਿਆਂ ਅਤੇ ਖਾਸ ਲੋਕਾਂ ਨੂੰ ਜਾਗੀਰ, ਐਵੇਂ ਜਾਂ ਇਨਾਮ ਵਜੋਂ ਦੇ ਦਿੰਦਾ ਸੀ। ਜਿਹੜੀ ਜ਼ਮੀਨ ਕਿਸੇ ਤੋਂ ਵਾਪਸ ਲੈ ਲਈ ਜਾਂਦੀ ਸੀ ਤੇ ਸਿੱਧੀ ਰਾਜੇ ਦੀ ਮਾਲਕੀ ਅਧੀਨ ਹੋ ਜਾਂਦੀ ਸੀ, ਉਸ ਨੂੰ ਖਾਲਸਾ ਕਿਹਾ ਜਾਂਦਾ ਸੀ।

ਗੁਰੂ ਨਾਨਕ ਜਿਥੇ ਕਿਤੇ ਵੀ ਜਾਂਦੇ ਸਨ, ਆਪਣੀ ਸੰਗਤ ਦੀ ਸਥਾਪਨਾ ਕਰ ਦਿੰਦੇ ਸਨ। ਬਾਅਦ ਵਿਚ ਸੰਗਤ ਨਾਲ ਸੰਪਰਕ ਸਥਾਪਤ ਕਰਨ ਲਈ ਗੁਰੂ ਸਾਹਿਬਾਨ ਨੇ ਮਸੰਦ ਪ੍ਰਥਾ ਜਾਰੀ ਕਰ ਦਿੱਤੀ। ਦਸਮ ਪਾਤਸ਼ਾਹ ਨੇ ਸੰਗਤ ਅਤੇ ਗੁਰੂ ਵਿਚੋਂ ਮਸੰਦ ਪ੍ਰਥਾ ਸਮਾਪਤ ਕੀਤੀ ਤਾਂ ਉਨ੍ਹਾਂ ਨੇ ਸੰਗਤ ਨੂੰ ਖਾਲਸਾ ਅਰਥਾਤ ਸਿੱਧਾ ਆਪਣੇ ਅਖਤਿਆਰ ਵਿਚ ਕਰ ਲਿਆ। 'ਗੁਰ ਸੰਗਤ ਕੀਨੀ ਖਾਲਸਾ' ਦਾ ਇਹੀ ਭਾਵ ਹੈ। ਇਸੇ ਲਈ ਇਹ 'ਵਾਹਿਗੁਰੂ ਜੀ ਕਾ ਖਾਲਸਾ' ਹੈ। ਖਾਲਸਾ ਸ਼ਬਦ ਦੇ ਦੁਜੈਲੇ ਅਰਥਾਂ ਵਿਚ ਵੀ ਇਸ ਦਾ ਪ੍ਰਥਮ ਅਰਥ 'ਸ਼ੁੱਧ' ਸ਼ਾਮਲ ਹੈ। ਸ਼ੁੱਧਤਾ ਬਗੈਰ ਖਾਲਸੇ ਬਾਬਤ ਸੋਚਿਆ ਹੀ ਨਹੀਂ ਜਾ ਸਕਦਾ।

ਇਸਲਾਮੀ ਜਗਤ ਵਿਚ ਵਕਫ ਉਸ ਜ਼ਮੀਨ ਨੂੰ ਕਹਿੰਦੇ ਹਨ, ਜੋ ਰੱਬ ਦੇ ਨਾਂ 'ਤੇ ਛੱਡੀ ਜਾਂ ਰੱਖੀ ਗਈ ਹੋਵੇ। ਅਜਿਹੀਆਂ ਥਾਂਵਾਂ ਅਕਸਰ ਕਬਰਿਸਤਾਨ ਵਜੋਂ ਵਰਤੀਆਂ ਜਾਂਦੀਆਂ ਸਨ। ਸ਼ਾਮਲਾਟ ਵੀ ਅਜਿਹੀ ਜ਼ਮੀਨ ਹੁੰਦੀ ਹੈ ਜੋ ਸਭ ਦੀ ਸਾਂਝੀ ਹੁੰਦੀ ਹੈ।

ਖਾਲਿਸਤਾਨ ਦੇ ਪ੍ਰਚਾਰਕਾਂ ਤੋਂ ਪੁੱਛਣਾ ਬਣਦਾ ਹੈ ਕਿ ਉਹ ਖਾਲਸਾ ਸ਼ਬਦ ਦੇ ਕਿਹੜੇ ਅਰਥ ਤਹਿਤ ਖਾਲਿਸਤਾਨ ਬਣਾਉਣਾ ਚਾਹੁੰਦੇ ਹਨ, ਜਿੱਥੇ ਗੁਰੂ ਦੇ ਨਹੀਂ, ਕੇਵਲ ਪੰਜਾਬ ਦੇ ਚੰਦ ਸਿੱਖਾਂ ਦੇ 'ਬੋਲ ਬਾਲੇ' ਹੋਣਗੇ, ਜਿਥੋਂ ਗੈਰ ਸਿੱਖਾਂ ਨੂੰ ਜਾਂ ਤਾਂ ਆਪਣੇ ਕਾਰੋਬਾਰ ਬੰਦ ਕਰਕੇ ਹੋਰ ਸੂਬਿਆਂ ਵਿਚ ਪਨਾਹ ਲੈਣੀ ਪਵੇਗੀ ਜਾਂ ਦੋਇਮ ਅਵਸਥਾ ਵਿਚ ਦਿਨ-ਕਟੀ ਕਰਨੀ ਪਵੇਗੀ? ਜਿੱਥੇ ਗਰੀਬ ਨੂੰ ਮਹਿਜ 'ਆਟਾ-ਦਾਲ' ਸਕੀਮ ਬਦਲੇ ਆਪਣੀ ਇੱਜਤ ਅਤੇ ਅਣਖ ਸਭ ਕੁਝ ਗਿਰਵੀ ਰੱਖਣਾ ਪਵੇਗਾ? ਨਹੀਂ ਤਾਂ ਕਿਸੇ ਰੋਡੇ, ਭੋਡੇ ਜਾਂ 'ਡੋਡੇ ਅਕਾਲੀ' ਤੋਂ ਲੱਤਾਂ-ਬਾਹਾਂ ਤੁੜਵਾਉਣ ਲਈ ਤਿਆਰ ਰਹਿਣਾ ਪਵੇਗਾ?

ਅੰਗਰੇਜ਼ੀ ਦੇ ਦੋ ਲਫਜ਼ ਹਨ: 'ਸਿਨਕਰਿਟਿਜ਼ਮ' ਅਤੇ 'ਸਿੰਨਥਿਸਿਸ' ਪਹਿਲੇ ਦਾ ਅਰਥ ਹੈ, ਵਿਭਿੰਨ ਚੀਜ਼ਾਂ ਨੂੰ ਇਕੱਠੇ ਕਰਨਾ ਅਤੇ ਦੂਜੇ ਦਾ ਭਾਵ ਹੈ, ਵੱਖੋ ਵੱਖ ਚੀਜ਼ਾਂ ਦਰਮਿਆਨ ਇਕਸੁਰਤਾ ਦਾ ਸੂਤਰ ਸਿਰਜਣਾ। ਸਿੱਖੀ ਦੀ ਮੌਲਿਕਤਾ ਵਿਭਿੰਨ ਸਭਿਆਤਾਵਾਂ ਤੇ ਵਿਚਾਰਧਾਰਾਵਾਂ ਵਿਚ ਇਕਸੁਰਤਾ ਦੇ ਸੂਤਰ ਵਜੋਂ ਸਾਂਝੀਵਾਲਤਾ ਦੀ ਤਲਾਸ਼ ਹੈ। ਸਿੱਖੀ ਮੌਲਿਕ ਹੈ, ਪਰ ਵੱਖਰਤਾਵਾਂ ਨੂੰ ਇਕਸੁਰ ਕਰਨ ਵਿਚ। ਅਜੋਕੇ ਸਿੱਖ ਵਿਦਵਾਨ ਸਿੱਖੀ ਦੀ ਮੌਲਿਕਤਾ ਨਸ਼ਟ ਕਰਨ 'ਤੇ ਤੁੱਲੇ ਹੋਏ ਹਨ। ਅਸੀਂ ਵਿਸ਼ਵ ਵਿਚ ਇਕਸੁਰਤਾ ਉਤਪਨ ਕਰਦੇ ਕਰਦੇ ਵੱਖਵਾਦ ਦੀ ਦਲ-ਦਲ ਵਿਚ ਧਸਦੇ ਜਾ ਰਹੇ ਹਾਂ। ਅਸੀਂ ਹੁਣ ਪੰਜਾਬ ਦੀ ਇਕਸੁਰਤਾ ਵਿਚ ਵੀ ਵਿਗਾੜ ਪੈਦਾ ਕਰ ਲਏ ਹਨ। ਦੂਸਰੇ ਦੋਸ਼ੀ ਹੋ ਸਕਦੇ ਹਨ, ਅਸੀਂ ਆਪਣੇ ਟੀਚੇ ਤੋਂ ਪਿਛੇ ਕਿਉਂ ਹਟੀਏ! ਆਪਣੇ ਹਿੱਸੇ ਦਾ ਦੋਸ਼ ਕਬੂਲੀਏ ਅਤੇ ਮੁੜ ਸੁੱਚੇ ਅਤੇ ਸੱਚੇ ਇਰਾਦੇ ਨਾਲ ਸਾਂਝੀਵਾਲਤਾ ਦੇ ਮਹਾਂ ਟੀਚੇ 'ਚ ਜੁਟ ਜਾਈਏ। ਗੁਰੂ ਗ੍ਰੰਥ ਸਾਹਿਬ ਕਲਜੁਗ ਦਾ ਜਹਾਜ ਹੈ, ਜਿਸ ਵਿਚ ਚੜ੍ਹਨ ਲਈ ਕਿਸੇ ਨੂੰ ਕੋਈ ਰੋਕ ਟੋਕ ਨਹੀਂ। ਕੋਈ ਟਿਕਟ ਨਹੀਂ, ਕਿਰਾਇਆ ਨਹੀਂ, ਲਾਇਸੰਸ ਨਹੀਂ ਤੇ ਪਾਸਪੋਰਟ ਨਹੀਂ। ਆ ਜਾਉ ਜੀਹਨੇ ਪਾਰ ਲੰਘਣਾ।

#

# ਗਦਰੀ ਬਾਬਾ ਵਿਸਾਖਾ ਸਿੰਘ ਦਦੇਹਰ

ਬਰਤਾਨਵੀ ਹਕੂਮਤ ਤੋਂ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਗਦਰੀ ਬਾਬਿਆਂ ਨੇ ਇਕ ਵੱਖਰਾ ਇਤਿਹਾਸ ਸਿਰਜਿਆ ਹੈ। ਗਦਰੀ ਬਾਬੇ ਵਿਸਾਖਾ ਸਿੰਘ ਦਦੇਹਰ ਦਾ ਨਾਂ ਗਦਰ ਲਹਿਰ 'ਚ ਬੜੇ ਆਦਰ ਸਨਮਾਨ ਨਾਲ ਲਿਆ ਜਾਂਦਾ ਹੈ।

ਬਾਬਾ ਵਿਸਾਖਾ ਸਿੰਘ ਦਾ ਜਨਮ ਜ਼ਿਲਾ ਅੰਮ੍ਰਿਤਸਰ ਦੇ ਇੱਕ ਛੋਟੇ ਜਿਹੇ ਪਿੰਡ ਦਦੇਹਰ ਸਾਹਿਬ ਵਿਖੇ ਅੱਧ ਵਿਸਾਖ ਸੰਮਤ ਬਿਕਰਮੀ 1834 ਅਰਥਾਤ 1877 ਈਸਵੀ ਵਿਚ ਪਿਤਾ ਸ. ਦਿਆਲ ਸਿੰਘ ਤੇ ਮਾਤਾ ਇੰਦ ਕੌਰ ਦੇ ਘਰ ਹੋਇਆ। ਦੇਸੀ ਮਹੀਨੇ ਵਿਸਾਖ ਦੀ ਪੈਦਾਇਸ਼ ਹੋਣ ਕਰਕੇ ਬਾਬਾ ਜੀ ਦਾ ਨਾਮ ਵਿਸਾਖਾ ਸਿੰਘ ਰੱਖ ਦਿੱਤਾ ਗਿਆ। ਬਚਪਨ ਤੋਂ ਹੀ ਉਹ ਸਾਧੂ ਸੁਭਾਅ ਅਤੇ ਧਾਰਮਿਕ ਸੋਚ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਆਪਣੀ ਮੁਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਦੇ ਸੰਤ ਈਸ਼ਰ ਦਾਸ ਪਾਸੋਂ ਗ੍ਰਹਿਣ ਕੀਤੀ। 1896 ਈਸਵੀ ਵਿਚ ਉਹ ਫੌਜ ਵਿਚ ਭਰਤੀ ਹੋ ਗਏ। ਪਰ ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ) ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ 1907 ਈਸਵੀ ਵਿਚ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿਛੋਂ ਉਹ ਹੰਕਾਊ (ਚੀਨ) ਚੱਲੇ ਗਏ ਅਤੇ ਪੁਲਿਸ ਵਿਚ ਭਰਤੀ ਹੋ ਗਏ, ਪਰ ਉਥੇ ਵੀ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਵੱਢ-ਵੱਢ ਖਾਣ ਲੱਗਾ ਅਤੇ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ।

1908 ਈ. ਵਿਚ ਬਾਬਾ ਵਿਸਾਖਾ ਸਿੰਘ ਸੈਨ ਫਰਾਂਸਿਸਕੋ ਆ ਗਏ। ਇੱਥੇ ਉਨ੍ਹਾਂ ਦਾ ਤਾਲਮੇਲ ਬਹੁਤ ਸਾਰੇ ਗਦਰੀਆਂ ਅਤੇ ਦੇਸ਼ ਭਗਤਾਂ-ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਹਰਨਾਮ ਸਿੰਘ ਟੁੰਡੀਲਾਟ ਅਤੇ ਭਾਈ ਪਰਮਾਨੰਦ ਆਦਿ ਨਾਲ ਹੋਇਆ।

ਜੁਲਾਈ 1914 ਵਿਚ ਪਹਿਲੀ ਸੰਸਾਰ ਜੰਗ ਛਿੜ ਪਈ, ਇਸ ਜੰਗ ਦੇ ਛਿੜਨ 'ਤੇ ਗਦਰ ਪਾਰਟੀ ਦੀ 'ਯੁਗਾਂਤਰ ਆਸ਼ਰਮ' ਵਿਚ ਇੱਕ ਹੰਗਾਮੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਮੌਕੇ ਦਾ ਫਾਇਦਾ ਉਠਾਉਂਦਿਆਂ ਸਾਰੇ ਗਦਰੀਆਂ ਨੂੰ ਦੇਸ਼ ਵਾਪਸ ਪਰਤ ਕੇ ਗਦਰ ਕਰਨ ਲਈ ਕਿਹਾ ਗਿਆ ਜਿਸ ਪਿਛੋਂ ਸਾਰੇ ਗਦਰੀਆਂ ਨੇ ਭਾਰਤ ਵੱਲ ਨੂੰ ਮੁਹਾਰਾਂ ਮੋੜ ਦਿੱਤੀਆਂ, ਪਰ ਬਾਬਾ ਵਿਸਾਖਾ ਸਿੰਘ ਅਗਲੇ ਸਾਲ ਦੇਸ਼ ਪਹੁੰਚੇ। ਦੇਸ਼ ਪਹੁੰਚਦਿਆਂ ਹੀ ਉਨ੍ਹਾਂ ਨੂੰ ਮਦਰਾਸ ਤੋਂ ਗ੍ਰਿਫਤਾਰ ਕਰ ਕੇ ਲੁਧਿਆਣੇ ਭੇਜ ਦਿੱਤਾ। ਪੁੱਛ-ਪੜਤਾਲ ਤੋਂ ਬਾਅਦ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਅਪਰੈਲ 1915 ਵਿਚ ਮੁੜ ਗ੍ਰਿਫਤਾਰ ਕਰ ਕੇ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸੱਤ ਹੋਰ ਸਾਥੀਆਂ ਨੂੰ ਫਾਂਸੀ ਦੇਣ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਬਾਬਾ ਵਿਸਾਖਾ ਸਿੰਘ ਨੂੰ ਕਾਲੇ ਪਾਣੀ (ਅੰਡੇਮਾਨ) ਭੇਜ ਦਿੱਤਾ। 14 ਅਪਰੈਲ 1920 ਨੂੰ ਉਨ੍ਹਾਂ ਦੀ ਸਿਹਤ ਅਚਾਨਕ ਖਰਾਬ ਹੋ ਗਈ ਅਤੇ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ। ਰਿਹਾਈ ਪਿਛੋਂ ਉਹ ਪਿੰਡ ਆ ਗਏ।

ਪਿੰਡ ਆ ਕੇ ਬਾਬਾ ਵਿਸਾਖਾ ਸਿੰਘ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾ ਲਈ ਅਤੇ ਤਨ, ਮਨ ਤੇ ਧਨ ਨਾਲ ਦੇਸ਼ ਭਗਤ ਪਰਿਵਾਰਾਂ ਦੀ ਸਹਾਇਤਾ ਵਿਚ ਜੁਟ ਗਏ। 1932 ਵਿਚ ਉਨ੍ਹਾਂ ਨੇ ਅੰਮ੍ਰਿਤ ਪ੍ਰਚਾਰ ਸੰਗਤ ਨਾਮ ਦੀ ਸੰਸਥਾ ਬਣਾਈ ਅਤੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾਇਆ। 5 ਦਸੰਬਰ 1957 ਨੂੰ ਬਾਬਾ ਵਿਸਾਖਾ ਸਿੰਘ ਦਦੇਹਰ ਸੰਸਾਰਕ ਚੋਲਾ ਤਿਆਗ ਕੇ ਪਰਮਾਤਮਾ ਦੇ ਚਰਨੀਂ ਜਾ ਲੱਗੇ।

**ਆਜ਼ਾਦੀ ਘੁਲਾਟੀਏ**

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

## ਅਸਲੀ ਦੁਸ਼ਮਣ !

ਜਦ ਵੀ ਉਸ ਤੋਂ ਕੁਰਸੀ ਖੁਸਦੀ ਜਾਪੀ ਹੈ,
ਲੋਕਾਂ ਭਾਅ ਦੀ ਕਿਆਮਤ ਹੀ ਵਿਆਪੀ ਹੈ।
ਦੇਖਣ ਨੂੰ ਜੋ ਰਾਜ ਬਦਲਦਾ ਦਿਸਦਾ ਹੈ,
ਸਭ ਉਸੇ ਦੇ ਨਾਟਕ ਦੀ ਇਕ ਝਾਕੀ ਹੈ।
ਬਾਬੇ ਨਾਨਕ ਤੋਂ ਜੋ ਓਸ ਅਰੰਭੀ ਸੀ,
ਘਾਟ ਕਦੇ ਵੀ ਨਫਰਤ ਵਿਚ ਨਾ ਨਾਪੀ ਹੈ।
ਲੱਖਾਂ ਮਰਿਆਂ ਰਾਜ ਓਹਨੇ ਹਥਿਆਇਆ ਸੀ,
ਏਸੇ ਲਈ ਤਾਂ ਰੂਹ ਉਸ ਦੀ ਸੰਤਾਪੀ ਹੈ।

ਹੋਰਾਂ ਦੇ ਮੋਢੇ ਰੱਖ ਸਦਾ ਚਲਾਉਂਦਾ ਹੈ,
ਚਾਣਕੀਆ ਦਾ ਚੇਲਾ ਦਿਲ ਦਾ ਪਾਪੀ ਹੈ।
ਅੰਦਰੋਂ ਤਾਂ ਉਹ ਨਸਲਘਾਤ ਲਈ ਕਾਹਲਾ ਹੈ,
ਮਤਲਬ ਦੇ ਲਈ ਦੇਂਦਾ ਬਾਹਰੋਂ ਥਾਪੀ ਹੈ।
ਜਾਤਾਂ, ਪਾਤਾਂ, ਵਰਗਾਂ ਦਾ ਉਹ ਹਾਮੀ ਹੈ,
ਸਭ ਵਿਚ ਇਕੋ ਜੋਤ ਮੰਨਣ ਤੋਂ ਆਕੀ ਹੈ।
ਪਿੰਜਰੇ ਫਸਿਆ ਸ਼ੇਰ ਕਦੇ ਛੁੱਟ ਜਾਵੇ ਨਾ,
ਸੋਚ ਸੋਚ ਉਸ ਨੀਕਰ ਕਰ ਲਈ ਖਾਕੀ ਹੈ।

-ਗੁਰਮੀਤ ਸਿੰਘ ਬਰਸਾਲ



ਸਦਾਬਹਾਰ ਗੁਲਜ਼ਾਰ ਸਿੰਘ ਸੰਧੂ-5

# ਸਾਹਿਤ ਦੀ ਸ਼ਕਤੀ

*ਪ੍ਰਿੰਸੀਪਲ ਸਰਵਣ ਸਿੰਘ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਜਾਪਦੀਆਂ ਹਨ। ਉਨ੍ਹਾਂ ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਉਨ੍ਹਾਂ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਇਹ ਲੰਮਾ ਲੇਖ ਭੇਜਿਆ ਹੈ ਜੋ ਉਨ੍ਹਾਂ ਦੀ ਮਾਰਚ ਮਹੀਨੇ ਛਪ ਕੇ ਆ ਰਹੀ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਦੂਜਾ' ਵਿਚ ਸ਼ਾਮਲ ਹੋਵੇਗਾ। ਪ੍ਰਿੰਸੀਪਲ ਸਰਵਣ ਸਿੰਘ ਵੀ ਸੰਧੂ ਜੱਟ ਹਨ। ਹੁਣ ਇਹ ਫੈਸਲਾ ਪਾਠਕਾਂ 'ਤੇ ਛਡਦੇ ਹਾਂ ਕਿ ਉਹ ਇਸ ਲੇਖ ਵਿਚ ਆਪਣੇ ਸੰਧੂ ਭਰਾ (ਗੁਲਜ਼ਾਰ ਸੰਧੂ) ਦੀ ਵਡਿਆਈ ਕਰਦੇ ਹਨ ਜਾਂ ਫਿਰ ਸ਼ਰੀਕ ਬਣ ਕੇ ਉਨ੍ਹਾਂ ਦੇ ਪਾਜ ਉਧੇੜਦੇ ਹਨ। -ਸੰਪਾਦਕ*

ਪੱਤਰਕਾਰੀ ਗੁਲਜ਼ਾਰ ਸੰਧੂ ਦੇ ਲਹੂ ਵਿਚ ਹੈ। ਉਸ ਨੇ ਕਾਲਜ ਦੇ ਮੈਗਜ਼ੀਨ ਦੀ ਐਡੀਟਰੀ ਤੋਂ ਲੈ ਕੇ ਹਫਤਾਵਾਰੀ, ਮਾਸਕ ਅਤੇ ਰੋਜ਼ਾਨਾ ਅਖ਼ਬਾਰਾਂ ਦੀਆਂ ਐਡੀਟਰੀਆਂ ਕੀਤੀਆਂ। 1984 ਵਿਚ ਸਾਧੂ ਸਿੰਘ ਹਮਦਰਦ ਦੇ ਅਕਾਲ ਚਲਾਣਾ ਕਰ ਜਾਣ ਨਾਲ ਉਸ ਦੇ ਪੁੱਤਰ ਬਰਜਿੰਦਰ ਸਿੰਘ ਨੂੰ 'ਪੰਜਾਬੀ ਟ੍ਰਿਬਿਊਨ' ਦੀ ਐਡੀਟਰੀ ਛੱਡ ਕੇ 'ਅਜੀਤ' ਦੀ ਐਡੀਟਰੀ ਸੰਭਾਲਣੀ ਪੈ ਗਈ। ਉਦੋਂ ਪ੍ਰੇਮ ਭਾਟੀਆ ਟ੍ਰਿਬਿਊਨ ਅਦਾਰੇ ਦੇ ਅਖ਼ਬਾਰਾਂ ਦਾ ਮੁੱਖ ਸੰਪਾਦਕ ਸੀ। ਡਾ. ਮਹਿੰਦਰ ਸਿੰਘ ਰੰਧਾਵਾ ਟ੍ਰਿਬਿਊਨ ਦਾ ਟ੍ਰਸਟੀ ਸੀ। ਸੰਧੂ ਦਿੱਲੀ ਵਿਚ ਡਾਇਰੈਕਟਰ ਦੀ ਸਰਕਾਰੀ ਪੋਸਟ ਉਤੇ ਸੀ। ਰੋਜ਼ਾਨਾ ਅਖ਼ਬਾਰ ਦਾ ਐਡੀਟਰ ਬਣਨਾ ਉਹਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ।

ਅਚਾਨਕ ਕੁਲਵੰਤ ਸਿੰਘ ਵਿਰਕ ਟ੍ਰਿਬਿਊਨ ਅਦਾਰੇ ਦੇ ਧੜੱਲੇਦਾਰ ਟ੍ਰਸਟੀ ਡਾ. ਮਹਿੰਦਰ ਸਿੰਘ ਰੰਧਾਵਾ ਦਾ ਸੁਨੇਹਾ ਲੈ ਕੇ ਦਿੱਲੀ ਗੁਲਜ਼ਾਰ ਸੰਧੂ ਕੋਲ ਆਇਆ ਕਿ ਉਸ ਨੂੰ ਕੇਂਦਰੀ ਮੰਤਰਾਲੇ ਦੀ ਡਾਇਰੈਕਟਰੀ ਛੱਡ ਕੇ ਬਰਜਿੰਦਰ ਸਿੰਘ ਵਾਲੀ ਖਾਲੀ ਹੋਈ ਕੁਰਸੀ ਸੰਭਾਲ ਲੈਣੀ ਚਾਹੀਦੀ ਹੈ। ਸੰਧੂ ਲਈ ਤਨਖਾਹ ਨਾਲੋਂ ਵੱਡੀ ਗੱਲ ਡਾ. ਰੰਧਾਵਾ ਦਾ ਮਾਣ ਰੱਖਣਾ ਸੀ।



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਦਿੱਲੀ ਵਿਚ ਰਾਜ ਗਿੱਲ ਵੀ ਉਹਦਾ ਬੇਲੀ ਸੀ। ਉਹ ਅੰਗਰੇਜ਼ੀ ਦਾ ਚੰਗਾ ਲੇਖਕ ਸੀ। ਉਸ ਨੇ ਕੁਝ ਸਾਲ ਪਹਿਲਾਂ ਸੰਧੂ ਦੀ ਕਹਾਣੀ 'ਮੈਂ ਚੁੱਪ ਹਾਂ' ਦਾ ਅਨੁਵਾਦ 'ਰਿਗਰੈਟ' ਨਾਂ ਹੇਠ ਅਮਰੀਕੀ ਮੈਗਜ਼ੀਨ 'ਥਾਟ ਵੀਕਲੀ' ਨੂੰ ਭੇਜਿਆ ਸੀ। ਥਾਟ ਦੇ ਸੰਪਾਦਕ ਆਰ. ਐਲ. ਬਾਰਥੋਲੋਮੀਓ ਨੇ ਮੁੜਦੀ ਡਾਕ ਵਿਚ ਲਿਖਿਆ ਸੀ ਕਿ ਉਸ ਨੂੰ ਕਹਾਣੀ ਦਾ ਚੈਖਵੀ ਗੁਣ ਚੰਗਾ ਲੱਗਿਆ ਹੈ ਤੇ ਅਗਾਂਹ ਤੋਂ ਹੋਰ ਕਹਾਣੀਆਂ ਵੀ 'ਥਾਟ' ਨੂੰ ਭੇਜਿਆ ਕਰੇ। ਅੰਮ੍ਰਿਤਾ ਪ੍ਰੀਤਮ ਨੇ ਵਧਾਈ ਦਿੰਦਿਆਂ ਕਿਹਾ ਸੀ, "ਗੁਲਜ਼ਾਰ ਮੀਆਂ, ਸੁਣਿਆ ਤੇਰੀਆਂ ਧੁੰਮਾਂ ਅਮਰੀਕਾ ਤਕ ਪੈ ਗਈਆਂ!"

ਫਿਰ ਗਾਰਗੀ ਨੇ ਸੰਧੂ ਦੀ ਕਹਾਣੀ 'ਠੱਗੀ' ਦਾ ਅਨੁਵਾਦ 'ਫਰਾਡ' ਨਾਂ ਹੇਠ ਛਪਵਾਇਆ। ਕਹਾਣੀ 'ਨੈਪੋਲੀਅਨ' ਦੇ ਛਪਦਿਆਂ ਸਾਰ ਬਲਰਾਜ ਸਾਹਨੀ ਦੀ ਏਨੀ ਪਿਆਰੀ ਚਿੱਠੀ ਆਈ ਕਿ ਸੰਧੂ ਦਾ ਮਨ ਬਾਗੋ-ਬਾਗ ਹੋ ਗਿਆ। ਫਿਰ ਉਹਦੀ ਕਹਾਣੀ 'ਭਲੇ ਦਿਨਾਂ ਦੀ ਗੱਲ' ਦੱਖਣ ਤੋਂ ਛਪਦੇ ਪ੍ਰਸਿਧ ਅਖ਼ਬਾਰ 'ਦਿ ਹਿੰਦੂ' ਵਿਚ ਛਪੀ ਅਤੇ 'ਕੈਰਾਵਾਨ', 'ਥਾਟ ਵੀਕਲੀ' ਤੇ 'ਸੈਂਚੁਰੀ' ਵਿਚ ਕਈ ਰਚਨਾਵਾਂ ਛਪੀਆਂ। ਡਾ. ਰੰਧਾਵਾ ਉਹਦੀਆਂ ਕਹਾਣੀਆਂ ਅੰਗਰੇਜ਼ੀ ਪਰਚਿਆਂ ਵਿਚ ਪੜ੍ਹ ਕੇ ਬਹੁਤ ਖੁਸ਼ ਹੋਇਆ ਸੀ।

ਸੰਧੂ 1984 'ਚ ਦਿੱਲੀ ਛੱਡ ਕੇ ਚੰਡੀਗੜ੍ਹ ਆ ਗਿਆ। ਦਿੱਲੀ ਪੁਲਿਸ ਨੇ ਜਿਹੜੀਆਂ ਅੱਖਾਂ ਇੰਦਰਾ ਕਾਂਡ ਸਮੇਂ ਮੀਟੀ ਰੱਖੀਆਂ ਸਨ, ਪੰਜਾਬ ਆ ਕੇ ਉਸ ਨੂੰ ਇਨ੍ਹਾਂ ਅੱਖਾਂ ਦੇ ਖੁੱਲ੍ਹੀਆਂ ਹੋਣ ਦੇ ਦਰਸ਼ਨ ਹੋਏ। ਅਜੀਤ ਕੌਰ ਦੀ ਕਹਾਣੀ 'ਨਾ ਮਾਰੋ' ਪੜ੍ਹਨ ਪਿੱਛੋਂ ਉਸ ਨੇ 'ਰੁਦਨ ਬਿੱਲੀਆਂ ਦਾ' ਕਹਾਣੀ ਲਿਖੀ ਜਿਸ ਦਾ ਅੰਤਲਾ ਫਿਕਰਾ ਹੈ, "ਏਸ ਤਰ੍ਹਾਂ ਨੀ ਰੋਵੀਦਾ, ਏਸ ਤਰ੍ਹਾਂ ਤਾਂ ਬਿੱਲੀਆਂ ਰੋਂਦੀਆਂ ਨੇ।" ਇਹ ਕਹਾਣੀ ਉਸ ਤੋਂ ਅਜੀਤ ਕੌਰ ਲਿਖਵਾ ਗਈ। ਦਹਿਸ਼ਤੀ ਦੌਰ ਬਾਰੇ ਲਿਖੀਆਂ ਕਹਾਣੀਆਂ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ।

'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਛੁੱਟਦੇ ਸਾਰ ਰਾਜਪਾਲ ਐਸ. ਐਸ. ਰੇਅ ਨੇ ਉਸ ਨੂੰ ਪੰਜਾਬ ਰੈੱਡ ਕਰਾਸ ਦੀ ਸਕੱਤਰੀ ਸੌਂਪ ਦਿੱਤੀ। ਸਕੱਤਰੀ ਛੱਡੀ ਤਾਂ ਆਰਟਸ ਕੌਂਸਲ ਦਾ ਅਹੁਦਾ ਮਿਲ ਗਿਆ। ਆਰਟਸ ਕੌਂਸਲ ਵੱਲੋਂ ਉਸ ਨੇ ਤਿੰਨ ਕਿਤਾਬਾਂ ਤਿਆਰ ਕੀਤੀਆਂ- 'ਪੰਜਾਬ ਦਾ ਛੇਵਾਂ ਦਰਿਆ', 'ਵਾਸਨਾ ਵਿਸਕੀ ਵਿਦਵਤਾ' ਤੇ 'ਹਰਿਭਜਨ ਸਿੰਘ'।

ਭਾਰਤ ਵਿਚ ਸੰਧੂ ਨੇ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੇ ਅਰੁਣਾਚਲ, ਲਖੀਮਪੁਰ ਤੋਂ ਮਹਾਰਾਸ਼ਟਰ ਦੇ ਪੂਨਾ ਤਕ ਦਾ ਖੇਤਰ ਆਪਣੀ ਅੱਖੀਂ ਵੇਖਿਆ। ਯੂਰਪ ਦੇ ਦੇਸ਼ ਇਟਲੀ, ਸਵਿਟਜ਼ਰਲੈਂਡ, ਜਰਮਨੀ, ਫਰਾਂਸ, ਨੀਦਰਲੈਂਡਜ਼ ਤੇ ਆਸਟ੍ਰੀਆ ਤਾਂ ਕੀ; ਅਮਰੀਕਾ, ਕੈਨੇਡਾ ਤੇ ਭਾਰਤ ਦੇ ਨਾਲ ਲੱਗਦੇ ਸਾਰੇ ਸਾਰਕ ਦੇਸ਼ ਗਾਹੇ ਹਨ। ਉਹਦੀ ਧਰਤੀ ਨਾਨਕੇ ਪਿੰਡ ਦੀ ਧਰਤੀ ਤੋਂ ਹਜ਼ਾਰਾਂ ਗੁਣਾਂ ਵੱਡੀ ਹੋ ਚੁੱਕੀ ਹੈ। ਜਦ ਉਹ ਨਾਨਕੀਂ ਰਹਿੰਦਾ ਸੀ ਤਾਂ ਆਪਣੀ ਜੀਭ ਨੂੰ ਚੁੱਲ੍ਹੇ ਦੀ ਸੁਆਹ ਲਾ ਕੇ ਦੁੜੰਗੇ ਮਾਰਦਾ ਮੜ੍ਹੀਆਂ ਵਿਚ ਜਾ ਵੜਦਾ ਸੀ ਜਿਸ ਨਾਲ ਕਿਸੇ ਕਿਸਮ ਦਾ ਕੋਈ ਭੂਤ ਉਹਦੇ ਨੇੜੇ ਨਹੀਂ ਸੀ ਆਉਂਦਾ। ਬਲਦੇ ਸਿਵੇ ਦੇ ਕੋਲਿਆਂ ਉਤੇ ਨੇੜਲੇ ਖੇਤ ਵਿਚੋਂ ਤੋੜੀਆਂ ਛੱਲੀਆਂ ਤੇ ਹੋਲਾਂ ਭੁੰਨ ਕੇ ਖਾਂਦਿਆਂ ਵੀ ਡਰ ਨਹੀਂ ਸੀ ਲੱਗਦਾ। ਦੁਨੀਆ ਘੁੰਮਦਿਆਂ ਉਹਦਾ ਅਨੁਭਵ ਹੋਰ ਵਿਸ਼ਾਲ ਹੁੰਦਾ ਗਿਆ ਤੇ ਲਿਖਤਾਂ ਵਿਚ ਵਿਚਾਰਾਂ ਦਾ ਦਾਇਰਾ ਹੋਰ ਫੈਲਦਾ ਗਿਆ।

ਉਹਦੇ ਨਾਲ ਗੱਲਾਂ ਕਰੋ ਤਾਂ ਉਹ ਬਚਪਨ ਦੀਆਂ ਗੱਲਾਂ ਵਾਰ ਵਾਰ ਦੁਹਰਾਉਂਦੈ। ਦੱਸੇਗਾ, ਮੇਰੀ ਮਾਸੀ ਗੁਰਦੇਵ ਕੌਰ ਨੂੰ ਵੀ ਕਿੱਸੇ ਪੜ੍ਹਨ ਦਾ ਬਹੁਤ ਸ਼ੌਕ ਸੀ। ਇਹ ਸ਼ੌਕ ਉਸ ਨੂੰ ਨਾਨੇ ਤੋਂ ਵਿਰਸੇ ਵਿਚ ਮਿਲਿਆ ਸੀ। ਇਕੇਰਾਂ ਮਾਸੀ ਪੇਕੀਂ ਆਈ ਹੋਈ ਸੀ। ਮਾਸੜ ਦੀ ਤਾਰ ਆਈ 'ਡੈਥ ਬੈੱਡ 'ਤੇ'। ਪੜ੍ਹਨ ਵਾਲੇ ਨੇ 'ਬੈੱਡ ਤੇ ਡੈੱਥ' ਇਕੱਠੇ ਪੜ੍ਹ ਦਿੱਤੇ'। ਤੁਰਤ ਸਹੁਰੀਂ ਤੁਰਨਾ ਪੈਣਾ ਸੀ। ਮਾਸੀ ਸਹੁਰੇ ਪਿੰਡ ਜਾਣ ਨੂੰ ਤਿਆਰ ਹੋਣ ਲੱਗੀ, ਪਰ ਕਿੱਸਿਆਂ ਦਾ ਕੀ ਕਰੇ? ਮਾਸੀ ਕਹੇ, 'ਮੇਰਾ ਜਾਨੀ ਚੋਰ ਦਾ ਕਿੱਸਾ ਨੀ ਲੱਭਦਾ'। ਉਸ ਨੇ ਓਨਾ ਚਿਰ ਸੰਦੂਕ 'ਚੋਂ ਸਿਰ ਬਾਹਰ ਨਾ ਕੱਢਿਆ, ਜਦੋਂ ਤਕ ਉਸ ਨੂੰ ਕਿੱਸਾ ਨਾ ਮਿਲਿਆ। ਅਸੀਂ ਦਾਣੇ ਚੋਰੀ ਕਰ ਕੇ ਕਿੱਸੇ ਲੈ ਲੈਣੇ। ਗੁਰਦੁਆਰੇ ਛੋਟਾ ਸਿੱਕਾ ਮੱਥਾ ਟੇਕ ਕੇ ਵੱਡਾ ਚੁੱਕਣਾ ਤੇ ਕਿੱਸਾ ਜਾ ਖਰੀਦਣਾ। ਵੱਡੇ ਕਿੱਸੇ 'ਚ ਛੋਟਾ ਕਿੱਸਾ ਪਾ ਕੇ ਚੋਰੀ ਕਰਨਾ। ਬੋਰੀ ਦਾ ਪੱਲਾ ਚੁੱਕ ਕੇ ਪੈਸੇ ਚੁੱਕਣੇ। ਕਿੱਸਿਆਂ ਵਾਲੇ ਨੂੰ ਗੱਲੀਂ ਲਾ ਕੇ ਦਾਅ ਲਾਉਣਾ। ਚੋਰੀ ਦਾ ਸੁਆਦ ਲੈਣਾ। ਉਹ ਗੱਲਾਂ ਦਾ ਧਨੀ ਹੈ।

ਉਹ ਜਦੋਂ ਦਿੱਲੀ ਗਿਆ ਤਾਂ ਸੀਸ ਗੰਜ ਗੁਰਦੁਆਰੇ ਦੀ ਛੱਤ ਉਤੇ ਚਲਦੇ ਗਿਆਨੀ ਕਾਲਜ ਦਾ ਫੱਟਾ ਲੱਗਾ ਹੁੰਦਾ ਸੀ ਜੋ ਦੂਰੋਂ ਦਿਸਦਾ ਸੀ। ਉਥੋਂ ਉਸ ਨੇ ਗਿਆਨੀ ਪਾਸ ਕੀਤੀ। ਉਹਦੇ 436 ਨੰਬਰ ਆਏ ਤੇ ਉਹ ਯੂਨੀਵਰਸਿਟੀ 'ਚ ਫਸਟ ਰਿਹਾ। ਕਾਲਜ ਵਾਲਿਆਂ ਨੇ ਗੁਰਦੁਆਰੇ ਦੇ ਸਾਹਮਣੇ ਰੁੱਖ ਨਾਲ ਕਪੜੇ ਦਾ ਬੈਨਰ ਲਟਕਾ ਦਿੱਤਾ। ਮੋਟੇ ਅੱਖਰਾਂ 'ਚ ਲਿਖ ਦਿੱਤਾ, "ਇਸ ਕਾਲਜ ਦਾ ਗੁਲਜ਼ਾਰ ਸਿੰਘ ਗਿਆਨੀ ਵਿਚੋਂ ਯੂਨੀਵਰਸਿਟੀ ਵਿਚ ਅੱਵਲ ਰਿਹਾ ਹੈ।"

ਉਹਦੇ ਨਾਲ ਪੜ੍ਹਦੇ ਹਰਚਰਨ ਸਿੰਘ ਬਾਠ ਦਾ ਨਤੀਜਾ ਲੇਟ ਸੀ। ਨਤੀਜਾ ਨਿਕਲਿਆ ਤਾਂ ਉਹਦੇ 440 ਨੰਬਰ ਆਏ ਜਿਸ ਨਾਲ ਉਹ ਅੱਵਲ ਹੋ ਗਿਆ, ਪਰ ਬੈਨਰ ਦੇ ਕਪੜੇ ਦਾ ਖਰਚਾ ਕੌਣ ਦੇਵੇ? ਇਕ ਰੁਪਏ ਦਾ ਕਪੜਾ ਆਉਣਾ ਸੀ ਤੇ 12 ਆਨੇ ਦੀ ਲਿਖਾਈ ਲੱਗਣੀ ਸੀ। ਅਗਲਿਆਂ ਨੇ ਬੈਨਰ ਉਵੇਂ ਰਹਿਣ ਦਿੱਤਾ!

ਗਿਆਨੀ ਕਰ ਕੇ ਉਸ ਨੇ ਕਿਸੇ ਕਾਲਜ ਤੋਂ ਬੀ. ਟੀ. ਕਰਨ ਜਾਂ ਪੰਜਾਬੀ ਦੀ ਐਮ. ਏ. ਕਰਨ ਬਾਰੇ ਨਾ ਸੋਚਿਆ। ਪੰਜਾਬੀ ਦੀ ਐਮ. ਏ. ਕਰ ਲੈਂਦਾ ਤਾਂ ਉਹ ਦਿੱਲੀ ਦੇ ਕਿਸੇ ਕਾਲਜ ਵਿਚ ਪੰਜਾਬੀ ਦਾ ਪਹਿਲਾ ਜੱਟ ਲੈਕਚਰਾਰ ਲੱਗਦਾ, ਪਰ ਉਹ ਉਸ ਪਾਸੇ ਨਾ ਤੁਰਿਆ ਤੇ ਉਹਦੀ ਥਾਂ ਦਿੱਲੀ 'ਚ ਪਹਿਲਾ ਜੱਟ ਲੈਕਚਰਾਰ ਲੱਗਣ ਦਾ ਮਾਣ ਮੈਨੂੰ ਮਿਲਿਆ। ਉਸ ਨੇ ਪੰਜਾਬੀ ਦੀ ਥਾਂ ਅੰਗਰੇਜ਼ੀ ਦੀ ਐਮ. ਏ. ਕੀਤੀ। ਥਰਡ ਡਿਵੀਜ਼ਨ ਆਉਣ ਕਾਰਨ ਕਿਸੇ ਕਾਲਜ ਵਿਚ ਲੈਕਚਰਾਰੀ ਨਾ ਮਿਲ ਸਕੀ। ਜਿਸ ਕੋਚਿੰਗ ਕਾਲਜ ਵਿਚ ਮਾੜੀ ਮੋਟੀ ਮਿਲੀ, ਉਹ ਸ਼ੱਕ-ਸ਼ੁਬ੍ਹੇ ਵਿਚ ਕਰਮਾਂ ਵਾਲੀ ਕੁੜੀ ਦੇ ਲੇਖੇ ਲੱਗ ਗਈ!

ਸੰਧੂ ਨੇ 'ਪ੍ਰੀਤਲੜੀ' ਤੇ 'ਬਾਲ ਸੰਦੇਸ਼' ਤੋਂ ਪ੍ਰੇਰਨਾ ਲੈ ਕੇ ਛਪਣਾ ਸ਼ੁਰੂ ਕੀਤਾ। ਉਸ ਨੇ ਟਿੱਚਰੀ ਬਾਬੇ ਦਾ ਰੇਖਾ ਚਿੱਤਰ ਲਿਖ ਕੇ 'ਬਾਲ ਸੰਦੇਸ਼' ਨੂੰ ਭੇਜਿਆ- 'ਸਾਡਾ ਹਸਮੁੱਖ ਬਾਬਾ' ਉਹਦੀ ਪਹਿਲੀ ਛਪੀ ਹੋਈ ਰਚਨਾ ਹੈ। 'ਪ੍ਰੀਤਮ' ਤੇ 'ਫਤਿਹ' ਰਸਾਲੇ ਦੀ ਐਡੀਟਰੀ ਕਰਦਿਆਂ ਉਹਦੇ ਅੰਦਰਲਾ ਲੇਖਕ ਜਾਗ ਪਿਆ। 'ਸੈਨਿਕ ਸਮਾਚਾਰ' ਦਾ ਪਹਿਲਾ ਨਾਂ 'ਫੌਜੀ ਅਖ਼ਬਾਰ' ਸੀ ਜਿਸ ਨੂੰ ਹਰ ਫੌਜੀ ਪੜ੍ਹਦਾ ਸੀ। ਉਸ ਵਿਚ ਉਹਦੀਆਂ ਤਾਏ ਨਾਹਰ ਸਿੰਘ ਬਾਰੇ ਲਿਖੀਆਂ ਗੱਲਾਂ ਛਪਾਉਣ ਦੇ 20 ਰੁਪਏ ਮਿਲੇ। ਉਹਨਾਂ ਨਾਲ ਉਹ ਲੇਖਕ ਬਣ ਗਿਆ। ਉਸ ਨੂੰ ਪਤਾ ਲੱਗ ਗਿਆ ਕਿ ਗੱਲਾਂ ਲਿਖਣ ਦੇ ਵੀ ਪੈਸੇ ਮਿਲਦੇ ਹਨ!

ਉਹ ਕੁਝ ਸਮਾਂ ਸ਼ਿਮਲੇ ਵੀ ਰਿਹਾ। ਉਥੇ ਉਹਦਾ ਸ਼ਿਮਲੇ ਦੇ ਆੜ੍ਹਤੀਆਂ, ਮੁਨੀਮਾਂ, ਪੱਲੇਦਾਰਾਂ ਤੇ ਮਜ਼ਦੂਰਾਂ ਨਾਲ ਵਾਹ ਪਿਆ। ਉਸ ਨੇ ਸਮਰ ਹਿੱਲ 'ਤੇ ਰਹਾਇਸ਼ ਰੱਖੀ ਸੀ। ਉਥੇ ਸਬਜ਼ੀਆਂ, ਫਲ ਤੇ ਆਂਡੇ ਨਿਲਾਮ ਕਰਾਉਂਦਾ ਸੀ। ਇਹ ਉਹਦੇ ਮਾਸੜ ਨਿਹਾਲ ਸਿੰਘ ਦਾ ਕਾਰੋਬਾਰ ਦਿਖਾਈ ਦਿੰਦਾ। ਉਹਦੇ ਤੋਂ ਉਹਨਾਂ ਟਾਪੂਆਂ ਦਾ ਨਾਂ ਪੈ ਗਿਆ ਕਾਲੇ ਪਾਣੀ।

ਸੰਧੂ ਉਦਮ ਕਰ ਲੈਂਦਾ ਹੈ ਤੇ ਮਿਹਨਤ ਵੀ, ਪਰ ਪੀਹਣਾ ਪਾਉਣ ਤੋਂ ਕੰਨੀ ਕਤਰਾਉਂਦੈ। ਥਾਮਸ ਹਾਰਡੀ ਦੇ ਵੱਡ-ਅਕਾਰੀ ਨਾਵਲ ਦਾ ਉਸ ਨੇ 'ਟੈੱਸ' ਦੇ ਰੂਪ ਵਿਚ ਸੰਖੇਪ ਅਨੁਵਾਦ ਕੀਤਾ। ਖੁਸ਼ਵੰਤ ਸਿੰਘ ਦੇ ਨਾਵਲ 'ਟ੍ਰੇਨ ਟੂ ਪਾਕਿਸਤਾਨ' ਦਾ ਨਾਂ 'ਪਾਕਿਸਤਾਨ ਮੇਲ' ਰੱਖਿਆ। ਖੁਸ਼ਵੰਤ ਨੂੰ ਪਸੰਦ ਆਇਆ, ਪਾਠਕਾਂ ਨੂੰ ਤਾਂ ਆਉਣਾ ਹੀ ਸੀ। ਖ਼ੂਬ ਵਿਕਿਆ।

ਦਿੱਲੀ-ਕਲਕੱਤਾ ਰਾਜਧਾਨੀ ਐਕਸਪ੍ਰੈੱਸ ਧਰਤੀ ਉਤੇ ਰਿੜ੍ਹਨ ਵਾਲਾ ਹਵਾਈ ਜਹਾਜ਼ ਕਹੀ ਜਾਂਦੀ ਸੀ। ਉਹ ਉਹਦੇ ਉਤੇ ਬੰਗਲਾ ਦੇਸ਼ ਗਿਆ। ਉਥੇ ਉਸ ਨੇ 'ਕੰਧੀ ਜਾਏ' ਨਾਵਲ ਲਿਖਿਆ। ਸਵੇਰ ਤੋਂ ਸ਼ਾਮ ਤਕ ਹਰ ਰੋਜ਼ ਨਾਵਲ ਦੇ ਦੋ ਕਾਂਡ ਲਿਖ ਲੈਂਦਾ। 'ਕੰਧੀ ਜਾਏ' ਅਜਿਹੇ ਬਾਲਕਾਂ ਦੀ ਕਹਾਣੀ ਹੈ ਜਿਹੜੇ ਆਪਣੇ ਮਾਂ-ਬਾਪ, ਜਨਮ-ਭੂਮੀ, ਮਾਤ-ਭਾਸ਼ਾ ਤੇ ਸਭਿਆਚਾਰ ਦੇ ਗੁਲਾਮ ਨਹੀਂ ਬਣਦੇ। ਆਪਣੇ ਸਭਿਆਚਾਰ ਨਾਲ ਮੋਹ ਤਾਂ ਹੁੰਦਾ ਹੈ, ਪਰ ਹੇਜ ਨਹੀਂ। ਉਨ੍ਹਾਂ ਦਾ ਵਰਤ-ਵਰਤਾਅ ਖੁੱਲ੍ਹਾ ਖੁਲਾਸਾ ਹੋ ਜਾਂਦੈ। ਪੰਜਾਬੀਆਂ ਦੀ ਉਨਤੀ, ਪੰਜਾਬੀ ਸੁਭਾਅ ਦੀ ਖੁੱਲ੍ਹਦਿਲੀ, ਦਲੇਰੀ ਤੇ ਦ੍ਰਿੜਤਾ ਦੀ ਭਾਵਨਾ ਵਿਚੋਂ ਹੀ ਪੈਦਾ ਹੋਈ ਹੈ। ਜਿਥੇ ਉਹਦੀ ਹਰ ਪੁਸਤਕ ਦਾ ਦੂਜਾ ਐਡੀਸ਼ਨ ਛਪਿਆ, 'ਕੰਧੀ ਜਾਏ' ਨਾਵਲ ਦਾ ਪਹਿਲਾ ਐਡੀਸ਼ਨ ਖ਼ਤਮ ਹੋਣ ਨੂੰ ਵੀਹ ਸਾਲ ਲੱਗ ਗਏ! ਚੱਕਰ ਨਾਵਲ ਦੇ ਨਾਂ ਦਾ ਸੀ। ਨਾਂ ਦੀ ਬਹੁਤਿਆਂ ਨੂੰ ਸਮਝ ਨਾ ਆਈ। 'ਕੰਧੀ ਜਾਏ' ਕਈਆਂ ਨੂੰ ਏਦਾਂ ਜਾਪਿਆ ਜਿਵੇਂ ਕੋਈ ਕਹਿ ਰਿਹਾ ਹੋਵੇ- ਵੱਡੇ ਖੂਹ 'ਚ ਜਾਏ। ਉਸੇ ਨਾਵਲ ਦਾ ਨਾਂ 'ਧਰੂ ਤਾਰੇ' ਰੱਖਿਆ ਤਾਂ ਨਾਵਲ ਧੜਾ ਧੜ ਵਿਕਿਆ। ਕੌਣ ਕਹਿੰਦੈ ਕਿ ਨਾਂ ਵਿਚ ਕੁਝ ਨਹੀਂ ਪਿਆ? ਕਈਆਂ ਦਾ ਨਾਂ ਈ ਵਿਕੀ ਜਾਂਦੈ, ਵਿਚ ਭਾਵੇਂ ਕੁਝ ਨਾ ਹੋਵੇ। ਸੰਧੂ ਦਾ ਕਹਿਣਾ ਹੈ ਕਿ ਕਿਤਾਬ ਵਿਕਦੀ ਹੈ ਪਾਠ ਪੁਸਤਕ ਜਾਂ ਪੇਪਰ ਬੈਕ ਬਣ ਕੇ, ਪਰ ਪੇਪਰ ਬੈਕ ਦਾ ਪ੍ਰਕਾਸ਼ਕ ਨੂੰ ਕੁਝ ਨਹੀਂ ਬਚਦਾ। ਇਸੇ ਕਰ ਕੇ ਉਹ ਹਾਰਡ ਬਾਊਂਡ ਛਾਪਦੈ।



*ਗੁਲਜ਼ਾਰ ਸਿੰਘ ਸੰਧੂ ਨਵੀਂ ਦਿੱਲੀ ਵਿਚ ਅੰਮ੍ਰਿਤਾ ਅਤੇ ਇਮਰੋਜ਼ ਨਾਲ।*

ਸੀ। ਪਿਤਾ ਦੀ ਹਦਾਇਤ ਸੀ ਕਿ ਤੇਰੀ ਕੋਈ ਸ਼ਿਕਾਇਤ ਨਾ ਆਵੇ, ਜਿਹੜੀ ਕਦੇ ਵੀ ਨਾ ਆਈ। ਜਿਥੋਂ ਤਕ ਉਹਦੀਆਂ ਸੈਰਗਾਹਾਂ ਦਾ ਸੰਬੰਧ ਹੈ, ਉਸ ਨੂੰ ਪਹਾੜਾਂ ਦਾ ਜੀਵਨ ਵਧੇਰੇ ਧੂਹ ਪਾਉਂਦਾ ਹੈ। ਪਹਾੜਾਂ 'ਚ ਘੁੰਮਦਿਆਂ ਉਸ ਨੂੰ 'ਹੁਸਨ ਦੇ ਹਾਣੀ' ਕਹਾਣੀ ਦਾ ਫੁਰਨਾ ਫੁਰਿਆ ਸੀ ਜਿਸ ਦਾ ਵਿਸ਼ਾ ਹੈ ਕਿ ਖ਼ੂਬਸੂਰਤੀ ਹਰ ਇਕ ਦੇ ਹਾਣ ਦੀ ਹੁੰਦੀ ਹੈ।

ਉਹਦੀ ਪਹਿਲੀ ਕਹਾਣੀ 'ਇਕ ਪ੍ਰੀਤ ਕਹਾਣੀ' ਉਹਦੇ ਆਪਣੇ ਹੀ ਪਰਚੇ 'ਪ੍ਰੀਤਮ' ਵਿਚ 1955-56 ਵਿਚ ਛਪੀ ਸੀ। ਕਹਾਣੀਕਾਰ ਬੂਟਾ ਸਿੰਘ ਅਨੁਸਾਰ ਗੁਲਜ਼ਾਰ ਸਿੰਘ ਨੇ ਇਹ ਕਹਾਣੀ ਥਾਂ ਥਾਂ ਸੁਣਾਈ। ਸੁਣਾਉਣ 'ਤੇ ਉਹਦੇ ਪੰਜਾਹ ਕੁ ਰੁਪਏ ਖਰਚ ਹੋ ਗਏ ਜੋ ਉਹਨੀਂ ਦਿਨੀਂ ਵਿਚ ਬੜੇ ਮੁੱਲਵਾਨ ਸਨ। ਉਹ ਆਪਣੇ ਯਾਰਾਂ ਦੋਸਤਾਂ ਨੂੰ ਟੀ ਹਾਊਸ ਜਾਂ ਕਾਫੀ ਹਾਊਸ ਵਿਚ ਸੱਦ ਕੇ ਕਹਾਣੀ ਸੁਣਾਉਂਦਾ। ਕਹਾਣੀ ਪੜ੍ਹਨ ਤੋਂ ਪਹਿਲਾਂ ਸਰੋਤਿਆਂ ਦੇ ਖਾਣ ਪੀਣ ਲਈ ਆਰਡਰ ਦਿੰਦਾ, ਕਿਉਂਕਿ ਕਹਾਣੀ ਲੰਮੀ ਜੋ ਸੀ। ਕਹਾਣੀ ਸੁਣਨ ਤੋਂ ਬਾਅਦ ਸਰੋਤੇ ਲੰਮੇ ਸਾਹ ਭਰਦੇ ਤੇ ਬਿਨਾਂ ਕੁਝ ਬੋਲੇ ਖਾਣਾ ਸ਼ੁਰੂ ਕਰ ਦਿੰਦੇ। ਇਸ ਤਰ੍ਹਾਂ ਲੱਗਦਾ ਜਿਵੇਂ ਸਰੋਤਿਆਂ ਨੂੰ ਸਤਿ ਨਰਾਇਣ ਦੀ ਕਥਾ ਸੁਣਨ ਤੋਂ ਬਾਅਦ ਪਰਸ਼ਾਦ ਖਾਣ ਦੀ ਕਾਹਲ ਹੋਵੇ!

ਸੰਧੂ ਕਹਿੰਦਾ ਹੈ ਕਿ ਕਹਾਣੀ ਸਫ਼ਰਨਾਮਾ ਨਹੀਂ ਹੁੰਦੀ। ਉਹ ਜ਼ਿੰਦਗੀ ਦੀਆਂ ਅਨੇਕਾਂ ਘਟਨਾਵਾਂ ਵਿਚੋਂ ਕੇਵਲ ਓਹੀਓ ਚੁੱਕਦਾ ਹੈ ਜਿਸ ਵਿਚ ਉਹਦੇ ਵਿਚਾਰ ਅਨੁਸਾਰ ਕਹਾਣੀ ਵਾਲੀ ਗੁੰਝਲ ਜਾਂ ਵੇਦਨਾ ਹੋਵੇ। ਜਿਵੇਂ 'ਕਾਲੇ ਪਾਣੀ ਗੋਰੀ ਘਟਨਾ'। ਅੰਗਰੇਜ਼ਾਂ ਦੇ ਰਾਜ ਵਿਚ ਸਖ਼ਤ ਸਜ਼ਾ ਦੇਣ ਲਈ ਕੈਦੀਆਂ ਨੂੰ ਅੰਡੇਮਾਨ ਤੇ ਨਿਕੋਬਾਰ ਭੇਜ ਦਿੱਤਾ ਜਾਂਦਾ ਸੀ। ਉਥੇ ਕੋਹਲੂ ਗੇੜਨੇ ਤੇ ਚੱਕੀ ਪੀਹਣੀ ਪੈਂਦੀ। ਹਰੀ ਕਚੂਰ ਬਨਸਪਤੀ ਦਾ ਅਕਸ ਸਮੁੰਦਰ 'ਚ ਪੈਣ ਸਮੇਂ ਹਰੇ ਦੀ ਥਾਂ ਕਾਲਾ

ਪੁਰਾਣੇ ਦਿਨ ਯਾਦ ਕਰਦਿਆਂ ਉਹ ਦੱਸਦਾ ਹੈ ਕਿ ਉਹ ਹਰ ਰੋਜ਼ ਦਰੀਬਾਂ ਵਾਲੇ ਮਾਮਾ ਜੀ ਦੇ ਘਰ ਤੋਂ ਪਲੱਸ਼ੀਅਰ ਗਾਰਡਨ ਮਾਰਕਿਟ, ਜੈਨ ਮੰਦਿਰ ਤੇ ਲਾਲ ਕਿਲ੍ਹੇ ਦੇ ਸਾਹਮਣੇ ਦੀ ਸਾਈਕਲ ਚਲਾਉਂਦਾ ਦਰਿਆ ਗੰਜ ਜਾਂਦਾ ਤੇ 'ਫਤਿਹ' ਦੇ ਸਬ ਐਡੀਟਰ ਦੀ ਕੁਰਸੀ 'ਤੇ ਜਾ ਬੈਠਦਾ। ਕੁਝ ਮਹੀਨੇ ਬਾਅਦ ਐਡੀਟਰੀ ਤੋਂ ਜਵਾਬ ਮਿਲ ਗਿਆ। ਉਹ ਲਿਖਦਾ ਹੈ, "ਫਤਿਹ ਦੀ ਨੌਕਰੀ ਛੱਡਣ ਦੀ ਸਭ ਤੋਂ ਵੱਡੀ ਦੇਣ ਮੇਰੇ ਲਈ ਇਹ ਹੈ ਕਿ ਮੈਨੂੰ ਕਦੀ ਵੀ ਕੋਈ ਨੌਕਰੀ ਬੰਨ੍ਹ ਕੇ ਨਹੀਂ ਬਹਾ ਸਕੀ। ਮੈਨੂੰ ਚੰਗੀ ਤੋਂ ਚੰਗੀ ਨੌਕਰੀ ਛੱਡਦਿਆਂ ਡਾਕਟਰ ਦੇ ਆਮ ਟੀਕੇ ਤੋਂ ਵੱਧ ਪੀੜ ਨਹੀਂ ਹੁੰਦੀ।"

ਜਦੋਂ ਕੋਈ ਨੌਕਰੀ ਛੁੱਟਦੀ ਤਾਂ ਛੇਤੀ ਹੀ ਉਹ ਦੁਬਾਰਾ ਬਰਸਰੇ ਰੁਜ਼ਗਾਰ ਹੋ ਜਾਂਦਾ। ਪੈਸੇ ਕਮਾਉਣ ਦੇ ਸਾਧਨ ਆਪਣੇ ਆਪ ਬਣੀ ਜਾਂਦੇ। ਰਾਜਿੰਦਰ ਸਿੰਘ ਭਾਟੀਆ ਦੇ ਰਸਾਲੇ 'ਸਚਿਤਰ ਕੌਮੀ ਏਕਤਾ' ਵਿਚ ਉਹਦਾ ਆਰਟੀਕਲ ਛਪਿਆ ਤਾਂ ਉਸ ਨੂੰ ਮਨੀਆਰਡਰ ਮਿਲਿਆ। ਆਰਟੀਕਲ ਨਾਲ ਫੋਟੋ ਵੀ ਛਪੀ। ਉਹ ਮਨੀਆਰਡਰ ਤੋਂ ਵੀ ਉਤੇ ਸੀ। ਸੰਧੂ ਦੀ ਬਹਿਜਾ ਬਹਿਜਾ ਹੋ ਗਈ। ਮੈਂ ਖ਼ੁਦ ਉਸ ਰਸਾਲੇ ਵਿਚ 'ਖੇਡ ਮੈਦਾਨ 'ਚੋਂ' ਅਤੇ 'ਪਿੰਡ ਦੀ ਸੱਥ' ਵਿਚੋਂ ਕਾਲਮ ਲਿਖਦਾ ਰਿਹਾਂ। ਮਨੀਆਰਡਰ ਭੇਜਣ ਨੂੰ ਭਾਟੀਆ ਸ਼ੇਰ ਸੀ। ਕਈ ਵਾਰ ਹੈਰਾਨ ਹੋਈਦਾ ਕਿ 70ਵਿਆਂ ਵਿਚ ਉਹ ਆਰਟੀਕਲ ਦੇ ਸੌ ਰੁਪਏ ਕਿਵੇਂ ਭੇਜਦਾ ਹੋਊ? ਮੈਂ ਜਦੋਂ ਜਸਵੰਤ ਸਿੰਘ ਕੰਵਲ ਨੂੰ ਮਨੀਆਰਡਰ ਬਾਰੇ ਦੱਸਿਆ ਤਾਂ ਉਸ ਨੇ ਵੀ ਮੇਰੇ ਰਾਹੀਂ ਲੇਖ 'ਕੌਮੀ ਏਕਤਾ' ਨੂੰ ਭੇਜਿਆ। ਮਨੀਆਰਡਰ ਆਇਆ ਤਾਂ ਕੰਵਲ ਚਾਂਭਲ ਗਿਆ। ਜਦੋਂ ਮੈਨੂੰ ਪਤਾ ਲੱਗਾ, ਪਈ ਮਨੀਆਰਡਰ ਪੰਜਾਹ ਰੁਪਏ ਦਾ ਹੈ ਤਾਂ ਮੈਂ ਮੈਨੇਜਰ ਨੂੰ ਉਲਾਂਭਾ ਦਿੱਤਾ ਕਿ ਮੇਰੇ ਸੌ, ਤੇ ਕੰਵਲ ਦੇ ਪੰਜਾਹ ਕਿਉਂ? ਜਾਂ ਤਾਂ ਮੇਰੇ ਵੀ ਪੰਜਾਹ ਕਰੋ ਜਾਂ ਉਹਦੇ ਵੀ ਸੌ। ਉਹਨਾਂ ਨੇ ਸੌ ਰਹਿਣ ਦਿੱਤੇ। ਸੌ ਦੇ ਹਿਸਾਬ ਨਾਲ ਫਿਰ ਡਾ. ਜਸਵੰਤ ਗਿੱਲ ਵੀ ਲਿਖਣ ਲੱਗ ਪਈ। ਉਹਨੀਂ ਦਿਨੀਂ ਕੈਲਾਸ਼ ਪੁਰੀ 'ਸੇਜ ਉਲਝਣਾਂ' ਲਿਖਦੀ ਹੁੰਦੀ ਸੀ ਤੇ ਸੋਹਣ ਸਿੰਘ ਸੀਤਲ 'ਇਤਿਹਾਸ ਦੇ ਪੰਨੇ'। ਭਾਟੀਆ ਆਪ 'ਕੁਝ ਜਾਤੀ ਕੁਝ ਸਿਆਸੀ' ਲਿਖਦਾ ਸੀ ਤੇ ਗੁਰਦੇਵ ਮਾਨ 'ਕੁੰਡਾ ਖੋਲ੍ਹ ਬਸੰਤਰੀਏ'।

ਜਦੋਂ ਸੰਧੂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣਿਆ, ਉਹ ਵਿਸ਼ੇਸ਼ ਕਾਲਮ 'ਯਾਤਰੀਨਾਮਾ' ਲਿਖਣ ਲੱਗਾ। ਇਸ ਕਾਲਮ ਦੀ ਬਾਅਦ ਵਿਚ ਪੁਸਤਕ ਬਣ ਗਈ- 25 ਮੁਲਕ 75 ਗੱਲਾਂ। ਕਾਲਮ ਲਿਖਣ ਵਿਚ ਉਹਦਾ ਮਾਡਲ ਖੁਸ਼ਵੰਤ ਸਿੰਘ ਰਿਹਾ। ਉਸ ਨੇ ਕਾਲਮਨੁਮਾ ਮਿਡਲ ਵੀ ਲਿਖੇ। ਅੱਜ ਕੱਲ੍ਹ ਉਹ 'ਅਜੀਤ' ਲਈ 'ਨਿੱਕ ਸੁੱਕ' ਲਿਖ ਰਿਹੈ ਤੇ ਪੰਜਾਬੀ ਟ੍ਰਿਬਿਊਨ ਲਈ 'ਸਰਗੋਸ਼ੀਆਂ'। ਜਿੱਦਣ ਕਾਲਮ ਲਿਖਣਾ ਹੋਵੇ, ਉਦਣ ਜੇ ਕੋਈ ਸੰਧੂ ਬਾਰੇ ਪੁੱਛੇ ਤਾਂ ਉਹਦੀ ਪਤਨੀ ਕਹਿੰਦੀ ਹੈ- "ਸੰਧੂ ਸਾਹਿਬ ਤਾਂ ਅੱਜ ਕੱਲ੍ਹ ਬਹੁਤ ਬਿਜ਼ੀ ਹਨ। ਅੱਜ ਉਨ੍ਹਾਂ ਦਾ ਪੀਰੀਅਡਜ਼ ਦਾ ਦਿਨ ਹੈ!"

ਸੰਧੂ ਨਿੱਜੀ ਰਿਸ਼ਤਿਆਂ ਦਾ ਚਿਤੇਰਾ ਹੈ। ਸੇਖੋਂ ਨੇ ਉਹਦੇ ਸਿਰਜੇ ਪਾਤਰਾਂ ਨੂੰ ਤੰਦਰੁਸਤ ਕਿਹਾ ਤੇ ਕਰਤਾਰ ਸਿੰਘ ਦੁੱਗਲ ਦੇ ਸਿਰਜੇ ਪਾਤਰਾਂ ਨੂੰ ਬਿਮਾਰ। ਉਹਦੇ ਇਸਤਰੀ ਪਾਤਰ ਸੀਮਾ 'ਚੋਂ ਸੰਭਾਵਨਾ ਲੱਭਣਾ ਜਾਣਦੇ ਹਨ। ਤਾਣ ਦੀ ਸੰਭਾਵਨਾ ਉਨ੍ਹਾਂ ਨੂੰ ਉਹਦੀ ਕਲਮ ਨੇ ਨਹੀਂ ਦਿੱਤੀ, ਸਗੋਂ ਉਹਦੀ ਕਲਮ ਵਿਚ ਉਨ੍ਹਾਂ ਦੀ ਦਿੱਤੀ ਆਈ ਹੈ। ਉਸ ਨੇ ਹੁਣ ਤਕ ਜੋ ਵੀ ਲਿਖਿਆ, ਅਨੁਭਵ ਤੋਂ ਲਿਖਿਆ। ਉਸ ਨੇ ਆਪਣੇ ਪਰਿਵਾਰ, ਭਾਈਚਾਰੇ ਤੇ ਸਮਾਜ ਨੂੰ ਸੋਧਣ, ਸੰਵਾਰਨ ਤੇ ਦਿਸ਼ਾ ਦੇਣ ਦਾ ਕੋਈ ਨਾਅਰਾ ਨਹੀਂ ਲਾਇਆ। ਇਹ ਉਹਦਾ ਮੰਤਵ ਨਹੀਂ ਸੀ।

ਉਹ ਕਹਿੰਦਾ ਹੈ, "ਲਿਖਣ ਲੱਗਿਆਂ ਮੈਨੂੰ ਮੁਕੰਮਲ ਇਕਾਂਤ ਚਾਹੀਦੀ ਹੈ। ਜਦ ਮੈਂ ਲਿਖ ਰਿਹਾ ਹੋਵਾਂ ਤਾਂ ਮੈਨੂੰ ਕੋਈ ਦਾਰੂ ਪੀਣ ਬਾਰੇ ਵੀ ਪੁੱਛੇ ਤਾਂ ਉਸ ਦੀ ਗੱਲ ਵੀ ਸੁਣਾਈ ਨਹੀਂ ਦਿੰਦੀ। ਜੇ ਸੁਣ ਪਵੇ ਤਾਂ ਪੁੱਛਣ ਵਾਲੇ 'ਤੇ ਗੁੱਸਾ ਆ ਜਾਂਦੈ। ਮੈਨੂੰ ਪਤਾ ਹੁੰਦਾ ਕਿ ਮੈਂ ਕੀ ਲਿਖਣਾ ਹੈ ਤੇ ਕਿਵੇਂ ਲਿਖਣਾ। ਕਿੰਨਾ ਛੋਟਾ ਤੇ ਕਿੰਨਾ ਲੰਮਾ। ਲਿਖਿਆ ਬਹੁਤ ਘੱਟ ਸੋਧਣਾ ਪੈਂਦੈ। ਮੈਂ ਇਕ ਵਾਰੀ ਹਫਤਾ ਡਲਹੌਜ਼ੀ ਰਹਿ ਕੇ ਦਰਜਨ ਕਹਾਣੀਆਂ ਲਿਖ ਲਈਆਂ, ਪਰ ਪੁਸਤਕ 'ਪੰਜਾਬ' ਲਈ ਜਿਹੜੇ ਦੋ ਕਾਂਡ ਪੰਜਾਬ ਦੇ ਰਸਮ ਰਿਵਾਜਾਂ ਤੇ ਹਾਰ ਸ਼ਿੰਗਾਰਾਂ ਬਾਰੇ ਲਿਖੇ, ਉਨ੍ਹਾਂ ਉਤੇ ਪੂਰੇ ਛੇ ਮਹੀਨੇ ਕੰਮ ਕਰਨਾ ਤੇ ਆਪਣੇ ਲਿਖੇ ਨੂੰ ਦੋ ਤੋਂ ਵੱਧ ਵਾਰੀ ਸੋਧਣਾ ਪਿਆ ਸੀ।"

ਉਹ ਇਹ ਵੀ ਕਹਿੰਦਾ ਹੈ ਕਿ ਉਹ ਇਸ ਲਈ ਲਿਖਦਾ ਹੈ ਕਿਉਂਕਿ ਉਸ ਨੂੰ ਮਹਿਮਾ ਦੀ ਲੋੜ ਹੈ। ਉਹਨੂੰ ਗੱਲਾਂ ਕਰਨੀਆਂ ਆਉਂਦੀਆਂ। ਬੇਰ ਤੋੜਨ, ਛੱਲੀਆਂ ਭੁੰਨਣ, ਗੰਨੇ ਭੰਨਣ, ਹੋਲਾਂ ਚੱਬਣ, ਸਾਈਕਲ ਦੇ ਡੰਡੇ 'ਤੇ ਸੋਹਣੇ ਮੁੰਡੇ ਨੂੰ ਬਿਠਾਉਣ, ਹੱਥ ਛੱਡ ਕੇ ਸਾਈਕਲ ਚਲਾਉਣ, ਜਦੋਂ ਸਭ ਕਾਸੇ ਦਾ ਤਜਰਬਾ ਹੈ, ਫੇਰ ਗੱਲਾਂ ਤਾਂ ਫੁਰਨੀਆਂ ਹੀ ਹੋਈਆਂ।

ਉਹਦੇ ਕੋਲ ਕਿਸਾਨੀ ਦਾ ਹੱਡੀਂ ਹੰਢਾਇਆ ਅਨੁਭਵ ਹੈ। ਇਕੇਰਾਂ ਉਹ ਫਗਵਾੜੇ ਤੋਂ ਟਿਊਬਵੈੱਲ ਦੀ ਕਿੱਟ ਆਪਣੀ ਕਾਰ ਵਿਚ ਲੱਦ ਲਿਆਇਆ। ਪਿੰਡ ਰੌਲਾ ਪੈ ਗਿਆ ਕਿ ਹਰੀ ਸਿੰਘ ਦੇ ਪੁੱਤ ਨੇ ਪਾਣੀ ਕੱਢਣ ਵਾਲੀ ਬੰਬੀ ਲਾਈ ਹੈ। ਉਹਦੇ ਸਾਥੀਆਂ ਭਜਨ ਤੇ ਸ਼ਾਮ ਨੇ ਇੰਜਣ ਚਲਦਾ ਕਰ ਲਿਆ। ਇਉਂ ਪਛੇਤੀ ਕਣਕ ਪਾਲ ਲਈ। ਨਵੇਂ ਬੀਜ ਉਹ ਪੰਤ ਨਗਰ, ਪੂਸਾ ਇੰਸਟੀਚਿਊਟ ਤੇ ਲੁਧਿਆਣੇ ਤੋਂ ਲੈ ਆਉਂਦਾ। ਵਿਦਿਆਰਥੀ ਹੁੰਦਿਆਂ ਉਹ ਕਈ ਵਾਰ ਤੜਕਸਾਰ ਜੋਤਾ ਲਾ ਕੇ

(ਬਾਕੀ ਅਗਲੇ ਸਫੇ 'ਤੇ)

ਪੜ੍ਹਨ ਜਾਂਦਾ ਸੀ।

ਲਿਖਦਾ ਹੈ, "ਲਿਖਿਆ ਸੋਧਦੇ ਸਮੇਂ ਮੈਂ ਕਿਸੇ ਨਾ ਕਿਸੇ ਗੱਲ ਨੂੰ ਜੰਦਰਾ ਮਾਰਿਆ ਹੁੰਦਾ ਹੈ। ਚਾਬੀ ਮੇਰੇ ਹੱਥ ਹੁੰਦੀ ਹੈ। ਇਹ ਚਾਬੀ ਤੇ ਜੰਦਰਾ ਮੇਰੀਆਂ ਗੱਲਾਂ ਨੂੰ ਅਫਸਾਨਾ ਬਣਾ ਦਿੰਦੇ ਹਨ। ਮੈਂ ਅਫਸਾਨਾ ਨਿਗਾਰ ਹਾਂ। ਮਰਾਸੀ ਦਾ ਪੁੱਤ ਰੋਵੇ ਵੀ, ਤਾਂ ਲੈਅ ਨਾਲ ਰੋਂਦਾ ਹੈ। ਮੈਂ ਕਿਸੇ ਕਹਾਣੀ ਜਾਂ ਪੁਸਤਕ ਨੂੰ ਕਿਸੇ ਯੂਨੀਵਰਸਿਟੀ ਦੇ ਪਾਠਕ੍ਰਮ ਵਿਚ ਸ਼ਾਮਲ ਕਰਵਾਉਣ ਲਈ ਪੱਤਾ ਵੀ ਨਹੀਂ ਤੋੜਿਆ। ਫਿਰ ਵੀ ਮੇਰੀਆਂ ਕਈ ਰਚਨਾਵਾਂ ਪਾਠਕ੍ਰਮ ਦਾ ਭਾਗ ਬਣੀਆਂ। ਅੰਗਰੇਜ਼ੀ ਦੀ ਐਮ. ਏ. ਵਿਚ ਮੇਰੀਆਂ ਕਹਾਣੀਆਂ ਦਾ ਅਨੁਵਾਦ 'ਪੰਜਾਬੀਜ਼, ਵਾਰ ਐਂਡ ਵਿਮਨ' ਹੈ। ਉਸ ਵਿਚ 14 ਕਹਾਣੀਆਂ ਪੰਜਾਬ ਬਾਰੇ, 8 ਭਾਰਤ-ਪਾਕਿ ਜੰਗ ਬਾਰੇ ਤੇ 14 ਕਹਾਣੀਆਂ ਔਰਤ ਮਰਦ ਸੰਬੰਧਾਂ ਬਾਰੇ ਹਨ। ਇਉਂ ਮੈਂ ਪੀਲੂ ਤੇ ਨਾਨਕ ਸਿੰਘ ਵਾਲੀ ਬੇੜੀ ਦਾ ਸਵਾਰ ਹੋ ਗਿਆ। ਉਨ੍ਹਾਂ ਦੇ ਅਨੁਵਾਦ ਪਹਿਲਾਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ. ਏ. ਅੰਗਰੇਜ਼ੀ ਦੇ ਸਿਲੇਬਸ ਵਿਚ ਪੜ੍ਹਾਏ ਜਾਂਦੇ ਹਨ।"

ਉਹਦੀਆਂ ਆਦਤਾਂ ਬਾਰੇ ਪੁੱਛੋ ਤਾਂ ਜਵਾਬ ਮਿਲਦੈ- "ਮੈਨੂੰ ਤਾਂ ਕੇਵਲ ਇਕੋ ਆਦਤ ਦਾ ਪਤੈ, ਆਦਤ ਨਾਲੋਂ ਕਮਜ਼ੋਰੀ ਕਹਿਣਾ ਠੀਕ ਹੋਵੇਗਾ, ਉਹ ਹੈ ਸੌਣਾ। ਮੈਨੂੰ ਨੀਂਦ ਬੜੀ ਪਿਆਰੀ ਹੈ। ਮੈਂ ਦਿਨ 'ਚ ਕਈ ਵਾਰ ਸੌਂਦਾਂ। ਰਾਤ ਦਾ ਖਾਣਾ ਖਾ ਕੇ ਤਾਂ ਸੌਣਾ ਹੀ ਹੋਇਆ। ਦਿਨ ਵੇਲੇ ਵੀ ਇਹੀਓ ਹਾਲ ਰਹਿੰਦਾ। ਛਾਹ ਵੇਲਾ ਹੋਵੇ ਜਾਂ ਦੁਪਹਿਰ ਦਾ ਖਾਣਾ, ਦੋਵੇਂ ਲੈ ਬਹਿੰਦੇ ਹਨ। ਮੈਂ ਬਹੁਤੀ ਜ਼ਿੰਦਗੀ ਸੁੱਤਿਆਂ ਲੰਘਾ ਛੱਡੀ ਹੈ। ਮਿਰਜ਼ੇ ਨੂੰ ਜੰਡ ਦੀ ਛਾਂ ਨੇ ਸੁਆ ਦਿੱਤਾ ਹੋਵੇਗਾ, ਮੈਂ ਤਾਂ ਧੁੱਪੇ ਵੀ ਸੌਂ ਜਾਂਦਾ ਹਾਂ। ਮੇਰੀ ਨੀਂਦ ਤੋਂ ਅੱਕ ਕੇ ਦੋਸਤ ਭੱਜ ਗਏ, ਮਸ਼ੂਕਾਂ ਤੁਰ ਗਈਆਂ।"

"ਮੈਨੂੰ ਪਤਾ ਹੈ ਕਿ ਬਹੁਤੇ ਪ੍ਰਗਤੀਵਾਦੀ ਮੈਥੋਂ ਖੁਸ਼ ਨਹੀਂ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਉਹ ਮੈਥੋਂ ਨਿਰਾਸ਼ ਵੀ ਨਹੀਂ। ਮੈਂ ਇਹੋ ਜਿਹਾ ਕੋਈ ਸੰਘਰਸ਼ ਨਹੀਂ ਕੀਤਾ ਜੋ ਦੱਸਣ ਵਾਲਾ ਹੋਵੇ। ਮੇਰੇ ਮਾਪਿਆਂ ਨੇ ਮੈਨੂੰ ਸਬਰ ਸੰਤੋਖ ਸਿਖਾਉਂਦਿਆਂ ਕਿਹਾ ਸੀ ਕਿ ਜ਼ਿੰਦਗੀ ਵਿਚ ਢੇਰੀ ਨਹੀਂ ਢਾਉਣੀ। ਜ਼ਿੰਦਗੀ ਵਿਚ ਸਫਲ ਹੋਣ ਦਾ ਇਕੋ ਇਕ ਤਰੀਕਾ ਕਿ ਢੇਰੀ ਢਾਏ ਬਿਨਾਂ ਲੱਗੇ ਰਹੋ। ਮੇਰੇ ਭਾਗ ਉਪਰੋਂ ਡਿੱਗੇ ਹੋਏ ਨਹੀਂ, ਮੇਰੇ ਕਮਾਏ ਹੋਏ ਹਨ। ਢੇਰੀ ਢਾਹੇ ਬਿਨਾਂ।"

ਗੁਰਬਚਨ ਦਾ ਕਥਨ: ਸੰਧੂ ਦੇ ਬਿਰਤਾਂਤ ਵਿਚਲੀ ਬੁਣਤਰ ਨੂੰ ਸਿਰਜਣ ਵਾਲੇ ਫਿਕਰੇ ਤਰਲ ਜਿਹੇ ਹੁੰਦੇ ਹਨ; ਸੂਖਮ, ਕਾਵਿਕ ਤੇ ਹੌਲੇ ਜਿਹੇ। ਗੁਲਜ਼ਾਰ ਧੀਮੇ ਚਿੰਤਨ ਤੇ ਸੂਖਮ ਬਿਰਤਾਂਤ ਵਾਲਾ ਕਹਾਣੀਕਾਰ ਹੈ। ਉਸ ਨੇ ਸੇਖੋਂ ਅਤੇ ਵਿਰਕ ਦੋਨਾਂ ਤੋਂ ਅਚੇਤ ਪ੍ਰਭਾਵ ਕਬੂਲ ਕੀਤੇ, ਪਰ ਉਹ ਉਨ੍ਹਾਂ ਤੋਂ ਵੱਖਰਾ ਹੈ। ਉਸ ਦੀ ਅਮਿੱਟ ਪ੍ਰਭਾਵ ਵਾਲੀ ਕਹਾਣੀ 'ਰੁਦਨ ਬਿੱਲੀਆਂ ਦਾ' ਹੈ। ਇਸ ਕਹਾਣੀ ਦੀ ਅਸਲ ਸ਼ਕਤੀ ਇਸ ਦਾ ਥੀਮ ਹੈ ਜਿਸ ਨੂੰ ਗੁਲਜ਼ਾਰ ਨੇ ਕਾਵਿਕ ਸ਼ਿਦਤ ਦੀ ਸਿਖਰ 'ਤੇ ਪਹੁੰਚਾ ਕੇ ਪੰਜਾਬ ਦੀ ਤ੍ਰਾਸਦੀ ਦੀ ਤਹਿ ਨੂੰ ਫੜਿਆ ਹੈ।

ਸੰਧੂ 'ਤੇ ਪ੍ਰੀਤਲੜੀ ਦਾ ਅਸਰ ਵੀ ਪਿਆ। ਉਹਦਾ ਪਹਿਲਾ ਕਹਾਣੀ ਸੰਗ੍ਰਹਿ 'ਹੁਸਨ ਦੇ ਹਾਣੀ' 1963 ਵਿਚ ਛਪਿਆ ਸੀ। ਉਹ ਗੁਰਦਾਸ ਕਪੂਰ ਐਂਡ ਸਨਜ਼ ਨੇ ਨਵਯੁਗ ਪ੍ਰੈੱਸ ਤੋਂ ਛਪਵਾਇਆ। 'ਸਾਡੇ ਹਾਰ-ਸ਼ਿੰਗਾਰ' ਵੀ ਗੁਰਦਾਸ ਕਪੂਰ ਐਂਡ ਸਨਜ਼ ਨੇ ਨਵਯੁਗ ਤੋਂ ਛਪਵਾਈ ਜਿਸ ਨੂੰ ਐਜੂਕੇਸ਼ਨ ਮਨਿਸਟਰੀ ਵੱਲੋਂ 1500 ਰੁਪਏ ਦਾ ਇਨਾਮ ਮਿਲਿਆ। ਉਸ ਦਾ 'ਟ੍ਰਿਬਿਊਨ' ਵਿਚ ਵਿਰਕ ਨੇ ਵਧੀਆ ਰੀਵੀਊ ਕੀਤਾ। ਉਸੇ ਨੇ ਉਹਦੀ ਕਹਾਣੀ ਕਿਸੇ ਪਾਠ ਪੁਸਤਕ ਵਿਚ ਸ਼ਾਮਲ ਕੀਤੀ। ਸੰਧੂ ਨੇ ਸੰਤੋਖ ਸਿੰਘ ਧੀਰ, ਸਆਦਤ ਹਸਨ ਮੰਟੋ, ਬੇਦੀ, ਮੁਪਾਸਾਂ, ਚੈਖਵ, ਓ ਹੈਨਰੀ ਆਦਿ ਪੜ੍ਹੇ ਤੇ ਉਨ੍ਹਾਂ ਦਾ ਪ੍ਰਭਾਵ ਕਬੂਲ ਕੀਤਾ। ਉਹਦੀ ਲਿਖਤ ਵਿਚ ਰਸ ਤੇ ਪੇਸ਼ਕਾਰੀ ਵਿਚ ਸੁਹਜ ਹੈ।

ਉਹਦਾ ਕਹਿਣਾ ਹੈ ਕਿ ਚੰਗਾ ਸਾਹਿਤ ਉਹੀਓ ਹੁੰਦਾ ਹੈ ਜਿਸ ਨੂੰ ਪੜ੍ਹ ਕੇ ਮਨ ਨੂੰ ਚੈਨ ਤੇ ਸ਼ਾਂਤੀ ਮਿਲੇ। ਚੰਗੀਆਂ ਕੀਮਤਾਂ, ਚੰਗੇਰੇ ਜੀਵਨ ਤੇ ਨਰੋਏ ਸਮਾਜ ਦੀ ਪੇਸ਼ਕਾਰੀ, ਇਸ ਵਿਚ ਸਭ ਕੁਝ ਸ਼ਾਮਲ ਹੈ। ਮੈਂ ਰੋਗੀ ਦਾ ਰੋਗ ਤੋੜਨ ਲਈ ਨਹੀਂ ਲਿਖਦਾ, ਉਸ ਨੂੰ ਤੰਦਰੁਸਤ ਰੱਖਣ ਲਈ ਲਿਖਦਾ ਹਾਂ। ਤੰਦਰੁਸਤੀ ਹਜ਼ਾਰ ਨਿਆਮਤ ਹੈ। ਭਾਈ ਵੀਰ ਸਿੰਘ ਤੇ ਦੇਵਿੰਦਰ ਸਤਿਆਰਥੀ ਸੁਹਜਵਾਦੀ ਸਾਹਿਤਕਾਰ ਸਨ। ਉਹ ਸੁਹਜ ਦਾ ਸ਼ਿਕਾਰੀ ਹੈ। ਉਸ ਨੂੰ ਸੇਖੋਂ, ਅਤਰ ਸਿੰਘ, ਰਘਬੀਰ ਸਿੰਘ ਤੇ ਗੁਰਬਚਨ ਵਰਗੇ ਆਲੋਚਕਾਂ, ਦੁੱਗਲ, ਵਿਰਕ, ਬੇਦੀ ਤੇ ਖੁਸ਼ਵੰਤ ਵਰਗੇ ਲੇਖਕਾਂ ਤੋਂ ਚੰਗੇ ਨੰਬਰ ਮਿਲੇ ਤੇ ਮੰਨੇ-ਦੰਨੇ ਸੰਪਾਦਕਾਂ ਤੋਂ ਵੀ; ਕੋਈ ਰੌਲਾ ਈ ਨਹੀਂ।

ਉਸ ਦੀ ਪਤਨੀ ਸੁਰਜੀਤ ਨੇ ਉਹਦੀਆਂ ਰਚਨਾਵਾਂ ਦਾ ਪੂਰਾ ਸੈੱਟ ਆਪਣੇ ਲਾਕਰ ਵਿਚ ਰੱਖਿਆ ਹੋਇਐ। ਲੇਖਕ ਨੂੰ ਦੋ ਥੰਮ੍ਹੀਆਂ ਦੀ ਲੋੜ ਹੁੰਦੀ ਹੈ- ਇਕ ਛਾਪਣ ਵਾਲੀ ਤੇ ਦੂਜੀ ਸਾਂਭਣ ਵਾਲੀ, ਉਹ ਦੋਹਾਂ ਵੱਲੋਂ ਸੰਤੁਸ਼ਟ ਹੈ। ਉਸ ਨੂੰ ਡਾਕਟਰੀ ਨਾਲ ਸੰਬੰਧਤ ਗੱਲਾਂ ਨਹੀਂ ਆਉਂਦੀਆਂ ਤੇ ਸੁਰਜੀਤ ਨੂੰ ਸਾਹਿਤਕਾਰੀ ਦੀ ਕਲਾ ਨਹੀਂ ਆਉਂਦੀ। ਰੇਡੀਓ ਤੇ ਟੀਵੀ ਦੋਹਾਂ ਨੂੰ ਨੀ ਲਾਉਣਾ ਆਉਂਦਾ। ਧੀ ਪੁੱਤ ਹੈ ਕੋਈ ਨਹੀਂ ਜਿਨ੍ਹਾਂ ਦੇ ਪਾਲਣ ਪੋਸਣ ਬਾਰੇ ਲੜਾਈ ਹੁੰਦੀ। ਰੈਣ ਬਸੇਰਾ, ਲੰਗਰ, ਤਫਰੀਹ, ਸਭ ਸਾਂਝੇ, ਸਹਿਜ ਤੇ ਸਾਦਾ। ਉਨ੍ਹਾਂ ਦੇ ਵਿਆਹ ਸਮੇਂ ਸੰਧੂ ਤੋਂ ਚੌਦਾਂ ਸਾਲ ਛੋਟੀ ਭੈਣ ਉਹਦੇ ਕੋਲ ਹੀ ਪੜ੍ਹਦੀ ਸੀ। ਫਿਰ ਸੁਰਜੀਤ ਦੀ ਮਾਮੇ ਦੀ ਧੀ ਤੇ ਦੋ ਭਤੀਜੇ ਉਨ੍ਹਾਂ ਕੋਲ ਰਹਿ ਕੇ ਪੜ੍ਹੇ। ਘਰ ਵਿਚ ਬੱਚਿਆਂ ਦੀ ਰੌਣਕ ਸੀ। ਸੰਧੂ ਦਾ ਬਾਪ ਊਠ ਰੱਖਦਾ ਸੀ। ਉਸ ਨੇ ਊਠਾਂ ਨੂੰ ਜੁਗਾਲੀ ਕਰਦੇ ਵੇਖਿਆ ਸੀ। ਉਹਦਾ ਹਾਜ਼ਮਾ ਊਠਾਂ ਵਾਲਾ ਹੈ।




***ਜਿਥੇ ਸੰਧੂ ਦੀ ਹਰ ਪੁਸਤਕ ਦਾ ਦੂਜਾ ਐਡੀਸ਼ਨ ਛਪਿਆ, 'ਕੰਧੀ ਜਾਏ' ਨਾਵਲ ਦਾ ਪਹਿਲਾ ਐਡੀਸ਼ਨ ਖ਼ਤਮ ਹੋਣ ਨੂੰ ਵੀਹ ਸਾਲ ਲੱਗ ਗਏ! ਚੱਕਰ ਨਾਵਲ ਦੇ ਨਾਂ ਦਾ ਸੀ। 'ਕੰਧੀ ਜਾਏ' 'ਕਈਆਂ ਨੂੰ ਏਦਾਂ ਜਾਪਿਆ ਜਿਵੇਂ ਕੋਈ ਕਹਿ ਰਿਹਾ ਹੋਵੇ- ਢੱਠੇ ਖੂਹ 'ਚ ਜਾਏ। ਉਸੇ ਨਾਵਲ ਦਾ ਨਾਂ 'ਧਰੂ ਤਾਰੇ' ਰੱਖਿਆ ਤਾਂ ਧੜਾ ਧੜ ਵਿਕਿਆ। ਕੌਣ ਕਹਿੰਦੈ, ਨਾਂ ਵਿਚ ਕੁਝ ਨਹੀਂ ਪਿਆ? ਕਈਆਂ ਦਾ ਨਾਂ ਈ ਵਿਕੀ ਜਾਂਦੈ...। ਸੰਧੂ ਮੁਤਾਬਕ, ਕਿਤਾਬ ਵਿਕਦੀ ਹੈ ਪਾਠ ਪੁਸਤਕ ਜਾਂ ਪੇਪਰ ਬੈਕ ਬਣ ਕੇ। ਪੇਪਰ ਬੈਕ ਦਾ ਪ੍ਰਕਾਸ਼ਕ ਨੂੰ ਕੁਝ ਨਹੀਂ ਬਚਦਾ, ਇਸੇ ਕਰ ਕੇ ਉਹ ਹਾਰਡ ਬਾਊਂਡ ਛਾਪਦੈ।***

ਸੰਧੂ ਨੇ ਡਾ. ਮਹਿੰਦਰ ਸਿੰਘ ਰੰਧਾਵਾ ਬਾਰੇ ਪੁਸਤਕ ਸੰਪਾਦਤ ਕੀਤੀ ਜਿਸ ਦਾ ਨਾਂ ਰੱਖਿਆ- ਪੰਜਾਬ ਦਾ ਛੇਵਾਂ ਦਰਿਆ। ਭਾਪਾ ਪ੍ਰੀਤਮ ਸਿੰਘ ਤੇ ਖੁਸ਼ਵੰਤ ਸਿੰਘ ਬਾਰੇ ਵੀ ਪੁਸਤਕਾਂ ਦਾ ਸੰਪਾਦਨ ਕੀਤਾ। ਉਹ ਸਾਰੇ ਹੀ ਉਹਦੇ ਮਿਹਰਬਾਨ ਮਿੱਤਰ ਹਨ। ਉਸ ਕੰਮ ਤੋਂ ਉਸ ਨੂੰ ਸੰਤੁਸ਼ਟੀ ਮਿਲੀ।

ਸੰਧੂ ਜਦੋਂ ਦਿੱਲੀ ਗਿਆ ਉਦੋਂ ਉਹ ਵੀ ਉਨ੍ਹਾਂ ਵਿਚੋਂ ਸੀ ਜਿਹੜੇ ਉਧਾਰ ਲੈ ਕੇ ਖਰਚਦੇ ਤੇ ਉਧਾਰ ਲਾਹੁਣ ਲਈ ਅਨੁਵਾਦ ਦਾ ਕੰਮ ਲੱਭਦੇ। ਪਾਠ ਪੁਸਤਕਾਂ ਦੇ ਅਨੁਵਾਦ ਉਸ ਨੇ ਅੱਠ ਆਨੇ ਫੀ ਪੰਨੇ ਦੇ ਹਿਸਾਬ ਨਾਲ ਵੀ ਕੀਤੇ। ਅਮਰੀਕਨ ਅੰਬੈਸੀ ਡੇਢ ਰੁਪਿਆ ਪ੍ਰਤੀ ਪੰਨਾ ਦਿੰਦੀ ਸੀ। ਉਸ ਨੇ ਰੂਸੀ ਨਾਵਲ 'ਸਾਥੀ' ਅਤੇ 'ਬਾਲ ਬਿਰਖ ਤੇ ਸੂਰਜ' ਅਨੁਵਾਦ ਕੀਤੇ। ਉਸ ਪਿੱਛੋਂ ਮੈਕਸਿਮ ਗੋਰਕੀ ਦੀ 'ਆਨ ਲਾਈਫ਼ ਐਂਡ ਲਿਟਰੇਚਰ' ਦਾ ਅਨੁਵਾਦ 'ਜੀਵਨ ਤੇ ਸਾਹਿਤ' ਕੀਤਾ। ਗੋਰਕੀ ਦੇ ਅਨੁਵਾਦ ਨਾਲ ਉਸ ਨੇ ਡੇਢ ਹਾਰਸ ਵਾਲੇ ਰਾਇਲ ਇਨਫੀਲਡ ਮੋਟਰ ਸਾਈਕਲ ਦਾ ਕਰਜ਼ਾ ਲਾਹਿਆ ਜਿਸ ਨੂੰ ਵੇਚ ਕੇ ਸਾਢੇ ਤਿੰਨ ਹਾਰਸ ਪਾਵਰ ਵਾਲਾ ਲੈ ਲਿਆ ਤੇ ਉਸ ਨੂੰ ਵੇਚ ਕੇ ਸਟੈਂਡਰਡ ਕਾਰ, ਫਿਰ ਫੀਅਟ ਤੇ ਫਿਰ ਮਾਰੂਤੀ, ਸਾਂਤਰੋ। ਬਹੁਤ ਦੇਰ ਉਹ ਅਨੁਵਾਦ ਦੇ ਪਰਾਂ 'ਤੇ ਉਡਦਾ ਰਿਹਾ ਸੀ।

ਸੈਰ ਸਪਾਟੇ ਦੀਆਂ ਗੱਲਾਂ ਕਰਦਾ ਉਹ ਕਹਿੰਦਾ ਹੈ ਕਿ ਭੋਂ-ਦ੍ਰਿਸ਼ ਕਸ਼ਮੀਰ ਵਰਗੇ ਹੋਰ ਕਿਧਰੇ ਨਹੀਂ ਦੇਖੇ। ਫੁੱਲ-ਬੂਟੇ ਬ੍ਰਿਟਿਸ਼ ਕੋਲੰਬੀਆ ਦੇ। ਜਾਂ ਫਿਰ ਆਸਟ੍ਰੀਆ, ਜਰਮਨੀ ਤੇ ਸਵਿਟਜ਼ਰਲੈਂਡ ਦੇ। ਅਰੁਣਾਚਲ ਦੇ ਬਾਂਸ ਜਿਨ੍ਹਾਂ ਤੋਂ ਬਣੀ ਸਬਜ਼ੀ ਤੇ ਅਚਾਰ ਵੀ ਖਾਧਾ ਤੇ ਜਿਨ੍ਹਾਂ ਦੇ ਸੱਕਰੇ ਕੱਟੇ ਪੋਰਿਆਂ ਵਿਚ ਚੌਲਾਂ ਤੋਂ ਬਣੀ ਤਰੋ-ਤਾਜ਼ਾ ਲੁਗੜੀ ਵੀ ਪੀਤੀ। ਬ੍ਰਹਮਪੁਤਰ ਦੇ ਪਾਣੀ ਤੇ ਹਿਮਾਲਾ ਦੀਆਂ ਬਰਫ਼ਾਂ ਦਾ ਜਲਵਾ ਵੇਖਿਆ, ਪਰ ਆਪਣੇ ਘਰ ਵਰਗੀ ਰੀਸ ਕੋਈ ਨਹੀਂ। ਬੱਸ ਹੋਵੇ ਸਹੀ।

'ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ' ਵਿਚ 1954 ਤੋਂ 2000 ਤਕ ਦੀਆਂ ਉਹਦੀਆਂ ਲਿਖਤਾਂ, ਸੰਪਾਦਕੀਆਂ, ਸਮਾਚਾਰ ਵਿਸ਼ਲੇਸ਼ਣ, ਮੁਲਾਕਾਤਾਂ, ਮੁਹੱਬਤਨਾਮੇ, ਮਿਡਲ ਤੇ ਯਾਤਰਾਨਾਮੇ ਹਨ। ਉਸ ਵਿਚ ਅਖ਼ਬਾਰਾਂ ਰਸਾਲਿਆਂ ਦੇ ਨਾਂ 'ਤੇ ਛਪਣ ਮਿਤੀ ਵੀ ਦਿੱਤੀ ਹੈ। ਉਹ ਜਮਾਂਦਰੂ ਪੱਤਰਕਾਰ ਨਹੀਂ ਸੀ, ਬਸ ਪੈਰ ਥੱਲੇ ਬਟੇਰਾ ਆ ਗਿਆ। ਭੁੰਨਿਆ ਵੀ ਤੇ ਖਾਧਾ ਵੀ। ਮੁਲਾਹਜ਼ੇਦਾਰੀਆਂ, ਮੁਹੱਬਤਨਾਮੇ ਤੇ ਜੀਨੀ ਗਾਰਗੀ ਵਾਲਾ ਕਿੱਸਾ ਲਿਖਿਆ। 'ਨੰਗੀ ਧੁੱਪ' ਦਾ ਸਾਰ ਦੇ ਕੇ ਗਾਗਰ ਵਿਚ ਸਾਗਰ ਬੰਦ ਕਰ ਦਿੱਤਾ। ਨਿਰੂਪਮਾ ਦੱਤ ਦੀ ਸ਼ੈਲੀ ਵਿਚ ਉਸ ਦੇ ਹਾਸੇ ਵਰਗੀ ਸ਼ਕਤੀ, ਸਦਭਾਵਨਾ ਤੇ ਸਿਹਤ ਦੱਸੀ। 'ਪੰਜਾਬੀ ਟ੍ਰਿਬਿਊਨ' ਵਿਚ ਉਸ ਨੇ ਖਰੀਦ ਸ਼ਕਤੀ ਵਰਤੀ ਤੇ 'ਦੇਸ਼ ਸੇਵਕ' ਵਿਚ ਮੁਲਾਹਜ਼ੇਦਾਰੀ।

ਸੰਧੂ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਇਨਾਮ ਮਿਲਿਆ। ਬਾਅਦ ਵਿਚ ਉਸ ਨੇ ਇਨਾਮ ਦੇਣ ਦੀ ਪ੍ਰਕਿਰਿਆ ਦੱਸੀ: ਕਿਸੇ ਸਿਆਣੇ ਲੇਖਕ/ਆਲੋਚਕ ਨੂੰ ਗਰਾਊਂਡ ਲਿਸਟ ਤਿਆਰ ਕਰਨ ਲਈ ਕਿਹਾ ਜਾਂਦਾ ਹੈ। ਫੇਰ ਪੰਝੀ-ਤੀਹ ਸਿਆਣਿਆਂ ਤੋਂ ਉਸ ਲਿਸਟ ਦੀ ਪੁਸ਼ਟੀ ਕੀਤੀ ਜਾਂਦੀ ਹੈ। ਲਿਸਟ ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਭੇਜੀ ਜਾਂਦੀ ਹੈ। ਬੋਰਡ ਦੀਆਂ ਸਿਫ਼ਾਰਸ਼ਾਂ ਨੂੰ ਵੱਡੇ ਸਿਆਣਿਆਂ ਦੀ ਤਿੰਨ ਮੈਂਬਰੀ ਕਮੇਟੀ ਵਿਚਾਰਦੀ ਹੈ ਤੇ ਆਪਣਾ ਫੈਸਲਾ ਦਿੰਦੀ ਹੈ। ਮੇਰੀ ਵਾਰੀ ਉੱਚ ਪੱਧਰੀ ਕਮੇਟੀ ਦੇ ਦੋ ਮੈਂਬਰ ਵਿਰਕ ਤੇ ਪ੍ਰਭਜੋਤ ਸਨ। ਬੱਕਰੀ ਜੋ ਮੈਂ-ਮੈਂ ਕਰੇ ਗਲ ਮੇਂ ਛੁਰੀ ਫਿਰਾਏ, ਮੈਨਾ ਜੋ ਮੈਂ ਨਾ ਕਹੇ ਸਭ ਕੇ ਮਨ ਕੋ ਭਾਏ।

***(ਚਲਦਾ)***

---

# ਕੈਮਰਾ

**ਕਿਰਪਾਲ ਕੌਰ**
**ਫੋਨ: 815-356-9535**

ਮੈਨੂੰ ਪੰਜਾਬ ਆਇਆਂ ਛੇ ਹਫਤੇ ਹੋ ਗਏ ਨੇ, ਹੁਣ ਮੇਰੀ ਵਾਪਸੀ ਹੈ। ਹਮੇਸ਼ਾ ਵਾਂਗ ਜਾਣ ਤੋਂ ਦੋ-ਤਿੰਨ ਦਿਨ ਪਹਿਲਾਂ ਘਰ ਦੀ ਸੰਭਾਲ ਵਿਚ ਲੱਗਣਾ ਪੈਂਦਾ। ਅਲਮਾਰੀਆਂ, ਟਰੰਕਾਂ ਵਿਚ ਓਡੋਨਿਲ ਰੱਖਣੀ ਤਾਂ ਜੋ ਸਲ੍ਹਾਬ ਜਾਂ ਹੋਰ ਕਿਸੇ ਤਰ੍ਹਾਂ ਦੀ ਬੋ ਨਾ ਆਵੇ। ਸਾਰਾ ਸਾਮਾਨ ਢਕਣਾ। ਇਹੋ ਜਿਹੇ ਕੰਮ ਮੇਰਾ ਸਹਾਇਕ ਸੇਵਾਦਾਰ ਗੁਰਪ੍ਰਸਾਦ ਹੀ ਕਰਦਾ ਹੈ। ਮੈਂ ਤਾਂ ਐਵੇਂ ਸੋਚ-ਸੋਚ ਕੇ ਅਤੇ ਉਸ ਨੂੰ ਯਾਦ ਕਰਵਾ-ਕਰਵਾ ਕੇ ਥੱਕਦੀ ਰਹਿੰਦੀ ਹਾਂ। ਹੁਣ ਵੀ ਮੈਂ ਥੱਕ ਕੇ ਵਰਾਂਡੇ ਵਿਚ ਆਣ ਬੈਠੀ। ਉਹ ਮੇਰੇ ਲਈ ਚਾਹ ਬਣਾ ਕੇ ਲਿਆਵੇਗਾ। ਉਸ ਨੂੰ ਯਾਦ ਦਿਲਾਵਾਂਗੀ ਕਿ ਕਿਤਾਬਾਂ ਵਾਲੀਆਂ ਅਲਮਾਰੀਆਂ ਵਿਚ ਵੀ ਫਰਨੈਲ ਦੀਆਂ ਗੋਲੀਆਂ ਤੇ ਓਡੋਨਿਲ ਰੱਖਣੀ ਨਾ ਭੁੱਲੀਂ।

ਮੇਰੀ ਸੋਚ ਵਿਚੇ ਰਹਿ ਗਈ, ਗੇਟ ਉਤੇ ਕਿਸੇ ਨੇ ਜ਼ੋਰ ਨਾਲ ਹੱਥ ਮਾਰੇ। ਮੈਂ ਸੋਚਿਆ, ਇਹ ਕੌਣ ਹੈ ਜਿਸ ਨੂੰ ਸਵਿੱਚ ਨਹੀਂ ਦਿਸਿਆ। ਗੁਰਪ੍ਰਸਾਦ ਵੀ ਦੌੜ ਕੇ ਆਇਆ। ਗੇਟ ਵੀ ਖੁੱਲ੍ਹ ਗਿਆ। ਇਕ ਬੀਬੀ ਆਪੇ ਗੇਟ ਖੋਲ੍ਹ ਕੇ ਅੰਦਰ ਦਾਖਲ ਹੋਈ। ਮੈਂ ਵੀ ਗੇਟ ਖੋਲ੍ਹਣ ਲਈ ਉਠ ਕੇ ਖਲੋਤੀ ਸੀ। ਉਸ ਨੇ ਮੈਨੂੰ ਵੇਖ ਕੇ ਉਚੀ-ਉਚੀ ਬੋਲਣਾ ਸ਼ੁਰੂ ਕਰ ਦਿੱਤਾ, "ਭੂਆ ਜੀ, ਤੁਸੀਂ ਦਿਸ ਪਏ, ਮੈਨੂੰ ਤਾਂ ਰੱਬ ਮਿਲ ਗਿਆ। ਭੂਆ ਜੀ, ਤੁਸੀਂ ਗਏ ਨਹੀਂ, ਰੱਬ ਨੇ ਮੇਰੀ ਸੁਣ ਲਈ।"

ਪਤਾ ਨਹੀਂ ਉਹ ਹੋਰ ਕੀ ਕੁਝ ਬੋਲ ਰਹੀ ਸੀ। ਮੈਨੂੰ ਤਾਂ ਇਹੋ ਜਾਪਿਆ ਜਿਵੇਂ ਉਸ ਨੇ ਮੇਰੇ ਉਤੇ ਹਮਲਾ ਹੀ ਕਰ ਦਿੱਤਾ ਹੋਵੇ। ਆਪਣੀਆਂ ਬਾਂਹਾਂ ਮੇਰੇ ਗਲ ਪਾ ਕੇ ਇਵੇਂ ਹਿਲਾਉਣ ਲੱਗੀ, ਜਿਵੇਂ ਬੇਰੀ ਦੀ ਟਾਹਣ ਨੂੰ ਹਿਲਾ ਕੇ ਬੇਰ ਝਾੜਦੀ ਹੋਵੇ। ਮੇਰੇ ਮੂੰਹੋਂ ਤਾਂ ਇਹੀ ਨਿਕਲਿਆ, "ਬਚਾਈਂ ਗੁਰਪ੍ਰਸਾਦ।"

ਗੁਰਪ੍ਰਸਾਦ ਨੇ ਉਸ ਨੂੰ ਪਿੱਛੇ ਕਰ ਕੇ ਮੈਨੂੰ ਕੁਰਸੀ ਉਤੇ ਬਿਠਾ ਦਿੱਤਾ। ਫਿਰ ਉਸ ਵੱਲ ਗੁੱਸੇ ਨਾਲ ਵੇਖ ਕੇ ਬੋਲਿਆ, "ਕੌਣ ਹੈਂ ਤੂੰ?"

ਉਹ ਫਿਰ ਬੋਲੀ, "ਭੂਆ ਜੀ ਸਤਿ ਸ੍ਰੀ ਅਕਾਲ। ਲੱਗਦੈ ਪਛਾਣਿਆ ਨਹੀਂ।"

ਗੁਰਪ੍ਰਸਾਦ ਨੇ ਪਾਣੀ ਪਿਆਇਆ। ਮੈਂ ਆਪਣੇ ਆਪ ਨੂੰ ਸੰਭਾਲ ਕੇ ਉਸ ਵੱਲ ਵੇਖਿਆ, ਉਹ ਕੁਰਸੀ ਉਤੇ ਬੈਠੀ ਮੁਸਕਰਾ ਰਹੀ ਸੀ। ਫਿਰ ਬੋਲੀ, "ਮੈਂ ਤਾਂ ਤੁਹਾਨੂੰ ਦੇਖ ਕੇ ਖੁਸ਼ ਹੋ ਗਈ। ਤੁਸੀਂ ਲੱਗਦੈ ਮੈਨੂੰ ਪਛਾਣਿਆ ਨਹੀਂ। ਭੂਆ ਜੀ, ਮੈਂ ਛਿੰਦੋ। ਲੱਭੂਕਿਆਂ ਦੇ ਤੇਜੇ ਦੀ ਧੀ। ਹੁਣ ਤਾਂ ਮੈਨੂੰ ਸੁਰਿੰਦਰ ਕੌਰ ਕਹਿੰਦੇ ਨੇ ਸਾਰੇ।"

ਫਿਰ ਸ਼ੁਰੂ ਹੋ ਗਈ, "ਕੱਲ੍ਹ ਮੈਨੂੰ ਤੁਹਾਡੀ ਜੀਤੀ ਮਿਲੀ ਸੀ... ਜੀਤੀ ਵੀ ਹੁਣ ਕਾਲਜ ਦੀ ਮੈਡਮ ਬਣੀ ਹੋਈ ਹੈ। ਉਸ ਨੂੰ ਸਾਰੇ ਮੈਡਮ ਗੁਰਜੋਤ ਕਹਿੰਦੇ, ਪਰ ਪਿੰਡ ਵਾਲੇ ਤਾਂ ਜੀਤੀ ਹੀ ਕਹਿੰਦੇ। ਉਸ ਨੇ ਦੱਸਿਆ ਕਿ ਲੁਧਿਆਣੇ ਵਾਲੇ ਭੂਆ ਜੀ ਆਏ ਹਨ, ਕੱਲ੍ਹ ਨੂੰ ਮੁੜ ਜਾਣਾ। ਮੈਂ ਤਾਂ ਰਾਤ ਔਖੀ ਕੱਟੀ, ਸਵੇਰੇ ਬੱਸ ਚੜ੍ਹ ਆਈ।"

ਉਸ ਦੀ ਇਸ ਗੱਲਬਾਤ ਦੌਰਾਨ ਮੈਂ ਕੁਝ ਨਹੀਂ ਬੋਲੀ। ਦੋ ਵਾਰ ਪਾਣੀ ਪੀਤਾ। ਫਿਰ ਮੈਂ ਗੁਰਪ੍ਰਸਾਦ ਨੂੰ ਕਿਹਾ ਕਿ ਇਸ ਨੂੰ ਚਾਹ-ਪਾਣੀ ਪਿਲਾ। ਠੀਕ ਹੋ ਕੇ ਮੈਂ ਕਿਹਾ, "ਬੀਬੀ ਛਿੰਦੋ, ਦਸ ਕਿਵੇਂ ਆਈ... ਸਭ ਠੀਕ ਠਾਕ ਹੈ।"



"ਭੂਆ ਜੀ ਸਭ ਠੀਕ ਹੈ। ਤੁਸੀਂ ਮਿਲ ਪਏ, ਸਮਝੋ ਬਹੁਤ ਹੀ ਚੰਗਾ ਹੋ ਗਿਆ।"

"ਮੇਰਾ ਤਾਂ ਤੂੰ ਸਾਹ ਹੀ ਕੱਢ ਦੇਣਾ ਸੀ।" ਮੈਂ ਕਿਹਾ।

"ਭੂਆ ਜੀ ਇਹ ਕਿਹੜੀ ਗੱਲ ਹੋਈ।"

ਚਾਹ ਆ ਗਈ, ਗੁਰਪ੍ਰਸਾਦ ਨਾਲ ਖਾਣ ਲਈ ਵੀ ਲਿਆਇਆ। ਮੈਂ ਫਿਰ ਕਿਹਾ, "ਹੁਣ ਦੱਸ, ਕਿਵੇਂ ਆਉਣਾ ਹੋਇਆ। ਮੇਰੇ ਕੋਲ ਟਾਈਮ ਨਹੀਂ ਹੈ। ਮੈਂ ਅੱਜ ਜਾਣੈ, ਹੁਣੇ ਗੱਡੀ ਆ ਜਾਣੀ ਹੈ। ਮੈਂ ਅੱਜ ਚੰਡੀਗੜ੍ਹ ਰਹਿਣਾ ਹੈ।"

"ਠੀਕ ਹੈ ਭੂਆ ਜੀ, ਜਾਓ... ਬੱਸ ਘਰ ਦੀ ਚਾਬੀ ਮੈਨੂੰ ਦੇ ਜਾਣਾ।"

"ਕੀ? ਕੀ ਕਿਹਾ, ਘਰ ਦੀ ਚਾਬੀ ਤੈਨੂੰ ਦੇ ਜਾਵਾਂ, ਪਰ ਕਿਉਂ?" ਮੈਂ ਕਿਹਾ, "ਕਿਸੇ ਨੇ ਮੇਰੇ ਘਰ ਦਾ ਸੌਦਾ ਤੇਰੇ ਨਾਲ ਕਰ ਲਿਆ।" ਮੈਂ ਗੁੱਸੇ ਵਿਚ ਸਾਂ।

"ਨਹੀਂ ਭੂਆ ਜੀ, ਤੁਸੀਂ ਗੱਲ ਸਮਝੇ ਨਹੀਂ। ਮੈਂ ਖੋਲ੍ਹ ਕੇ ਦੱਸਦੀ ਹਾਂ।" ਉਸ ਕਿਹਾ।

ਫਿਰ ਆਪਣੀ ਕੁਰਸੀ ਨੇੜੇ ਕਰ ਕੇ ਥੋੜ੍ਹੀ ਹੌਲੀ ਆਵਾਜ਼ ਵਿਚ ਬੋਲਣਾ ਸ਼ੁਰੂ ਕੀਤਾ, "ਭੂਆ ਜੀ, ਤੁਹਾਨੂੰ ਪਤੈ ਇਸ ਵਾਰ ਵੋਟਾਂ ਲਈ ਬਾਹਰੋਂ ਲੋਕ ਬਹੁਤ ਆ ਰਹੇ ਆ। ਉਹ ਆਪਣੀਆਂ ਪਾਰਟੀਆਂ ਲਈ ਫੰਡ ਇਕੱਠਾ ਕਰ ਕੇ ਲਿਆ ਰਹੇ ਹਨ।"



ਮੈਂ ਫਿਰ ਟੋਕਿਆ, "ਇਸ ਵਿਚ ਮੇਰੇ ਘਰ ਦੀ ਚਾਬੀ ਨੇ ਕੀ ਕਰਨੈਂ। ਅਸੀਂ ਕਿਸੇ ਨੂੰ ਵੇਚਿਆ ਨਹੀਂ ਘਰ।"

"ਨਹੀਂ ਭੂਆ ਜੀ, ਅਸਲੋਂ ਮੈਂ ਗੱਲ ਸਮਝਾਈ ਨਹੀਂ ਤੁਹਾਨੂੰ। ਮੇਰੇ ਘਰਵਾਲਾ ਬਹੁਤ ਮਿਲਣਸਾਰ ਸੁਭਾਅ ਦਾ ਹੈ। ਅੱਗੇ ਕਬੱਡੀ ਲਈ ਵੀ ਮੁੰਡੇ ਆਏ ਸੀ ਅਤੇ ਅਸੀਂ ਗੜ੍ਹਸ਼ੰਕਰ ਆਪਣੇ ਕੋਲ ਰੱਖੇ ਸੀ। ਅਸੀਂ ਕਿਸੇ ਬਾਹਰ ਵਾਲੇ ਦੇ ਘਰ ਰਹਿੰਦੇ ਹਾਂ। ਬਾਰਾਂ-ਤੇਰਾਂ ਤਾਂ ਬਾਥਰੂਮ ਬਣੇ ਹੋਏ ਹਨ। ਕਮਰੇ ਸੋਚੋ ਕਿੰਨੇ ਹੋਣਗੇ। ਉਹ ਮੁੰਡੇ ਸਾਡੇ ਕੋਲ ਰਹੇ, ਅਸੀਂ ਸੇਵਾ ਕੀਤੀ। ਉਹ ਤਾਂ ਇਕ ਦੀ ਲੋੜ ਉਤੇ ਹਜ਼ਾਰ ਦਿੰਦੇ ਸੀ। ਹੁਣ ਤਾਂ ਉਨ੍ਹਾਂ ਆਉਣੈ ਫੰਡ ਲੈ ਕੇ। ਅੱਜ ਕੱਲ੍ਹ ਸਖਤੀ ਬਹੁਤ ਹੋਈ ਪਈ ਹੈ। ਉਨ੍ਹਾਂ ਦੇ ਡਾਲਰਾਂ ਦੇ ਰੁਪਏ ਬਣਾਉਣੇ ਕਿਹੜਾ ਸੌਖੇ ਹਨ। ਸਰਕਾਰ ਕਹਿੰਦੀ ਫੰਡ ਲੈਣ ਦੀ ਰਸੀਦ ਲਵੋ। ਇਹ ਕਿਸ ਨੇ ਦੇਣੀ। ਇਹ ਕੰਮ ਤਾਂ ਅੰਦਰੋ-ਅੰਦਰੀ ਹੋਣੈ।"

"ਇਸ ਲਈ ਤੈਨੂੰ ਮੇਰਾ ਘਰ ਚਾਹੀਦੈ।" ਮੈਂ ਕਿਹਾ।

"ਨਹੀਂ ਭੂਆ ਜੀ, ਇਧਰਲੇ ਜਿਹੜੇ ਚਾਰ ਪ੍ਰਾਹੁਣੇ ਹੋਣਗੇ, ਉਨ੍ਹਾਂ ਨੂੰ ਅਸੀਂ ਇਥੇ ਰੱਖ ਲਵਾਂਗੇ। ਨਾਲੇ ਭੂਆ ਜੀ, ਤੁਸੀਂ ਤਾਂ ਇਥੇ ਹੋਣਾ ਨਹੀਂ, ਕਿਸੇ ਨੂੰ ਸ਼ੱਕ ਵੀ ਕੋਈ ਨਹੀਂ ਹੋਣਾ।"

"ਅੱਛਾ ਬੀਬੀ ਛਿੰਦੋ, ਹੁਣ ਮੈਨੂੰ ਸਮਝ ਆਈ ਕਿ ਲੁਧਿਆਣੇ ਵਾਲੀ ਭੂਆ ਦਾ ਪਿਆਰ ਕਿਉਂ ਛੱਲਾਂ ਮਾਰਦਾ ਸੀ।"

ਗੁਰਪ੍ਰਸਾਦ ਉਥੇ ਹੀ ਖੜ੍ਹਾ ਸੀ। ਉਹ ਵੀ ਬੜੇ ਪਿਆਰ ਤੇ ਸਤਿਕਾਰ ਨਾਲ ਬੋਲਿਆ, "ਭੈਣ, ਫਿਕਰ ਨਾ ਕਰ, ਚਾਬੀ ਤੈਨੂੰ ਮੈਂ ਦੇ ਆਵਾਂਗਾ।"

"ਤੈਨੂੰ ਪਤੈ ਮੇਰੇ ਘਰ ਦਾ।" ਉਹ ਬੋਲੀ।

"ਹਾਂ, ਮੈਂ ਗੜ੍ਹਸ਼ੰਕਰ ਜਾ ਕੇ ਪੁੱਛ ਲਵਾਂਗਾ, ਬਾਰਾਂ-ਤੇਰਾਂ ਬਾਥਰੂਮ ਵਾਲੀ ਕੋਠੀ! ਤੂੰ ਪਹਿਲਾਂ ਜ਼ਰਾ ਉਠ ਕੇ ਇਧਰ ਦੇਖ।"

ਉਹ ਉਠ ਕੇ ਖੜ੍ਹੀ ਹੋ ਗਈ।

"ਨਾਲ ਵਾਲੀਆਂ ਦੋਹਾਂ ਕੋਠੀਆਂ ਵੱਲ ਵੇਖ, ਸਾਹਮਣੇ ਦੋਹਾਂ ਦੇ ਗੇਟ ਉਪਰ ਕੀ ਦਿਸਦੈ।"

ਉਸ ਕਿਹਾ, "ਕੀ?"

"ਕੈਮਰੇ ਦਿਸੇ।" ਗੁਰਪ੍ਰਸਾਦ ਨੇ ਕਿਹਾ।

"ਹਾਂ।" ਉਸ ਨੇ ਕਿਹਾ।

"ਹੁਣ ਸਾਡੀਆਂ ਪਿਛਲੀਆਂ ਪੌੜੀਆਂ ਵੱਲ ਦੇਖ।"

"ਹਾਏ, ਮੈਂ ਮਰ ਜਾਵਾਂ। ਭੂਆ ਜੀ ਇੰਨੇ ਕੈਮਰੇ?"

ਗੁਰਪ੍ਰਸਾਦ ਫਿਰ ਬੋਲਿਆ, "ਇਹ ਤਸਵੀਰ ਹੀ ਨਹੀਂ ਖਿੱਚਦੇ, ਦੂਰੋਂ ਆਵਾਜ਼ ਵੀ ਰਿਕਾਰਡ ਕਰਦੇ ਆ, ਸੁਣਾਵਾਂ? ਇਹ ਤਸਵੀਰ ਤੇ ਆਵਾਜ਼ ਪੰਜ ਨੰਬਰ ਥਾਣੇ ਵਿਚ ਵੀ ਸੁਣਦੀ ਹੈ।"

"ਨਾ ਭਰਾਵਾ। ਮੈਂ ਕੁਝ ਨਹੀਂ ਸੁਣਨਾ।"

ਉਸ ਆਪਣੀ ਜੁੱਤੀ ਪਾਈ ਜੋ ਖੋਲੀ ਹੋਈ ਸੀ, ਤੇ ਬੋਲੀ, "ਅੱਛਾ ਭੂਆ ਜੀ, ਮੈਂ ਚੱਲੀ।"

ਮੈਂ ਕਿਹਾ, "ਭੂਆ ਦੇ ਘਰੋਂ ਖਾਲੀ ਹੱਥ ਨਾ ਜਾ, ਬੈਠ ਇਕ ਮਿੰਟ।"

ਮੈਂ ਅੰਦਰੋਂ ਪੰਜ-ਪੰਜ ਸੌ ਦੇ ਦੋ ਨੋਟ ਲਿਆ ਕੇ ਕਿਹਾ, "ਇਕ ਤੇਰਾ ਤੇ ਇਕ ਦੇ ਫਲ ਲੈ ਜਾਵੀਂ ਬੱਚਿਆਂ ਲਈ।" ਉਸ ਨੋਟ ਫੜ ਕੇ ਫਿਰ ਕਿਹਾ, "ਭੂਆ ਜੀ, ਮੈਨੂੰ ਕੀ ਪਤਾ ਸੀ ਕਿ ਤੁਸੀਂ ਵੀ ਕੈਮਰੇ ਲਾਈ ਬੈਠੇ ਹੋ। ਖੂਹ ਪੈਣ ਕੈਮਰੇ।"

ਗੁਰਪ੍ਰਸਾਦ ਬੋਲਿਆ, "ਭੈਣ, ਸਾਡਾ ਤਾਂ ਇਕ ਵੀ ਕੈਮਰਾ ਨਹੀਂ, ਉਹ ਦੋਵਾਂ ਕੋਠੀ ਵਾਲਿਆਂ ਕਈ ਕੈਮਰੇ ਲਾਏ ਹੋਏ ਨੇ... ਤੇ ਪੌੜੀਆਂ ਵਾਲਾ ਉਪਰਲੇ ਕਿਰਾਏਦਾਰ ਦਾ। ਸਾਡੀ ਤਾਂ ਮੁਫਤ ਵਿਚ ਰਾਖੀ ਹੋ ਰਹੀ ਹੈ। ਦੇਖਿਆ ਕਿੰਨਾ ਫਾਇਦੈ, ਇਨ੍ਹਾਂ ਕੈਮਰਿਆਂ ਦਾ। ਬੜੇ ਕੰਮ ਦੀ ਚੀਜ਼ ਹੈ ਕੈਮਰਾ।" ਉਹ ਸ਼ਾਲ ਦੀ ਬੁੱਕਲ ਕੱਸਦੀ ਫਟਾਫਟ ਗਲੀ ਵਿਚੋਂ ਬਾਹਰ ਹੋ ਗਈ।

-0-



# ਗੁਜਰਾਤ ਫਾਈਲਾਂ

**ਪਰਦਾਪੋਸ਼ੀ ਦੀ ਚੀਰਫਾੜ**

**ਕਾਂਡ ਦਸਵਾਂ**

*'ਗੁਜਰਾਤ ਫਾਈਲੀਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



## ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਣ ਦਾ ਯਤਨ ਕੀਤਾ। ਨਰੇਂਦਰ ਮੋਦੀ ਦੇ ਬਖੀਏ ਉਧੇੜਨ ਲਈ ਉਸ ਨੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾਇਆ ਅਤੇ ਸਬੂਤ ਜੁਟਾਉਣ ਲੱਗੀ। ਉਹਨੇ ਤਤਕਾਲੀ ਮੰਤਰੀ ਮਾਇਆ ਕੋਡਨਾਨੀ, ਅਤਿਵਾਦੀ ਵਿਰੋਧੀ ਦੇ ਮੁਖੀ ਜੀ.ਐਲ. ਸਿੰਘਲ, ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ, ਪੁਲਿਸ ਅਫਸਰ ਊਸ਼ਾ ਰਾਡਾ, ਅਸ਼ੋਕ ਨਰਾਇਣ, ਜੀ.ਸੀ. ਰੈਗਰ, ਪੀ.ਸੀ. ਪਾਂਡੇ, ਕੇ. ਚਕਰਵਰਤੀ ਨਾਲ ਮੁਲਾਕਾਤਾਂ ਕੀਤੀਆਂ ਅਤੇ ਗੁੱਝੇ ਭੇਤ ਕਢਵਾਏ। ਹੁਣ ਪੜ੍ਹੋ ਅੱਗੇ...*

# ਮਾਇਆ ਕੋਡਨਾਨੀ, ਗੀਤਾ ਜੌਹਰੀ ਤੇ ਹਰੇਨ ਪਾਂਡਿਆ ਦੀ ਕਹਾਣੀ

ਜਦੋਂ ਮੈਂ ਦੁਬਾਰਾ ਅਹਿਮਦਾਬਾਦ ਵਿਚ ਦਾਖਲ ਹੋਈ, ਇਹ 2013 ਦਾ ਕੋਈ ਸਮਾਂ ਸੀ। ਮਾਇਆ ਕੋਡਨਾਨੀ ਮੁੜ ਸੀਖਾਂ ਪਿੱਛੇ ਸੀ। ਸਟਿੰਗ ਪੂਰਾ ਹੋ ਗਿਆ ਸੀ ਅਤੇ ਮੈਂ 'ਤਹਿਲਕਾ' ਲਈ ਕੰਮ ਜਾਰੀ ਰੱਖਦੀ ਹੋਈ ਹਾਲੇ ਵੀ ਇਸ ਦੇ ਛਪਣ ਦਾ ਇੰਤਜ਼ਾਰ ਕਰ ਰਹੀ ਸੀ। ਜਿਸ ਅਫ਼ਸਰ ਨੂੰ ਮੈਂ ਦਸਤਾਵੇਜ਼ਾਂ ਲਈ ਮਿਲੀ, ਉਸ ਨੇ ਮੈਨੂੰ ਦੱਸਿਆ ਕਿ ਉਹ ਮਾਇਆਬੇਨ ਨੂੰ ਜੇਲ੍ਹ ਵਿਚ ਮਿਲਿਆ ਸੀ। ਉਸ ਨੇ ਦੱਸਿਆ ਕਿ ਉਹ ਜੇਲ੍ਹ ਵਿਚ ਮਾਇਆਬੇਨ ਨੂੰ ਓਸ਼ੋ ਦੀਆਂ ਕਿਤਾਬਾਂ ਭੇਜਣ ਦੀ ਸੋਚ ਰਿਹਾ ਸੀ। ਮੈਂ ਉਸ ਦੇ ਬਿਆਨ ਤੋਂ ਹੈਰਾਨ ਸੀ। ਉਸ ਨੇ ਦੱਸਿਆ- 'ਉਹ ਉਚੀ-ਉਚੀ ਰੋਂਦੀ ਰਹੀ। ਕਹਿੰਦੀ, ਮੈਨੂੰ ਕਿਸੇ ਤਰ੍ਹਾਂ ਬਾਹਰ ਲੈ ਜਾਓ, ਉਹ ਪਾਗਲ ਹੋਣ ਵਾਲੀ ਸੀ। ਮੈਂ ਸੋਚਿਆ, ਰੂਹਾਨੀਅਤ ਉਸ ਦੀ ਮਦਦ ਕਰ ਸਕਦੀ ਸੀ।'

ਸਟਿੰਗ ਦੌਰਾਨ ਮਾਇਆਬੇਨ ਦੇ ਘਰ ਦੁਪਹਿਰ ਦੇ ਖਾਣੇ ਦੇ ਇਕ ਮੌਕੇ 'ਤੇ ਉਸ ਨੇ ਮੈਨੂੰ ਅੰਬ ਦਾ ਰਸ ਪਿਆਇਆ ਸੀ। ਅੰਬਾਂ ਦੀ ਰੁੱਤ ਲੰਘ ਚੁੱਕੀ ਸੀ, ਪਰ ਉਸ ਨੇ ਰਸ ਬਣਾ ਕੇ ਆਪਣੇ ਬੇਟੇ ਲਈ ਫਰੀਜ਼ਰ ਵਿਚ ਸਾਂਭਿਆ ਹੋਇਆ ਸੀ ਜੋ ਅਮਰੀਕਾ ਤੋਂ ਆਉਣ ਵਾਲਾ ਸੀ। ਫਿਰ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਕਿਹਾ- 'ਤੂੰ ਖਾ ਲੈ, ਮੈਂ ਸਮਝਾਂਗੀ ਮੇਰਾ ਪੁੱਤ ਖਾ ਰਿਹਾ ਹੈ। ਤੂੰ ਵੀ ਮੇਰੀ ਧੀ ਸਮਾਨ ਏ ਮੈਥਿਲੀ।'

ਉਸ ਸ਼ਾਮ ਅਸੀਂ ਗੱਲਬਾਤ ਸ਼ੁਰੂ ਕੀਤੀ। ਉਸ ਨਫ਼ਰਤ ਨੂੰ ਲੈ ਕੇ ਕੋਈ ਸ਼ੱਕ ਨਹੀਂ ਸੀ ਜੋ ਉਸ ਦੇ ਦਿਲ ਅੰਦਰ ਮੁਸਲਿਮ ਭਾਈਚਾਰੇ ਪ੍ਰਤੀ ਭਰੀ ਹੋਈ ਸੀ, ਪਰ ਮੇਰੇ ਨਾਲ ਗੱਲਬਾਤ ਦੌਰਾਨ ਸਭ ਤੋਂ ਵੱਧ ਜੋ ਸਾਹਮਣੇ ਆਇਆ, ਉਹ ਸੀ ਮੋਦੀ ਪ੍ਰਤੀ ਘਿਰਣਾ।

**ਸਵਾਲ:** ਨਰੇਂਦਰ ਮੋਦੀ ਦੇ ਆਲੇ-ਦੁਆਲੇ ਕੀ ਚਾਪਲੂਸੀ ਕੁਝ ਜ਼ਿਆਦਾ ਨਹੀਂ ਹੈ? ਮਤਲਬ, ਕੁਲ ਚੰਗੇ ਕੰਮ ਦਾ ਸਿਹਰਾ ਉਸੇ ਨੂੰ ਜਾਂਦਾ ਹੈ?

**ਜਵਾਬ:** ਅਜੇ ਤਾਂ ਇਹ ਠੀਕ ਹੈ, ਪਰ ਦੂਰ ਦੀ ਸੋਚੀਏ ਤਾਂ ਇਹ ਮਾੜਾ ਹੋਵੇਗਾ।

**ਸਵਾਲ:** ਤੁਸੀਂ ਉਨ੍ਹਾਂ ਦੇ ਚਹੇਤਿਆਂ 'ਚੋਂ ਹੋ?

**ਜਵਾਬ:** ਕਦੇ ਹੁੰਦੀ ਸੀ।

**ਸਵਾਲ:** ਅਮਿਤ ਸ਼ਾਹ ਵਾਲੇ ਮਾਮਲੇ ਤੋਂ ਬਾਅਦ ਮੋਦੀ ਨੂੰ ਕੀ ਹੋ ਗਿਆ?

**ਜਵਾਬ:** ਆਪਣੀ ਗ੍ਰਿਫ਼ਤਾਰੀ ਤੇ ਜ਼ਮਾਨਤ ਤੋਂ ਬਾਅਦ ਮੈਂ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ। ਦੋ ਮੌਕਿਆਂ ਉਪਰ ਅਸੀਂ ਬਸ ਮਿਲੇ ਹੀ ਹਾਂ।

**ਸਵਾਲ:** ਤੁਹਾਨੂੰ ਦੇਖ ਕੇ ਉਸ ਦਾ ਪ੍ਰਤੀਕਰਮ ਕਿਹਾ ਜਿਹਾ ਹੁੰਦਾ ਹੈ?

**ਜਵਾਬ:** ਕੋਈ ਪ੍ਰਤੀਕਰਮ ਨਹੀਂ ਹੁੰਦਾ। ਉਹ ਕੁਝ ਨਹੀਂ ਕਹਿੰਦੇ, ਮੈਂ ਵੀ ਕੁਝ ਨਹੀਂ ਕਹਿੰਦੀ। ਕੁਝ ਵੀ ਹੋਵੇ, ਇਹ ਮੇਰਾ ਮਸਲਾ ਹੈ। ਮੈਂ ਨਜਿੱਠ ਲਵਾਂਗੀ। ਮੈਂ ਜਾਣਦੀ ਹਾਂ, ਮੈਂ ਬੇਕਸੂਰ ਹਾਂ। ਮੈਥਿਲੀ, ਮੈਂ ਉਥੇ ਹੈ ਹੀ ਨਹੀਂ ਸੀ। ਮੈਂ ਤਾਂ ਵੀਹ ਕਿਲੋਮੀਟਰ ਦੂਰ ਬੈਠੀ ਸੀ। ਮੈਂ ਸੋਲਾ ਵਿਚ ਸੀ। ਸਾਢੇ ਅੱਠ ਵਜੇ ਅਸੰਬਲੀ ਗਈ ਸੀ... ਉਥੋਂ ਮੈਂ ਹਸਪਤਾਲ ਚਲੀ ਗਈ, ਕਿਉਂਕਿ ਸਾਰੀਆਂ ਲਾਸ਼ਾਂ ਸੋਲਾ ਸਿਵਲ ਹਸਪਤਾਲ ਵਿਚ ਹੀ ਸਨ। ਮੇਰੀ ਨਰਸ ਦੇ ਪਿਤਾ ਗੋਧਰਾ ਕਾਂਡ ਵਿਚ ਸ਼ਿਕਾਰ ਹੋਏ ਸਨ ਅਤੇ ਮੈਂ ਉਨ੍ਹਾਂ ਦੀ ਲਾਸ਼ ਦੀ ਸ਼ਨਾਖਤ ਕਰਨ ਲਈ ਉਥੇ ਗਈ ਸੀ। ਅਮਿਤ ਸ਼ਾਹ ਅਤੇ ਮੈਂ ਹਸਪਤਾਲ ਗਏ ਸੀ। ਉਥੇ ਤਾਂ ਹਿੰਦੂਆਂ ਨੇ ਵੀ ਮੈਨੂੰ ਹੀ ਤੰਗ ਕੀਤਾ, ਉਹ ਐਨਾ ਗੁੱਸੇ ਵਿਚ ਸਨ। ਉਹ ਮੇਰੇ ਅਤੇ ਅਮਿਤ ਸ਼ਾਹ ਦੇ ਖ਼ਿਲਾਫ਼ ਜ਼ੋਰ-ਜ਼ੋਰ ਨਾਲ ਚੀਕ ਰਹੇ ਸਨ। ਪੁਲਿਸ ਇੰਸਪੈਕਟਰ ਨੇ ਮੈਨੂੰ ਸੁਰੱਖਿਆ ਦੇ ਕੇ ਆਪਣੀ ਕਾਰ ਵਿਚ ਬਿਠਾ ਕੇ ਉਥੋਂ ਕੱਢਿਆ।

**ਸਵਾਲ:** ਫਿਰ ਇਲਜ਼ਾਮ ਕੀ ਹੈ?

**ਜਵਾਬ:** ਉਹ ਗਵਾਹਾਂ ਦਾ ਇਸਤੇਮਾਲ ਕਰ ਕੇ ਸਾਬਤ ਕਰ ਰਹੇ ਹਨ ਕਿ ਫ਼ਸਾਦ ਮੈਂ ਭੜਕਾ ਰਹੀ ਸੀ ਅਤੇ ਹਜੂਮ ਦੀ ਅਗਵਾਈ ਕਰ ਰਹੀ ਸੀ। ਮੈਂ ਆਪਣੇ ਹਸਪਤਾਲ ਆਈ... ਜਣੇਪੇ ਦਾ ਕੇਸ ਦੇਖਿਆ। ਤਿੰਨ ਵਜੇ ਮੈਂ ਹਸਪਤਾਲ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਮੇਰੇ ਮੋਬਾਈਲ ਦੀ ਲੋਕੇਸ਼ਨ ਉਦੋਂ ਉਥੇ ਇਕ ਖ਼ਾਸ ਇਲਾਕੇ ਅੰਦਰ ਮੌਜੂਦ ਸੀ, ਇਸ ਕਰ ਕੇ ਮੈਂ ਉਥੇ ਮੌਜੂਦ ਸੀ।



ਮਾਇਆ ਕੋਡਨਾਨੀ

> *ਸਟਿੰਗ ਦੌਰਾਨ ਮਾਇਆਬੇਨ ਦੇ ਘਰ ਦੁਪਹਿਰ ਦੇ ਖਾਣੇ ਦੇ ਇਕ ਮੌਕੇ 'ਤੇ ਉਸ ਨੇ ਮੈਨੂੰ ਅੰਬ ਦਾ ਰਸ ਪਿਆਇਆ ਸੀ। ਉਸ ਨੇ ਰਸ ਆਪਣੇ ਬੇਟੇ ਲਈ ਫਰੀਜ਼ਰ ਵਿਚ ਸਾਂਭਿਆ ਹੋਇਆ ਸੀ ਜੋ ਅਮਰੀਕਾ ਤੋਂ ਆਉਣ ਵਾਲਾ ਸੀ।... ਉਸ ਸ਼ਾਮ ਅਸੀਂ ਗੱਲਬਾਤ ਸ਼ੁਰੂ ਕੀਤੀ। ਉਸ ਨਫ਼ਰਤ ਨੂੰ ਲੈ ਕੇ ਕੋਈ ਸ਼ੱਕ ਨਹੀਂ ਸੀ ਜੋ ਉਸ ਦੇ ਦਿਲ ਅੰਦਰ ਮੁਸਲਮਾਨਾਂ ਪ੍ਰਤੀ ਭਰੀ ਹੋਈ ਸੀ, ਪਰ ਗੱਲਬਾਤ ਦੌਰਾਨ ਜੋ ਸਾਹਮਣੇ ਆਇਆ, ਉਹ ਸੀ ਮੋਦੀ ਪ੍ਰਤੀ ਘਿਰਣਾ।*

**ਸਵਾਲ:** ਗੋਰਧਨ ਜ਼ੜਫੀਆ ਉਦੋਂ ਗ੍ਰਹਿ ਮੰਤਰੀ ਸੀ। ਉਸ ਨੂੰ ਵੀ ਇਸੇ ਕਾਰਨ ਹਟਾਇਆ?

**ਜਵਾਬ:** ਉਹਨੂੰ ਇਸ ਲਈ ਹਟਾਇਆ, ਕਿਉਂਕਿ ਉਹ ਮੁੱਖ ਮੰਤਰੀ ਨੂੰ ਪਸੰਦ ਨਹੀਂ ਸੀ।

**ਸਵਾਲ:** ਯਾਨੀ, ਮੁੱਖ ਮੰਤਰੀ ਨੇ ਗੋਰਧਨ ਭਾਈ ਨੂੰ ਬਚਾਉਣ ਲਈ ਗਵਾਹਾਂ ਦਾ ਇਸਤੇਮਾਲ ਨਹੀਂ ਕੀਤਾ, ਜਿਵੇਂ ਉਨ੍ਹਾਂ ਨੇ ਅਮਿਤ ਸ਼ਾਹ ਦੇ ਮਾਮਲੇ ਵਿਚ ਕੀਤਾ ਸੀ?

**ਜਵਾਬ:** ਨਹੀਂ (ਹੱਸਦੀ ਹੈ)।

**ਸਵਾਲ:** ਯਾਨੀ, ਫ਼ਸਾਦਾਂ ਦੇ ਪੰਜ ਉਨ੍ਹਾਂ ਨੇ ਗੋਰਧਨ ਜ਼ੜਫੀਆ ਤੋਂ ਖਹਿੜਾ ਛੁਡਾ ਲਿਆ?

**ਜਵਾਬ:** ਹਾਂ, ਉਸ ਨੂੰ ਚਲਦਾ ਕਰ ਦਿੱਤਾ।

**ਸਵਾਲ:** ਯਾਨੀ, ਜੋ ਲੋਕ ਉਸ ਨੂੰ ਪਸੰਦ ਨਹੀਂ ਸਨ, ਉਨ੍ਹਾਂ ਨਾਲ ਨਜਿੱਠਣ ਲਈ ਫ਼ਸਾਦ ਵਧੀਆ ਬਹਾਨਾ ਮਿਲ ਗਿਆ?

**ਜਵਾਬ:** ਹਾਂ।

**ਸਵਾਲ:** ਅਮਿਤ ਸ਼ਾਹ ਦਾ ਕੀ ਮਾਮਲਾ ਹੈ?

**ਜਵਾਬ:** ਉਹ ਤਾਂ ਉਸੇ ਦਾ ਬੰਦਾ ਹੈ।

**ਸਵਾਲ:** ਮੈਂ ਸੋਚਦੀ ਸੀ ਕਿ ਆਨੰਦੀਬੇਨ ਉਸ ਦੇ ਜ਼ਿਆਦਾ ਕਰੀਬੀ ਹੈ?

**ਜਵਾਬ:** ਆਨੰਦੀਬੇਨ ਸੱਜਾ ਹੱਥ ਹੈ ਅਤੇ ਇਹ ਖੱਬਾ। ਅਮਿਤ ਸ਼ਾਹ ਨੂੰ ਬਾਹਰ ਲਿਆਉਣ ਲਈ ਉਸ ਨੇ ਜੋ ਹੋ ਸਕਦਾ ਸੀ, ਕੀਤਾ। ਅਡਵਾਨੀ ਆ ਕੇ ਉਸ ਨੂੰ ਮਿਲਿਆ। ਸੁਸ਼ਮਾ ਸਵਰਾਜ ਉਸ ਦੇ ਘਰ ਆਈ ਸੀ।

**ਸਵਾਲ:** ਜਦੋਂ ਤੁਹਾਡੀ ਗ੍ਰਿਫ਼ਤਾਰੀ ਹੋਈ, ਉਦੋਂ ਇੰਵ ਨਹੀਂ ਹੋਇਆ?

**ਜਵਾਬ:** ਕੀ ਕਰਨਾ ਹੈ... ਲਗਦਾ ਹੈ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇਗਾ। 'ਉਸ ਕੋ ਟੱਕਰ ਦੇਨੇ ਵਾਲਾ ਭੀ ਕੋਈ ਨਹੀਂ ਹੈ'। ਉਹ ਆਨੰਦੀਬੇਨ ਨੂੰ ਮੁੱਖ ਮੰਤਰੀ ਬਣਾਏਗਾ।

**ਸਵਾਲ:** ਯੇ ਲੋਗ ਕਿਤਨਾ ਬੋਲਤੇ ਹੈਂ ਉਨਕੇ ਪੀਛੇ। ਯੇ ਆਪ ਕੇ ਐਨਕਾਊਂਟਰ ਕਾਪਸ ਭੀ ਯਹੀ ਬੋਲਤੇ ਹੈਂ, ਕੀ ਯੂਜ਼ ਐਂਡ ਥਰੋਅ ਕੀਯਾ?

**ਜਵਾਬ:** ਹਾਂ, ਵਣਜਾਰਾ ਬਹੁਤ ਚੰਗਾ ਸੀ। ਦੇਖੋ, ਐਨਕਾਊਂਟਰ ਤੋ ਕੀਯਾ ਇਨ ਲੋਗੋਂ ਨੇ, ਲੇਕਿਨ ਇਸ ਕੀ ਸਹੀ ਵਜ੍ਹਾ ਕਯਾ ਹੈ, ਯੇ ਕਿਉਂ ਨਹੀਂ ਸਾਮਨੇ ਆ ਰਹਾ? ਜੈਸੇ ਸੋਹਰਾਬੂਦੀਨ ਕੋ ਮਾਰਾ ਟੈਰਰਿਸਟ ਬੋਲ ਕੇ, ਉਸ ਕੀ ਵਾਈਫ਼ ਕੋ ਕਿਉਂ ਮਾਰਾ, ਵੋਹ ਤੋ ਟੈਰਰਿਸਟ ਨਹੀਂ ਥਾ।

**ਸਵਾਲ:** ਹਰੇਨ ਪਾਂਡਿਆ ਅਤੇ ਗੋਰਧਨ ਜ਼ੜਫੀਆ ਦੋਨੋਂ ਕੋ ਨਿਕਾਲ ਦੀਯਾ ਨਾ?

**ਜਵਾਬ:** ਗੋਰਧਨ ਭਾਈ ਤੋ ਠੀਕ ਥੇ, ਹਰੇਨ ਪਾਂਡਿਆ ਬਹੁਤ ਡਾਈਨਾਮਿਕ ਇਨਸਾਨ ਥੇ।

**ਸਵਾਲ:** ਗੋਰਧਨ ਭਾਈ ਕੋ ਭੀ ਤੋ ਫ਼ਸਾਦੋਂ ਮੇਂ ਯੂਜ਼ ਕਰ ਕੇ ਫੈਂਕ ਦੀਯਾ ਇਸ ਨੇ?

**ਜਵਾਬ:** ਹਾਂ, ਹਾਂ... ਪੂਰੇ ਗੁਜਰਾਤ ਵਿਚ ਫ਼ਸਾਦ ਹੋਏ ਸਨ, ਲੇਕਿਨ ਉਹ ਨਰੋਦਾ ਦੀ ਵਿਧਾਇਕ, ਯਾਨੀ ਮੇਰੇ ਪਿੱਛੇ ਪਏ ਹੋਏ ਸਨ।

**ਸਵਾਲ:** ਮੋਦੀ ਤੋਂ ਪੁੱਛਗਿੱਛ ਦਾ ਕੀ ਬਣਿਆ?

**ਜਵਾਬ:** ਉਹ ਵੀ ਐਸ.ਆਈ.ਟੀ. ਅੱਗੇ ਗਿਆ ਸੀ, ਲੇਕਿਨ ਉਸ ਨੂੰ ਛੱਡ ਦਿੱਤਾ ਗਿਆ।

**ਸਵਾਲ:** ਲੇਕਿਨ ਜਿਸ ਆਧਾਰ 'ਤੇ ਤੁਹਾਨੂੰ ਦੋਸ਼ੀ ਠਹਿਰਾਇਆ ਗਿਆ, ਉਸੇ ਆਧਾਰ 'ਤੇ ਉਸ ਦੀ ਗ੍ਰਿਫ਼ਤਾਰੀ ਵੀ ਹੋ ਜਾਣੀ ਚਾਹੀਦੀ ਸੀ?

**ਜਵਾਬ:** ਹਾ ਹਾ... (ਸਿਰ ਹਿਲਾਉਂਦੀ ਹੈ)।

**ਸਵਾਲ:** ਕੱਲ੍ਹ ਮੈਂ ਮੋਦੀ ਨੂੰ ਮਿਲ ਰਹੀ ਹਾਂ।

**ਜਵਾਬ:** ਮਿਲਣ 'ਤੇ ਪੁੱਛਣਾ ਕਿ ਉਹ ਏਨਾ ਵਿਵਾਦਪੂਰਨ ਬੰਦਾ ਕਿਉਂ ਹੈ?

**ਸਵਾਲ:** ਵਾਕਈ?

**ਜਵਾਬ:** ਉਹ ਸਾਰਾ ਕੁਝ ਆਪਣੇ ਪੱਖ ਵਿਚ ਕਰ ਲੈਂਦਾ ਹੈ।

**ਸਵਾਲ:** ਇਹ ਲੋਕ ਤੁਹਾਨੂੰ ਜੇਲ੍ਹ ਵਿਚ ਮਿਲਣ ਆਏ ਸੀ?

**ਜਵਾਬ:** ਨਾ, ਕੋਈ ਨਹੀਂ ਆਇਆ।

**ਸਵਾਲ:** ਮੈਂ ਮੋਦੀ ਨੂੰ ਕੀ ਸਵਾਲ ਪੁੱਛਾਂ, ਉਹ ਤਾਂ ਟਾਲ ਦੇਵੇਗਾ!

**ਜਵਾਬ:** ਆਪਣਾ ਸਵਾਲ ਘੁੰਮਾ-ਫਿਰਾ ਕੇ ਪੁੱਛ ਲਈਂ। ਪਹਿਲਾਂ ਉਸ ਦੀ ਤਾਰੀਫ਼ ਕਰ ਦੇਈਂ, ਫਿਰ ਸਵਾਲ ਪੁੱਛ ਲਈਂ।

**ਸਵਾਲ:** ਮੋਦੀ ਬਾਰੇ ਹੋਰ?

**ਜਵਾਬ:** ਪਹਿਲਾਂ ਉਸ ਦੀ ਅਤੇ ਉਸ ਦੇ ਕੰਮਾਂ ਦੀ ਤਾਰੀਫ਼ ਕਰੀਂ, ਫਿਰ ਉਹ ਤੇਰੇ ਨਾਲ ਗੱਲ ਕਰੇਗਾ। ਉਸ ਦਾ ਘੜਿਆ-ਘੜਾਇਆ ਜਵਾਬ ਹੈ- 'ਮੈਂ ਵਿਵੇਕਾਨੰਦ ਨੂੰ ਮੰਨਦਾ ਹਾਂ, ਸਰਦਾਰ ਪਟੇਲ ਨੂੰ ਮੰਨਦਾ ਹਾਂ।' ਮੇਰੇ ਬਾਰੇ ਪੁੱਛੇਂਗੀ ਤਾਂ ਜਵਾਬ ਹੋਵੇਗਾ- 'ਅੱਛਾ, ਹਮ ਕਯਾ ਕਰੇਂ, ਐਸ.ਆਈ.ਟੀ. ਜਾਂਚ ਕਰ ਰਹੀ ਸੀ, ਫ਼ੋਨ ਕਾਲ ਕੇ ਰਿਕਾਰਡ ਮਿਲ ਗਏ' ਜਾਂ ਫਿਰ ਨਿੱਕਾ ਜਿਹਾ ਸੁਹਣਾ ਜਿਹਾ ਜਵਾਬ ਦੇਵੇਗਾ- 'ਮਾਮਲਾ ਅਦਾਲਤ ਵਿਚ ਹੈ।'

**ਸਵਾਲ:** ਫਿਰ ਇਹ ਸਾਰੇ ਨੁਕਤੇ ਤਾਂ ਉਸ ਉਪਰ ਵੀ ਲਾਗੂ ਹੁੰਦੇ ਹਨ?

**ਜਵਾਬ:** ਹਾ ਹਾ... ਉਸੇ ਤੋਂ ਪੁੱਛ ਲਈਂ।

ਇਨ੍ਹਾਂ ਅਫ਼ਵਾਹਾਂ ਬਾਰੇ ਕੋਈ ਸ਼ੱਕ ਨਹੀਂ ਕਿ ਮਾਇਆ ਕੋਡਨਾਨੀ ਨੇ ਆਰ.ਐਸ.ਐਸ. ਕੋਲ ਰੋਣਾ ਰੋਇਆ ਸੀ ਕਿ ਉਸ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ ਜਦਕਿ ਐਸ.ਆਈ.ਟੀ. ਨੇ ਮੋਦੀ ਨੂੰ ਬਰੀ ਕਰ ਦਿੱਤਾ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਮਾਇਆ ਕੋਡਨਾਨੀ ਨੂੰ ਨਾ ਕੇਵਲ ਇਹ ਯਕੀਨ ਸੀ ਕਿ ਅਮਿਤ ਸ਼ਾਹ ਮੋਦੀ ਦੇ ਕਰੀਬ ਸੀ, ਸਗੋਂ ਇਹ ਵੀ ਕਿ ਸ਼ਾਹ ਨੂੰ ਬਚਾਉਣ ਲਈ ਮੋਦੀ ਕਿਸੇ ਹੱਦ ਤਕ ਵੀ ਜਾਵੇਗਾ। ਮੇਰੇ ਨਾਲ ਗੱਲਬਾਤ ਦੌਰਾਨ, ਉਸ ਨੇ ਇਹ ਤੱਥ ਜ਼ੋਰ ਦੇ ਕੇ ਰੱਖੇ ਜੋ ਮੈਂ ਪਹਿਲਾਂ ਵੀ ਕਈ ਵਾਰ ਸੁਣ ਚੁੱਕੀ ਸੀ ਕਿ ਅਫ਼ਸਰਾਂ ਨੂੰ ਆਪਣੇ ਫ਼ਾਇਦੇ ਲਈ ਇਸਤੇਮਾਲ ਕੀਤਾ ਗਿਆ ਅਤੇ ਫਿਰ ਉਨ੍ਹਾਂ ਤੋਂ ਪਾਸਾ ਵੱਟ ਲਿਆ ਗਿਆ।

### ਗੀਤਾ ਜੌਹਰੀ

ਉਸ ਸਵੇਰ ਨੂੰ ਮੈਂ ਪਾਨੀ ਨੂੰ ਛੇਤੀ ਜਗਾ ਲਿਆ। ਉਹ ਗ੍ਰੀਨਲੈਂਡ ਵਿਚ ਹਲਵਾਈ ਦੀ ਦੁਕਾਨ ਉਪਰ ਖ਼ਾਨਸਾਮੇ ਦੀ ਨੌਕਰੀ ਕਰਦੀ ਸੀ। ਉਹ ਬਹੁਤ ਸੁਹਣੇ ਕੱਪੜੇ ਪਹਿਨਦੀ। ਫਾਊਂਡੇਸ਼ਨ ਵਿਖੇ ਉਹ ਮਹਿਫ਼ਿਲ ਦੀ ਜਿੰਦ-ਜਾਨ ਸੀ।

ਅਗਲੇ ਦਿਨ ਅਸੀਂ ਰਾਜਕੋਟ ਦੀ ਬਸ ਫੜ ਗਈ। ਮੈਂ ਆਪਣੇ ਕੈਮਰਿਆਂ ਨਾਲ ਲੈਸ ਸੀ ਅਤੇ ਪਿੱਠੂ ਬੈਗ ਵਿਚ ਚਿੱਪਾਂ, ਲੈਪਟਾਪ, ਸੰਗੀਤ ਦਾ ਨਿੱਕ-ਸੁੱਕ ਅਤੇ ਚਾਕਲੇਟ ਤੁੰਨੇ ਹੋਏ ਸਨ। ਜਦੋਂ ਅਸੀਂ ਹੋਟਲ ਪਹੁੰਚੀਆਂ, ਪਾਨੀ ਦੇ ਪਾਸਪੋਰਟ ਨੇ ਬਹੁਤ ਮਦਦ ਕੀਤੀ। ਮੈਂ ਮੈਥਿਲੀ ਵਜੋਂ ਰਜਿਸਟ੍ਰੇਸ਼ਨ ਕਰਵਾਈ ਅਤੇ ਉਹ ਬਹੁਤ ਹੀ ਉਤਸ਼ਾਹ ਨਾਲ ਕਮਰੇ ਵਿਚ ਜਾ ਵੜੀ। ਗੁਸਲਖ਼ਾਨੇ ਵਿਚ ਨਹਾਉਣ ਵਾਲਾ ਟੱਬ ਲੱਗਿਆ ਹੋਇਆ ਸੀ ਅਤੇ ਸ਼ੀਸ਼ੇ ਵਾਲੀ ਖਿੜਕੀ ਵਿਚੋਂ ਉਹ ਪੂਰਾ ਸ਼ਹਿਰ ਦੇਖ ਸਕਦੀ ਸੀ। ਉਹ ਬਹੁਤ ਖ਼ੁਸ਼ ਸੀ ਅਤੇ ਮੈਂ ਬੇਚੈਨ। ਉਸ ਜ਼ਮਾਨੇ ਦੀ ਸਭ ਤੋਂ ਵਿਵਾਦਪੂਰਨ ਅਫ਼ਸਰ ਗੀਤਾ ਜੌਹਰੀ ਨੇ ਮੇਰੇ ਨਾਲ ਮਿਲਣ ਦਾ ਸਮਾਂ ਰੱਖਿਆ ਹੋਇਆ ਸੀ। ਮੈਂ ਉਸ ਨੂੰ ਦੱਸਿਆ ਸੀ ਕਿ ਮੈਂ ਆਪਣੀ ਫਿਲਮ ਲਈ ਮੱਲਾਂ ਮਾਰਨ ਵਾਲੀ ਔਰਤ ਦੇ ਤੌਰ 'ਤੇ ਉਸ ਦਾ ਰੇਖਾ-ਚਿਤਰ ਤਿਆਰ ਕਰਨਾ ਹੈ ਅਤੇ ਉਸ ਨੂੰ ਮੈਂ ਐਵੇਂ ਮੁੱਚੀ ਦੀ ਪਟਕਥਾ ਵੀ ਭੇਜ ਦਿੱਤੀ ਸੀ।

ਜਦੋਂ ਅਸੀਂ ਜੌਹਰੀ ਨੂੰ ਮਿਲਣ ਗਈਆਂ, ਉਸ ਨੇ ਸਾਨੂੰ ਜੀ ਆਇਆਂ ਨੂੰ ਆਖਿਆ, ਆਪਣੇ ਕਮਰੇ ਵਿਚ ਲੈ ਗਈ ਅਤੇ ਦੱਸਿਆ ਕਿ ਉਹ ਤਾਂ ਬਹੁਤ ਹੀ ਤਾਂਘ ਨਾਲ ਸਾਡਾ ਇੰਤਜ਼ਾਰ ਕਰ ਰਹੀ ਸੀ। ਉਸ ਦੀ ਨਿਯੁਕਤੀ ਰਾਜਕੋਟ ਦੀ ਕਮਿਸ਼ਨਰ ਵਜੋਂ ਹੋਈ ਸੀ ਅਤੇ ਸਾਨੂੰ ਉਸ ਨੂੰ ਲੱਭਣ ਵਿਚ ਕੋਈ ਮੁਸ਼ਕਿਲ ਨਹੀਂ ਆਈ। ਉਹ ਮਿੰਟਾਂ ਵਿਚ ਹੀ ਪਾਨੀ ਨਾਲ ਗੱਲੀਂ ਜੁੱਟ ਗਈ ਜਿਸ ਨੇ ਉਤਸ਼ਾਹ ਨਾਲ ਬਸ ਸਫ਼ਰ ਦਾ ਹਾਲ ਬਿਆਨ ਕੀਤਾ। ਫਿਰ ਜੌਹਰੀ ਬੋਲੀ ਕਿ ਅੱਠ ਸਾਲ ਅਮਰੀਕਾ ਵਿਚ ਰਹਿ ਕੇ ਮੈਂ ਪੂਰੀ ਫਿਰੰਗਣ ਬਣੀ ਹੋਈ ਸੀ। 'ਤੇਰਾ ਬੋਲਣ ਦਾ ਅੰਦਾਜ਼ ਕਿੰਨਾ ਜ਼ਬਰਦਸਤ ਏ।' ਉਸ ਨੇ ਆਪਣੀ ਧੀ ਬਾਰੇ ਦੱਸਿਆ ਜੋ ਵਿਦੇਸ਼ ਰਹਿੰਦੀ ਸੀ ਅਤੇ ਕਿਵੇਂ ਉਸ ਦੇ ਮਿੱਤਰ-ਮੇਲੀ ਅਕਸਰ ਹੀ ਉਨ੍ਹਾਂ ਕੋਲ ਰਾਜਕੋਟ ਆ ਕੇ ਠਹਿਰਦੇ ਸਨ।

ਮੈਂ ਉਹਦੀ ਬਹਾਦਰੀ ਦੇ ਵੇਰਵਿਆਂ ਤੋਂ ਗੱਲ ਸ਼ੁਰੂ ਕੀਤੀ, ਫਿਰ ਹੈਰਾਨੀ ਜ਼ਾਹਿਰ ਕੀਤੀ ਕਿ ਇਕ ਰਿਪੋਰਟ ਵਿਚ ਉਸ ਬਾਰੇ ਕੁਝ ਨਾਂਹਪੱਖੀ ਸੀ।

'ਅੱਛਾ, ਇਹ ਸੋਹਰਾਬੂਦੀਨ ਮੁਕਾਬਲੇ ਬਾਰੇ ਹੈ, ਤੁਹਾਨੂੰ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਹੋਵੇਗੀ। ਇਹ ਹੱਤਿਆ ਸੀ ਜਿਸ ਬਾਰੇ ਗੁਜਰਾਤ ਦੇ ਸਾਰੇ ਅਫ਼ਸਰਾਂ ਦੀ ਜਾਂਚ ਹੋ ਰਹੀ ਹੈ।'

'ਹਾਂ।' ਮੈਂ ਅੱਖਾਂ ਅੱਡ ਕੇ ਉਸ ਨੂੰ ਦੱਸਿਆ- 'ਮੈਂ ਜਿਸ ਵੀ ਅਫ਼ਸਰ ਨੂੰ ਮਿਲੀ, ਹਰ ਕਿਸੇ ਨੇ ਇਸ ਮਾਮਲੇ ਦੀ ਗੱਲ ਕੀਤੀ'।

ਉਹ ਹੱਸ ਪਈ ਕਿ ਕਿਵੇਂ ਇਕ 'ਗੁੰਡੇ' ਨੇ ਰਾਜ ਨੂੰ ਅਗਵਾ ਕੀਤਾ ਹੋਇਆ ਸੀ। ਇਹ ਉਹੀ ਗੀਤਾ ਜੌਹਰੀ ਸੀ ਜਿਸ ਨੂੰ ਉਸ ਦੇ ਜੂਨੀਅਰ ਵੀ.ਐਲ. ਸੋਲੰਕੀ ਮੁਤਾਬਿਕ, ਉਹ ਸਟੇਟਸ ਰਿਪੋਰਟ ਬਦਲ ਦੇਣ ਲਈ ਕਿਹਾ ਗਿਆ ਸੀ ਜੋ ਸੋਹਰਾਬੂਦੀਨ ਮੁਕਾਬਲੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੂੰ ਭੇਜੀ ਜਾਣੀ ਸੀ। ਇਹ ਅਮਿਤ ਸ਼ਾਹ ਦੀ ਰਿਹਾਇਸ਼ ਉਪਰ ਸੱਦੀ ਮੀਟਿੰਗ ਵਿਚ ਹੋਇਆ ਸੀ ਕਿ ਉਸ ਨੂੰ ਰਿਪੋਰਟ ਦੇ ਵੇਰਵੇ ਬਦਲਣ ਲਈ ਕਿਹਾ ਗਿਆ। ਜਾਂਚ ਸੀ.ਬੀ.ਆਈ. ਦੇ ਸਪੁਰਦ ਕਰਦਿਆਂ ਸੁਪਰੀਮ ਕੋਰਟ ਨੇ ਜਾਂਚ ਸਹੀ ਤਰੀਕੇ ਨਾਲ ਨਾ ਕਰਨ ਲਈ ਗੀਤਾ ਜੌਹਰੀ ਦੀ ਝਾੜ-ਝੰਬ ਕੀਤੀ ਸੀ।

ਗੀਤਾ ਜੌਹਰੀ 2006 ਵਿਚ ਜਦੋਂ ਸੀ.ਆਈ.ਡੀ. (ਕ੍ਰਾਈਮ) ਵਿਚ ਤਾਇਨਾਤ ਸੀ, ਉਸ ਨੂੰ ਸੋਹਰਾਬੂਦੀਨ ਦੇ ਭਾਈ ਰੁਬਾਬੂਦੀਨ ਵਲੋਂ ਸੁਪਰੀਮ ਕੋਰਟ ਵਿਚ ਦਿੱਤੀ ਦਰਖ਼ਾਸਤ ਦੇ ਆਧਾਰ 'ਤੇ ਸੋਹਰਾਬੂਦੀਨ ਸ਼ੇਖ ਦੇ ਫਰਜ਼ੀ ਮੁਕਾਬਲੇ ਅਤੇ ਉਸ ਦੀ ਪਤਨੀ ਕੌਸਰ ਬੀ ਦੀ ਹੱਤਿਆ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਉਸ ਵਲੋਂ ਬਾਰੀਕੀ ਅਤੇ ਸਖ਼ਤੀ ਨਾਲ ਕੀਤੀ ਜਾਂਚ ਨਾਲ ਇਹ ਸਾਬਤ ਹੋ ਗਿਆ ਕਿ ਮੁਕਾਬਲਾ ਫਰਜ਼ੀ ਸੀ। ਇਸ ਜਾਂਚ ਨੇ ਇਸ ਵਿਚ ਬਹੁਤ ਸਾਰੇ ਅਫ਼ਸਰਾਂ ਦੀ ਭੂਮਿਕਾ ਨੰਗੀ ਕਰ ਦਿੱਤੀ ਅਤੇ ਉਸ ਵਲੋਂ ਜੁਟਾਏ ਸਬੂਤਾਂ ਦੇ ਆਧਾਰ 'ਤੇ 13 ਪੁਲਿਸ ਅਧਿਕਾਰੀਆਂ ਨੂੰ

(ਬਾਕੀ ਅਗਲੇ ਸਫੇ 'ਤੇ)

ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿਚ ਵਿਵਾਦਪੂਰਨ ਡੀ.ਆਈ.ਜੀ. ਡੀ.ਜੀ. ਵਨਜਾਰਾ, ਐਸ.ਪੀ. ਰਾਜ ਕੁਮਾਰ ਪਾਂਡਿਅਨ ਅਤੇ ਦਿਨੇਸ਼ ਐਮ.ਐਨ ਸ਼ਾਮਲ ਸਨ। ਇਹ ਗ੍ਰਿਫ਼ਤਾਰੀਆਂ ਡੀ.ਆਈ.ਜੀ. ਰਜਨੀਸ਼ ਰਾਏ ਵਲੋਂ ਕੀਤੀਆਂ ਗਈਆਂ ਜਿਸ ਨੂੰ ਰਸਮੀ ਤੌਰ 'ਤੇ ਜਾਂਚ ਦਾ ਮੁਖੀ ਬਣਾਇਆ ਗਿਆ ਸੀ।

ਛੇਤੀ ਹੀ, ਰਾਏ ਨੂੰ ਜਾਂਚ ਦਾ ਕੰਮ ਛੱਡ ਦੇਣ ਦਾ ਆਦੇਸ਼ ਦੇ ਦਿੱਤਾ ਗਿਆ ਅਤੇ ਜੌਹਰੀ ਨੂੰ ਦੁਬਾਰਾ ਇਸ ਕੰਮ ਵਿਚ ਲਗਾ ਦਿੱਤਾ ਗਿਆ, ਪਰ ਛੱਡਣ ਤੋਂ ਪਹਿਲਾਂ, ਰਾਏ ਨੇ ਤਿੰਨ ਦੋਸ਼ੀਆਂ ਦੀਆਂ ਫ਼ੋਨ ਕਾਲਾਂ ਦੇ ਰਿਕਾਰਡ ਦੀਆਂ ਸੀ.ਡੀ. ਆਪਣੇ ਉਪਰਲੇ ਅਧਿਕਾਰੀਆਂ ਦੇ ਸਪੁਰਦ ਕਰ ਦਿੱਤੀਆਂ। ਜੌਹਰੀ ਦਾ ਆਪਣੇ ਉਪਰਲੇ ਅਧਿਕਾਰੀਆਂ ਨਾਲ ਵਾਹਵਾ ਟਕਰਾਓ ਆਇਆ ਅਤੇ ਫਿਰ ਉਸ ਨੂੰ ਸਿੱਧੇ ਤੌਰ 'ਤੇ ਸੁਪਰੀਮ ਕੋਰਟ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ। ਜੋ ਚਾਰਜਸ਼ੀਟ ਇਸ ਮਾਮਲੇ ਵਿਚ ਉਸ ਨੇ ਸੈਸ਼ਨ ਕੋਰਟ ਵਿਚ ਲਗਾਈ, ਉਸ ਦੀ ਤਿੱਖੀ ਆਲੋਚਨਾ ਹੋਈ। ਜੌਹਰੀ ਵਲੋਂ ਇਸ ਮਾਮਲੇ ਨੂੰ ਨਜਿੱਠਣ ਵਿਚ ਕੀਤੀਆਂ ਕੋਤਾਹੀਆਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਇਹ ਮਾਮਲਾ ਸੀ.ਬੀ.ਆਈ. ਦੇ ਸਪੁਰਦ ਕਰਨ ਦਾ ਹੁਕਮ ਦਿੱਤਾ।

ਮੈਂ ਉਸ ਤੋਂ ਇਹ ਸਵਾਲ ਪੁੱਛਿਆ ਕਿ ਸਭ ਕੁਝ ਠੀਕ ਚੱਲ ਰਿਹਾ ਸੀ!

**ਜਵਾਬ:** ਪਿਛਲੇ ਦੋ ਕੁ ਮਹੀਨਿਆਂ ਤੋਂ ਮੈਂ ਬਹੁਤ ਮਾੜੇ ਦਿਨਾਂ ਵਿਚੋਂ ਗੁਜ਼ਰ ਰਹੀ ਸੀ।

**ਸਵਾਲ:** ਵਿਵਾਦ ਕਦੋਂ ਸ਼ੁਰੂ ਹੋਇਆ?

**ਜਵਾਬ:**ਕਈ ਵਾਰ ਕਾਰਨ ਸਿਆਸੀ ਹੁੰਦੇ।

**ਸਵਾਲ:** ਤੁਹਾਡੇ ਮਾਮਲੇ 'ਚ ਕੁਝ ਵਧੇਰੇ ਹੀ ਸਿਆਸੀ ਸਨ?

**ਜਵਾਬ:** ਹਾਂ। ਸਰਕਾਰਾਂ ਦਾ ਵੱਖਰੀ ਤਰ੍ਹਾਂ ਦਾ ਸਿਲਸਿਲਾ, ਸੂਬੇ ਤੇ ਕੇਂਦਰ ਵਿਚ ਵੱਖੋ-ਵੱਖਰੀ ਵੰਨਗੀ ਦੀਆਂ ਸਰਕਾਰਾਂ।

**ਸਵਾਲ:** ਮੈਂ ਤੁਹਾਡੇ ਬਾਰੇ ਬੜਾ ਕੁਝ ਪੜ੍ਹ ਰਹੀ ਹਾਂ। ਮੈਨੂੰ ਦੱਸਿਆ ਗਿਆ ਕਿ ਤੁਹਾਡੇ ਕਰ ਕੇ ਸੰਸਦ ਲਗਭਗ ਠੱਪ ਹੋ ਗਈ ਸੀ।

**ਜਵਾਬ:** ਹਾਂ, ਸੋਹਰਾਬੂਦੀਨ ਮਾਮਲੇ ਕਰ ਕੇ। ਮੀਡੀਆ ਰਿਪੋਰਟਾਂ ਨੇ ਮੇਰੇ ਬਾਰੇ ਘਿਨਾਉਣਾ ਪੇਸ਼ ਕੀਤਾ।

**ਸਵਾਲ:** ਫਿਰ ਤੁਸੀਂ ਇਹ ਕਹਿ ਰਹੇ ਹੋ ਕਿ ਸੀ.ਬੀ.ਆਈ. ਤੁਹਾਨੂੰ ਕਦੇ ਵੀ ਗ੍ਰਿਫ਼ਤਾਰ ਨਹੀਂ ਸੀ ਕਰਨਾ ਚਾਹੁੰਦੀ?

**ਜਵਾਬ:** ਨਹੀਂ, ਸੀ.ਬੀ.ਆਈ. ਨੇ ਕਦੇ ਨਹੀਂ ਕਿਹਾ ਕਿ ਮੈਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ। ਉਸ ਵਕਤ ਮੈਂ ਲੰਡਨ ਵਿਚ ਸਿਖਲਾਈ ਲੈ ਰਹੀ ਸੀ ਅਤੇ ਮੈਂ ਇਹ ਸਾਰਾ ਕੁਝ ਸੁਣਦੀ ਰਹੀ। ਜਦੋਂ ਮੈਂ ਵਾਪਸ ਆਈ ਤਾਂ ਇਹ ਸਾਰੀਆਂ ਪ੍ਰੈੱਸ ਰਿਪੋਰਟਾਂ ਦੇਖੀਆਂ। ਮੇਰਾ ਮਤਲਬ, ਜੇ ਤੁਹਾਨੂੰ ਸਬੂਤ ਮਿਲੇ ਹਨ, ਤੁਸੀਂ ਪੇਸ਼ ਕਰਦੇ ਹੋ। ਮੈਂ ਉਨ੍ਹਾਂ ਨੂੰ ਇਹੀ ਕਿਹਾ। ਉਨ੍ਹਾਂ ਮੈਥੋਂ ਗ੍ਰਹਿ ਮੰਤਰੀ ਬਾਰੇ ਪੁੱਛਗਿੱਛ ਕੀਤੀ। ਹੁਣ ਮੇਰੀ ਗ੍ਰਹਿ ਮੰਤਰੀ ਨਾਲ ਕਦੇ ਪੂਰੀ ਸਹਿਮਤੀ ਨਹੀਂ ਰਹੀ। ਇਸ ਕਰ ਕੇ ਜਦੋਂ ਸੀ.ਬੀ.ਆਈ. ਨੇ ਮੈਨੂੰ ਪੁੱਛਿਆ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੀ ਅਮਿਤ ਸ਼ਾਹ ਨਾਲ ਕਦੇ ਪੂਰੀ ਸਹਿਮਤੀ ਨਹੀਂ ਰਹੀ।

**ਸਵਾਲ:** ਇਹ ਉਹੀ ਗ੍ਰਹਿ ਮੰਤਰੀ ਹੈ?

**ਜਵਾਬ:**ਹਾਂ, ਅਮਿਤ ਸ਼ਾਹ। ਹਾਸੋਹੀਣਾ ਲੱਗ ਸਕਦੈ, ਪਰ ਮੈਂ ਕਦੇ ਨਹੀਂ ਚਾਹਿਆ ਕਿ ਉਸ ਨਾਲ ਗੱਲ ਕਰਾਂ। ਉਹ ਮੈਨੂੰ ਧਮਕੀ ਦੇ ਰਹੇ ਸਨ।

**ਸਵਾਲ:** ਹਰ ਕੋਈ ਇਸ ਮੁਕਾਬਲੇ ਦੀ ਚਰਚਾ ਕਰ ਰਿਹਾ ਹੈ...!

**ਜਵਾਬ:** ਉਸ ਤੋਂ ਜ਼ਿਆਦਾ ਅਹਿਮ ਹੈ ਉਸ ਦੀ ਪਤਨੀ ਕੌਸਰ ਬੀ। ਉਹ ਵਾਹਵਾ ਉਮਰ ਦੀ ਔਰਤ ਸੀ, ਮੇਰਾ ਮਤਲਬ ਹੈ ਉਸ ਦੇ ਦੋ ਬੱਚੇ ਸਨ। ਉਹ 35 ਜਾਂ 40 ਸਾਲ ਦੀ ਹੋਵੇਗੀ। ਉਹ ਪਹਿਲਾਂ ਹੀ ਕਿਸੇ ਹੋਰ ਨੂੰ ਵਿਆਹੀ ਹੋਈ ਸੀ। ਉਹ ਆਪਣੀ ਭੈਣ ਕੋਲ ਇੰਦੌਰ ਗਈ ਹੋਈ ਸੀ, ਉਸ ਦੀ ਭੈਣ ਬਿਊਟੀ ਸੈਲੂਨ ਚਲਾਉਂਦੀ ਸੀ ਜਿਥੇ ਉਸ ਦੀ ਸੋਹਰਾਬੂਦੀਨ ਨਾਲ ਮੁਹੱਬਤ ਹੋ ਗਈ।

**ਸਵਾਲ:** ਇਕ ਮੁਜਰਿਮ ਕਾਰਨ ਸਟੇਟ ਵਿਚ ਉਥਲ-ਪੁਥਲ ਮੱਚ ਗਈ?

**ਜਵਾਬ:** ਇਹ ਠੀਕ ਹੈ ਉਹ ਮੁਜਰਿਮ ਸੀ ਅਤੇ ਉਹ ਸੋਹਰਾਬੂਦੀਨ ਨੂੰ ਮੁਕਾਬਲੇ ਵਿਚ ਮਾਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਇਹ ਬੇਵਕੂਫ਼ੀ ਨਾਲ ਕੀਤਾ। ਉਨ੍ਹਾਂ ਨੇ ਉਸ ਨੂੰ ਭਰੀ ਬੱਸ ਵਿਚੋਂ ਚੁੱਕ ਲਿਆ। ਇੰਵ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦੀਆਂ ਚੀਜ਼ਾਂ ਚੁੱਪ-ਚੁਪੀਤੇ ਕੀਤੀਆਂ ਜਾਂਦੀਆਂ, ਸ਼ਰੇਆਮ ਨਹੀਂ। ਇਸ ਕਰ ਕੇ ਉਹ ਫੜੇ ਗਏ।

**ਸਵਾਲ:** ਉਸ ਔਰਤ ਦਾ ਵੀ ਮੁਕਾਬਲਾ ਬਣਾ ਦਿੱਤਾ?

**ਜਵਾਬ:** ਨਹੀਂ, ਉਸ ਨੇ ਉਸ ਨੂੰ ਛੱਡਣ


ਗੀਤਾ ਜੌਹਰੀ

***ਗੀਤਾ ਜੌਹਰੀ 2006 ਵਿਚ ਜਦੋਂ ਸੀ.ਆਈ.ਡੀ. (ਕ੍ਰਾਈਮ) ਵਿਚ ਤਾਇਨਾਤ ਸੀ, ਉਸ ਨੂੰ ਸੋਹਰਾਬੂਦੀਨ ਦੇ ਭਾਈ ਰੁਬਾਬੂਦੀਨ ਵਲੋਂ ਸੁਪਰੀਮ ਕੋਰਟ ਵਿਚ ਦਿੱਤੀ ਦਰਖ਼ਾਸਤ ਦੇ ਆਧਾਰ 'ਤੇ ਸੋਹਰਾਬੂਦੀਨ ਸ਼ੇਖ ਦੇ ਫਰਜ਼ੀ ਮੁਕਾਬਲੇ ਅਤੇ ਉਸ ਦੀ ਪਤਨੀ ਕੌਸਰ ਬੀ ਦੀ ਹੱਤਿਆ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਉਸ ਵਲੋਂ ਬਾਰੀਕੀ ਅਤੇ ਸਖ਼ਤੀ ਨਾਲ ਕੀਤੀ ਜਾਂਚ ਨਾਲ ਇਹ ਸਾਬਤ ਹੋ ਗਿਆ ਕਿ ਮੁਕਾਬਲਾ ਫਰਜ਼ੀ ਸੀ। ਇਸ ਜਾਂਚ ਨੇ ਇਸ ਵਿਚ ਬਹੁਤ ਸਾਰੇ ਅਫ਼ਸਰਾਂ ਦੀ ਭੂਮਿਕਾ ਨੰਗੀ ਕਰ ਦਿੱਤੀ ਅਤੇ ਉਸ ਵਲੋਂ ਜੁਟਾਏ ਸਬੂਤਾਂ ਦੇ ਆਧਾਰ 'ਤੇ 13 ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿਚ ਵਿਵਾਦਪੂਰਨ ਡੀ.ਆਈ.ਜੀ. ਡੀ.ਜੀ. ਵਨਜਾਰਾ, ਐਸ.ਪੀ. ਰਾਜ ਕੁਮਾਰ ਪਾਂਡਿਅਨ ਅਤੇ ਦਿਨੇਸ਼ ਐਮ.ਐਨ ਸ਼ਾਮਲ ਸਨ। ਇਹ ਗ੍ਰਿਫ਼ਤਾਰੀਆਂ ਡੀ.ਆਈ.ਜੀ. ਰਜਨੀਸ਼ ਰਾਏ ਵਲੋਂ ਕੀਤੀਆਂ ਗਈਆਂ ਜਿਸ ਨੂੰ ਰਸਮੀ ਤੌਰ 'ਤੇ ਜਾਂਚ ਦਾ ਮੁਖੀ ਬਣਾਇਆ ਗਿਆ ਸੀ।***

ਹੋਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਨੂੰ ਮਹਿਸੂਸ ਹੋ ਗਿਆ ਸੀ ਕਿ ਉਹ ਉਸ ਦਾ ਮੁਕਾਬਲਾ ਬਣਾਉਣਗੇ। ਜਦੋਂ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ, ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਕੌਸਰ ਬੀ ਰੌਲਾ ਪਾਏਗੀ, ਇਸ ਕਰ ਕੇ ਉਸ ਨੂੰ ਵੀ ਮਾਰ ਦਿੱਤਾ। ਇਸ ਕਰ ਕੇ ਮੂਲ ਮੁੱਦਾ ਇਹ ਸੀ ਕਿ ਕੌਸਰ ਬੀ ਦੀ ਹੱਤਿਆ ਕੀਤੀ ਗਈ ਸੀ। ਕੌਸਰ ਬੀ ਦੇ ਪਰਿਵਾਰ ਨੂੰ ਭਿਣਕ ਪੈ ਗਈ ਅਤੇ ਉਹ ਸੁਪਰੀਮ ਕੋਰਟ ਵਿਚ ਚਲੇ ਗਏ।

### ਹਰੇਨ ਪਾਂਡਿਆ

ਮੁੰਬਈ ਤੋਂ 'ਤਹਿਲਕਾ' ਲਈ ਰਿਪੋਰਟਿੰਗ ਕਰਦਿਆਂ 2008 ਵਿਚ ਮੈਂ ਕਈ ਮੌਕਿਆਂ ਉਪਰ ਮੁੰਬਈ ਦੇ ਮੁਕਾਬਲੇ ਬਣਾਉਣ ਲਈ ਮਸ਼ਹੂਰ ਪੁਲਿਸ ਅਧਿਕਾਰੀ ਦਇਆ ਨਾਇਕ ਨੂੰ ਮਿਲ ਚੁੱਕੀ ਸੀ। ਦਇਆ ਢੁੱਕਵਾਂ ਪਾਤਰ ਹੈ ਅਤੇ ਪਿਛਲੀ ਵਾਰ ਜਦੋਂ ਮੈਂ ਉਸ ਨੂੰ ਟੋਹਿਆ ਤਾਂ ਉਹ ਮੇਰੇ ਨਾਲ ਗੱਲ ਕਰਨ ਦਾ ਚਾਹਵਾਨ ਨਹੀਂ ਸੀ, ਕਿਉਂਕਿ ਮੈਂ ਗੁਜਰਾਤ ਦੇ ਸਦੀਕ ਜਮਾਲ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਉਸ ਦੀ ਕਥਿਤ ਸ਼ਮੂਲੀਅਤ ਦਾ ਜ਼ਿਕਰ ਕਰ ਦਿੱਤਾ ਸੀ। ਸੀ.ਬੀ.ਆਈ. ਨੇ ਉਸ ਅਤੇ ਪ੍ਰਦੀਪ ਸ਼ਰਮਾ, ਦੋਹਾਂ ਤੋਂ ਪੁੱਛਗਿੱਛ ਕੀਤੀ ਸੀ, ਦੋਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਕ ਦੌਰ ਸੀ ਜਦੋਂ ਦਇਆ ਨਾਇਕ ਅਤੇ ਪ੍ਰਦੀਪ ਸ਼ਰਮਾ ਮੁੰਬਈ ਵਿਚ ਬਹੁਤ ਮਸ਼ਹੂਰ ਪੁਲਿਸ ਅਫ਼ਸਰ ਸਨ। ਫਿਲਮਸਾਜ਼ ਰਾਮ ਗੋਪਾਲ ਵਰਮਾ ਨੇ ਇਨ੍ਹਾਂ ਦੋਹਾਂ ਬਾਰੇ 'ਅਬ ਤਕ ਛੱਪਨ' ਨਾਂ ਦੀ ਫਿਲਮ ਵੀ ਬਣਾਈ ਸੀ।

ਦਇਆ ਦੇ ਮੀਡੀਆ ਵਿਚ ਬਹੁਤ ਸਾਰੇ ਮਿੱਤਰ ਸਨ, ਜਾਂ ਸਗੋਂ ਉਹ ਮੀਡੀਆ ਦਾ ਮਾਹਰ ਸੀ। ਉਸ ਦਾ ਲੋਖੰਡਵਾਲਾ ਮਾਰਕੀਟ ਦੇ ਕੋਸਤਾ ਕੈਫੇ ਜਾਂ ਕੈਫੇ ਕੌਫੀ ਡੇਅ ਉਪਰ ਆਮ ਆਉਣ-ਜਾਣ ਸੀ ਜਿਥੇ ਜਿਮ ਵਾਲੇ ਉਸ ਦੇ ਮਿੱਤਰ ਉਸ ਨੂੰ ਆ ਕੇ ਦੁਆ-ਸਲਾਮ ਕਹਿੰਦੇ। ਨਾਇਕ ਆਪਣੇ ਰਿਵਾਲਵਰ ਦਾ ਦਿਖਾਵਾ ਕਰਨ ਦਾ ਬਹੁਤ ਸ਼ੌਕੀਨ ਸੀ ਜੋ ਉਹ ਹਮੇਸ਼ਾ ਆਪਣੀ ਪੈਂਟ ਦੀ ਪੇਟੀ ਵਿਚ ਅੜੁੰਗ ਕੇ ਰੱਖਦਾ। 2008 ਵਿਚ ਉਸ ਨਾਲ ਮਿਲਣੀ ਦੌਰਾਨ ਜਦੋਂ ਮੈਂ ਅਤੇ ਮੇਰਾ ਸਹਿ-ਕਰਮੀ ਮਹਾਰਾਸ਼ਟਰ ਦੇ ਕਾਲੇ ਕਾਨੂੰਨ 'ਮਕੋਕਾ' ਦੇ ਗ਼ਲਤ ਇਸਤੇਮਾਲ ਉਪਰ ਲੜੀਵਾਰ ਕਹਾਣੀਆਂ ਕਲਮਬੰਦ ਕਰ ਰਹੇ ਸੀ, ਉਦੋਂ ਨਾਇਕ ਨੇ ਜੋ ਕਿਹਾ, ਉਹ ਮੈਨੂੰ ਅੱਜ ਵੀ ਚੇਤੇ ਹੈ। ਉਸ ਦਾ ਕਹਿਣਾ ਸੀ, ਮੁਲਕ ਵਿਚ ਸਭ ਤੋਂ ਵੱਡਾ ਸਿਆਸੀ ਕਤਲ ਗੁਜਰਾਤ ਵਿਚ ਹੋਇਆ ਸੀ, ਇਹ ਮੋਦੀ ਦੇ ਮਹਾਂ ਸ਼ਰੀਕ ਹਰੇਨ ਪਾਂਡਿਆ ਦਾ ਕਤਲ ਸੀ। ਮੈਂ ਉਸ ਨੂੰ ਪੁੱਛਿਆ, ਉਸ ਕੋਲ ਕੀ ਸਬੂਤ ਹੈ। ਉਸ ਨੇ ਕਿਹਾ- 'ਤੁਸੀਂ ਪੱਤਰਕਾਰ ਹੋ, ਛਾਣਬੀਣ ਕਰਨਾ ਤੁਹਾਡਾ ਫਰਜ਼ ਹੈ।' ਅਸੀਂ ਗੱਲਬਾਤ ਉਥੇ ਹੀ ਬੰਦ ਕਰ ਦਿੱਤੀ ਸੀ।

ਘਰ ਵਾਪਸ ਆ ਕੇ ਮੈਂ ਹਰੇਨ ਪਾਂਡਿਆ ਕਤਲ ਬਾਰੇ ਹਰ ਸੰਭਵ ਕਹਾਣੀ ਪੜ੍ਹਨ ਦੇ ਯਤਨ ਕੀਤੇ। ਪਾਂਡਿਆ ਨੂੰ ਕਥਿਤ ਮੁਸਲਿਮ ਬੰਦੇ ਵਲੋਂ ਕਤਲ ਕੀਤੇ ਜਾਣ ਦੇ ਵੇਲੇ ਤੋਂ ਹੀ ਸ਼ੱਕ ਸੀ, ਪਰ ਪਾਂਡਿਆ ਦੇ ਪਿਤਾ ਵਿਠਲ ਪਾਂਡਿਆ ਆਖ਼ਰੀ ਦਮ ਤਕ ਇਹੀ ਕਹਿੰਦੇ ਰਹੇ ਕਿ ਉਸ ਦਾ ਕਤਲ ਉਸ ਦੇ ਗੁਜਰਾਤ ਵਿਚਲੇ ਸਿਆਸੀ ਸ਼ਰੀਕਾਂ ਵਲੋਂ ਕੀਤਾ ਗਿਆ ਸੀ। ਉਸ ਦੀ ਪਤਨੀ ਜਾਗਰੁਤੀ ਪਾਂਡਿਆ ਜਿਸ ਨੇ ਗੁਜਰਾਤ ਵਿਚ ਚੋਣ ਲੜੀ ਸੀ, ਨੇ ਵੀ ਕਿਹਾ ਸੀ ਕਿ ਮੁੱਖ ਮੰਤਰੀ ਅਤੇ ਅਮਿਤ ਸ਼ਾਹ ਦਾ ਪਾਂਡਿਆ ਦੇ ਕਤਲ ਵਿਚ ਹੱਥ ਸੀ।

ਇਸ ਬਾਰੇ ਇਕ ਕਹਾਣੀ ਚੇਤਿਆਂ 'ਚ ਵਸੀ ਹੋਈ ਹੈ ਜੋ ਇਤਫ਼ਾਕ ਨਾਲ ਸੀਨੀਅਰ ਪੱਤਰਕਾਰ ਸੰਕਰਸ਼ਨ ਠਾਕੁਰ ਵਲੋਂ ਲਿਖੀ ਖੋਜੀ ਰਿਪੋਰਟ ਸੀ। ਇਥੇ ਮੈਂ ਸੰਖੇਪ ਵਿਚ ਸੰਕਰਸ਼ਨ ਦੇ ਸ਼ਾਨਦਾਰ ਬਿਓਰੇ ਦੇ ਕਈ ਨਤੀਜੇ ਦੇ ਰਹੀ ਹਾਂ।

ਇਕੋ-ਇਕ ਚਸ਼ਮਦੀਦ ਗਵਾਹ ਯਾਦਰਾਮ ਕਹਿੰਦਾ ਹੈ ਕਿ ਉਸ ਨੇ ਜੋ ਦੇਖਿਆ, ਉਸ ਨਾਲ ਉਹ ਐਨਾ ਡੌਰ-ਭੌਰ ਹੋ ਗਿਆ ਕਿ ਘੰਟਾ ਭਰ ਉਥੋਂ ਹਿੱਲ ਹੀ ਨਹੀਂ ਸਕਿਆ, ਜਦੋਂ ਉਹ ਉਥੋਂ ਜਾਂਦਾ ਵੀ ਹੈ ਤਾਂ ਪੁਲਿਸ ਦੀ ਬਜਾਏ ਆਪਣੇ ਸੇਠ, ਸਨੇਹਲ ਆਦਿਨਵਾਲਾ ਨਾਂ ਦੇ ਸਥਾਨਕ ਕਾਰੋਬਾਰੀ, ਨੂੰ ਇਸ ਦੀ ਇਤਲਾਹ ਦਿੰਦਾ ਹੈ। ਆਦਿਨਵਾਲਾ ਵੀ ਪੁਲਿਸ ਨੂੰ ਇਤਲਾਹ ਨਹੀਂ ਦਿੰਦਾ, ਹਾਲਾਂਕਿ ਉਹ ਜਾਣਦਾ ਹੈ ਕਿ ਲਾਅ ਗਾਰਡਨਜ਼ ਦੀ ਪਾਰਕਿੰਗ ਵਿਚ ਮਾਰੂਤੀ 800 ਅੰਦਰ ਮ੍ਰਿਤਕ ਪਿਆ ਬੰਦਾ ਹਰੇਨ ਪਾਂਡਿਆ ਹੈ; ਉਹ ਪਾਂਡਿਆ ਦੇ ਸਹਾਇਕ ਪ੍ਰਕਾਸ਼ ਸ਼ਾਹ ਨੂੰ ਫ਼ੋਨ ਕਰਦਾ ਹੈ, ਤੇ ਇਸ ਦੀ ਥਾਂ ਉਸ ਨੂੰ ਇਤਲਾਹ ਦਿੰਦਾ ਹੈ। ਸ਼ਾਹ ਵੀ ਪੁਲਿਸ ਨੂੰ ਫ਼ੋਨ ਨਹੀਂ ਕਰਦਾ। ਉਹ ਪਾਂਡਿਆ ਦੇ ਸਕੱਤਰ ਨੀਲੇਸ਼ ਭੱਟ ਨੂੰ ਫ਼ੋਨ ਕਰਦਾ ਹੈ ਜੋ ਪਾਂਡਿਆ ਦੇ ਘਰ ਮੌਜੂਦ ਹੈ, ਪਹਿਲਾਂ ਹੀ ਇਸ ਨੂੰ ਲੈ ਕੇ ਫ਼ਿਕਰਮੰਦ ਕਿ ਉਸ ਦੇ ਬੌਸ ਨੇ ਘਰ ਮੁੜਨ ਵਿਚ ਦੇਰੀ ਕਿਉਂ ਕਰ ਦਿੱਤੀ ਹੈ। ਉਦੋਂ ਭੱਟ ਫਟਾਫਟ ਲਾਅ ਗਾਰਡਨਜ਼ ਪਹੁੰਚਦਾ ਹੈ, ਕਾਰ ਦੀ ਭਾਲ ਕਰਦਾ ਹੈ ਅਤੇ ਕਾਰ ਖੋਲ੍ਹਣ 'ਤੇ ਉਸ ਨੂੰ ਪਤਾ ਚੱਲਦਾ ਹੈ ਕਿ ਉਸ ਦੇ ਬੌਸ ਨੂੰ ਵਾਰ-ਵਾਰ ਗੋਲੀਆਂ ਮਾਰੀਆਂ ਗਈਆਂ ਸਨ। ਦਸ ਵਜੇ ਤੋਂ ਥੋੜ੍ਹਾ ਉਪਰ ਦਾ ਵਕਤ ਹੈ। ਗੁਜਰਾਤ ਦੇ ਸਾਬਕਾ ਗ੍ਰਹਿ ਰਾਜ ਮੰਤਰੀ ਨੂੰ ਸ਼ਹਿਰ ਦੇ ਕੇਂਦਰ ਵਿਚ ਆਪਣੀ ਕਾਰ ਵਿਚ ਮਰੇ ਪਏ ਨੂੰ ਦੋ ਘੰਟੇ ਤੋਂ ਉੱਪਰ ਵਕਤ ਹੋ ਗਿਆ ਹੈ।

ਇਸ ਦੌਰਾਨ, ਐਲਿਸਬਰਿਜ ਪੁਲਿਸ ਨੂੰ ਕੰਟਰੋਲ ਰੂਮ ਤੋਂ ਇਕ ਹੋਰ ਫ਼ੋਨ ਆਉਂਦਾ ਹੈ- ਜਾ ਕੇ ਦੇਖੋ ਲਾਅ ਗਾਰਡਨਜ਼ ਵਿਖੇ ਕੀ ਹੋ ਰਿਹਾ ਹੈ, ਉਥੇ ਕੁਝ ਗੜਬੜ ਹੈ, ਕੁਝ ਅਫ਼ਵਾਹਾਂ ਫੈਲੀਆਂ ਹੋਈਆਂ ਹਨ। ਹੁਣ ਇਕ ਹੋਰ ਐਸ.ਆਈ. ਵਾਈ.ਏ. ਸ਼ੇਖ ਚੱਲ ਪੈਂਦਾ ਹੈ। ਲਾਅ ਗਾਰਡਨਜ਼ ਜਾਂਦਿਆਂ ਸ਼ੇਖ ਨੂੰ ਕੰਟਰੋਲ ਰੂਮ ਤੋਂ ਇਕ ਹੋਰ ਫ਼ੋਨ ਆਉਂਦਾ ਹੈ- ਲਾਅ ਗਾਰਡਨਜ਼ ਨਹੀਂ, ਪਰੀਮਲ ਗਾਰਡਨਜ਼ ਜਾਓ; ਉਹ ਰਸਤਾ ਬਦਲ ਲੈਂਦਾ ਹੈ। 10.50 'ਤੇ ਇਕ ਹੋਰ ਫ਼ੋਨ ਆਉਂਦਾ ਹੈ, ਇਸ ਵਾਰ ਉਸ ਨੂੰ ਲਾਅ ਗਾਰਡਨਜ਼ ਜਾਣ ਲਈ ਕਿਹਾ ਜਾਂਦਾ ਹੈ। ਉਹ 10.54 'ਤੇ ਉਥੇ ਪਹੁੰਚਦਾ ਹੈ, ਪਾਂਡਿਆ ਨੂੰ ਗੋਲੀ ਮਾਰੇ ਜਾਣ ਤੋਂ ਲਗਭਗ ਤਿੰਨ ਘੰਟੇ ਬਾਅਦ। ਜ਼ਰਾ ਅੰਦਾਜ਼ਾ ਲਗਾਓ, ਹੋਰ ਕੀ ਹੁੰਦਾ ਹੈ? ਸ਼ੇਖ ਦਾ ਸਹਿਕਰਮੀ, ਐਸ.ਆਈ. ਨਾਇਕ, ਜੋ ਉਸ ਤੋਂ ਪਹਿਲਾਂ ਲਾਅ ਗਾਰਡਨਜ਼ ਲਈ ਚੱਲਿਆ ਸੀ, ਅਜੇ ਤਕ ਉੱਥੇ ਨਹੀਂ ਪਹੁੰਚਿਆ। ਉਸ ਸਵੇਰ ਸਥਾਨਕ ਪੁਲਿਸ ਨੂੰ ਹੁਕਮ ਕੌਣ ਦੇ ਰਿਹਾ ਸੀ? ਉਸ ਜਗ੍ਹਾ ਪਹੁੰਚਣ ਲਈ ਐਨੀ ਦੇਰੀ ਕਿਉਂ ਜਿਥੇ ਜਾਣ ਲਈ ਦਸ ਮਿੰਟ ਤੋਂ ਵੱਧ ਨਹੀਂ ਲੱਗਦੇ?

ਉਸੇ ਦੁਪਹਿਰ ਵੀ.ਐਸ. ਹਸਪਤਾਲ ਵਿਖੇ ਪੋਸਟ-ਮਾਰਟਮ ਹੋ ਜਾਂਦਾ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਪਾਂਡਿਆ ਦੇ ਗੋਲੀਆਂ ਨਾਲ ਸੱਤ ਜ਼ਖ਼ਮ ਹੋਏ ਸਨ। ਪੰਜ ਗੋਲੀਆਂ ਲੱਗ ਕੇ। ਪੰਜ ਜ਼ਖ਼ਮਾਂ ਦਾ ਵਿਆਸ 0.8 ਸੈਂਟੀਮੀਟਰ ਸੀ, ਜਦਕਿ ਦੋ ਦਾ 0.5 ਸੈਂਟੀਮੀਟਰ ਸੀ। ਉਸੇ ਬਾਰੂਦੀ ਹਥਿਆਰ ਲਈ ਬਾਹਰੀ ਪਰਤ ਦੀ ਕੱਸ ਅਤੇ ਰੋਕ ਦੇ ਕਾਰਨ ਵੱਖੋ-ਵੱਖਰੇ ਆਕਾਰ ਦੇ ਜ਼ਖ਼ਮ ਕਰਨਾ ਵਿਗਿਆਨਕ ਤੌਰ 'ਤੇ ਸੰਭਵ ਹੈ। ਪੰਜ ਗੋਲੀਆਂ ਨਾਲ ਸੱਤ ਜ਼ਖ਼ਮ ਹੋਣਾ ਵੀ ਸੰਭਵ ਹੈ, ਕਿਉਂਕਿ ਗੋਲੀਆਂ ਜਿਸਮ ਦੇ ਅੰਗਾਂ ਵਿਚੋਂ ਪਾਰ ਨਿਕਲ ਸਕਦੀਆਂ ਹਨ, ਪਰ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਆਜ਼ਾਦ ਮਾਹਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਐਸੀ ਸੰਭਾਵਨਾ ਉਕਾ ਹੀ ਨਹੀਂ ਹੈ। ਦੂਜੇ ਸ਼ਬਦਾਂ ਵਿਚ, ਦੋ ਗੋਲੀਆਂ ਦਾ ਕੋਈ ਥਹੁ-ਪਤਾ ਹੀ ਨਹੀਂ ਲੱਗਿਆ।

ਪੋਸਟ-ਮਾਰਟਮ ਰਿਪੋਰਟ ਵਿਚ ਜਿਸ ਗੋਲੀ ਨਾਲ ਪੰਜ ਨੰਬਰ ਜ਼ਖ਼ਮ ਹੋਇਆ ਦੱਸਿਆ ਗਿਆ, ਉਹ ਪਾਂਡਿਆ ਦੇ ਪਤਾਲੂਆਂ ਦੇ ਹੇਠਲੇ ਹਿੱਸੇ ਵਿਚ ਮਾਰੀ ਗਈ ਸੀ ਅਤੇ ਇਹ ਉਸ ਦੇ ਪੇਟ ਨੂੰ ਚੀਰ ਕੇ ਉਸ ਦੀ ਛਾਤੀ ਵਿਚ ਜਾ ਪਹੁੰਚੀ ਸੀ। ਕੀ ਕਾਰ ਵਿਚ ਬੈਠੇ ਕਿਸੇ ਬੰਦੇ (ਉਹ ਵੀ ਮਾਰੂਤੀ 800 ਵਰਗੀ ਛੋਟੀ ਗੱਡੀ ਵਿਚ ਬੈਠੇ 6 ਫੁੱਟ ਤੋਂ ਵੱਧ ਲੰਮੇ ਭਾਰੇ ਜੁੱਸੇ ਵਾਲੇ ਬੰਦੇ) ਦੇ ਪਤਾਲੂਆਂ ਵਿਚ ਇੰਵ ਗੋਲੀਆਂ ਮਾਰਨਾ ਸੰਭਵ ਹੈ? ਜਿਸ ਕਿਸੇ ਦੇ ਵੀ ਇੰਵ ਪਤਾਲੂਆਂ ਵਿਚ ਗੋਲੀ ਲੱਗਦੀ ਹੈ, ਜਿਵੇਂ ਪਾਂਡਿਆ ਦੇ ਲੱਗੀ ਹੋਈ ਸੀ, ਉਸ ਦੇ ਬਹੁਤ ਜ਼ਿਆਦਾ ਖ਼ੂਨ ਵਗਦਾ ਹੈ, ਪਤਾਲੂ ਲਹੂ ਦੀਆਂ ਨਾੜੀਆਂ ਦੇ ਗੁੰਝਲਦਾਰ ਜਾਲ ਦੇ ਬਣੇ ਹੁੰਦੇ ਹਨ ਜੋ ਜਿਸਮ ਦੇ ਤਾਪਮਾਨ ਨੂੰ ਕੰਟਰੋਲ ਕਰਦਾ ਹੈ। ਕੀ ਪਾਂਡਿਆ ਦੇ ਲਹੂ ਵਗਿਆ? ਹਾਂ, ਕੀ ਕਾਰ ਵਿਚ ਇਸ ਦੇ ਨਿਸ਼ਾਨ ਹਨ? ਨਹੀਂ। ਪਾਂਡਿਆ ਦੇ ਪਤਾਲੂਆਂ, ਗਰਦਨ ਵਿਚ, ਦੋ ਗੋਲੀਆਂ ਉਸ ਦੀ ਛਾਤੀ ਵਿਚ, ਇਕ ਉਸ ਦੀ ਬਾਂਹ ਵਿਚ ਮਾਰੀਆਂ ਗਈਆਂ ਸਨ। ਕਾਰ ਤਾਂ ਲਹੂ ਨਾਲ ਰੰਗੀ ਜਾਣੀ ਚਾਹੀਦੀ ਸੀ, ਜਾਂ ਘੱਟੋ-ਘੱਟ ਉਸ ਦੀ ਸੀਟ ਤਾਂ ਲਹੂ ਨਾਲ ਭਿੱਜੀ ਹੋਣੀ ਚਾਹੀਦੀ ਸੀ। ਇਸ ਦੇ ਬਾਵਜੂਦ ਫਾਰੈਂਸਿਕ ਰਿਪੋਰਟ ਨੂੰ ਗੱਡੀ ਵਿਚ ਲਹੂ ਦਾ ਕੋਈ ਨਿਸ਼ਾਨ ਨਹੀਂ ਮਿਲਦਾ, ਇਕ ਅਗਲੀ ਸਵਾਰੀ ਸੀਟ ਦੇ ਸਪੰਜ ਉਪਰ ਅਤੇ ਚਾਬੀਆਂ ਦੇ ਛੱਲੇ ਉਪਰਲੇ ਨਿਸ਼ਾਨ ਨੂੰ ਛੱਡ ਕੇ।

ਫੋਰੈਂਸਿਕ ਰਿਪੋਰਟਾਂ ਵਿਚ ਪਾਂਡਿਆ ਦੀ ਕਾਰ ਅੰਦਰ ਗੋਲੀਆਂ ਚੱਲਣ ਦੀ ਰਹਿੰਦ-ਖੂੰਹਦ ਬਾਰੇ ਕੁਝ ਵੀ ਦਰਜ ਨਹੀਂ। ਜ਼ਾਹਿਰ ਸੀ, ਪੰਜ ਗੋਲੀਆਂ, ਜੇ ਜ਼ਿਆਦਾ ਨਹੀਂ, ਉਸ ਦੇ ਮਾਰੀਆਂ ਗਈਆਂ ਸਨ ਜਦੋਂ ਉਹ ਆਪਣੀ ਕਾਰ ਵਿਚ ਬੈਠਾ ਸੀ। ਫਿਰ ਵੀ ਗੋਲੀਆਂ ਦੀ ਕੋਈ ਰਹਿੰਦ-ਖੂੰਹਦ ਨਹੀਂ?

ਕੀ ਹਰੇਨ ਪਾਂਡਿਆ ਨੂੰ ਉਸ ਦੀ ਕਾਰ ਵਿਚ ਮਾਰਿਆ ਗਿਆ ਸੀ? ਜਾਂ ਕਤਲ ਕਿਤੇ ਹੋਰ ਹੋਇਆ ਅਤੇ ਉਸ ਦੀ ਲਾਸ਼ ਕਾਰ ਅੰਦਰ ਬਾਅਦ ਵਿਚ ਟਿਕਾ ਦਿੱਤੀ ਗਈ? ਉਸ ਸਵੇਰ ਘਰੋਂ ਜਾਣ ਤੋਂ ਬਾਅਦ ਪਾਂਡਿਆ ਕਿਥੇ ਗਿਆ ਸੀ? ਐਸੇ ਸੁਰਾਗ਼ ਸਨ ਜੋ ਇਸ ਦਾ ਪਤਾ ਲਾਉਣ ਵਿਚ ਸਹਾਇਤਾ ਕਰ ਸਕਦੇ ਸਨ, ਪਰ ਉਹ ਜਾਂ ਤਾਂ ਖ਼ਤਮ ਕਰ ਦਿੱਤੇ ਗਏ ਜਾਂ ਮਿਲ ਨਹੀਂ ਰਹੇ।

ਜਦੋਂ ਲਾਅ ਗਾਰਡਨਜ਼ ਵਿਖੇ ਪਾਂਡਿਆ ਦੀ ਲਾਸ਼ ਕਾਰ ਵਿਚੋਂ ਕੱਢੀ ਗਈ ਸੀ, ਉਸ ਨੇ ਬੂਟ ਪਹਿਨੇ ਹੋਏ ਸਨ। ਜਦੋਂ ਉਸ ਨੂੰ ਪੋਸਟ-ਮਾਰਟਮ ਲਈ ਲਿਜਾਇਆ ਗਿਆ, ਬੂਟ ਗਾਇਬ ਸਨ। ਬੂਟਾਂ ਤੋਂ ਅਹਿਮ ਸੁਰਾਗ਼ ਮਿਲ ਸਕਦਾ ਸੀ ਕਿ ਉਸ ਸਵੇਰ ਪਾਂਡਿਆ ਕਿਥੇ ਗਿਆ ਸੀ।


ਹਰੇਨ ਪਾਂਡਿਆ

***ਮੁੰਬਈ ਦੇ ਮੁਕਾਬਲੇ ਬਣਾਉਣ ਲਈ ਮਸ਼ਹੂਰ ਪੁਲਿਸ ਅਧਿਕਾਰੀ ਦਇਆ ਨਾਇਕ ਦਾ ਕਹਿਣਾ ਸੀ- ਮੁਲਕ ਵਿਚ ਸਭ ਤੋਂ ਵੱਡਾ ਸਿਆਸੀ ਕਤਲ ਗੁਜਰਾਤ ਵਿਚ ਹੋਇਆ ਸੀ, ਇਹ ਮੋਦੀ ਦੇ ਮਹਾਂ ਸ਼ਰੀਕ ਹਰੇਨ ਪਾਂਡਿਆ ਦਾ ਕਤਲ ਸੀ। ਮੈਂ ਉਸ ਨੂੰ ਪੁੱਛਿਆ- ਉਸ ਕੋਲ ਕੀ ਸਬੂਤ ਹੈ। ਉਸ ਨੇ ਕਿਹਾ- 'ਤੁਸੀਂ ਪੱਤਰਕਾਰ ਹੋ, ਛਾਣਬੀਣ ਕਰਨਾ ਤੁਹਾਡਾ ਫਰਜ਼ ਹੈ।' ... ਪਾਂਡਿਆ ਦੇ ਪਿਤਾ ਵਿਠਲ ਪਾਂਡਿਆ ਆਖ਼ਰੀ ਦਮ ਤਕ ਕਹਿੰਦੇ ਰਹੇ ਕਿ ਉਸ ਦਾ ਕਤਲ ਗੁਜਰਾਤ ਵਿਚਲੇ ਸਿਆਸੀ ਸ਼ਰੀਕਾਂ ਵਲੋਂ ਕੀਤਾ ਗਿਆ ਸੀ।***

ਕਾਰ ਵਿਚੋਂ ਪੁਲਿਸ ਨੇ ਪਾਂਡਿਆ ਦਾ ਸਲੇਟੀ ਰੰਗਾ, ਸੈਮਸੁੰਗ ਦਾ ਫਲਿਪ-ਫਲਾਪ ਸੈੱਲ ਫ਼ੋਨ ਬਰਾਮਦ ਕੀਤਾ ਸੀ। ਪੁਲਿਸ ਨੇ ਜਾਂ ਤਾਂ ਪਾਂਡਿਆ ਦੇ ਉਸ ਦਿਨ ਦੇ ਫ਼ੋਨ ਕਾਲਾਂ ਦੇ ਰਿਕਾਰਡ ਦੀ ਛਾਣਬੀਣ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ, ਜਾਂ ਫਿਰ ਇਸ ਨੂੰ ਲਕੋ ਰਹੀ ਹੈ। ਇਹ ਕਾਲਾਂ ਦੱਸ ਸਕਦੀਆਂ ਸਨ ਕਿ ਉਸ ਦਿਨ ਪਾਂਡਿਆ ਨੇ ਕਿਸ ਨੂੰ ਅਤੇ ਕਿਸ ਨੇ ਪਾਂਡਿਆ ਨੂੰ ਫ਼ੋਨ ਕੀਤੇ; ਇਹ ਫ਼ੋਨ ਕਾਲਾਂ ਸਚਾਈ ਤਕ ਪਹੁੰਚਣ ਦੀ ਅਹਿਮ ਕੜੀ ਹੋ ਸਕਦੀਆਂ ਸਨ, ਪਰ ਇਨ੍ਹਾਂ ਦਾ ਰਿਕਾਰਡ ਨਹੀਂ ਹੈ। ਜਦੋਂ ਪਾਂਡਿਆ ਦੀ ਮੋਬਾਈਲ ਸਰਵਿਸ ਪ੍ਰੋਵਾਈਡਰ ਕੰਪਨੀ ਹੱਚ ਤੋਂ ਰਿਕਾਰਡ ਦੀ ਮੰਗ ਕੀਤੀ ਗਈ, ਇਸ ਨੇ ਜਨਵਰੀ ਅਤੇ ਫਰਵਰੀ 2003 ਦੀ ਸੂਚੀ ਮੁਹੱਈਆ ਕਰਵਾ ਦਿੱਤੀ। ਮਾਰਚ 2003 ਦੇ ਰਿਕਾਰਡ ਲਈ ਇਸ ਨੇ ਅਜੀਬ ਦਲੀਲ ਦਿੱਤੀ: ਬਹੁਤ ਪੁਰਾਣੀਆਂ ਹਨ, ਪਰ ਨਿਸ਼ਚੇ ਹੀ ਜਨਵਰੀ ਅਤੇ ਫਰਵਰੀ ਮਹੀਨੇ ਮਾਰਚ ਤੋਂ ਪਹਿਲਾਂ ਆਉਂਦੇ ਹਨ।

ਕੀ ਇਸ ਮਾਮਲੇ ਦੇ ਇਕ ਮੁਲਜ਼ਿਮ ਮੁਫ਼ਤੀ ਸੂਫ਼ੀਆਂ ਦੀ ਅਜੀਬੋ-ਗਰੀਬ ਦਾਸਤਾਂ ਉਸ ਖ਼ਾਕੇ ਦਾ ਹਿੱਸਾ ਹੋ ਸਕਦੀ ਸੀ? ਸੂਫ਼ੀਆਂ ਨੌਜਵਾਨ ਮੌਲਵੀ ਹੈ ਜਿਸ ਦੀ ਅਹਿਮਦਾਬਾਦ ਦੀ ਲਾਲ ਮਸਜਿਦ ਵਿਖੇ ਭੜਕਾਊ ਤਕਰੀਰਾਂ ਕਰ ਕੇ ਮਸ਼ਹੂਰੀ ਹੋ ਗਈ ਸੀ। 2002 ਦੀ ਹਿੰਸਾ ਤੋਂ ਬਾਅਦ ਉਹ ਜ਼ਿਆਦਾ ਕੱਟੜ ਹੋ ਗਿਆ ਸੀ, ਆਪਣੇ ਨਮਾਜ ਤੋਂ ਪਿੱਛੋਂ ਦੇ ਪ੍ਰਵਚਨਾਂ ਵਿਚ ਉਹ ਜਵਾਬੀ ਫਿਰਕਾਪ੍ਰਸਤੀ ਨੂੰ ਹਵਾ ਦਿੰਦਾ ਰਹਿੰਦਾ ਸੀ। ਇਹ ਵੀ ਮਸ਼ਹੂਰ ਹੈ ਕਿ ਉਸ ਦੇ ਅਹਿਮਦਾਬਾਦ ਦੇ ਅੰਡਰ-ਵਰਲਡ ਨਾਲ ਸੰਪਰਕ ਸਨ। ਸੂਫ਼ੀਆਂ ਉਪਰ ਇਲਜ਼ਾਮ ਹੈ ਕਿ ਉਸ ਨੇ ਪਾਂਡਿਆ ਨੂੰ ਕਤਲ ਕਰਨ ਲਈ ਅਸਗ਼ਰ ਅਲੀ ਨਾਲ ਸੌਦਾ ਕਰਵਾਉਣ ਵਿਚ ਭੂਮਿਕਾ ਨਿਭਾਈ। ਕਤਲ ਦੇ ਇਕ ਹਫ਼ਤੇ ਦੇ ਅੰਦਰ ਹੀ, ਜਦੋਂ ਜ਼ਾਹਰਾ ਤੌਰ 'ਤੇ ਉਸ ਉਪਰ ਨਜ਼ਰ ਰੱਖੀ ਜਾ ਰਹੀ ਸੀ, ਸੂਫ਼ੀਆਂ ਮੁਲਕ ਵਿਚੋਂ ਪੱਤਰਾ ਵਾਚ ਗਿਆ। ਕਿਥੇ ਗਿਆ? ਕੋਈ ਨਹੀਂ ਜਾਣਦਾ। ਬੰਗਲਾ ਦੇਸ਼, ਪਾਕਿਸਤਾਨ, ਅਫ਼ਗਾਨਿਸਤਾਨ, ਯਮਨ, ਕਿਸੇ ਨੂੰ ਕੋਈ ਇਲਮ ਨਹੀਂ। ਸੀ.ਬੀ.ਆਈ. ਨੇ ਆਪਣੀ ਵੈੱਬਸਾਈਟ ਉਪਰ ਸੂਫ਼ੀਆਂ ਨੂੰ 'ਬਦਮਾਸ਼ਾਂ' ਦੀ ਗੈਲਰੀ ਵਿਚ ਸ਼ਾਮਲ ਕਰ ਲਿਆ ਅਤੇ ਇੰਟਰਪੋਲ ਵਲੋਂ ਉਸ ਦੀ ਭਾਲ ਵਿਚ ਰੈੱਡ-ਕਾਰਨਰ ਨੋਟਿਸ ਜਾਰੀ ਕਰ ਦਿੱਤਾ ਗਿਆ। ਕਾਗਜ਼ਾਂ ਵਿਚ ਉਹ ਭਗੌੜਾ ਮੁਜਰਿਮ ਸੀ ਜਿਸ ਉਪਰ ਪਾਂਡਿਆ ਦੇ ਕਤਲ ਦੀ ਸਾਜ਼ਿਸ਼ ਦਾ ਇਲਜ਼ਾਮ ਸੀ। ਇਸ ਦੇ ਬਾਵਜੂਦ, ਸੂਫ਼ੀਆਂ ਦੇ ਰਹੱਸਮਈ ਢੰਗ ਨਾਲ ਲਾਪਤਾ ਹੋਣ ਤੋਂ ਸਾਲ ਕੁ ਬਾਅਦ, ਉਸ ਦੀ ਪਤਨੀ ਅਤੇ ਬੱਚੇ ਵੀ ਇਸੇ ਤਰ੍ਹਾਂ ਚਕਮਾ ਦੇ ਗਏ। ਇਹ ਕਿਵੇਂ ਸੰਭਵ ਸੀ? ਕੀ ਕਿਸੇ ਨੇ ਬਚ ਕੇ ਨਿਕਲ ਜਾਣ ਵਿਚ ਉਨ੍ਹਾਂ ਦੀ ਮਦਦ ਕੀਤੀ? ਕੀ ਸੂਫ਼ੀਆਂ ਕੋਲ ਐਸੇ ਭੇਤ ਸਨ ਜੋ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਸਨ? ਕੀ ਕੋਈ ਸੌਦਾ ਹੋਇਆ ਸੀ?

ਪਹਿਲੀ ਦਫ਼ਾ ਮੈਂ ਜਾਗਰੁਤੀ ਪਾਂਡਿਆ ਨੂੰ 2010 ਵਿਚ ਮਿਲੀ, ਆਪਣਾ ਸਟਿੰਗ ਸ਼ੁਰੂ ਕਰਨ ਤੋਂ ਥੋੜ੍ਹਾ ਪਹਿਲਾਂ। ਮੈਂ ਅਜੇ ਸੋਹਰਾਬੂਦੀਨ ਮੁਕਾਬਲੇ ਦੀ ਛਾਣਬੀਣ ਕਰ ਰਹੀ ਸੀ। ਮੈਂ ਟੀ.ਵੀ. ਉਪਰ ਉਸ ਦਾ ਜੋਸ਼ੀਲੀ ਔਰਤ ਦਾ ਜਲਾਲ ਹੀ ਦੇਖਿਆ ਸੀ ਜੋ ਆਪਣੇ ਪਤੀ ਦੀ ਮੌਤ ਤੋਂ ਬਾਅਦ ਸਾਫ਼-ਸੁਥਰੀ ਜਾਂਚ ਦੀ ਮੰਗ ਕਰ ਰਹੀ ਸੀ।

ਸੋਹਰਾਬੂਦੀਨ ਅਤੇ ਪ੍ਰਜਾਪਤੀ ਦੀਆਂ ਹੱਤਿਆਵਾਂ ਕਿਉਂ ਹੋਈਆਂ? ਅੱਜ ਤਕ ਵੀ ਇਨ੍ਹਾਂ ਦਾ ਮਨੋਰਥ ਸਪਸ਼ਟ ਨਹੀਂ। ਸੀ.ਬੀ.ਆਈ. ਦੀ ਚਾਰਜਸ਼ੀਟ ਅਨੁਸਾਰ ਮੁਫ਼ਤੀ ਸੂਫ਼ੀਆਂ ਹਰੇਨ ਪਾਂਡਿਆ ਕਤਲ ਦਾ ਯੋਜਨਾਘਾੜਾ ਸੀ, ਉਹ ਸਟੇਟ ਨੂੰ ਚਕਮਾ ਦੇ ਕੇ ਮੌਜ ਨਾਲ ਹੀ ਕਿਸੇ ਗੁਆਂਢੀ ਮੁਲਕ ਵਿਚ ਕਿਵੇਂ ਚਲਾ ਗਿਆ? ਸੂਫ਼ੀਆਂ ਦਾ ਪਰਿਵਾਰ ਅਭੈ ਚੁੜਾਸਮਾ ਦਾ ਐਨਾ ਅਹਿਸਾਨਮੰਦ ਕਿਉਂ ਸੀ ਜਿਸ ਨੂੰ ਬੇਕਸੂਰ ਲੋਕਾਂ ਨੂੰ ਫਰਜ਼ੀ ਮਾਮਲਿਆਂ ਵਿਚ ਫਸਾਉਣ ਲਈ ਚਾਰਜਸ਼ੀਟ ਕੀਤਾ ਗਿਆ ਹੈ?

ਹਰੇਨ ਪਾਂਡਿਆ ਗੁਜਰਾਤ ਦੇ ਉਨ੍ਹਾਂ ਗ੍ਰਹਿ ਮੰਤਰੀਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਬਹੁਤ ਪਸੰਦ ਕੀਤਾ ਜਾਂਦਾ ਸੀ। ਉਸ ਨੇ ਕਥਿਤ ਤੌਰ 'ਤੇ ਗੁਜਰਾਤ ਹਿੰਸਾ ਦੇ ਮਾਮਲੇ ਵਿਚ ਨਾਗਰਿਕ ਟ੍ਰਿਬਿਊਨਲ ਅੱਗੇ ਪੇਸ਼ ਹੋਣ ਦੀ ਖ਼ਾਹਸ਼ ਜ਼ਾਹਿਰ ਕੀਤੀ ਸੀ। ਕੀ ਸਚਾਈ ਇਸ ਪੇਸ਼ਕਸ਼ ਵਿਚ ਕਿਤੇ ਹੋਰ ਲੁਕੀ ਪਈ ਹੈ?

(ਚੱਲਦਾ)


ਰੂਸੀ ਕਹਾਣੀ

# ਗੁਨਾਹਗਾਰ

***ਰੂਸੀ ਲਿਖਾਰੀ ਲਿਓ ਤਾਲਸਤਾਏ ਦਾ ਸੰਸਾਰ ਸਾਹਿਤ ਵਿਚ ਆਪਣਾ ਮੁਕਾਮ ਹੈ। ਉਹਦੀਆਂ ਰਚਨਾਵਾਂ ਬੰਦੇ ਅਤੇ ਬੰਦੇ ਦਾ ਆਲਾ-ਦੁਆਲਾ ਫਰੋਲਦੀਆਂ ਮਨੁੱਖਤਾ ਦੀ ਬਾਤ ਪਾਉਂਦੀਆਂ ਹਨ। 'ਗੁਨਾਹਗਾਰ' ਨਾਂ ਦੀ ਇਸ ਕਹਾਣੀ ਵਿਚ ਉਸ ਨੇ ਅਮੀਰ-ਗਰੀਬ ਦੇ ਪਾੜੇ ਨੂੰ ਐਨ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਤਾਲਸਤਾਏ ਦੀਆਂ ਰਚਨਾਵਾਂ ਦਾ ਬਿਰਤਾਂਤ ਪਾਠਕ ਨੂੰ ਬੰਨ੍ਹ ਕੇ ਬਿਠਾ ਛੱਡਦਾ ਹੈ ਅਤੇ ਉਹ ਆਪਣੀ ਕਥਾ ਬਹੁਤ ਸਹਿਜ ਨਾਲ ਸੁਣਾਈ ਜਾਂਦਾ ਹੈ। ਇਸ ਬਿਰਤਾਂਤ ਦੀਆਂ ਇਕ ਨਹੀਂ, ਅਨੇਕ ਲੜੀਆਂ ਨਾਲੋ-ਨਾਲ ਤੁਰਦੀਆਂ ਦਿਸਦੀਆਂ ਹਨ। -ਸੰਪਾਦਕ***

1881 ਦਸੰਬਰ ਦਾ ਮਹੀਨਾ। ਤੇਜ਼ ਠੰਢੀ ਹਵਾ। ਪਾਲੇ ਦੀ ਪੂਰੀ ਮਾਰੋ-ਮਾਰ। ਮੈਂ ਮਾਸਕੋ ਦੇ ਝੁੱਗੀ-ਝੌਂਪੜੀ ਵਾਲੇ ਲੋਕਾਂ ਦੇ ਖਿਤਰੋਫ ਬਾਜ਼ਾਰ ਵੱਲ ਤੁਰ ਪਿਆ। ਸ਼ਾਮ ਦੇ 4 ਕੁ ਵਜੇ ਹੋਣਗੇ। ਕੰਮ-ਕਾਜੀ ਦਿਨ ਹੋਣ ਕਾਰਨ ਸੜਕ 'ਤੇ ਕਾਫੀ ਰੌਣਕ ਸੀ। ਅਜੇ ਮੈਂ ਥੋੜ੍ਹੀ ਹੀ ਦੂਰ ਗਿਆ ਸਾਂ ਕਿ ਕਾਫੀ ਲੋਕ ਦਿਸੇ ਜਿਨ੍ਹਾਂ ਬਹੁਤ ਅਨੋਖੇ ਕੱਪੜੇ ਪਾਏ ਹੋਏ ਸਨ। ਸਾਫ ਜਾਪ ਰਿਹਾ ਸੀ ਕਿ ਇਹ ਕੱਪੜੇ ਉਨ੍ਹਾਂ ਦੇ ਆਪਣੇ ਨਾਪ ਦੇ ਨਹੀਂ ਸਨ। ਜੁੱਤੀਆਂ ਤਾਂ ਹੋਰ ਵੀ ਅਨੋਖੀਆਂ। ਬਿਮਾਰਾਂ ਵਰਗੇ ਪੀਲੇ ਚਿਹਰੇ ਅਤੇ ਚਾਲ-ਢਾਲ ਵੀ ਬੇਫਿਕਰੀ ਜਿਹੀ, ਮਾਨੋ ਆਪਣੇ ਆਲੇ-ਦੁਆਲੇ ਤੋਂ ਉਨ੍ਹਾਂ ਦਾ ਕੋਈ ਮਤਲਬ ਨਾ ਹੋਵੇ।

ਤਦੇ ਮੈਂ ਦੇਖਿਆ ਕਿ ਇਕ ਬੰਦਾ ਬੜੇ ਅਨੋਖੇ ਤੇ ਬੇਢੰਗੇ ਜਿਹੇ ਕੱਪੜੇ ਪਾਈ ਬੇਫਿਕਰਾ ਜਿਹਾ ਤੁਰਿਆ ਆ ਰਿਹਾ ਹੈ। ਉਸ ਨੂੰ ਕੋਈ ਚਿੰਤਾ ਨਹੀਂ ਕਿ ਉਹ ਕਾਰਟੂਨ ਵਾਂਗ ਜਾਪ ਰਿਹਾ ਹੈ। ਅਜਿਹੇ ਹੋਰ ਵੀ ਕਈ ਸਨ। ਉਹ ਸਾਰੇ ਇਕੋ ਪਾਸੇ ਜਾ ਰਹੇ ਸਨ। ਮੈਂ ਇਸ



ਲਿਓ ਤਾਲਸਤਾਏ

ਰਾਹੋਂ ਅਨਜਾਣ ਸਾਂ, ਪਰ ਸੋਚਿਆ, ਦੇਖਾਂ ਤਾਂ ਸਹੀ ਕਿਹੜੇ ਮੌਜ-ਮੇਲੇ 'ਚ ਜਾ ਰਹੇ ਨੇ। ਬਿਨਾ ਪੁੱਛਿਆਂ ਹੀ ਮੈਂ ਮਗਰੇ-ਮਗਰ ਤੁਰ ਪਿਆ ਅਤੇ ਖਿਤਰੋਫ ਬਾਜ਼ਾਰ ਪੁੱਜ ਗਿਆ।

ਕੀ ਦੇਖਦਾਂ, ਤੀਵੀਆਂ ਵੀ ਮਰਦਾਂ ਵਾਂਗ ਰੰਗ-ਬਰੰਗੀਆਂ ਟੋਪੀਆਂ, ਜੈਕਟਾਂ, ਜੁੱਤੀਆਂ ਪਾਈ, ਉਹ ਵੀ ਸਾਰੀਆਂ ਆਪਣੇ ਬੇਢੰਗ ਪਹਿਰਾਵੇ 'ਚ ਬੇਫਿਕਰ। ਕਈ ਸਾਮਾਨ ਵੇਚ ਰਹੀਆਂ ਸਨ, ਕਈ ਖਰੀਦ ਵੀ ਰਹੀਆਂ ਸਨ। ਕਈ ਉਂਜ ਵੀ ਤੁਰ ਫਿਰ ਰਹੀਆਂ ਸਨ, ਇਕ ਦੂਜੀ ਨੂੰ ਗਾਲ੍ਹਾਂ ਕੱਢਦੀਆਂ, ਨਿੰਦਦੀਆਂ।

ਸ਼ਾਇਦ ਮੇਲਾ ਖਤਮ ਹੋਣ ਵਾਲਾ ਸੀ, ਕਿਉਂਕਿ ਚਲੋ-ਚਲੀ ਤੇਜ਼ ਹੋ ਗਈ ਸੀ। ਬਹੁਤੇ ਲੋਕ ਉਧਰੋਂ ਹੁੰਦੇ ਪਹਾੜੀ ਵੱਲ ਜਾ ਰਹੇ ਸਨ। ਮੈਂ ਵੀ ਪਹਾੜੀ ਵੱਲ ਰੁਖ ਕਰ ਲਿਆ। ਤੁਰਿਆ ਜਾਂਦਾ ਦੇਖੀ ਜਾਵਾਂ, ਸਾਰੇ ਲੋਕ ਇਕ ਪਾਸੇ ਜਾ ਰਹੇ ਹਨ। ਜਦ ਮੈਂ ਪਹਾੜੀਓਂ ਉਤਰ ਕੇ ਸੜਕ 'ਤੇ ਪਹੁੰਚਿਆ ਤਾਂ ਅੱਗੇ ਜਾ ਰਹੀਆਂ ਦੋ ਤੀਵੀਆਂ ਮਿਲੀਆਂ-ਇਕ ਬੁੱਢੀ, ਇਕ ਮੁਟਿਆਰ। ਦੋਹਾਂ ਨੇ ਭੂਰੇ ਰੰਗ ਦੇ ਪਾਟੇ ਕੱਪੜੇ ਪਾਏ ਹੋਏ। ਗੱਲਾਂ ਕਰਦੀਆਂ ਜਾਂਦੀਆਂ ਸਨ। ਵਿਚ-ਵਿਚ ਬੇਤੁਕਾ ਵੀ ਬੋਲਦੀਆਂ ਅਤੇ ਅਸ਼ਲੀਲ ਸ਼ਬਦ ਵੀ ਵਰਤਦੀਆਂ। ਦੋਵੇਂ ਨਸ਼ੇ ਵਿਚ ਤਾਂ ਨਹੀਂ ਸਨ, ਪਰ ਗੱਲਾਂ 'ਚ ਇੰਨੀਆਂ ਮਸਤ ਕਿ ਆਲੇ-ਦੁਆਲੇ ਤੋਂ ਬੇਪ੍ਰਵਾਹ। ਆਉਂਦਾ-ਜਾਂਦਾ ਕੋਈ ਵੀ ਉਨ੍ਹਾਂ ਵੱਲ ਧਿਆਨ ਨਹੀਂ ਸੀ ਦਿੰਦਾ। ਜਾਪਦਾ ਸੀ, ਇਸ ਪਾਸੇ ਇਹ ਗੱਲਾਂ ਆਮ ਹਨ।

ਸੜਕ ਦੇ ਖੱਬੇ ਕਈ ਸਰਾਵਾਂ ਸਨ। ਕੁਝ ਲੋਕ ਉਨ੍ਹਾਂ ਅੰਦਰ ਵੜ ਗਏ। ਕੁਝ ਅਗਾਂਹ ਤੁਰਦੇ ਗਏ। ਥੋੜ੍ਹੇ ਚਿਰ ਪਿੱਛੋਂ ਅਸੀਂ ਵੱਡੇ ਮਕਾਨ ਕੋਲ ਪਹੁੰਚੇ। ਜਿਨ੍ਹਾਂ ਨਾਲ ਮੈਂ ਤੁਰ ਰਿਹਾ ਸਾਂ, ਉਨ੍ਹਾਂ ਵਿਚੋਂ ਬਹੁਤੇ ਉਥੇ ਹੀ ਠਹਿਰ ਗਏ।

ਬਰਫ ਨਾਲ ਢਕੇ ਉਸ ਮਕਾਨ ਦੇ ਸੱਜੇ ਵੱਲ ਸੈਕੜੇ ਤੀਵੀਆਂ ਦੀ ਲੰਮੀ ਪੰਗਤੀ ਅਤੇ ਖੱਬੇ ਪਾਸੇ ਮਰਦ। ਸਾਰੇ ਆਪਣੀ ਵਾਰੀ ਉਡੀਕ ਰਹੇ ਸਨ। ਮੈਂ ਦੋਹਾਂ ਪੰਗਤੀਆਂ ਵਿਚਾਲਿਓਂ ਹੁੰਦਾ ਅਖੀਰ ਤੱਕ ਪਹੁੰਚਿਆ। ਲੋਕ ਜਿਸ ਮਕਾਨ ਦੇ ਬਾਹਰ ਖਲੋਤੇ ਸਨ, ਉਹ 'ਲਿਅਪਨ ਅਨਾਥ ਆਸ਼ਰਮ' ਸੀ ਜਿਥੇ ਇਹ ਰਾਤੀਂ (ਬਿਨਾ ਕਿਸੇ ਭਾੜੇ ਦੇ) ਸੌਂਦੇ ਸਨ।

ਅਨਾਥ ਆਸ਼ਰਮ ਦੇ ਬੂਹੇ ਅਜੇ ਬੰਦ ਸਨ। ਲੋਕ ਉਥੇ ਆ ਕੇ ਜਮ੍ਹਾਂ ਹੋ ਰਹੇ ਸਨ। ਮੈਂ ਉਥੇ ਆ ਕੇ ਖੜੋ ਗਿਆ, ਜਿਥੇ ਆਦਮੀਆਂ ਦੀ ਕਤਾਰ ਖਤਮ ਹੁੰਦੀ ਸੀ। ਜਿਹੜੇ ਮੇਰੇ ਬਿਲਕੁਲ ਨੇੜੇ ਖਲੋਤੇ ਸਨ, ਉਹ ਮੇਰੇ ਵੱਲ ਇੰਦਾਂ ਦੇਖਣ ਲੱਗੇ ਕਿ ਮੈਂ ਕਿਸੇ ਓਪਰੀ ਦੁਨੀਆਂ ਦਾ ਹੋਵਾਂ। ਮਾਨੋ ਉਨ੍ਹਾਂ ਦੀਆਂ ਅੱਖਾਂ ਪੁੱਛ ਰਹੀਆਂ ਹੋਣ, 'ਤੂੰ ਕੀ ਕਰਨ ਆਇਐਂ ਇਥੇ? ਸਾਡੀ ਦੁਰਦਸ਼ਾ ਦਾ ਮੌਜੂ ਉਡਾਉਣ? ਜਾਂ ਸਾਡੇ 'ਤੇ ਦਇਆ ਕਰਨ ਆਇਐਂ, ਜਿਹੜੇ ਇਸ ਦੁਨੀਆਂ 'ਚ ਜਿਹੇ ਆਏ ਜਿਹੇ ਨਾ ਆਏ।' ਹਰ ਚਿਹਰੇ 'ਤੇ ਇਹੀ ਸਵਾਲ ਸੀ।

ਉਨ੍ਹਾਂ ਮੇਰੇ ਵੱਲ ਦੇਖਿਆ, ਅੱਖਾਂ ਮਿਲਦਿਆਂ ਹੀ ਮੂੰਹ ਫੇਰ ਲਏ। ਮੈਂ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੁੰਦਾ ਸੀ, ਪਰ ਕਾਫੀ ਸਮਾਂ ਜਿਗਰਾ ਨਾ ਪਿਆ। ਉਂਜ ਅਸੀਂ ਚੁੱਪ ਰਹਿੰਦਿਆਂ ਵੀ ਇਕ ਦੂਜੇ ਦੇ ਨੇੜੇ ਸਾਂ। ਦੋ-ਤਿੰਨ ਵਾਰ ਨਜ਼ਰਾਂ ਮਿਲਣ ਪਿੱਛੋਂ ਮਹਿਸੂਸ ਹੋਇਆ ਕਿ ਜ਼ਿੰਦਗੀ 'ਚ ਭਾਵੇਂ ਦੂਰੀ ਕਿੰਨੀ ਵਧ ਗਈ ਹੈ, ਪਰ ਹਕੀਕਤ ਵਿਚ ਅਸੀਂ ਇਕੋ ਪਰਿਵਾਰ-ਭਾਈਚਾਰਾ ਹੀ ਤਾਂ ਹਾਂ। ਹੌਲੀ-ਹੌਲੀ ਬੇਭਰੋਸਗੀ ਦੂਰ ਹੁੰਦੀ ਗਈ।

ਮੇਰੇ ਕੋਲ ਕੋਈ ਕਿਸਾਨ ਖਲੋਤਾ ਸੀ। ਲਾਲ ਦਾੜ੍ਹੀ ਅਤੇ ਚਿਹਰਾ ਸੁੱਜਿਆ ਹੋਇਆ। ਪਾਟਿਆ-ਪੁਰਾਣਾ ਕੋਟ। ਜੁੱਤੀਆਂ ਵੀ ਕੀ, ਛਿੱਤਰ ਕਹੋ! ਉਸ ਘੜੀ ਅੰਤਾਂ ਦੀ ਠੰਢ ਪੈ ਰਹੀ ਸੀ। ਸਾਡੀਆਂ ਨਜ਼ਰਾਂ ਕਈ ਵਾਰ ਮਿਲੀਆਂ। ਮੈਂ ਉਸ ਨੂੰ ਆਪਣੇ ਦਿਲ ਦੇ ਨੇੜੇ ਬੈਠਾ ਮਹਿਸੂਸ ਕੀਤਾ। ਹਿੰਮਤ ਕਰ ਕੇ ਮੈਂ ਪੁੱਛਿਆ, "ਤੁਸੀਂ ਕਿਥੋਂ ਆਏ ਹੋ?"

"ਮੈਂ ਸਾਲੋਸਕੋ ਤੋਂ ਆਇਆਂ। ਸੋਚਿਆ, ਮਾਸਕੋ ਜਾਵਾਂ... ਕੰਮ ਦਾ ਕੋਈ ਜੁਗਾੜ ਬਣੇ।" ਉਸ ਕਿਹਾ ਤੇ ਗੱਲਾਂ ਚੱਲ ਪਈਆਂ। ਉਹ ਆਸਵੰਦ ਸੀ ਕਿ ਆਪਣਾ ਢਿੱਡ ਭਰ ਕੇ ਪਰਿਵਾਰ ਲਈ ਵੀ ਬਚਾਏਗਾ ਅਤੇ ਲੈਣ-ਦੇਣ ਵੀ ਉਤਾਰ ਦੇਵੇਗਾ। ਸਾਨੂੰ ਗੱਲਾਂ ਕਰਦਿਆਂ ਦੇਖ ਹੋਰ ਲੋਕ ਵੀ ਨੇੜੇ ਆਉਂਦੇ ਗਏ।

ਉਸ ਕਿਸਾਨ ਨੇ ਦੱਸਿਆ ਕਿ ਬੜੇ ਧੱਕੇ ਖਾਧੇ, ਪਰ ਕਿਤੇ ਲੱਤ ਨਾ ਅੜੀ। ਜੋ ਕੁਝ ਪੱਲੇ ਸੀ, ਉਹ ਵੀ ਪੁਲਿਸ ਵਾਲਿਆਂ ਨੇ ਖੋਹ-ਖੱਸ ਲਿਆ। ਰੱਬ ਜਾਣਦੈ... ਮੈਂ ਸੁੱਚ-ਮੂੰਹ ਹਾਂ (ਇਹ ਗੱਲ ਉਦੋਂ ਦੀ ਹੈ ਜਦੋਂ ਬੇਅੰਤ ਸਿਪਾਹੀ ਘੱਟ ਤਨਖਾਹਾਂ 'ਤੇ ਭਰਤੀ ਹੋ ਜਾਂਦੇ ਸਨ)। ਉਸ ਇਹ ਪੋਲ ਡਰਦਿਆਂ-ਡਰਦਿਆਂ ਖੋਲ੍ਹੀ ਅਤੇ ਮੁਸਕਰਾਉਣ ਦੀ ਕੋਸ਼ਿਸ਼ ਵੀ ਕੀਤੀ।

ਨੇੜੇ ਹੀ ਕੋਈ ਬੁੱਢਾ ਸਿਪਾਹੀ ਮਾਖਿਓ ਅਤੇ ਮਸਾਲੇ ਤੋਂ ਬਣਿਆ ਗਰਮ ਕਾਹਵਾ ਵੇਚ ਰਿਹਾ ਸੀ। ਮੈਂ ਉਸ ਨੂੰ ਉਂਗਲ ਨਾਲ ਸੈਨਤ ਕੀਤੀ, 'ਕਾਹਵੇ ਦਾ ਗਿਲਾਸ।' ਕਿਸਾਨ ਨੇ ਘੁੱਟ ਭਰਨ ਤੋਂ ਪਹਿਲਾਂ ਗਲਾਸ ਨੂੰ ਪਲੋਸਦਿਆਂ ਘੁੱਟਦਿਆਂ ਆਪਣੇ ਹੱਥ ਸੇਕੇ। ਉਹ ਕਾਹਵੇ ਦੀ ਭੋਰਾ ਤਪਸ਼ ਵੀ ਮਾਣ ਲੈਣੀ ਚਾਹੁੰਦਾ ਸੀ।

ਉਸ ਆਪਣੀ ਦਾਸਤਾਨ ਸੁਣਾਈ। ਭੋਖੜੇ ਦੇ ਸਤਾਏ ਇਨ੍ਹਾਂ ਸਾਰਿਆਂ ਦੀਆਂ ਇਕੋ ਜਿਹੀਆਂ ਕਥਾਵਾਂ ਹੁੰਦੀਆਂ ਹਨ। ਉਸ ਦੱਸਿਆ, "ਪਹਿਲਾਂ ਮੈਨੂੰ ਥੋੜ੍ਹਾ ਜਿਹਾ ਕੰਮ ਮਿਲਿਆ। ਉਸ ਪਿੱਛੋਂ ਕਈ ਦਿਨ ਸੁੱਕੇ ਲੰਘ ਗਏ। ਅੰਤ ਇਥੇ ਸ਼ਰਨ ਲੈਣ ਆਇਆਂ, ਇਥੇ ਰਹਿਣ ਨੂੰ ਮੁਫਤ ਥਾਂ ਮਿਲ ਜਾਂਦੀ ਹੈ। ਮੇਰਾ ਬਟੂਆ ਜਿਸ 'ਚ ਮੇਰਾ ਪਾਸਪੋਰਟ ਤੇ ਬਚੇ-ਖੁਚੇ ਪੈਸੇ ਸਨ, ਇਸੇ ਅਨਾਥ ਆਸ਼ਰਮ ਵਿਚ ਚੋਰੀ ਹੋ ਗਏ। ਹੁਣ ਪਿੰਡ ਜਾਣਾ ਵੀ ਔਖਾ ਹੋ ਗਿਐ। ਦਿਨੇ ਕਾਹਵੇ ਦੀਆਂ ਦੁਕਾਨਾਂ ਮੂਹਰੇ ਸੇਕ ਲੈਂਦਾ ਹਾਂ। ਜੋ ਕੋਈ ਜੂਠ ਦਿੰਦੇ, ਖਾ ਕੇ ਦਿਨ-ਕਟੀ ਕਰ ਲੈਂਦਾਂ। ਪਾਸਪੋਰਟ ਗੁੰਮ ਹੈ। ਪੁਲਿਸ ਆ ਗਈ ਤਾਂ ਸ਼ਾਮਤ ਆ ਜਾਊ ਮੇਰੀ। ਪੁਲਿਸ-ਪਹਿਰੇ 'ਚ ਪੈਦਲ ਹੀ ਘਰ ਜਾਣਾ ਪਊ। ਪਤਾ ਲੱਗਿਐ ਕਿ ਬੁੱਧਵਾਰ ਨੂੰ ਪੁਲਿਸ ਗਸ਼ਤ ਲਾਏਗੀ। ਬੱਸ, ਉਹੀ ਦਿਨ ਉਡੀਕ ਰਿਹਾਂ।"

ਸਾਫ ਜ਼ਾਹਰ ਹੈ ਕਿ ਜੇਲ੍ਹ ਤੋਂ ਘਰ ਤੱਕ ਦੀ ਪੈਦਲ ਯਾਤਰਾ ਸਵਰਗ ਵਰਗੀ ਜਾਪਦੀ ਸੀ। ਭੀੜ 'ਚੋਂ ਹੋਰ ਕਈਆਂ ਵੀ ਉਸ ਦੀ ਹਾਮੀ ਭਰੀ ਤੇ ਦੱਸਿਆ ਕਿ ਉਹ ਵੀ ਇਸੇ ਮੁਸੀਬਤ ਵਿਚ ਤੜਫ ਰਹੇ ਹਨ।

ਉਸੇ ਵੇਲੇ ਲੰਮੇ ਨੱਕ ਵਾਲਾ ਮਾੜਚੂ ਜਿਹਾ ਨੌਜਵਾਨ ਜਿਸ ਨੇ ਸਿਰਫ ਪਾਟੀ ਹੋਈ ਕਮੀਜ਼ ਪਾਈ ਹੋਈ ਸੀ, ਸਿਰ 'ਤੇ ਟੋਪੀ ਉਪਰਲਾ ਹਿੱਸਾ ਗਾਇਬ ਸੀ, ਲੋਕਾਂ ਨੂੰ ਪਿਛਾਂਹ ਧੱਕਦਾ ਮੇਰੇ ਤੱਕ ਪਹੁੰਚਿਆ। ਉਹ ਠੰਢ ਨਾਲ ਕੰਬ ਰਿਹਾ ਸੀ। ਫਿਰ



ਵੀ ਉਹ ਕਿਸਾਨ ਦੀਆਂ ਗੱਲਾਂ ਨਫਰਤੀ ਹਾਸੇ 'ਚ ਸੁਣਦਾ ਰਿਹਾ। ਮੇਰੇ ਵੱਲ ਨਜ਼ਰਾਂ ਗੱਡ ਕੇ ਦੇਖਣ ਲੱਗਾ। ਸ਼ਾਇਦ ਉਸ ਨੇ ਇਹ ਸੋਚਿਆ ਹੋਣਾ ਕਿ ਅਜਿਹੀ ਕੋਸ਼ਿਸ਼ 'ਤੇ ਮੈਂ ਉਸ ਵੱਲ ਵੀ ਝੁਕ ਸਕਦਾਂ।

ਮੈਂ ਕਾਹਵੇ ਦਾ ਗਿਲਾਸ ਉਸ ਲਈ ਵੀ ਮੰਗਵਾਇਆ। ਗਲਾਸ ਫੜਦਿਆਂ ਉਸ ਵੀ ਆਪਣੇ ਹੱਥ ਸੇਕੇ, ਪਰ ਜਿਉਂ ਹੀ ਉਹ ਕੁਝ ਕਹਿਣ ਲੱਗਾ, ਇਕ ਹੋਰ ਲੰਮ-ਸਲੰਮਾ ਕਾਲਾ-ਧੂਤ, ਤੋਤੇ ਵਰਗੇ ਮੁੜਵੇਂ ਨੱਕ ਵਾਲਾ ਬੰਦਾ ਉਸ ਨੂੰ ਧੱਕਾ ਮਾਰ ਕੇ ਅੱਗੇ ਲੰਘ ਗਿਆ। ਉਸ ਛੀਂਟ ਦਾ ਕਮੀਜ਼ ਅਤੇ ਜਾਕਟ ਪਾਈ ਹੋਈ ਸੀ। ਸਿਰੋਂ ਨੰਗਾ। ਉਸ ਨੇ ਵੀ ਕਾਹਵੇ ਦਾ ਗਲਾਸ ਮੰਗਿਆ।

ਉਸ ਦੇ ਪਿੱਛੇ ਟੱਲੀ ਹੋਇਆ, ਨੋਕਦਾਰ ਦਾੜ੍ਹੀ ਵਾਲਾ ਲੰਮਾ ਬਜ਼ੁਰਗ ਆਇਆ। ਉਸ ਓਵਰਕੋਟ ਪਾਇਆ ਹੋਇਆ ਸੀ। ਲੱਕ ਨਾਲ ਡੋਰੀ ਬੰਨ੍ਹੀ ਹੋਈ। ਪੈਰੀਂ ਕੱਪੜੇ ਦੇ ਬੂਟ। ਉਸ ਪਿੱਛੇ ਇਕ ਮੁੰਡਾ ਵੀ ਆਇਆ। ਮੂੰਹ ਸੁੱਜਿਆ ਹੋਇਆ, ਸਿੰਮਦੀਆਂ ਅੱਖਾਂ। ਭੂਰੇ ਰੰਗ ਦੀ ਜਾਕਟ ਪਾਈ ਹੋਈ। ਪਾਟੀ ਪੈਂਟ ਵਿਚੋਂ ਉਸ ਦੇ ਨੰਗੇ ਗੋਡੇ ਦਿਸ ਰਹੇ ਸਨ। ਸਖਤ ਠੰਢ ਨਾਲ ਉਸ ਦੇ ਗੋਡੇ ਭਿੜ-ਭਿੜ ਜਾਂਦੇ। ਉਹ ਇੰਨਾ ਕੰਬ ਰਿਹਾ ਸੀ ਕਿ ਕਾਹਵੇ ਦਾ ਗਲਾਸ ਵੀ ਉਸ ਆਪਣੇ ਉਪਰ ਸੁੱਟ ਲਿਆ। ਦੂਜੇ ਗਾਲ੍ਹਾਂ ਕੱਢਣ ਲੱਗੇ, ਪਰ ਉਹ ਮਿਹਰ ਦੀ ਭੀਖ ਮੰਗਦਾ ਮੁਸਕਰਾਇਆ ਤੇ ਖੜ੍ਹਾ-ਖੜ੍ਹਾ ਕੰਬਦਾ ਰਿਹਾ।

ਉਸ ਮੁੰਡੇ ਤੋਂ ਪਿੱਛੋਂ ਚੀਥੜਿਆਂ ਵਿਚ ਬਦਸੂਰਤ ਕਰੂਪ ਸਰੀਰ ਵਾਲਾ ਬੰਦਾ ਸੀ। ਉਸ ਨੰਗੇ ਪੈਰਾਂ 'ਤੇ ਲੀਰਾਂ ਬੰਨ੍ਹੀਆਂ ਹੋਈਆਂ ਸਨ। ਫਿਰ ਤਾਂ ਜਿਵੇਂ ਦੁਖਿਆਰਿਆਂ ਦਾ ਹੜ੍ਹ ਹੀ ਆ ਗਿਆ ਹੋਵੇ! ਇਕ-ਇਕ ਕਰਦਿਆਂ ਮੈਂ ਕਈਆਂ ਦੇ ਘੇਰੇ 'ਚ ਆ ਗਿਆ ਸਾਂ। ਕਿਸੇ ਨੇ ਅਫਸਰਾਂ ਵਰਗੇ ਕੱਪੜੇ ਪਾਏ ਹੋਏ ਸਨ, ਕਿਸੇ ਪਾਦਰੀਆਂ ਵਰਗੇ। ਕਈਆਂ ਦਾ ਨੱਕ ਹੀ ਉਡਿਆ ਹੋਇਆ ਸੀ, ਕਿਸੇ ਦੀ ਸੂਰਤ ਹੀ ਅਨੋਖੀ ਸੀ; ਪਰ ਸਨ ਉਹ ਸਾਰੇ ਭੁੱਖੇ-ਨੰਗੇ, ਠੰਢ ਦੇ ਮਾਰੇ, ਜ਼ਿੱਦੀ ਅਤੇ ਕਮਜ਼ੋਰ-ਲਿਤਾੜੇ। ਸਾਰੇ ਕਾਹਵੇ ਨੂੰ ਟੁੱਟ ਕੇ ਪੈ ਗਏ। ਇਕ ਬੂੰਦ ਵੀ ਨਾ ਬਚੀ। ਸਾਰੇ ਪਤੀਲੇ ਸਾਫ।

ਤਦ ਇਕ ਬੰਦੇ ਨੇ ਮੈਥੋਂ ਕੁਝ ਪੈਸੇ ਮੰਗੇ, ਮੈਂ ਦੇ ਵੀ ਦਿੱਤੇ। ਫਿਰ ਦੂਜੇ, ਤੀਜੇ ਨੇ ਵੀ। ਫਿਰ ਤਾਂ ਭੀੜ ਦੀ ਭੀੜ ਹੀ ਮੇਰੇ 'ਤੇ ਟੁੱਟ ਪਈ। ਸਾਰੇ ਆਪਸ ਵਿਚ ਧੱਕਾ-ਮੁੱਕੀ ਕਰਨ ਲੱਗੇ। ਇੰਨੇ ਨੂੰ ਨਾਲ ਦੇ ਘਰੋਂ ਚੌਕੀਦਾਰ ਨਿਕਲਿਆ। ਉਸ ਸਭ ਨੂੰ ਝਿੜਕਦਿਆਂ ਕਿਹਾ, "ਮੇਰੇ ਘਰ ਅੱਗਿਓਂ ਸਾਰੇ ਪਰ੍ਹਾਂ ਹੋ ਜਾਓ।"

ਸਾਰੇ ਚੁੱਪ-ਚਾਪ ਪਰ੍ਹਾਂ ਹਟ ਗਏ। ਭੀੜ ਵਿਚੋਂ ਕੁਝ ਵਾਲੰਟੀਅਰ ਬਣ ਕੇ ਮੇਰੀ ਰਾਖੀ ਲਈ ਤਾਇਨਾਤ ਹੋ ਗਏ। ਉਹ ਮੈਨੂੰ ਭਗਦੜ ਵਿਚੋਂ ਬਾਹਰ ਲਿਜਾਣਾ ਚਾਹੁੰਦੇ ਸਨ, ਪਰ ਪਿੱਛੋਂ ਹੋਰ ਕੋਲ ਆਈ ਗਏ। ਧੱਕਮ-ਧੱਕਾ ਹੁੰਦੇ ਮੇਰੇ ਚੁਤਰਫੀਂ ਇਕੱਠੇ ਹੋ ਗਏ। ਸਾਰੇ ਮੇਰੇ ਵੱਲ ਦੇਖ-ਦੇਖ ਕੁਝ ਮੰਗਣ ਲੱਗੇ। ਸਾਰੇ ਇਕ-ਦੂਜੇ ਤੋਂ ਵੱਧ ਸਤਾਏ ਅਤੇ ਦੁਖਿਆਰੇ। ਮੇਰੇ ਕੋਲ ਵੀਹ ਕੁ ਰੂਬਲ ਸਨ, ਸਾਰੇ ਵੰਡ ਦਿੱਤੇ। ਭੀੜ ਨਾਲ ਮੈਂ ਵੀ ਅਨਾਥ ਆਸ਼ਰਮ ਵੱਲ ਜਾ ਵੜਿਆ।

ਕਾਫੀ ਵੱਡੀ ਇਮਾਰਤ ਸੀ। ਚਾਰ ਹਿੱਸਿਆਂ ਵਾਲੀ। ਉਪਰਲੇ ਹਿੱਸੇ 'ਚ ਮਰਦ, ਹੇਠਲੇ ਵਿਚ ਤੀਵੀਆਂ। ਇਕ ਬੜਾ ਵੱਡਾ ਕਮਰਾ ਸੀ। ਉਸ ਵਿਚ ਤੀਜੇ ਦਰਜੇ ਦੇ ਰੇਲ ਮੁਸਾਫਰਾਂ ਵਾਂਗ ਸੌਣ ਕਮਰੇ ਜਿਹੇ ਉਪਰ-ਹੇਠਾਂ ਦੋ ਕਤਾਰਾਂ ਵਿਚ ਫੱਟੇ ਲਾਏ ਹੋਏ ਸਨ। ਚੀਥੜਿਆਂ ਵਾਲੇ ਕੰਗਾਲ ਲੋਕ ਬੁੱਢੀਆਂ ਅਤੇ ਮੁਟਿਆਰਾਂ ਨੇ ਆ ਕੇ ਆਪੋ-ਆਪਣੇ ਤਖਤੇ ਮੱਲ ਲਏ। ਕੁਝ ਉਪਰ ਚੜ੍ਹ ਗਈਆਂ, ਕੁਝ ਹੇਠਾਂ ਰਹੀਆਂ। ਕੁਝ ਬੁੱਢੀਆਂ ਨੇ ਹੱਥ ਜੋੜ ਅਨਾਥ ਆਸ਼ਰਮ ਬਣਾਉਣ ਵਾਲਿਆਂ ਲਈ ਰੱਬ ਨੂੰ ਅਰਦਾਸ ਕੀਤੀ। ਕੁਝ ਔਰਤਾਂ ਹਾਸੇ-ਠੱਠੇ ਵਿਚ ਰੁਝ ਗਈਆਂ। ਗਾਲ੍ਹ-ਦੱਪਾ ਵੀ ਹੁੰਦਾ ਰਿਹਾ।

ਮੈਂ ਉਪਰਲੇ ਕਮਰੇ ਵਿਚ ਵੀ ਚੱਕਰ ਲਾਇਆ। ਉਥੇ ਵੀ ਮਰਦ ਆਪੋ-ਆਪਣੀ ਥਾਂ ਮੱਲ ਰਹੇ ਸਨ। ਉਨ੍ਹਾਂ ਵਿਚ ਇਕ ਉਹ ਵੀ ਸੀ, ਜਿਸ ਨੂੰ ਮੈਂ ਪੈਸੇ ਦਿੱਤੇ ਸਨ। ਉਸ ਨੂੰ ਦੇਖ ਕੇ ਖੌਰੇ ਮੈਨੂੰ ਬੜੀ ਸ਼ਰਮ ਮਹਿਸੂਸ ਹੋਈ। ਇਉਂ ਜਾਪਿਆ, ਜਿਵੇਂ ਮੈਂ ਕੋਈ ਜੁਰਮ ਕਰ ਬੈਠਾ ਹੋਵਾਂ। ਛੇਤੀ ਮੈਂ ਉਥੋਂ ਖਿਸਕਣ ਦੀ ਕੀਤੀ।

ਆਪਣੇ ਘਰ ਦੀਆਂ ਸਜੀਆਂ-ਸੰਵਰੀਆਂ ਪੌੜੀਆਂ ਚੜ੍ਹਦਾ ਮੈਂ ਕੀਮਤੀ ਗਲੀਚੇ ਨਾਲ ਸਜੇ ਆਪਣੇ ਕਮਰੇ ਵਿਚ ਆਣ ਬੈਠਾ। ਓਵਰਕੋਟ ਲਾਹ ਕੇ ਟੰਗਿਆ। ਸ਼ਾਹੀ ਭੋਜਨ ਕਰਨ ਲੱਗਾ। ਚਿੱਟੇ ਦਸਤਾਨੇ ਪਾਈ ਵਰਦੀ ਧਾਰੀ ਬਹਿਰਿਆਂ ਦਾ ਬਣਾਇਆ 36 ਪ੍ਰਕਾਰ ਦਾ ਭੋਜਨ। ਰੋਟੀ ਨਬੇੜ ਕੇ ਜਦ ਮੈਂ ਆਪਣੇ ਮਖਮਲੀ ਬਿਸਤਰੇ 'ਤੇ ਲੇਟਿਆ ਤਾਂ ਤੀਹ ਸਾਲ ਪਹਿਲਾਂ ਦੀ ਘਟਨਾ ਮੇਰੇ ਦਿਮਾਗ ਅੰਦਰ ਵਰਨ ਲੱਗੀ।

ਇਕ ਵਾਰੀ ਮੈਂ ਪੈਰਿਸ ਵਿਚ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ ਵਿਚ ਜੱਲਾਦਾਂ ਨੂੰ ਬੰਦੇ ਦਾ ਸਿਰ ਲਾਹੁੰਦਿਆਂ ਦੇਖਿਆ ਸੀ। ਮੈਂ ਜਾਣਦਾ ਸਾਂ, ਉਸ ਨੇ ਖਤਰਨਾਕ ਜੁਰਮ ਕੀਤਾ ਹੈ। ਇੰਦਾਂ ਪਬਲਿਕ ਵਿਚ ਸਿਰ ਵੱਢਣ ਦੇ ਪੱਖ ਵਿਚ ਸਾਰੀਆਂ ਦਲੀਲਾਂ ਤੋਂ ਵੀ ਮੈਂ ਜਾਣੂੰ ਸਾਂ। ਮੈਨੂੰ ਇਹ ਵੀ ਪਤਾ ਸੀ ਕਿ ਅਜਿਹੀ ਸਜ਼ਾ ਜਾਣ-ਬੁਝ ਕੇ ਖਾਸ ਮਕਸਦ ਨਾਲ ਹੀ ਦਿੱਤੀ ਜਾਂਦੀ ਹੈ, ਪਰ ਜਿਉਂ ਹੀ ਉਸ ਬੰਦੇ ਦਾ ਸਿਰ ਧੜ ਤੋਂ ਵੱਖ ਹੋਇਆ ਤੇ ਹੇਠਾਂ ਸੰਦੂਕ ਵਿਚ ਡਿੱਗਿਆ, ਮੇਰਾ ਸਾਹ ਘੁਟਣ ਲੱਗਾ ਅਤੇ ਸਰੀਰ ਤੇ ਮਨ ਨੇ ਹੀ ਨਹੀਂ, ਸਗੋਂ ਮੇਰੇ ਰੋਮ-ਰੋਮ ਨੇ ਮਹਿਸੂਸ ਕੀਤਾ... ਮੌਤ ਦੀ ਸਜ਼ਾ ਦੇ ਪੱਖ ਵਿਚ ਜਿੰਨੀਆਂ ਵੀ ਦਲੀਲਾਂ ਹਨ, ਇਹ ਜ਼ਾਲਮਾਨਾ ਹਨ।

ਇਸ ਸੰਸਾਰ ਦਾ ਸਭ ਤੋਂ ਘਟੀਆ ਜੁਰਮ ਹੱਤਿਆ ਹੈ; ਭਾਵੇਂ ਉਹ ਕੋਈ ਕਤਲ ਕਰੇ, ਜਾਂ ਉਸ ਨੂੰ ਸਜ਼ਾ ਦੇਣ ਵਾਲਾ ਜੱਜ ਜਾਂ ਕੋਈ ਹੋਰ ਵੀ ਕਿਉਂ ਨਾ ਹੋਵੇ। ਕਤਲ ਆਖਰ ਕਤਲ ਹੈ, ਕਿਉਂਕਿ ਉਹ ਕਤਲ ਮੇਰੀਆਂ ਇਨ੍ਹਾਂ ਅੱਖੀਆਂ ਮੂਹਰੇ ਹੀ ਹੋਇਆ ਅਤੇ ਮੈਂ ਸੁੰਨ-ਵੱਟਾ ਹੋਇਆ ਦੇਖਦਾ ਰਿਹਾ। ਇਸ ਲਈ ਕਤਲ ਦੇ ਇਸ ਦੋਸ਼ 'ਚ ਮੈਂ ਵੀ ਸ਼ਾਮਲ ਸਾਂ।

ਇੰਦਾਂ ਹੀ ਜਦ ਮੈਂ ਅਨਾਥ ਆਸ਼ਰਮ ਦੇ ਬਾਹਰ ਹਜ਼ਾਰਾਂ ਲੋਕਾਂ ਦੀ ਭੁੱਖ, ਕੰਬਣੀ ਅਤੇ ਢਹਿੰਦੀਆਂ ਕਲਾਂ ਵਾਲੀ ਜ਼ਿੰਦਗੀ ਵੇਖੀ ਤਾਂ ਮੇਰੇ ਸਰੀਰ ਅਤੇ ਮਨ ਨੇ ਹੀ ਨਹੀਂ, ਸਗੋਂ ਰੋਮ-ਰੋਮ ਨੇ ਇਹ ਮਹਿਸੂਸ ਕੀਤਾ ਕਿ ਜਦ ਮੇਰੇ ਵਰਗੇ ਹਜ਼ਾਰਾਂ ਪੇਟ-ਆਫਰਵਾਂ ਸ਼ਾਹੀ ਭੋਜਨ ਹੜੱਪਦੇ ਹਨ, ਤਦ ਚਾਹੇ ਸਾਰੀ ਦੁਨੀਆਂ ਦੇ ਸਿਆਣੇ ਅਜਿਹੇ ਭੋਜਨ ਦੀ ਹਮਾਇਤ ਕਿਉਂ ਨਾ ਕਰਨ, ਇਹ ਲੰਮੇ ਸਮੇਂ ਤੱਕ ਚੱਲੀ ਜਾਣਾ ਵਾਲਾ ਜੁਰਮ ਹੈ ਅਤੇ ਆਪਣੀ ਅੱਯਾਸ਼ੀ 'ਚ ਡੁੱਬਿਆ ਮੈਂ ਇਸ ਜੁਰਮ ਨੂੰ ਨਾ ਸਿਰਫ ਝੱਲ ਰਿਹਾਂ, ਸਗੋਂ ਆਪ ਵੀ ਜੁਰਮ ਕਰਨ 'ਚ ਸ਼ਾਮਲ ਹੋ ਰਿਹਾਂ।

ਮੈਨੂੰ ਪਹਿਲਾਂ ਅਤੇ ਅਜਿਹੇ ਅਨੁਭਵ ਵਿਚ ਸਿਰਫ ਇਕ ਹੀ ਫਰਕ ਦਿਸਦਾ ਸੀ ਕਿ ਜਨਤਕ ਤੌਰ 'ਤੇ ਮੌਤ ਦੀ ਸਜ਼ਾ ਵਾਲੇ ਮਾਮਲੇ ਵਿਚ ਮੈਂ ਵੱਧ ਤੋਂ ਵੱਧ ਇੰਨਾ ਕਰ ਸਕਦਾ ਸਾਂ ਕਿ ਸੂਲੀ ਕੋਲ ਖੜ੍ਹੋਤੇ ਕਤਲ ਦੀ ਤਿਆਰੀ ਕਰਦੇ ਜੱਲਾਦਾਂ ਨੂੰ ਚੀਕ-ਚੀਕ ਕੇ ਆਖਦਾ, ਤੁਸੀਂ ਗਲਤੀ ਕਰ ਰਹੇ ਹੋ; ਇਹ ਚੰਗੀ ਤਰ੍ਹਾਂ ਜਾਣਦੇ ਹੋਏ ਵੀ ਕਿ ਕਿਸੇ ਤਰ੍ਹਾਂ ਵੀ ਇਹ ਕਤਲ ਰੁਕ ਨਹੀਂ ਸਕਦਾ, ਹਰ ਜਾਇਜ਼ ਢੰਗ ਵਰਤਦਿਆਂ ਉਸ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਦਾ।... ਪਰ ਉਨ੍ਹਾਂ ਕੰਗਾਲਾਂ ਅਤੇ ਮੰਗਤਿਆਂ ਦੇ ਮਾਮਲੇ ਵਿਚ ਮੇਰੀ ਸਮਰੱਥਾ ਇਥੋਂ ਤੱਕ ਹੀ ਸੀਮਤ ਨਹੀਂ ਸੀ ਕਿ ਉਨ੍ਹਾਂ ਨੂੰ ਕਾਹਵਾ ਪਿਆ ਦਿੰਦਾ, ਜੇਬ ਵਿਚੋਂ ਕੱਢ ਕੇ ਥੋੜ੍ਹੇ-ਥੋੜ੍ਹੇ ਪੈਸੇ ਵੰਡ ਦਿੰਦਾ, ਸਗੋਂ ਮੈਂ ਉਨ੍ਹਾਂ ਨੂੰ ਆਪਣੇ ਸਰੀਰ 'ਤੇ ਪਾਇਆ ਓਵਰਕੋਟ ਅਤੇ ਆਪਣੇ ਘਰ ਦੀਆਂ ਸਾਰੀਆਂ ਚੀਜ਼ਾਂ ਦੇ ਸਕਦਾ ਸਾਂ, ਪਰ ਮੈਂ ਇੰਦਾਂ ਨਹੀਂ ਕੀਤਾ।

ਮੈਂ ਇਹ ਉਸ ਵੇਲੇ ਮਹਿਸੂਸ ਕੀਤਾ, ਹੁਣ ਵੀ ਕਰਦਾਂ ਅਤੇ ਸਦਾ ਕਰਦਾ ਰਹਾਂਗਾ ਕਿ ਜਦ ਤੱਕ ਮੇਰੇ ਕੋਲ ਦੋ ਕੋਟ ਹੁੰਦਿਆਂ ਵੀ ਕੋਈ ਬੰਦਾ ਬਿਨਾ ਕੋਟ ਦੇ ਹੋਊ, ਤਦ ਤੱਕ ਇਸ ਸੰਸਾਰ ਵਿਚ ਲਗਾਤਾਰ ਹੁੰਦੇ ਰਹਿਣ ਵਾਲੇ ਹਰ ਪਾਪ ਵਿਚ ਮੇਰੀ ਸਾਜ਼ਿਸ਼ ਵੀ ਸ਼ਾਮਲ ਹੁੰਦੀ ਰਹੇਗੀ।

#

## ਔਰਤ ਨੂੰ ਜਿਉਣ ਦਿਓ

ਮਮਤਾ ਦੀ ਮੂਰਤ ਹੈ, ਔਰਤ ਨੂੰ ਜਿਉਣ ਦਿਓ
ਰੱਬ ਵਰਗੀ ਸੂਰਤ ਹੈ, ਔਰਤ ਨੂੰ ਜਿਉਣ ਦਿਓ।

ਅੱਖੀਆਂ 'ਚ ਪਾਣੀ ਏ, ਫਿਰ ਵੀ ਪਈ ਹੱਸਦੀ ਏ।
ਆਪਣਾ ਘਰ ਹੈ ਨੀਂ, ਫਿਰ ਵੀ ਪਈ ਵੱਸਦੀ ਏ।
ਔਰਤ ਹੀ ਔਰਤ ਨੂੰ, ਪਈ ਤਾਅਨੇ ਕੱਸਦੀ ਏ।
ਕਾਂਵਾਂ ਤੇ ਚਿੜੀਆਂ ਨੂੰ, ਦੁੱਖ ਆਪਣੇ ਦੱਸਦੀ ਏ।

ਅੰਮੜੀ ਦੀ ਲਾਡੋ ਏ, ਤੇ ਬਾਬੁਲ ਦੀ ਰਾਣੀ ਏ।
ਜਿਨ੍ਹੇ ਲਾਵਾਂ ਲਈਆਂ ਨੇ, ਉਸ ਦੀ ਪਟਰਾਣੀ ਏ।
ਹਰ ਪਾਸਿਓਂ ਉਲਝ ਗਈ ਅੱਜ ਇਹਦੀ ਤਾਣੀ ਏ।
ਕੋਈ ਸੁਣਨਾ ਚਾਹੇ ਨਾ, ਇਹਦੀ ਕਥਾ ਪੁਰਾਣੀ ਏ।

ਧਰਮਾਂ ਦੇ ਧਰਮੀ, ਇਹਨੂੰ ਪਤਿਤਾ ਕਹਿੰਦੇ ਨੇ।
ਇਲਜ਼ਾਮ ਜਿਹੇ ਮੜ੍ਹ ਕੇ, ਚਟਖਾਰੇ ਲੈਂਦੇ ਨੇ।
ਇਹਦੀ ਅਣਖ-ਇੱਜਤ ਨੂੰ, ਨਾ ਕਦੀ ਸਹਿੰਦੇ ਨੇ।
ਰਾਤਾਂ ਦੇ ਹਨੇਰੇ 'ਚ ਇਹਦੇ ਪੈਰੀਂ ਆਣ ਪੈਂਦੇ ਨੇ।

ਜਗ ਦੀ ਜਨਨੀ ਹੈ, ਇਹਦੀ ਕੋਈ ਨਾ ਹਸਤੀ ਏ।
ਦਿਨ ਰਾਤ ਲੁਟਦੀ, ਇਹਦੇ ਦਿਲ ਦੀ ਬਸਤੀ ਏ।
ਮਰਦਾਂ ਲਈ ਖਿਡੌਣਾ ਏ, ਦੋ ਪਲ ਦੀ ਮਸਤੀ ਏ।
ਧਰਤੀ ਦੀ ਜਾਈ ਹੈ, ਪਰ ਹਰ ਸ਼ੈ ਤੋਂ ਸਸਤੀ ਏ।

ਔਰਤ ਦੀ ਕਦਰ ਕਰੋ, ਔਰਤ ਨਾ ਮੁੱਕ ਜਾਵੇ।
ਵਗ ਵਗ ਕੇ ਅੱਖੀਆਂ 'ਚੋਂ, ਪਾਣੀ ਨਾ ਸੁੱਕ ਜਾਵੇ।
ਮਰਜਾਣੀ ਮੌਤ ਕਿਤੇ, ਇਹਦੇ ਕੋਲ ਨਾ ਢੁਕ ਜਾਵੇ।
ਇਹਨੂੰ ਸਾਂਭ ਲਵੋ, ਇਹਦੀ ਧੜਕਣ ਨਾ ਰੁਕ ਜਾਵੇ।

ਮਮਤਾ ਦੀ ਮੂਰਤ ਦਾ, ਮੈਂ ਸਤਿਕਾਰ ਬਣਾਵਾਂਗੀ।
ਇਹਨੂੰ ਡੂੰਘੀ ਨੀਂਦਰ ਵਿਚੋਂ, ਮੈਂ ਝੂਣ ਜਗਾਵਾਂਗੀ।
ਕਾਦਰ ਦੀ ਕੁਦਰਤ ਦਾ, ਬੂਹਾ ਵੀ ਖੜਕਾਵਾਂਗੀ।
'ਸੁਰਜੀਤ' ਮੈਂ ਜ਼ਿੰਦਗੀ ਦਾ, ਬਲ ਸਾਰਾ ਲਾਵਾਂਗੀ।

ਮਮਤਾ ਦੀ ਮੂਰਤ ਹੈ, ਔਰਤ ਨੂੰ ਜਿਉਣ ਦਿਓ
ਰੱਬ ਵਰਗੀ ਸੂਰਤ ਹੈ, ਔਰਤ ਨੂੰ ਜਿਉਣ ਦਿਓ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ

**ਔਰਤ ਦਿਵਸ 'ਤੇ ਵਿਸ਼ੇਸ਼**

***ਔਰਤ ਦੁਨੀਆਂ ਭਰ ਵਿਚ ਮੁੱਢ ਕਦੀਮ ਤੋਂ ਹੀ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਆਈ ਹੈ। ਸਿਰਫ ਪੱਛੜੇ ਦੇਸ਼ਾਂ ਵਿਚ ਹੀ ਨਹੀਂ, ਸਗੋਂ ਆਪਣੇ ਆਪ ਨੂੰ ਬੜਾ ਵਿਕਸਿਤ ਕਹਿੰਦੇ ਮੁਲਕਾਂ ਵਿਚ ਵੀ ਔਰਤ ਨੂੰ ਮਰਦ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਕਈ ਧਰਮਾਂ ਵਿਚ ਤਾਂ ਉਸ ਨੂੰ ਪੈਰ ਦੀ ਜੁੱਤੀ ਤੋਂ ਵੱਧ ਕੁਝ ਵੀ ਨਹੀਂ ਸਮਝਿਆ ਜਾਂਦਾ। ਭਾਵੇਂ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਸੁਨੇਹਾ ਔਰਤ ਨੂੰ ਸਮਾਜ ਵਿਚ ਬਰਾਬਰੀ ਦੇਣ ਲਈ ਕੋਈ 500 ਸਾਲ ਪਹਿਲਾਂ ਦਿੱਤਾ ਸੀ ਪਰ ਅੱਜ ਵੀ ਸਿੱਖ ਸਮਾਜ ਵਿਚ ਔਰਤ ਨੂੰ ਬਰਾਬਰੀ ਦਾ ਹੱਕ ਹਾਸਲ ਨਹੀਂ ਹੈ। ਹਰ ਸਾਲ 8 ਮਾਰਚ ਨੂੰ ਦੁਨੀਆਂ ਭਰ ਵਿਚ ਨਾਰੀ ਦਿਵਸ ਮਨਾਇਆ ਜਾਂਦਾ ਹੈ, ਜੋ ਮਹਿਜ ਇਕ ਰਸਮ ਬਣ ਕੇ ਰਹਿ ਗਈ ਹੈ। ਇਹੋ ਸਵਾਲ ਇਸ ਲੇਖ ਵਿਚ ਬੀਬੀ ਸ਼ਮਿੰਦਰ ਕੌਰ ਨੇ ਔਰਤ ਦੀ ਹਾਲਤ ਬਾਰੇ ਉਠਾਏ ਹਨ। -ਸੰਪਾਦਕ***

ਪੰਜ ਸਾਲ ਪਹਿਲਾਂ ਦੀ ਗੱਲ ਹੈ, ਪਿੰਡ ਦੇ ਨਵੇਂ ਬਣੇ ਗੁਰਦੁਆਰਾ ਸਾਹਿਬ ਵਿਚ ਪਹਿਲੇ ਪਾਠ ਦਾ ਭੋਗ ਸੀ। ਭੋਗ ਉਪਰੰਤ ਰਾਗੀ ਸਿੰਘ ਨੇ ਮੈਨੂੰ ਕੋਲ ਬੁਲਾਇਆ ਤੇ ਕੁਝ ਕਾਗਜ਼ ਦੇ ਕੇ ਕਹਿਣ ਲੱਗੇ, "ਬੇਟਾ ਮੈਂ ਇਕ ਮੈਗਜ਼ੀਨ ਵਿਚ ਇਹ 'ਅਣਜੰਮੀ ਧੀ ਦੀ ਚਿੱਠੀ' ਪੜ੍ਹੀ, ਮੇਰੇ ਮਨ 'ਤੇ ਬੜਾ ਅਸਰ ਹੋਇਆ। ਮੈਂ ਇਸ ਦੀਆਂ ਫੋਟੋ ਸਟੇਟ ਕਾਪੀਆਂ ਲਿਆਇਆਂ, ਤੁਸੀਂ ਬੀਬੀਆਂ ਵਿਚ ਵੰਡ ਦਿਓ ਅਤੇ ਹੋਰ ਕਾਪੀਆਂ ਕਰਾ ਲੈਣੀਆਂ।"

ਮੈਂ ਉਹ ਬੀਬੀਆਂ ਵਿਚ ਵੰਡ ਦਿਤੀਆਂ, ਪਰ ਇਹ ਨਹੀਂ ਦੇਖਿਆ ਕਿ ਉਸ ਵਿਚ ਲਿਖਿਆ ਕੀ ਸੀ, ਕਿਉਂਕਿ ਮੇਰਾ ਮਨ ਆਸ-ਪਾਸ ਦੀਆਂ ਔਰਤਾਂ ਨੂੰ ਸਮਝਾ-ਸਮਝਾ ਕੇ ਥੱਕ ਚੁਕਾ ਸੀ, ਪਰ ਕਿਤੇ ਵੀ ਕੋਈ ਸੁਧਾਰ ਨਜ਼ਰ ਨਹੀਂ ਸੀ ਆ ਰਿਹਾ। ਮੈਂ



**ਸ਼ਮਿੰਦਰ ਕੌਰ**
shaminderbrar83@gmail.com

ਮਨ ਵਿਚ ਕਿਹਾ, 'ਵੇ ਬਾਬਾ, ਇਥੇ ਕੌਣ ਸੁਣਦਾ ਇਨ੍ਹਾਂ ਚਿੱਠੀਆਂ ਨੂੰ' ਅਤੇ ਮੇਰਾ ਇਹ ਖਿਆਲ ਗਲਤ ਨਹੀਂ ਸੀ।

ਸਤਿਯੁਗ ਦੀ ਸੀਤਾ ਮਾਤਾ ਤੋਂ ਲੈ ਕੇ 2017 ਤੱਕ ਔਰਤਾਂ 'ਤੇ ਜ਼ੁਲਮ ਰੁਕਣ ਦਾ ਨਾਂ ਨਹੀਂ ਲੈ ਰਹੇ। ਹਰ ਵੰਸ਼ ਦੇ ਰਾਜਿਆਂ ਨੇ ਔਰਤਾਂ ਦਾ ਰੱਜ ਕੇ ਸ਼ੋਸ਼ਣ ਕੀਤਾ। ਜਿਸ ਰਾਜੇ ਦੀ ਜੰਗ ਵਿਚ ਹਾਰ ਹੁੰਦੀ ਜਾਂ ਜੋ ਜੰਗ ਤੋਂ ਪਹਿਲਾਂ ਹਾਰ ਮੰਨ ਲੈਂਦਾ, ਉਹ ਜਿੱਤੇ ਰਾਜੇ ਨੂੰ ਧਨ ਦੌਲਤ ਦੇ ਨਾਲ ਤੋਹਫੇ ਵਿਚ ਔਰਤਾਂ ਵੀ ਦਿੰਦਾ। ਸੰਧੀਆਂ ਪੱਕੀਆਂ ਕਰਨ ਲਈ ਧੀਆਂ ਰਾਜੇ ਨਾਲ ਵਿਆਹ ਦਿੱਤੀਆਂ ਜਾਂਦੀਆਂ। ਇੰਜ ਰਾਜਿਆਂ ਦੇ ਹਰਮ ਵਿਚ ਹਜ਼ਾਰਾਂ ਔਰਤਾਂ ਇਕੱਠੀਆਂ ਹੋ ਜਾਂਦੀਆਂ। ਮੁਗਲ ਰਾਜੇ ਅਕਬਰ ਦੇ ਹਰਮ ਵਿਚ 5000 ਔਰਤਾਂ ਸਨ, ਜਿਨ੍ਹਾਂ ਨੂੰ ਹਿਜੜਿਆਂ ਦੇ ਪਹਿਰੇ ਹੇਠ ਇਕੱਲ ਦਾ ਜੀਵਨ ਜਿਉਣਾ ਪੈਂਦਾ ਸੀ।

ਮੁਗਲ-ਰਾਜਪੂਤ ਯੁੱਧਾਂ ਸਮੇਂ ਰਾਜਪੂਤ ਔਰਤਾਂ ਇਸ ਤਰ੍ਹਾਂ ਦੇ ਅਪਮਾਨ ਤੋਂ ਬਚਣ ਲਈ ਬੱਚਿਆਂ ਸਮੇਤ ਅੱਗ ਦੇ ਕੁੰਡ ਵਿਚ ਕੁੱਦ ਕੇ ਆਤਮਹੱਤਿਆ ਕਰ ਲੈਂਦੀਆਂ। ਇਸ ਨੂੰ ਜੌਹਰ ਪ੍ਰਥਾ ਕਿਹਾ ਜਾਂਦਾ ਸੀ। ਚਿਤੌੜ ਦੇ ਕਿਲੇ ਵਿਚ 3 ਵਾਰੀ ਜੌਹਰ ਹੋਏ। ਫਿਰੋਜ਼ ਸ਼ਾਹ ਤੁਗਲਕ ਅਤੇ ਅਲਾਉਦੀਨ ਖਿਲਜੀ ਦੇ ਸਮੇਂ ਵੀ ਜੌਹਰ ਹੋਏ।

ਮੌਰੀਆ ਸਾਮਰਾਜ ਦੇ ਰਾਜੇ ਅਸ਼ੋਕ ਦੇ ਹਰਮ ਵਿਚ 500 ਔਰਤਾਂ ਸਨ ਜਿਨ੍ਹਾਂ ਨੂੰ ਉਸ ਨੇ ਆਪਣਾ ਅਪਮਾਨ ਕਰਨ ਦੇ ਦੋਸ਼ ਵਿਚ ਅੱਗ ਵਿਚ ਸੁੱਟ ਕੇ ਮਾਰ ਦਿੱਤਾ ਸੀ। ਮਹਾਰਾਜਾ ਰਜਿੰਦਰ ਸਿੰਘ ਤੇ ਭੁਪਿੰਦਰ ਸਿੰਘ ਪਟਿਆਲਾ ਦੇ ਹਰਮ ਵਿਚ ਕ੍ਰਮਵਾਰ 365 ਤੇ 350 ਔਰਤਾਂ ਸਨ। ਜਿਆਦਾਤਰ ਮੁਗਲ ਸ਼ਹਿਜ਼ਾਦੀਆਂ ਨੂੰ ਸਾਰੀ ਉਮਰ ਕੁਆਰੇ ਰਹਿ ਕੇ ਇਕਲਾਪਾ ਹੀ ਕੱਟਣਾ ਪੈਂਦਾ। ਜਵਾਈ ਦੇ ਰਾਜਗੱਦੀ ਉਤੇ ਕਬਜਾ ਕਰ ਲੈਣ ਦੇ ਡਰੋਂ ਰਾਜ ਕੁਮਾਰੀਆਂ ਦੇ ਵਿਆਹ ਨਾ ਕੀਤੇ ਜਾਂਦੇ।

ਇਨ੍ਹਾਂ ਜ਼ੁਲਮਾਂ ਤੋਂ ਬਚਣ ਲਈ ਔਰਤਾਂ ਵਿਚ ਪਰਦਾ ਪ੍ਰਥਾ ਆਰੰਭ ਹੋਈ ਜੋ ਮੁਸਲਮਾਨਾਂ ਦੀ ਦੇਣ ਹੈ। ਮੁਗਲ ਹਾਕਮਾਂ ਦੇ ਜ਼ੁਲਮਾਂ ਕਰਕੇ ਇਹ ਪ੍ਰਥਾ ਰਾਜਪੂਤ ਔਰਤਾਂ ਵਿਚ ਸ਼ੋਸ਼ਣ ਤੋਂ ਬਚਣ ਲਈ ਬਹੁਤ ਪ੍ਰਚਲਿਤ ਰਹੀ ਹੈ ਤੇ ਅੱਜ ਵੀ ਦੇਖੀ ਜਾ ਸਕਦੀ ਹੈ। ਇਸ ਪ੍ਰਥਾ ਕਰਕੇ ਔਰਤਾਂ ਦਾ ਸਮਾਜਿਕ ਜੀਵਨ ਬਹੁਤ ਸੀਮਤ ਰਹਿ ਜਾਂਦਾ ਹੈ।

ਸਦੀਆਂ ਤੋਂ ਭਾਰਤ ਵਿਚ ਸਤੀ ਪ੍ਰਥਾ ਵਰਗੀ ਅਣਮਨੁੱਖੀ ਪ੍ਰਥਾ ਚਲਦੀ ਰਹੀ ਹੈ। ਜਿਸ ਕਰਕੇ ਪਤਨੀ ਨੂੰ ਮ੍ਰਿਤਕ ਪਤੀ ਦੀ ਚਿਤਾ ਵਿਚ ਸੁੱਟ ਦਿੱਤਾ ਜਾਂਦਾ। ਜ਼ਾਹਰ ਹੈ, ਜਿਉਂਦੇ ਜਲਣਾ ਸੌਖਾ ਨਹੀਂ, ਇਸ ਲਈ ਇਸਤਰੀ ਨੂੰ ਬਾਂਸ ਦੀਆਂ ਲੰਮੀਆਂ ਸੋਟੀਆਂ ਨਾਲ ਚਿਤਾ ਵਿਚ ਦਬਾਇਆ ਜਾਂਦਾ। ਜਦ ਰਾਜਾ ਰਾਮ ਮੋਹਨ ਰਾਏ ਨੇ ਆਪਣੇ ਭਰਾ ਦੀ ਪਤਨੀ ਨੂੰ ਇਸ ਤਰ੍ਹਾਂ ਜਲਾਉਂਦੇ ਦੇਖਿਆ ਤਾਂ ਉਸ ਨੇ ਇਸ ਪ੍ਰਥਾ ਵਿਰੁਧ ਸੰਘਰਸ਼ ਕੀਤਾ। ਸਮਾਜ ਸੁਧਾਰਕਾਂ ਤੇ ਲਾਰਡ ਵਿਲੀਅਮ ਬੈਂਟਿਕ ਦੇ ਯਤਨਾਂ ਸਦਕਾ 1829 ਵਿਚ ਇਹ ਪ੍ਰਥਾ ਕਾਨੂੰਨੀ ਤੌਰ 'ਤੇ ਖਤਮ ਕਰ ਦਿੱਤੀ ਗਈ। ਫਿਰ ਵੀ ਇਹ ਖਤਮ ਨਾ ਹੋ ਸਕੀ ਤੇ ਆਜ਼ਾਦੀ ਤੋਂ ਬਾਅਦ ਵੀ ਸਤੀ ਹੋਣ ਜਾਂ ਸਤੀ ਕਰਨ ਦੀ ਕੋਸ਼ਿਸ਼ ਕਰਨ ਦੇ 40 ਮਾਮਲੇ ਸਾਹਮਣੇ ਆਏ।

ਜੋ ਔਰਤਾਂ ਪਤੀ ਦੀ ਮੌਤ ਤੋਂ ਬਾਅਦ ਸਤੀ ਹੋ ਜਾਂਦੀਆਂ, ਉਹ ਤਾਂ ਕੁਝ ਘੰਟੇ ਤੜਪ ਕੇ ਖਤਮ ਹੋ ਜਾਂਦੀਆਂ, ਪਰ ਜੋ ਬਚ ਜਾਂਦੀਆਂ, ਉਨ੍ਹਾਂ ਨੂੰ ਤਿਲ-ਤਿਲ ਮਰਨਾ ਪੈਂਦਾ। ਉਨ੍ਹਾਂ ਦਾ ਸਿਰ ਮੁੰਨ ਕੇ ਮੂੰਹ ਉਤੇ ਕਾਲਖ ਮਲ ਦਿੱਤੀ ਜਾਂਦੀ। ਫਿੱਕੇ ਰੰਗ ਦੇ ਪੁਰਾਣੇ ਕੱਪੜੇ ਪੁਆਏ ਜਾਂਦੇ ਤਾਂ ਕਿ ਉਹ ਆਕਰਸ਼ਕ ਨਾ ਲੱਗਣ ਅਤੇ ਕਿਸੇ ਮਰਦ ਦੀ ਉਨ੍ਹਾਂ ਉਤੇ ਨਜ਼ਰ ਨਾ ਪਵੇ। ਉਨ੍ਹਾਂ ਨੂੰ ਘਰ ਦੇ ਇਕ ਹਨੇਰੇ ਕੋਨੇ ਵਿਚ ਦਿਨ ਕੱਟਣੇ ਪੈਂਦੇ। ਕਿਸੇ ਵੀ ਖੁਸ਼ੀ ਦੇ ਸਮਾਗਮ ਵਿਚ ਉਨ੍ਹਾਂ ਨੂੰ ਸ਼ਾਮਿਲ ਹੋਣ ਦੀ ਮਨਾਹੀ ਸੀ। ਵਿਧਵਾ ਔਰਤ ਦੀ ਮੌਜੂਦਗੀ ਅੱਜ ਵੀ ਬਦਸ਼ਗਨੀ ਹੀ ਮੰਨੀ ਜਾਂਦੀ ਹੈ।

ਦੱਖਣੀ ਭਾਰਤ ਵਿਚ ਸਦੀਆਂ ਤੋਂ ਦੇਵਦਾਸੀ ਪ੍ਰਥਾ ਪ੍ਰਚਲਿਤ ਹੈ ਜਿਸ ਅਧੀਨ 12-13 ਸਾਲ ਦੀਆਂ ਲੜਕੀਆਂ ਨੂੰ ਮੰਦਿਰ ਵਿਚ ਅਰਪਣ ਕਰ ਦਿੱਤਾ ਜਾਂਦਾ ਹੈ। ਉਥੇ ਪੁਜਾਰੀ ਤੇ ਅਮੀਰ ਲੋਕ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦੇ ਹਨ। 1934 ਤੋਂ 1988 ਤੱਕ ਇਸ ਪ੍ਰਥਾ ਵਿਰੁਧ ਕਾਨੂੰਨ ਬਣੇ ਪਰ ਆਂਧਰਾ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਉੜੀਸਾ, ਮਹਾਂਰਾਸ਼ਟਰ, ਤੇਲੰਗਾਨਾ 'ਚ ਅੱਜ ਵੀ ਇਹ ਜਾਰੀ ਹੈ। ਅਮੀਰ ਲੋਕ ਆਪਣੀ ਐਸ਼ ਲਈ ਇਸ ਨੂੰ ਖਤਮ ਨਹੀਂ ਹੋਣ ਦੇਣਾ ਚਾਹੁੰਦੇ। ਇਸ ਪ੍ਰਥਾ ਕਰਕੇ ਏਡਜ਼ ਦੇ ਮਾਮਲੇ ਵੀ ਵਧੇ ਹਨ।

ਦੱਖਣੀ ਭਾਰਤ ਵਿਚ ਸੂਤਕ ਦੀ ਪ੍ਰਥਾ ਪ੍ਰਚਲਿਤ ਹੈ ਜਿਸ ਕਰਕੇ ਬੱਚੇ ਦੇ ਜਨਮ ਤੋਂ ਬਾਅਦ ਜੱਚਾ-ਬੱਚਾ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ 45 ਦਿਨ ਲਈ ਅਲੱਗ ਬੰਦ ਕਮਰੇ ਵਿਚ ਰੱਖਿਆ ਜਾਂਦਾ ਹੈ। ਜੱਚਾ 45 ਦਿਨ ਲਈ ਤੇ ਜਨਮ ਸਥਾਨ ਇੱਕ ਮਹੀਨੇ ਲਈ ਅਪਵਿੱਤਰ ਮੰਨੇ ਜਾਂਦੇ ਹਨ। ਕਮਰੇ ਵਿਚ ਬ੍ਰਾਹਮਣ ਉਨ੍ਹਾਂ ਨੂੰ ਗਊ ਦੇ ਗੋਬਰ ਦਾ ਧੂਆਂ ਦੇ ਕੇ ਸ਼ੁੱਧ ਕਰਦਾ ਹੈ। ਇਸ ਨਾਲ ਮਾਂ ਬੱਚੇ ਦੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ। ਅਸਲ ਵਿਚ ਪਹਿਲਾਂ ਇਹ ਰਸਮ ਜੱਚਾ-ਬੱਚਾ ਦੀ ਸੇਵਾ ਸੰਭਾਲ ਲਈ ਹੁੰਦੀ ਸੀ ਜੋ ਹੁਣ ਇੱਕ ਵਿਗੜਿਆ ਰੂਪ ਧਾਰ ਚੁਕੀ ਹੈ।

ਦਹੇਜ ਪ੍ਰਥਾ ਹਮੇਸ਼ਾ ਤੋਂ ਹੀ ਭਾਰਤੀ ਸਮਾਜ ਵਿਚ ਵਿਸ਼ੇਸ਼ ਥਾਂ ਰੱਖਦੀ ਹੈ। ਸਮਾਜ ਦੇ ਸਾਰੇ ਵਰਗਾਂ ਵਿਚ ਜਦ ਵੀ ਵਿਆਹ ਲਈ ਰਿਸ਼ਤੇ ਦੀ ਗੱਲ ਹੁੰਦੀ ਹੈ ਤਾਂ ਪਹਿਲਾਂ ਪੈਸੇ ਦੀ ਗੱਲ ਮੁਕਾ ਲਈ ਜਾਂਦੀ ਹੈ। ਜਿੰਨੀ ਰਕਮ ਮੁਕਾਈ ਗਈ ਹੁੰਦੀ ਹੈ, ਖਰਚ ਅਕਸਰ ਉਸ ਤੋਂ ਵੱਧ ਹੋ ਜਾਂਦਾ ਹੈ। ਜੇ ਖਰਚਾ ਘੱਟ ਹੋਇਆ ਹੋਵੇ ਤਾਂ ਘਟਦੀ ਰਕਮ ਮੁੰਡੇ ਵਾਲਿਆਂ ਨੂੰ ਨਕਦ ਦਿੱਤੀ ਜਾਂਦੀ ਹੈ। ਇੰਜ ਲੱਗਦਾ ਹੈ ਜਿਵੇਂ ਮੁੰਡਾ ਵੇਚਿਆ ਜਾ ਰਿਹਾ ਹੋਵੇ। ਪੰਜਾਬ ਵਿਚ ਕੁਝ ਸਾਲ ਪਹਿਲਾਂ ਤੱਕ ਇਕ ਲੱਖ ਰੁਪਏ ਕਿੱਲੇ ਦੇ ਹਿਸਾਬ ਮੁੰਡੇ ਦਾ ਰੇਟ ਸੀ (ਮਤਲਬ ਮੁੰਡੇ ਕੋਲ ਜਿੰਨੇ ਕਿੱਲੇ ਜ਼ਮੀਨ ਹੋਊ, ਵਿਆਹ 'ਤੇ ਓਨੇ ਲੱਖ ਖਰਚਿਆ ਜਾਊ) ਜੋ ਹੁਣ 2-3 ਲੱਖ ਪ੍ਰਤੀ ਕਿੱਲੇ ਤੱਕ ਪਹੁੰਚ ਗਿਆ ਹੈ।

ਭਾਰਤ ਵਿਚ ਹਰ ਦਿਨ 80 ਤੋਂ 90 ਔਰਤਾਂ ਨਾਲ ਬਲਾਤਕਾਰ ਦੇ ਮਾਮਲੇ ਸਾਹਮਣੇ ਆਉਂਦੇ ਹਨ। ਬਹੁਤੇ ਮਾਮਲੇ ਦਰਜ ਹੀ ਨਹੀਂ ਕਰਵਾਏ ਜਾਂਦੇ। ਬਲਾਤਕਾਰ ਪਿਛੋਂ ਰੂਹ ਕੰਬਾਊ ਤਸੀਹੇ ਦੇ ਕੇ ਮਾਰਿਆ ਜਾਂਦਾ ਹੈ। ਹਰਿਆਣਾ ਦੇ ਰੋਹਤਕ ਜਿਲ੍ਹੇ ਵਿਚ 3 ਸਾਲ ਪਹਿਲਾ 5 ਦੋਸ਼ੀਆਂ ਨੇ ਇਕ ਲੜਕੀ ਨਾਲ ਬਲਾਤਕਾਰ ਕੀਤਾ ਸੀ। 3 ਸਾਲ ਬਾਅਦ ਵੀ ਸਜ਼ਾ ਨਾ ਮਿਲਣ ਕਰਕੇ ਉਨ੍ਹਾਂ ਉਸੇ ਲੜਕੀ ਨਾਲ ਫਿਰ ਬਲਾਤਕਾਰ ਕੀਤਾ।

ਹੁਣ ਵਹਿਸ਼ੀਅਤ ਇਸ ਮੁਕਾਮ 'ਤੇ ਪਹੁੰਚ ਚੁਕੀ ਹੈ ਕਿ 3-4 ਮਹੀਨਿਆਂ ਦੀਆਂ ਨਵਜੰਮੀਆਂ ਬੱਚੀਆਂ ਤੇ ਮ੍ਰਿਤਕ ਸਰੀਰਾਂ ਨੂੰ ਇਸ ਦਾ ਸ਼ਿਕਾਰ ਬਣਾਇਆ ਜਾਣ ਲੱਗਾ ਹੈ। ਦਸੰਬਰ 2015 ਵਿਚ ਉਤਰ ਪ੍ਰਦੇਸ਼ ਦੇ ਪਿੰਡ ਆਸਿਫ ਨਗਲਾ ਵਿਚ 28 ਦਿਨ ਦੀ ਬੱਚੀ ਨਾਲ ਉਸ ਸਮੇਂ ਬਲਾਤਕਾਰ ਹੋਇਆ ਜਦ ਉਸ ਦੇ ਮਾਂ-ਬਾਪ ਵੋਟ ਪਾਉਣ ਗਏ ਹੋਏ ਸਨ। ਜਨਵਰੀ 2016 ਵਿਚ ਗਾਜ਼ੀਆਬਾਦ 'ਚ 26 ਸਾਲ ਔਰਤ, ਜਿਸ ਦੀ ਇਕ ਦਿਨ ਪਹਿਲਾ ਮੌਤ ਹੋਈ ਸੀ, ਨੂੰ ਕਬਰ ਵਿਚੋਂ ਕੱਢ ਕੇ ਉਸ ਨਾਲ ਬਲਾਤਕਾਰ ਕੀਤਾ ਗਿਆ ਤੇ ਲਾਸ਼ ਨਗਨ ਹਾਲਤ ਵਿਚ ਉਥੇ ਹੀ ਸੁੱਟ ਦਿੱਤੀ। ਜੂਨ 2016 'ਚ ਫਤਿਹਪੁਰ ਸੀਕਰੀ ਵਿਚ ਇਕ 45 ਸਾਲਾ ਔਰਤ ਦੀ ਲਾਸ਼ ਨਾਲ ਵੀ ਇਹੋ ਕੁਝ ਵਾਪਰਿਆ।

ਜਦ ਵੀ ਕਿਤੇ ਦੰਗੇ-ਫਸਾਦ ਹੁੰਦੇ ਹਨ, ਔਰਤ ਦਰਿੰਦਗੀ ਦਾ ਜ਼ਰੂਰ ਸ਼ਿਕਾਰ ਹੁੰਦੀ ਹੈ। ਦੇਸ਼ ਦੀ ਵੰਡ ਸਮੇਂ, 84 ਦੇ ਦੰਗਿਆਂ, ਗੁਜਰਾਤ ਤੇ ਮੁਜ਼ੱਫਰਨਗਰ ਦੇ ਦੰਗਿਆਂ ਸਮੇਂ ਔਰਤਾਂ ਦੀ ਬਹੁਤ ਬੇਪਤੀ ਹੋਈ। ਹਰਿਆਣਾ ਵਿਚ ਹੋਇਆ ਜਾਟ ਅੰਦੋਲਨ ਇਸ ਦੀ ਤਾਜ਼ਾ ਮਿਸਾਲ ਹੈ।

ਸਿਤਮ ਇਹ ਹੈ ਕਿ ਹੁਣ ਔਰਤਾਂ ਨੂੰ ਤੇਜ਼ਾਬ ਪਾ ਕੇ ਸਾੜਿਆ ਜਾਣ ਲੱਗਾ ਹੈ। 'ਐਸਿਡ ਸਰਵਾਈਵਰ ਟਰੱਸਟ ਇੰਟਰਨੈਸ਼ਨਲ' ਮੁਤਾਬਕ ਦੁਨੀਆਂ ਵਿਚ ਹਰ ਸਾਲ ਤੇਜ਼ਾਬ ਸੁੱਟਣ ਦੇ 1,500 ਮਾਮਲੇ ਵਾਪਰਦੇ ਹਨ, ਜਿਨ੍ਹਾਂ ਵਿਚੋਂ 1000 ਸਿਰਫ ਭਾਰਤ ਵਿਚ ਹੁੰਦੇ ਹਨ। ਇਨ੍ਹਾਂ ਹਮਲਿਆਂ ਵਿਚ ਕਈ ਵਾਰ ਪੀੜਿਤ ਦੀ ਜਾਨ ਵੀ ਚਲੀ ਜਾਂਦੀ ਹੈ। ਜੋ ਬਚ ਜਾਂਦੀਆਂ ਹਨ, ਉਨ੍ਹਾਂ ਨੂੰ ਭਾਰੀ ਮਾਨਸਿਕ, ਸਰੀਰਕ ਤੇ ਆਰਥਿਕ ਦੁੱਖ ਬਰਦਾਸ਼ਤ ਕਰਨਾ ਪੈਂਦਾ ਹੈ। ਕਈਆਂ ਦੀ ਅੱਖਾਂ ਦੀ ਰੌਸ਼ਨੀ ਚਲੀ ਜਾਂਦੀ ਹੈ। ਚਿਹਰਾ ਬੁਰੀ ਤਰ੍ਹਾਂ ਵਿਗੜ ਜਾਣ ਕਰਕੇ ਸਮਾਜ ਵਿਚ ਵਿਚਰਨਾ ਦੁੱਭਰ ਹੋ ਜਾਂਦਾ ਹੈ, ਪਰ ਮੁਜਰਿਮ ਭਾਰਤੀ ਨਿਆਂਪਾਲਿਕਾ ਦੀ ਕਮਜ਼ੋਰੀ ਕਰਕੇ ਬਹੁਤੀ ਵਾਰ ਸਾਫ ਬਚ ਜਾਂਦੇ ਹਨ। ਕੁਝ ਦਿਨ ਪਹਿਲਾ ਇੱਕ ਤੇਜ਼ਾਬੀ ਹਮਲੇ ਦੇ ਮੁਜਰਿਮ, ਜਿਸ ਨੇ ਮਾਂ-ਬੇਟੀ ਉਤੇ ਤੇਜ਼ਾਬ ਸੁੱਟਿਆ ਸੀ, ਨੂੰ ਉਸ ਦੇ ਕੀਤੇ ਕੰਮ ਉਤੇ ਅਫਸੋਸ ਹੋਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ, "ਅਰੇ ਦੁੱਖ ਤੋਂ ਬਹੁਤ ਹੈ, ਅਬ ਸੀਨਾ ਚੀਰ ਕੇ ਦਿਖਾਊਂ ਕਿਆ?"

ਭਾਰਤੀ ਮਾਂ-ਬਾਪ ਲੜਕੀ ਦੇ ਵਿਆਹ ਸਮੇਂ ਕਿੰਨਾ ਵੀ ਕਰਜ਼ਾ ਚੁੱਕ ਲੈਣ ਪਰ ਜਾਇਦਾਦ ਵਿਚੋਂ ਉਸ ਨੂੰ ਇਕ ਤੀਲਾ ਵੀ ਦੇ ਕੇ ਰਾਜ਼ੀ ਨਹੀਂ ਹੁੰਦੇ। ਜੇ ਕੋਈ ਔਰਤ ਬਾਪ ਦੀ ਜਾਇਦਾਦ ਵਿਚੋਂ ਕੁਝ ਹਿੱਸਾ ਲੈਂਦੀ ਵੀ ਹੈ ਤਾਂ ਸਮਾਜ ਵਿਚ ਉਸ ਨੂੰ ਤ੍ਰਿਸਕਾਰਿਆ ਜਾਂਦਾ ਹੈ। ਨਾ ਹੀ ਉਸ ਨੂੰ ਸਹੁਰੇ ਘਰ ਦੀ ਜਾਇਦਾਦ ਵਿਚ ਕੋਈ ਹੱਕ ਮਿਲਦਾ ਹੈ, ਨਾ ਹੀ ਪੇਕਿਆਂ ਦੀ। ਅਕਸਰ ਪਤੀ ਦੀ ਮੌਤ ਪਿਛੋਂ ਔਰਤਾਂ ਦੀ ਹਾਲਤ ਤਰਸਯੋਗ ਬਣ ਜਾਂਦੀ ਹੈ, ਖਾਸ ਕਰ ਜੇ ਉਸ ਦੇ ਪੁੱਤਰ ਨਾ ਹੋਵੇ।

ਭਾਰਤੀ ਸਮਾਜ ਵਿਚ ਔਰਤ ਨੂੰ ਆਪਣਾ ਜੀਵਨ ਸਾਥੀ ਆਪ ਚੁਣਨ ਦਾ ਵੀ ਹੱਕ ਨਹੀਂ ਹੈ। ਜੇ ਔਰਤ ਮਰਜ਼ੀ ਨਾਲ ਵਿਆਹ ਕਰਾਉਣਾ ਚਾਹੇ ਤਾਂ ਇੱਜ਼ਤ ਦੇ ਨਾਂ ਉਤੇ ਦੋਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਆਨਰ-ਕਿਲਿੰਗ ਹਿੰਦੂ, ਸਿੱਖ, ਮੁਸਲਿਮ- ਤਿੰਨਾਂ ਹੀ ਕੌਮਾਂ ਵਿਚ ਆਮ ਗੱਲ ਹੈ। ਹਰ ਸਾਲ ਦੁਨੀਆਂ ਵਿਚ ਆਨਰ-ਕਿਲਿੰਗ ਦੇ 5000 ਮਾਮਲੇ ਦਰਜ ਹੁੰਦੇ ਹਨ, ਜਿਨ੍ਹਾਂ ਵਿਚੋਂ 1000 ਇਕੱਲੇ ਭਾਰਤ ਵਿਚ ਹੁੰਦੇ ਹਨ।

ਇਨ੍ਹਾਂ ਹਾਲਾਤ ਵਿਚ ਕੌਣ ਬੇਟੀ ਪੈਦਾ ਕਰਨਾ ਚਾਹੇਗਾ? ਨਵਜੰਮੀ ਬੱਚੀ ਨੂੰ ਮਾਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਤਰੀਕੇ ਪ੍ਰਚਲਿਤ ਰਹੇ ਹਨ ਜਿਵੇਂ ਦੁੱਧ ਵਿਚ ਡੁਬੋ ਕੇ ਮਾਰਨਾ, ਨੱਕ 'ਤੇ ਕੰਨਾਂ ਵਿਚ ਮਿੱਟੀ ਭਰ ਕੇ ਮਾਰਨਾ, ਗਲਾ ਘੁੱਟ ਕੇ ਮਾਰਨਾ, ਮਿੱਟੀ ਵਿਚ ਦੱਬ ਦੇਣਾ ਆਦਿ। ਪੁਰਾਤਨ ਸਮੇਂ ਵਿਚ ਕੁਝ ਨਿਸ਼ਾਨੀਆਂ ਤੋਂ ਗਰਭ ਵਿਚਲੇ ਬੱਚੇ ਦੇ ਲਿੰਗ ਦਾ ਅੰਦਾਜ਼ਾ ਲਾਇਆ ਜਾਂਦਾ ਸੀ। ਜੇ ਕੁੜੀ ਦੀਆਂ ਨਿਸ਼ਾਨੀਆਂ ਪ੍ਰਗਟ ਹੁੰਦੀਆਂ ਤਾਂ ਮਾਂ ਦੇ ਪੇਟ ਨੂੰ ਕੁੱਟ-ਕੁੱਟ ਕੇ ਬੱਚਾ ਮਾਰ ਦਿੱਤਾ ਜਾਂਦਾ।



1956 ਵਿਚ ਗਲਾਸਗੋ ਵਿਚ ਪਹਿਲੀ ਵਾਰ ਅਲਟਰਾਸਾਊਂਡ ਤਕਨੀਕ ਦੀ ਵਰਤੋਂ ਹੋਈ। 1990 ਤੱਕ ਇਹ ਤਕਨੀਕ ਭਾਰਤ ਵਿਚ ਪੂਰੀ ਤਰ੍ਹਾਂ ਪ੍ਰਚਲਿਤ ਹੋ ਗਈ ਅਤੇ ਇਸ ਦੀ ਵਰਤੋਂ ਵੱਡੇ ਪੱਧਰ ਉਤੇ ਬੱਚੇ ਦਾ ਲਿੰਗ ਪਤਾ ਕਰਨ ਲਈ ਹੋਣ ਲੱਗੀ। 1994 ਵਿਚ ਸਰਕਾਰ ਨੇ ਇਸ ਦੇ ਵਿਰੁਧ ਕਾਨੂੰਨ ਬਣਾਇਆ, ਪਰ ਅੱਜ ਵੀ ਇਸ ਦੀ ਵਰਤੋਂ ਕੰਨਿਆ ਭਰੂਣ ਹੱਤਿਆ ਲਈ ਕੀਤੀ ਜਾਂਦੀ ਹੈ। ਭਾਰਤ ਵਿਚ ਹਰ ਸਾਲ ਇਕ ਕਰੋੜ 10 ਲੱਖ ਭਰੂਣ ਹੱਤਿਆਵਾਂ ਕੀਤੀਆਂ ਜਾਂਦੀਆਂ ਹਨ ਜਿਸ ਕਰਕੇ ਕੁੜੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ।

ਔਰਤਾਂ ਨਾਲ ਵਿਤਕਰਾ ਇਸ ਕਦਰ ਹੈ ਕਿ ਕਈ ਮਰਦ ਆਪਣੀਆਂ ਪਤਨੀਆਂ, ਬੇਟੀਆਂ, ਭੈਣਾਂ ਨੂੰ ਘਰੇਲੂ ਸਮਾਗਮਾਂ ਸਮੇਂ ਨੱਚਣ ਤੱਕ ਨਹੀਂ ਦਿੰਦੇ। ਅਕਸਰ ਲੜਕੀਆਂ ਨੂੰ ਹੱਸਦਿਆਂ ਦੇਖ ਕੇ ਟੋਕ ਦਿੱਤਾ ਜਾਂਦਾ ਹੈ। ਸਾਡੇ ਸਮਾਜ ਵਿਚ ਮਰਦ ਔਰਤ ਨੂੰ ਇਨਸਾਨ ਘੱਟ ਅਤੇ ਆਪਣੀ ਨਿਜੀ ਸੰਪਤੀ ਜ਼ਿਆਦਾ ਸਮਝਦੇ ਹਨ। ਸੁਰੱਖਿਆ ਦੇ ਨਾਂ 'ਤੇ ਉਨ੍ਹਾਂ ਦੀ ਆਜ਼ਾਦੀ ਦੀ ਬਲੀ ਦੇ ਦਿੱਤੀ ਜਾਂਦੀ ਹੈ, ਜਿਸ ਕਰਕੇ ਉਨ੍ਹਾਂ ਦੀ ਪੜਾਈ, ਯੋਗਤਾ, ਹੁਨਰ ਅਤੇ ਸੁਪਨੇ ਘਰ ਅੰਦਰ ਹੀ ਦਮ ਤੋੜ ਜਾਂਦੇ ਹਨ।

ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਵਿਚ ਚੋਰ ਮੋਰੀਆਂ ਰਾਹੀਂ 10,000 ਤੋਂ 30,000 ਰੁਪਏ ਵਿਚ ਇਹ ਕੰਮ ਧੜੱਲੇ ਨਾਲ ਚੱਲਦਾ ਹੈ। 20,000 ਔਰਤਾਂ ਹਰ ਸਾਲ ਗਰਭ ਗਿਰਾਉਣ ਸਮੇਂ ਕੇਸ ਵਿਗੜ ਜਾਣ ਕਰਕੇ ਮਰ ਜਾਂਦੀਆਂ ਹਨ। ਭਾਰਤ ਵਿਚ 70% ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਬਣਦੀਆਂ ਹਨ। ਹਿੰਸਾ ਦਾ ਸ਼ਿਕਾਰ ਸਿਰਫ ਪਤਨੀ ਨਹੀਂ ਬਲਕਿ ਘਰ ਦੀ ਹਰ ਔਰਤ ਹੁੰਦੀ ਹੈ ਜਿਸ ਵਿਚ ਸਰੀਰਕ, ਮਾਨਸਿਕ, ਵਿੱਤੀ, ਭਾਵਨਾਤਮਕ, ਜਬਾਨੀ ਹਿੰਸਾ ਅਤੇ ਯੌਨ ਸ਼ੋਸ਼ਣ ਸ਼ਾਮਿਲ ਹਨ।

ਕਿਹਾ ਜਾਂਦਾ ਹੈ ਕਿ ਜਦ ਤੱਕ ਆਪਣੀ ਬਰਬਾਦੀ ਵਿਚ ਤੁਸੀਂ ਆਪ ਸ਼ਾਮਿਲ ਨਹੀਂ ਹੁੰਦੇ ਤੁਹਾਨੂੰ ਕੋਈ ਬਰਬਾਦ ਨਹੀਂ ਕਰ ਸਕਦਾ। ਇਹ ਗੱਲ ਬਿਲਕੁਲ ਸਹੀ ਹੈ। ਔਰਤ ਖੁਦ ਹੀ ਆਪਣੀ ਨਸਲ ਦੀ ਦੁਸ਼ਮਣ ਹੈ। ਅਕਸਰ ਘਰ ਦੀਆਂ ਔਰਤਾਂ ਹੀ ਕੁੜੀ ਪੈਦਾ ਕਰਕੇ ਖੁਸ਼ ਨਹੀਂ। ਉਨ੍ਹਾਂ ਨੂੰ ਹਰ ਹਾਲ ਵਿਚ ਮੁੰਡਾ ਚਾਹੀਦਾ ਹੈ। ਕੁੜੀ ਕਿਸੇ ਸੰਤ ਬੇਗਾਨੇ ਘਰੇ ਪੈਦਾ ਹੋਣ 'ਤੇ ਵੀ ਔਰਤਾਂ ਦੁੱਖ ਪ੍ਰਗਟਾਉਂਦੀਆਂ ਹਨ। ਹੱਦ ਤਾਂ ਇਹ ਹੈ ਕਿ ਪੜ੍ਹੀਆਂ-ਲਿਖੀਆਂ ਕੁੜੀਆਂ ਵੀ ਬੇਟੀ ਪੈਦਾ ਨਹੀਂ ਕਰਨਾ ਚਾਹੁੰਦੀਆਂ। ਵਜ੍ਹਾ ਇਹ ਵੀ ਹੈ ਕਿ ਉਹ ਮੁੰਡਾ ਪੈਦਾ ਕਰਕੇ ਸਹੁਰੇ ਘਰ ਆਪਣੀ ਸਾਖ ਪੱਕੀ ਕਰਨੀ ਚਾਹੁੰਦੀਆਂ ਹਨ। ਭਰੂਣ ਹੱਤਿਆ ਹਮੇਸ਼ਾ ਮਜਬੂਰ ਕਰਕੇ ਹੀ ਕਾਰਵਾਈ ਜਾਂਦੀ ਹੈ, ਹਰ ਕੇਸ ਵਿਚ ਇਹ ਗੱਲ ਸੱਚ ਨਹੀਂ ਹੁੰਦੀ।

ਸਮਾਜ ਵਿਚ ਪੜ੍ਹਿਆ ਜਾਂ ਅਨਪੜ੍ਹ ਅਮੀਰ ਜਾਂ ਗਰੀਬ ਵੱਡਾ ਜਾਂ ਛੋਟਾ ਕੋਈ ਵੀ ਬੇਟੀ ਨਹੀਂ ਚਾਹੁੰਦਾ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਉਥੇ ਸਖਤੀ ਹੋਣ ਕਰਕੇ ਕੰਨਿਆ ਭਰੂਣ ਹੱਤਿਆ ਲਈ ਖਾਸ ਤੌਰ 'ਤੇ ਭਾਰਤ ਆਉਂਦੇ ਹਨ। ਇਸ ਕਰਕੇ ਖੂਹਾਂ-ਟੋਭਿਆਂ, ਕੂੜੇਦਾਨਾਂ, ਨਦੀ ਨਾਲਿਆਂ ਤੇ ਖੇਤਾਂ ਵਿਚ ਅਕਸਰ ਮਾਦਾ ਭਰੂਣ ਪਏ ਨਜ਼ਰ ਆਉਂਦੇ ਹਨ। ਮੁੰਡੇ ਦੇ ਜਨਮ 'ਤੇ ਘਰ ਦੇ ਦਰਵਾਜੇ ਅੱਗੇ ਸ਼ਰੀਂਹ ਬੰਨਿਆ ਜਾਂਦਾ ਹੈ। ਮਾਂ ਨੂੰ ਬਾਹਰ ਵਧਾਉਣ ਦੀ ਰਸਮ ਕੀਤੀ ਜਾਂਦੀ ਹੈ, ਪਰ ਕੁੜੀ ਜੰਮੇ 'ਤੇ ਅਜਿਹਾ ਕੁਝ ਨਹੀਂ ਕੀਤਾ ਜਾਂਦਾ।

ਜੇ ਬੇਟੀ ਦਾ ਜਨਮ ਸਰਜਰੀ ਨਾਲ ਹੋਵੇ ਤਾਂ ਔਰਤਾਂ ਅਕਸਰ ਕਹਿ ਦਿੰਦੀਆਂ ਹਨ ਕਿ ਨੌਂ ਮਹੀਨੇ ਔਖੀ ਵੀ ਹੋਈ ਢਿੱਡ ਵੀ ਪੜਵਾਇਆ ਤੇ ਹੋ ਫਿਰ ਵੀ ਕੁੜੀ ਗਈ। ਮਤਲਬ ਜੇ ਕੁੜੀ ਹੀ ਹੋਣੀ ਸੀ ਤਾਂ ਨੌਂ ਮਹੀਨੇ ਦਾ ਵਕਤ ਕਿਉਂ? ਕੁੜੀ ਆਸਮਾਨ ਤੋਂ ਕਿਉਂ ਨਹੀਂ ਡਿੱਗ ਪੈਂਦੀ? ਕਈ ਔਰਤਾਂ ਤਾਂ ਅਜਿਹੀਆਂ ਹਨ ਜੋ ਸਾਰੀ ਉਮਰ ਹੀ ਮੁੰਡੇ ਦੀ ਚਾਹ ਵਿਚ ਭਰੂਣ ਹੱਤਿਆ ਕਰਦੀਆਂ ਰਹਿੰਦੀਆਂ ਹਨ। ਔਰਤ ਉਤੇ ਜ਼ੁਲਮ ਜੰਮਣ ਤੋਂ ਪਹਿਲਾਂ ਸ਼ੁਰੂ ਹੋ ਜਾਂਦੇ ਹਨ ਤੇ ਮਰਨ ਉਪਰੰਤ ਵੀ ਜਾਰੀ ਰਹਿੰਦੇ ਹਨ, ਜਦ ਉਸ ਦੀ ਲਾਸ਼ ਨੂੰ ਕਫਨ ਵੀ ਪੇਕਿਆਂ ਦਾ ਪਾਇਆ ਜਾਂਦਾ ਹੈ।

ਮੈਂ ਨਹੀਂ ਕਹਿੰਦੀ ਕਿ ਸਭ ਔਰਤਾਂ ਸੰਪੂਰਨ ਹੁੰਦੀਆਂ ਹਨ ਪਰ ਕੀ ਸਾਰੇ ਮਰਦ ਹਰ ਪੱਖੋਂ ਸੰਪੂਰਨ ਹਨ? ਕੱਤਈ ਨਹੀਂ! ਫਿਰ ਔਰਤ ਦੀ ਨਸਲਕੁਸ਼ੀ ਕਿਉਂ? ਲੋਕ ਅਕਸਰ ਅਲਟਰਾਸਾਊਂਡ ਕਰਵਾਉਣ ਤੋਂ ਪਹਿਲਾਂ ਅਤੇ ਜੇ ਰਿਪੋਰਟ ਵਿਚ ਮੁੰਡਾ ਆਵੇ ਤਾਂ ਬਾਅਦ ਵਿਚ ਵੀ ਮੰਦਿਰ-ਗੁਰਦੁਆਰੇ ਵਿਚ ਪ੍ਰਸ਼ਾਦ ਕਰਾਉਂਦੇ ਹਨ। ਭਾਰਤ ਉਹ ਦੇਸ਼ ਹੈ ਜਿਥੇ ਮੁੰਡੇ ਲਈ ਕੁੜੀ ਦੀ ਬਲੀ ਦਿੱਤੀ ਜਾਂਦੀ ਹੈ, ਨਾਲੇ ਕੰਜਕ ਪੂਜਨ ਕੀਤਾ ਜਾਂਦਾ ਹੈ। ਸਮਝ ਨਹੀਂ ਆਉਂਦੀ ਕਿ ਸਾਡਾ ਮਾਨਸਿਕ ਪੱਧਰ ਆਖਿਰ ਕਿਸ ਹੱਦ ਤਕ ਗਿਰੇਗਾ?

ਇਹ ਸਿਰਫ ਭਾਰਤ ਵਿਚ ਔਰਤਾਂ ਦੀ ਹਾਲਤ ਹੈ, ਜੇ ਸਾਰੀ ਦੁਨੀਆਂ ਵਿਚ ਔਰਤਾਂ ਦੀ ਹਾਲਤ ਬਿਆਨ ਕਰਨੀ ਹੋਵੇ ਤਾਂ ਕਈ ਗ੍ਰੰਥ ਲਿਖਣੇ ਪੈਣਗੇ। ਔਰਤਾਂ ਦੇ ਹਾਲਾਤ ਕਿਸੇ ਵੀ ਤਰ੍ਹਾਂ ਨਹੀਂ ਸੁਧਰ ਰਹੇ! ਕੁੜੀਆਂ ਦੁਆਰਾ ਹਰ ਖੇਤਰ ਵਿਚ ਖੁਦ ਨੂੰ ਸਾਬਿਤ ਕਰਨ ਤੋਂ ਬਾਅਦ ਵੀ ਨਹੀਂ, ਲੋਕਾਂ ਵਿਚ ਉਚ ਸਿਖਿਆ ਦੇ ਪ੍ਰਸਾਰ ਨਾਲ ਵੀ ਨਹੀਂ, ਸਖਤ ਕਾਨੂੰਨ ਬਣਨ 'ਤੇ ਵੀ ਨਹੀਂ, ਜ਼ਿਆਦਾਤਰ ਪੁੱਤਰਾਂ ਵੱਲੋਂ ਮਾਪਿਆਂ ਨੂੰ ਤ੍ਰਿਸਕਾਰਨ ਤੋਂ ਬਾਅਦ ਵੀ ਨਹੀਂ, ਮਾਂ-ਬਾਪ ਦੀ ਸੇਵਾ ਪੁੱਤਰਾਂ ਨਾਲੋਂ ਵਧ ਕੇ ਕਰਨ 'ਤੇ ਵੀ ਨਹੀਂ, ਔਰਤਾਂ ਦੀ ਆਬਾਦੀ ਘਟਣ ਤੋਂ ਬਾਅਦ ਵੀ ਨਹੀਂ ਅਤੇ ਕੁਵਾਰੇ ਮਰਦਾਂ ਦੀ ਗਿਣਤੀ ਵੱਧ ਜਾਣ 'ਤੇ ਵੀ ਨਹੀਂ! ਆਖਿਰ ਕਦੋਂ ਤੇ ਕਿਵੇਂ ਇਹ ਧਰਤੀ ਔਰਤਾਂ ਦੇ ਜਿਉਣ ਲਾਇਕ ਬਣੇਗੀ?

8 ਮਾਰਚ ਨੂੰ ਹਰ ਸਾਲ ਔਰਤ ਦਿਵਸ ਮਨਾਇਆ ਜਾਂਦਾ ਹੈ। ਕੀ ਇਹ ਦਿਵਸ ਮਨਾਉਣ ਨਾਲ ਔਰਤਾਂ ਦੀ ਹਾਲਤ ਵਿਚ ਕੋਈ ਸੁਧਾਰ ਆ ਸਕੇਗਾ? ਇਹ ਸਵਾਲ ਹੈ, ਜੋ ਸਾਨੂੰ ਸਭ ਨੂੰ ਆਪਣੇ ਤੋਂ ਪੁੱਛਣਾ ਬਣਦਾ ਹੈ।

ਜ਼ਿੰਦਗੀ ਦਾ ਨਾਦ

# ਬਜ਼ੁਰਗੀ ਦੀ ਬਹਿਸ਼ਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਛਪਦੀਆਂ ਆਪਣੀਆਂ ਲਿਖਤਾਂ ਵਿਚ ਘਰ ਦੀਆਂ ਬਰਕਤਾਂ, ਘਰ ਦੇ ਬੂਹੇ ਅਤੇ ਵਿਹੜੇ ਦੀਆਂ ਸਿਫਤਾਂ ਕਰ ਚੁਕੇ ਹਨ। ਉਨ੍ਹਾਂ ਕੰਧਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਕੰਧਾਂ ਇਤਿਹਾਸ ਤੇ ਅਕੀਦਤਯੋਗ ਥਾਂਵਾਂ ਬਣਦੀਆਂ ਨੇ। ਕਮਰੇ ਬਾਰੇ ਉਨ੍ਹਾਂ ਲਿਖਿਆ ਸੀ ਕਿ ਕੋਈ ਕਮਰਾ, ਕਿਸੇ ਨੂੰ ਨੈਲਸਨ ਮੰਡੇਲਾ, ਭਗਤ ਸਿੰਘ, ਜੈ ਪ੍ਰਕਾਸ਼ ਨਰਾਇਣ ਜਾਂ ਸੂ ਕੁਈ ਬਣਾ ਕੇ ਲੋਕਾਂ ਦੇ ਸਨਮੁਖ ਕਰਦਾ ਏ ਜੋ ਸਮੇਂ ਦੀਆਂ ਮੁਹਾਰਾਂ ਮੋੜਨ ਦੇ ਸਮਰੱਥ ਹੁੰਦੇ ਨੇ। ਉਨ੍ਹਾਂ ਨਸੀਹਤ ਕੀਤੀ ਸੀ ਕਿ ਦਸਤਕ ਦੀ ਦਾਸਤਾਨ ਜ਼ਰੂਰ ਸੁਣਿਓ ਤਾਂ ਕਿ ਤੁਸੀਂ ਕਦੇ ਤਾਂ ਦਸਤਕ ਦੇ ਰੂ-ਬ-ਰੂ ਹੋ, ਆਪਣੇ ਸਾਹਾਂ ਉਤੇ ਨਰੋਏ ਨਕਸ਼ਾਂ ਦੀ ਇਬਾਦਤ ਲਿਖ ਸਕੋ। ਉਨ੍ਹਾਂ ਮਾਂ ਦੀ ਮਮਤਾ ਦੇ ਨਿੱਘ ਦੀ ਵਾਰਤਾ ਸੁਣਾਉਂਦਿਆਂ ਕਿਹਾ ਹੈ ਕਿ ਮਾਂ, ਸਿਰਫ ਮਾਂ ਹੁੰਦੀ ਏ ਜੋ ਸਭ ਤੋਂ ਵੱਡੀ ਦਾਤੀ ਹੁੰਦਿਆਂ ਵੀ ਨਿਮਾਣੀ ਬਣੀ ਰਹਿੰਦੀ ਏ। ਪਿਛਲੇ ਲੇਖ ਵਿਚ ਉਨ੍ਹਾਂ ਪਿਤਾ ਦੇ ਸਾਏ ਦੀ ਗੱਲ ਕਰਦਿਆਂ ਦੱਸਿਆ ਕਿ ਪਿਤਾ ਇਕ ਮਜ਼ਬੂਤ ਦੀਵਾਰ। ਝੱਖੜਾਂ ਤੇ ਤੇਜ਼ ਹਨੇਰੀਆਂ ਤੋਂ ਬਚਾਅ। ਹਥਲੇ ਲੇਖ ਵਿਚ ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਕਰਦਿਆਂ ਕਿਹਾ ਹੈ ਕਿ ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। -ਸੰਪਾਦਕ*

ਸਤਿਸੰਗ 'ਚ ਪਸਰੀ ਹੋਈ ਆਤਮਿਕ ਚੁੱਪ, ਧਿਆਨ ਲਾ ਕੇ ਸੰਤਾਂ ਦਾ ਵਿਖਿਆਨ ਸੁਣ ਰਹੀ ਖਲਕਤ। ਤੇਜੱਸਵੀ ਪ੍ਰਤਾਪ ਵਾਲੇ ਮਹਾਤਮਾ ਦਾ ਲੋਕਾਂ ਦੀ ਸੋਚ ਤੇ ਮਨ ਉਤੇ ਡੂੰਘਾ ਅਸਰ। ਸੰਤਾਂ ਨੇ ਇਕਦਮ ਸਤਿਸੰਗ ਦੀ ਸਮਾਪਤੀ ਦਾ ਐਲਾਨ ਕਰਦਿਆਂ ਫੁਰਮਾਇਆ, "ਮੈਂ ਹੁਣ ਧਾਰਮਿਕ ਗਿਆਨ ਦੀ ਕੋਈ ਗੱਲ ਨਹੀਂ ਕਰਾਂਗਾ। ਮੇਰਾ ਜੀਅ ਕਰਦੈ, ਤੁਹਾਡੇ ਨਾਲ ਕੁਝ ਉਹ ਗੱਲਾਂ ਕਰਾਂ, ਜੋ ਮੈਨੂੰ ਮਾਨਸਿਕ ਕਸ਼ਟ ਪਹੁੰਚਾਉਂਦੀਆਂ ਨੇ। ਭਾਰਤੀ ਸਮਾਜ ਲਈ ਦਾਗ ਏ। ਵੱਡੇ-ਵੱਡੇ ਸ਼ਹਿਰਾਂ 'ਚ ਧੜਾ-ਧੜ ਬਿਰਧ-ਆਸ਼ਰਮ ਖੁੱਲ ਰਹੇ ਹਨ, ਜਿਥੇ ਵੱਡੀਆਂ ਕੋਠੀਆਂ ਵਾਲੇ ਤੇ ਰੁਤਬਿਆਂ ਵਾਲੇ, ਆਪਣੇ ਬਜ਼ੁਰਗਾਂ ਨੂੰ ਛੱਡ, ਸਮਾਜਿਕ ਜ਼ਿੰਮੇਵਾਰੀ ਤੋਂ ਨਿਜਾਤ ਪਾਉਣ ਦਾ ਭਰਮ ਪਾਲਦੇ ਨੇ।



ਬਜ਼ੁਰਗ, ਜੋ ਸਾਡਾ ਬੀਤਿਆ ਹੋਇਆ ਕੱਲ ਹੈ। ਬਜ਼ੁਰਗ, ਜਿਨ੍ਹਾਂ ਨੇ ਸਾਨੂੰ ਤੁਰਨਾ ਸਿਖਾਇਆ, ਸਾਡੇ ਮਸਤਕ ਵਿਚ ਗਿਆਨ ਦਾ ਦੀਪ ਜਗਾਇਆ,

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਜਿਉਣ ਦਾ ਹੁਨਰ ਸਿਖਾਇਆ ਅਤੇ ਸਾਡੇ ਸਾਹਾਂ ਦੇ ਦੀਵੇ 'ਚ ਆਪਣੇ ਜੀਵਨ ਦੀ ਸਮੁੱਚਤਾ ਦਾ ਤੇਲ ਪਾਇਆ। ਬਜ਼ੁਰਗ, ਜਿਨ੍ਹਾਂ ਦੇ ਮੁੜਕੇ ਨੇ ਮਹਿਲ ਉਸਾਰੇ, ਸਾਡੀ ਹਰ ਲੋੜ ਨੂੰ ਤੰਗੀਆਂ-ਤੁਰਸ਼ੀਆਂ 'ਚ ਰਹਿੰਦਿਆਂ ਪੂਰਾ ਕੀਤਾ ਅਤੇ ਹਰ ਕਸ਼ਟ ਨਿਵਾਰਨ ਦਾ ਜਿੰਮਾ ਆਪਣੇ ਸਿਰ ਲਿਆ। ਬਜ਼ੁਰਗ, ਜਿਹੜੇ ਸਾਡੀ ਹੋਂਦ ਲਈ ਵਿਗਸਦੇ ਤੇ ਮੌਲਦੇ ਰਹੇ, ਅਸੀਂ ਉਨ੍ਹਾਂ ਦੀ ਹੋਂਦ ਵੀ ਬਰਦਾਸ਼ਤ ਕਰਨ ਤੋਂ ਅਸਮਰਥ ਹੋ ਗਏ ਹਾਂ। ਬਜ਼ੁਰਗਾਂ ਲਈ ਆਖਰੀ ਸਹਾਰਾ, ਕੋਠੀ ਦਾ ਨੌਕਰ ਵਾਲਾ ਕਮਰਾ ਜਾਂ ਬਿਰਧ ਆਸ਼ਰਮ ਹੀ ਕਿਉਂ ਏ? ਕਿਉਂ ਅਸੀਂ ਇੰਨੇ ਨਿਰਮੋਹੇ ਹੋ ਗਏ ਹਾਂ ਕਿ ਸਾਨੂੰ ਆਪਣੇ ਜਨਮ-ਦਾਤੇ ਦੀ ਹਾਜ਼ਰੀ ਵੀ ਸੁਖਾਂਦੀ ਨਹੀਂ? ਕਿਹੜੀ ਦੌੜ 'ਚ, ਸਾਡੇ ਕੋਲੋਂ ਸੰਸਕ੍ਰਿਤੀ ਦੀਆਂ ਕਦਰਾਂ-ਕੀਮਤਾਂ ਵਿਸਰ ਗਈਆਂ? ਅਸੀਂ ਆਪਣਾ ਵਿਰਸਾ, ਆਪਣੇ ਹੀ ਪੈਰਾਂ ਹੇਠ ਮਧੋਲ ਰਹੇ ਹਾਂ। ਅਸੀਂ ਬਜ਼ੁਰਗਾਂ ਦੀਆਂ ਅਸੀਸਾਂ ਤੋਂ ਵਿਰਵੇ ਹੋ, ਕਿਵੇਂ ਜੀਵਨ ਦੀ ਸੰਪੂਰਨਤਾ ਤੇ ਸੰਤੁਸ਼ਟਤਾ ਦਾ ਅਹਿਸਾਸ ਮਨ 'ਚ ਉਪਜਾਵਾਂਗੇ? ਕਿਵੇਂ ਜੀਵਨ ਦੀ ਸਾਰਥਕਤਾ ਦਾ ਸ਼ਬਦ ਚੇਤਿਆਂ 'ਚ ਵਸਾਵਾਂਗੇ? ਮੇਰਾ ਵਾਸਤਾ ਈ, ਬਿਰਧ ਆਸ਼ਰਮਾਂ ਦੀ ਉਸਾਰੀ ਨੂੰ ਠੱਲ ਪਾਵੋ। ਹਰ ਘਰ ਨੂੰ ਬਜ਼ੁਰਗਾਂ ਲਈ ਸੁਰਗ ਬਣਾਓ। ਉਨ੍ਹਾਂ ਦੀ ਤਾਮੀਰਦਾਰੀ ਕਰਦਿਆਂ, ਸੁਖਨ ਦਾ ਭਾਵ ਸੋਚਾਂ 'ਚ ਉਪਜਾਉ। ਮੈਂ ਤਾਂ ਬੇਨਤੀ ਹੀ ਕਰ ਸਕਦਾ ਹਾਂ ਕਿ ਬਜ਼ੁਰਗਾਂ ਦਾ ਸਤਿਕਾਰ ਕਰੋ। ਉਨ੍ਹਾਂ ਦਾ ਬੁਢਾਪਾ ਮਿੱਟੀ ਘੱਟੇ ਨਾ ਰਲਾਉ। ਮਨ 'ਚ ਇਹ ਖਿਆਲ ਜ਼ਰੂਰ ਰੱਖਿਓ ਕਿ ਜੇ ਤੁਸੀਂ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮ ਭੇਜ ਸਕਦੇ ਹੋ ਤਾਂ ਤੁਹਾਡੀ ਔਲਾਦ ਜੋ ਇਸ ਸਭ ਕਾਸੇ ਦੀ ਚਸ਼ਮਦੀਦ ਗਵਾਹ ਏ, ਤੁਹਾਨੂੰ ਬਿਰਧ ਆਸ਼ਰਮ ਦੇ ਕੁੰਭੀ ਨਰਕ ਦੇ ਰਾਹੇ ਜ਼ਰੂਰ ਪਾਵੇਗੀ।"

ਇਹ ਕਹਿੰਦਿਆਂ-ਕਹਿੰਦਿਆਂ ਸੰਤਾਂ ਦਾ ਗੱਚ ਭਰ ਆਇਆ ਅਤੇ ਗੱਦੀ ਤੋਂ ਉਠ ਕੇ ਜਾਂਦਿਆਂ, ਸਮੁੱਚੀ ਸੰਗਤ ਦੇ ਮਨਾਂ 'ਤੇ ਇਕ ਸਵਾਲੀਆ ਚਿੰਨ੍ਹ ਖੁਣ ਗਏ, ਜਿਸ ਦਾ ਪ੍ਰਸ਼ਨ ਤੇ ਜਵਾਬ ਖੁਦ ਸੰਗਤ ਸੀ।

ਬੁਢਾਪਾ ਸਾਡੀ ਹੋਂਦ ਦਾ ਮੁੱਢ ਏ। ਸਾਡੀਆਂ ਪ੍ਰਾਪਤੀਆਂ ਦਾ ਜ਼ਰਖੇਜ਼ ਬੀਜ ਏ। ਸਾਡੀ ਸਥਾਪਤੀ ਦਾ ਸਿਖਰ ਅਤੇ ਸਾਡੀ ਪਛਾਣ ਦੀ ਪਾਕੀਜ਼ਗੀ ਵੀ।

ਬੁਢਾਪਾ, ਬਾਬੇ ਬੋਹੜ ਦੀ ਸੰਘਣੀ ਛਾਂ ਏ, ਜੋ ਲੂਆਂ ਤੇ ਧੁੱਪਾਂ ਤੋਂ ਬਚਾਉਂਦੀ ਏ, ਬਲਾਵਾਂ ਲਈ ਪਹਿਰਾ ਲਾਉਂਦੀ ਏ ਅਤੇ ਸਾਡੀ ਝੋਲੀ 'ਚ ਸਿਹਤ ਤੇ ਚਿਰੰਜੀਵਤਾ ਦਾ ਸ਼ਗਨ ਪਾਉਂਦੀ ਏ।

ਬੁਢਾਪਾ, ਬੀਤੇ ਸਮਿਆਂ ਦਾ ਸਾਖਸ਼ਾਤ ਇਤਿਹਾਸ ਹੁੰਦਾ ਏ, ਜੋ ਉਨ੍ਹਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ, ਅੱਖੀਂ ਦੇਖਿਆ ਅਤੇ ਸੋਚੀਂ ਸਮਾਇਆ। ਉਹ ਇਤਿਹਾਸ ਦਾ ਸੁਨਹਿਰੀ ਪੰਨਾ ਵੀ ਹੁੰਦੇ ਨੇ ਅਤੇ ਛਿੱਦਿਆ ਹੋਇਆ ਵਰਕਾ ਵੀ।

ਬੁਢਾਪਾ, ਲੰਘੇ ਵਕਤਾਂ ਦਾ ਵੱਗ ਚੁੱਕਾ ਪਾਣੀ ਵੀ ਹੁੰਦਾ ਏ, ਜਿਨ੍ਹਾਂ ਨੇ ਮਾਰੂਥਲਾਂ ਨੂੰ ਭਾਗ ਲਾਏ, ਪਿਆਸਿਆਂ ਦੇ ਹੋਠਾਂ 'ਤੇ ਅੰਮ੍ਰਿਤ ਦੇ ਘੁੱਟ ਟਿਕਾਏ ਅਤੇ ਕਾਇਨਾਤ ਦੇ ਮੂੰਹ 'ਚ ਟੁੱਕਰ ਪਾਏ। ਪਾਣੀ, ਜੋ ਆਪਣੀ ਤਾਸੀਰ ਨਾਲ, ਤਦਬੀਰਾਂ ਬਦਲਣ ਦੇ ਸਮਰੱਥ ਸਨ, ਕਦੇ ਵੀ ਮੁੜ ਕੇ ਵਾਪਸ ਨਾ ਆਏ।

ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਜਿਥੋਂ ਜੀਵਨ ਦੇ ਸਮੁੱਚ ਦੀ ਜੀਣ-ਥੀਣ 'ਚੋਂ ਸਾਰਥਿਕਤਾ ਨੂੰ ਭਾਲਿਆ ਜਾਂਦਾ ਏ। ਬੀਤੇ ਕੱਲ ਦੀਆਂ ਯਾਦਾਂ ਦੀ ਕੰਨੀਂ ਫੜ ਕੇ, ਆਉਣ ਵਾਲੇ ਕੱਲ ਦੀ ਰੌਸ਼ਨ ਆਭਾ ਨੂੰ ਖਿਆਲਿਆ ਜਾਂਦਾ ਏ।

ਬੁਢਾਪਾ, ਬਚਪਨੇ ਦਾ ਪ੍ਰਤੀਬਿੰਬ ਵੀ ਹੁੰਦਾ ਏ, ਜਦੋਂ ਜੀਵਨ ਦੇ ਪਿਛਲੇ ਪਹਿਰ ਤੋਂ ਸਰਘੀ ਤੀਕ ਦਾ ਸੁਪਨਾ ਸਾਕਾਰ ਹੁੰਦਾ ਦੇਖਦੇ ਹਾਂ। ਤਾਹੀਓਂ



ਤਾਂ ਬਜ਼ੁਰਗ, ਬੱਚਿਆਂ ਵਰਗੀਆਂ ਬਚਕਾਨਾ ਹਰਕਤਾਂ 'ਚੋਂ ਆਪਣਾ ਬਚਪਨਾ ਨਿਹਾਰ, ਮਨ 'ਚ ਸੂਖਮ-ਭਾਵੀ ਸਕੂਨ ਦੀ ਸੰਤੁਸ਼ਟੀ ਉਪਜਾਂਦੇ ਨੇ।

ਬੁਢਾਪਾ, ਡੁੱਬਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਹੁੰਦਾ ਏ, ਜੋ ਅੰਬਰ ਦੀ ਹਿੱਕ 'ਚ ਸੂਹੀ ਭਾਅ ਮਾਰਦੀਆਂ, ਦੂਰ-ਦੁਮੇਲ 'ਚੋਂ ਉਗਮਦੀ ਸਰਘੀ ਦਾ ਸੁਨੇਹਾ ਵੀ ਹੁੰਦਾ ਏ ਅਤੇ ਉਨ੍ਹਾਂ ਕਿਰਨਾਂ ਦੇ ਪਰਛਾਵੇਂ 'ਚੋਂ ਉਮਰ ਦਾ ਪਰਛਾਵਾਂ ਵੀ ਝਲਕਦਾ ਏ।

ਬੁਢਾਪਾ, ਦੂਰ ਤੁਰ ਗਏ ਸਰਵਣ ਪੁੱਤਰਾਂ ਦੀ ਵਹਿੰਗੀ ਦੀ ਹੂਕ ਏ ਜੋ ਕੰਧਾੜਿਆਂ ਦੀ ਉਡੀਕ 'ਚ ਸਿਉਂਕੀ ਗਈ ਅਤੇ ਲੰਮੀ ਉਡੀਕ ਦੇ ਰਾਹਾਂ 'ਚ ਹੰਝੂ ਤਰੋਂਕਦੀ, ਲੂਣੀ ਫਿਜ਼ਾ 'ਚ ਸਾਹ ਘਸੀਟ ਰਹੀ ਏ।

ਬੁਢਾਪਾ, ਆਪੇ ਸੰਗ ਰਚਾਇਆ ਜਾ ਰਿਹਾ ਸੰਵਾਦ ਏ, ਕੀਤੀਆਂ ਹੋਈਆਂ ਚੰਗਿਆਈਆਂ ਤੇ ਬੁਰਾਈਆਂ ਦੀ ਮਿੱਠੀ ਜਿਹੀ ਯਾਦ ਏ, ਆਪੇ 'ਚੋਂ ਮਨਫੀ ਹੋਇਆ ਨਿਜੀ ਮੁਫਾਦ ਏ ਅਤੇ ਆਪਣੀ ਅਗਲੇਰੀ ਨਸਲ ਦੀ ਉਤਪਤੀ 'ਚ ਇਕ ਮਿੱਕ ਹੋਇਆ ਜਹਾਦ ਏ।

ਬਿਰਧ ਅਵਸਥਾ ਇਕ ਵਰਦਾਨ ਏ, ਵਰਤਮਾਨ ਦੇ ਵਰਤਾਰਿਆਂ ਤੋਂ ਦੁਖੀ ਵਖਤ ਦੇ ਮਾਰਿਆਂ ਲਈ, ਜੋ ਡਿਗਦਿਆਂ ਲਈ ਸਹਾਰਾ ਵੀ ਲੋੜਦੇ ਨੇ, ਸੋਚਾਂ 'ਚ ਭਰੀਂਦੀਆਂ ਤਲਖੀਆਂ ਵੀ ਹੋੜਦੇ ਨੇ ਅਤੇ ਕੁਲਹਿਣੇ ਵਕਤਾਂ ਦੀ ਅਰਥੀ, ਗੰਗਾ ਦੇ ਪਾਣੀਆਂ 'ਚ ਰੋੜਦੇ ਨੇ।

ਬਿਰਧ ਮਾਂ-ਪਿਓ, ਬਲਦੇ ਬਿਰਖਾਂ ਦੀ ਆਖਰੀ ਝਾਤ ਵਰਗੇ ਹੁੰਦੇ ਨੇ ਜੋ ਨੈਣਾਂ 'ਚ, ਚੁਫੇਰੇ ਫੈਲੇ ਬਾਗ-ਬਗੀਚੇ 'ਚੋਂ ਸੰਤੁਸ਼ਟੀ ਦਾ ਸਿਰਨਾਵਾਂ ਉਘਾੜ, ਸਦਾ ਲਈ ਅਲੋਪ ਹੋਣਾ ਲੋਚਦੇ ਨੇ।

ਬੁਢਾਪਾ, ਬੱਘੀ 'ਤੇ ਸਵਾਰ ਬਾਦਸ਼ਾਹ ਵੀ ਹੁੰਦਾ ਏ ਜੋ ਕਿਸੇ ਵੀ ਅੱਖ ਦਾ ਹੰਝੂ ਦੇਖ, ਨਿਰਵਾਣ ਦੀ ਤਲਾਸ਼ ਕਰਦਾ, ਸਾਹਾਂ ਦੀ ਆਖਰੀ ਪੂੰਜੀ, ਉਸਾਰੂ ਕਾਰਜਾਂ 'ਚ ਖਰਚਣਾ ਲੋਚਦਾ ਏ ਅਤੇ ਸੋਚਾਂ ਵਿਚਲੀ ਕਾਲਖ ਨੂੰ ਚਾਨਣ ਦੀ ਕਾਤਰ ਸੰਗ ਪੋਚਦਾ ਏ।

ਬਿਰਧ ਵਰੇਸ ਵਰ ਏ, ਵਰਤਮਾਨ ਪੀੜ੍ਹੀ ਲਈ, ਕਿਉਂਕਿ ਜ਼ਿੰਦਗੀ ਦੇ ਸਭ ਰੰਗਾਂ ਨੂੰ ਵੇਖਣ, ਪਰਖਣ ਤੇ ਹੰਢਾਉਣ ਬਾਅਦ, ਉਨ੍ਹਾਂ ਨੇ ਜ਼ਿੰਦਗੀ ਨੂੰ ਬਹੁਤ ਨੇੜਿਓਂ ਨੀਝ ਤੇ ਬਾਰੀਕੀ ਨਾਲ ਤੱਕਿਆ ਹੁੰਦਾ ਏ ਅਤੇ ਭਵਿੱਖ, ਉਸ ਤੋਂ ਸੇਧ ਤੇ ਸਿਆਣਪਾਂ ਲੈ, ਜ਼ਿੰਦਗੀ ਨੂੰ ਜ਼ਿੰਦਗੀ ਦੇ ਸੱਚੇ ਅਰਥਾਂ 'ਚ ਜਿਉਣ ਦੀ ਲੋਚਾ ਮਨ 'ਚ ਪੈਦਾ ਕਰ ਸਕਦਾ ਏ। ਬਜ਼ੁਰਗੀ ਤਾਂ ਬੰਦਿਆਈ ਦਾ ਨਾਂ ਏ, ਬੰਦਗੀ ਦੀ ਥਾਂ ਏ ਅਤੇ ਨਿੱਘ ਤੇ ਅਪਣੱਤ 'ਚ ਗਲੇਫੀ ਛਾਂ ਏ।

ਬਜ਼ੁਰਗਾਂ ਨੂੰ ਬਿਰਧ-ਆਸ਼ਰਮ 'ਚ ਬਨਵਾਸ ਦੇ ਕੇ ਤੁਸੀਂ ਉਸ ਸਰਪ੍ਰਸਤੀ ਤੋਂ ਵਾਂਝੇ ਹੋ ਜਾਂਦੇ ਹੋ, ਜਿਹੜੀ ਕਰਮਾਂ ਵਾਲਿਆਂ ਦੇ ਨਸੀਬੀਂ ਹੁੰਦੀ ਏ।

ਬਜ਼ੁਰਗ ਤਾਂ ਬਰਕਤਾਂ ਦੀ ਬਹਿਸ਼ਤ ਨੇ, ਜਿਨ੍ਹਾਂ ਦੇ ਮੁਖੜੇ ਦੀ ਨੂਰਾਨੀ ਭਾਅ 'ਚ ਤੁਹਾਡੀਆਂ ਮਨੋ-ਕਾਮਨਾਵਾਂ ਦੀ ਪੂਰਤੀ ਦੇ ਨਾਲ-ਨਾਲ, ਭਰਪੂਰਤਾ ਦਾ ਅਹਿਸਾਸ ਵੀ ਤੁਹਾਡੇ ਮਨਾਂ 'ਚ ਉਪਜਦਾ ਏ।

ਬਜ਼ੁਰਗ ਤਾਂ ਜਗਦੀ ਜੋਤ ਹੁੰਦੇ ਨੇ ਜਿਨ੍ਹਾਂ ਦੇ ਚਾਨਣ 'ਚ ਜੀਵਨ ਦੀਆਂ ਰਾਹਾਂ ਰੌਸ਼ਨ ਹੋ ਜਾਂਦੀਆਂ ਨੇ ਅਤੇ ਕਦਮ ਆਪ-ਮੁਹਾਰੇ ਨਵੀਆਂ ਪੈੜਾਂ ਦੀ ਨਿਸ਼ਾਨਦੇਹੀ ਕਰਦੇ ਨੇ।

ਬਜ਼ੁਰਗਾਂ ਦੀ ਬਗਲਗੀਰੀ 'ਚੋਂ ਸਮਿਆਂ ਦਾ ਸੱਚ, ਤੁਹਾਡਾ ਨਸੀਬ ਹੁੰਦਾ ਏ, ਆਪਣਾ ਆਪਾ ਤੁਹਾਡੇ ਕਰੀਬ ਹੁੰਦਾ ਏ ਅਤੇ ਬਜ਼ੁਰਗਾਂ ਦੀ ਰਹਿਨੁਮਾਈ ਤੋਂ ਵਿਰਵਾ, ਰਾਜਾ ਵੀ ਗਰੀਬ ਹੁੰਦਾ ਏ।

ਬਜ਼ੁਰਗਾਂ ਦੀ ਅਸੀਸ ਸਦਕਾ ਹੀ, ਅਸੀਂ ਨਵੀਆਂ ਉਪਲਬਧੀਆਂ ਦੀ ਧਰਾਤਲ ਉਸਾਰੀ। ਉਨ੍ਹਾਂ ਦੀ ਹੱਲਾ-ਸ਼ੇਰੀ ਨੇ ਸਾਡੇ ਸੁਪਨਿਆਂ ਦੀ ਸਾਰਥਕਤਾ ਨੂੰ ਸੰਭਵ ਬਣਾਇਆ। ਕਾਲਜ ਵਿਚ ਸਾਇੰਸ ਦੇ ਵਿਸ਼ਿਆਂ ਦੇ ਅੰਗਰੇਜ਼ੀ ਮਾਧਿਅਮ ਕਾਰਨ, ਜਦੋਂ ਮੈਂ ਡੋਲ ਗਿਆ ਅਤੇ ਸਾਇੰਸ ਦੇ ਵਿਸ਼ੇ ਛੱਡ ਆਰਟਸ ਪੜ੍ਹਨ ਲੱਗ ਪਿਆ ਤਾਂ ਪੜ੍ਹਾਈ ਪ੍ਰਤੀ ਸੁਚੇਤ ਮੇਰੇ ਮਾਮਾ ਜੀ ਦੀ ਹੌਸਲਾ ਅਫਜਾਈ ਤੇ ਹੱਲਾ-ਸ਼ੇਰੀ ਹੀ ਸੀ ਕਿ ਮੈਂ ਦੁਬਾਰਾ ਸਾਇੰਸ ਦੇ ਵਿਸ਼ਿਆਂ ਨੂੰ ਆਪਣਾ ਨਿਸ਼ਾਨਾ ਮਿੱਥ ਕੇ, ਆਪਣੀ ਮੰਜ਼ਿਲ ਨਿਸ਼ਚਿਤ ਕਰਨ ਲੱਗ ਪਿਆ, ਨਹੀਂ ਤਾਂ ਮੇਰੇ ਤੋਂ ਹੁਸ਼ਿਆਰ, ਮੇਰੇ ਪਿੰਡ ਦੇ, ਮੇਰੇ ਹਾਣੀ, ਬੀ.ਏ. ਤੱਕ ਪਹੁੰਚਣ ਤੋਂ ਪਹਿਲਾਂ ਹੀ ਪੜ੍ਹਾਈ ਨੂੰ ਅਲਵਿਦਾ ਕਹਿ ਗਏ।

ਬਜ਼ੁਰਗਾਂ ਦਾ ਸਤਿਕਾਰ ਕਰੋ। ਉਨ੍ਹਾਂ ਦਾ ਸਤਿਕਾਰ, ਸਾਡਾ ਆਪਣਾ ਸਤਿਕਾਰ ਏ। ਸਾਡੀ ਪਰੰਪਰਾ ਤੇ ਵਿਰਾਸਤ ਦਾ ਸਤਿਕਾਰ ਏ, ਸਾਡੀਆਂ ਸੋਚਾਂ 'ਚ ਉਗਮਿਆ ਸੁਹਜ ਸੰਸਾਰ ਏ, ਖਿਆਲਾਂ 'ਚ ਪਨਪਿਆ ਸ਼ੁਭ ਵਿਚਾਰ ਏ ਅਤੇ ਨਵੀਂ ਪੀੜ੍ਹੀ ਲਈ ਉਸਰਿਆ ਘਰ ਪਰਿਵਾਰ ਏ।

ਸ਼ਾਲਾ! ਸਾਡੇ ਵਡੇਰੇ ਬਜ਼ੁਰਗੀ ਦਾ ਬੱਗਦਰ ਮੋਢਿਆਂ 'ਤੇ ਧਰ, ਸਮਿਆਂ ਦੇ ਵਿਹੜੇ 'ਚ ਸਰਬ-ਸਾਂਝੀਵਾਲਤਾ, ਆਪਸੀ ਮੋਹ ਤੇ ਭਰਾਤਰੀ ਭਾਵ ਵੰਡਦੇ ਰਹਿਣ ਅਤੇ ਸਾਡੇ ਸਿਰਾਂ 'ਤੇ ਆਸ਼ੀਰਵਾਦ ਦੀ ਝੜੀ ਲੱਗੀ ਰਹੇ।

ਹਾੜਾ ਈ! ਬਜ਼ੁਰਗਾਂ ਦੀ ਬਦੌਲਤ, ਬਾਦਸ਼ਾਹੀਆਂ ਮਾਣਦੇ ਬਰਖੁਰਦਾਰੋ, ਉਨ੍ਹਾਂ ਦੇ ਆਖਰੀ ਸਾਹ ਨੂੰ ਆਹ 'ਚ ਨਾ ਬਦਲੋ। ਉਨ੍ਹਾਂ ਦੀ ਮਾਨਸਿਕ ਤ੍ਰਿਪਤੀ 'ਚ ਮਾਨਸਿਕ ਪੀੜਾ ਨਾ ਰਚਾਵੋ ਅਤੇ ਸਦਾ ਸਦਾ ਲਈ ਉਨ੍ਹਾਂ ਦੀ ਫਰਾਖਦਿਲੀ ਅਤੇ ਰਹਿਮਤਾਂ ਦਾ ਚੰਦੋਆ, ਸਿਰਾਂ 'ਤੇ ਸਜਾਵੋ।

# ਘਰ ਵਾਪਸੀ

"ਤੁਹਾਡੇ ਵਡੇਰੇ! ਸਾਡੇ ਧਰਮ ਨਾਲ ਸਬੰਧਤ ਸਨ, ਤੁਹਾਨੂੰ ਪਤੈ? ਉਸ ਸਮੇਂ ਬਾਹਰੋਂ ਆਏ ਧਾੜਵੀਆਂ ਨੇ ਪਹਿਲਾਂ ਕੁਟਿਆ ਫਿਰ ਲੁੱਟਿਆ। ਜ਼ਬਰਦਸਤੀ ਲੋਕਾਂ ਦਾ ਧਰਮ ਬਦਲ ਕੇ ਆਪਦੇ ਧਰਮ 'ਚ ਮਿਲਾ ਲਿਆ।"

"ਉਹ ਤਾਂ ਸ਼ਾਹ ਜੀ ਠੀਕ ਆ, ਜਿਸ ਕੀ ਲਾਠੀ ਉਸੀ ਕੀ ਭੈਂਸ। ਤੁਸੀਂ ਵੀ ਤਾਂ ਉਹ ਹੀ

**ਚਰਨਜੀਤ ਸਿੰਘ ਸਾਹੀ**
**ਫੋਨ: 317-430-6545**

ਕਰ ਰਹੇ ਹੋ, ਕਦੀ ਜ਼ੋਰ, ਕਦੀ ਲਾਲਚ। ਦੱਸੋ ਸਾਡਾ ਕੀ ਫਾਇਦਾ ਕਰੋਂਗੇ? ਅਸੀਂ ਦਸ ਪਰਿਵਾਰ ਆਂ।" ਝੁੱਗੀਆਂ ਵਾਲੇ ਵਿਹੜੇ 'ਚ ਮੰਜੇ ਤੇ ਬੈਠੇ ਬਜ਼ੁਰਗ ਨੇ ਧਰਮ ਬਦਲਣ ਲਈ ਉਕਸਾ ਰਹੇ ਧਰਮ ਸ਼ਾਸਤਰੀ ਨੂੰ ਸਵਾਲ ਕੀਤਾ।

"ਕਿੰਨੇ ਮੈਂਬਰ ਓ?" ਬਾਊ ਨੇ ਮੱਥੇ 'ਤੇ ਸੁੱਕ ਚੁੱਕੇ ਤਿੱਲਕ ਨੂੰ ਖੁਰਚਦਿਆਂ ਪੁਛਿਆ।

"ਮੈਨੂੰ ਗਿਣਤੀ ਨਹੀਂ ਆਉਂਦੀ।" ਬਜ਼ੁਰਗ ਨੇ ਜਵਾਬ ਦਿੱਤਾ।

"ਫਿਰ ਕੌਣ ਦੱਸੂ?"

"ਅਸੀਂ ਗਰੀਬ ਕਿਹੜਾ ਪੜ੍ਹੇ-ਲਿਖੇ ਹਾਂ, ਸ਼ਾਹ ਜੀ! ਉਰੇ ਆ ਉਏ ਰਫੀਕ...।" ਬਜ਼ੁਰਗ ਨੇ ਮਾੜਕੂ ਜਿਹੇ ਮੁੰਡੇ ਨੂੰ ਬੁਲਾਇਆ, ਜੋ ਆਪਣੇ ਤੋਂ ਵੀ ਉਚਾ ਸਾਈਕਲ ਖਿੱਚੀ ਲਈ ਜਾ ਰਿਹਾ ਸੀ ਤੇ ਹੈਂਡਲ ਦੇ ਇਕ ਪਾਸੇ ਸਿਲਵਰ ਦਾ ਡੋਲੂ, ਜਿਸ 'ਚੋਂ ਭਾਫ ਨਿਕਲ ਰਹੀ ਸੀ ਤੇ ਦੂਜੇ ਪਾਸੇ ਮੈਲੇ ਜਿਹੇ ਕਪੜੇ 'ਚ ਰੋਟੀਆਂ ਬੰਨ ਕੇ ਲਮਕਾਈਆਂ ਲੱਗਦੀਆਂ ਸਨ।

ਰਫੀਕ ਬੋਲਿਆ, "ਹਾਂ ਦਾਦੂ, ਕੀ ਆ?"

"ਪੁੱਤ! ਆਹ ਬਾਊ ਨੂੰ ਦੱਸ ਆਪਾਂ ਸਾਰੇ ਝੁੱਗੀਆਂ ਆਲੇ ਕਿੰਨੇ ਹੋਵਾਂਗੇ।"

"ਕਿਉਂ?" ਮੁੰਡੇ ਨੇ ਸਵਾਲ ਕੀਤਾ।

"ਉਏ ਕਾਕਾ ਸਵਾਲ ਨਹੀਂ ਕਰੀਦੇ।" ਬਾਊ ਨੇ ਮੁੰਡੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਦਾਦੂ ਦੱਸਾਂ ਫਿਰ?"

"ਆਹੋ, ਪਤੰਦਰਾ ਦੱਸ ਦੇਹ।" ਬਜ਼ੁਰਗ ਨੇ ਥੋੜਾ ਘੂਰ ਕੇ ਕਿਹਾ।

ਰਫੀਕ ਨੂੰ ਉਹਦੇ ਪਿਓ ਨੇ ਪੰਜਵੀਂ ਜਮਾਤ 'ਚੋਂ ਪੜ੍ਹਨੋਂ ਹਟਾ ਆਪਣੇ ਨਾਲ ਭੱਠੇ 'ਤੇ ਇੱਟਾਂ ਪੱਥਣ ਲਾ ਲਿਆ ਸੀ। ਮੁੰਡੇ ਨੇ ਗਿਣਤੀ ਸ਼ੁਰੂ ਕੀਤੀ, "ਤਾਏ ਦੇ ਕੁੱਲ ਸੱਤ, ਚਾਚੇ ਦੇ ਛੀ...।" ਫਿਰ ਉਹਨੇ ਮੂੰਹ 'ਚ ਬੁੜ ਬੁੜ ਕਰਕੇ ਗਿਣਨੇ ਸ਼ੁਰੂ ਕਰ ਦਿੱਤੇ, "ਤੇਈ...ਤੇਈ, ਪੈਂਤੀ...ਪੈਂਤੀ, ਬਤਾਲੀ...ਦਾਦੂ ਕੋਈ ਜੁਆਕਾਂ ਸਣੇ ਆਪਾਂ ਪਝੰਤਰ ਕੁ ਹੋਵਾਂਗੇ।"

"ਚੱਲ ਤੂੰ ਜਾਹ ਹੁਣ, ਚਾਹ ਠੰਡੀ ਹੋ ਜਾਊ ਪੁੱਤ!" ਬਜ਼ੁਰਗ ਨੇ ਮੁੰਡੇ ਨੂੰ ਤੋਰ ਦਿੱਤਾ ਤੇ ਮੁੰਡਾ ਬਾਊ ਵੱਲ ਕੈਰਾ ਜਿਹਾ ਝਾਕਦਾ ਚਲਾ ਗਿਆ।

"ਲੈ ਬਜ਼ੁਰਗਾ! ਹਰ ਘਰ ਨੂੰ ਮਿਲੂ ਬੋਰੀ ਬੋਰੀ ਕਣਕ ਦੀ।"

"ਅੱਛਾ!" ਕਹਿ ਬਜ਼ੁਰਗ ਦੀਆਂ ਅੱਖਾਂ ਟੱਡੀਆਂ ਗਈਆਂ।

"ਹੋਰ ਸੁਣ, ਦਸ ਦਸ ਕਿੱਲੋ ਦਾਲ, ਹੋਰ ਖੰਡ-ਪੱਤੀ, ਕੱਪੜਾ-ਲੱਤਾ। ਮੈਂ ਨੇਤਾ ਜੀ ਨਾਲ ਗੱਲ ਕਰੂੰ, ਕੋਸ਼ਿਸ਼ ਕਰਾਂਗੇ ਹਰ ਘਰ ਦੇ ਵੱਡੇ ਨੂੰ ਪੈਨਸ਼ਨ ਲਵਾ ਦਈਏ ਪਰ ਜਿੰਮੇਵਾਰੀ ਤੇਰੀ ਆ ਕਿ ਸਾਰੇ ਮੈਂਬਰ ਇਕ ਦਿਨ ਛੁੱਟੀ ਕਰਨ, ਹਾਂ! ਮੈਂ ਆਪਣੇ ਨਾਲ ਲਿਆਉਂ ਹਵਨ ਕਰਨ ਵਾਲੇ ਮੈਂਬਰ, ਆਪਾਂ ਲਾਵਾਂਗੇ ਪੰਡਾਲ, ਸਾਰਿਆਂ ਦੀ ਕਰਾਂਗੇ ਘਰ ਵਾਪਸੀ।"

"ਉਹ ਤਾਂ ਠੀਕ ਆ ਸ਼ਾਹ ਜੀ, ਪਹਿਲਾਂ ਆਹ ਰਾਸ਼ਨ ਤੇ ਸਮਾਨ ਪਹੁੰਚਦਾ ਕਰੋ।"

"ਬਜ਼ੁਰਗਾ, ਬੇਇਤਬਾਰੀ ਆ? ਪਹੁੰਚਾ ਦਿੰਨੇ ਆਂ ਇਕ ਅੱਧੇ ਦਿਨ 'ਚ।"

"ਨਹੀਂ, ਨਹੀਂ। ਫਿਰ ਲਾਰੇ ਹੀ ਰਹਿ ਜਾਣੇ ਆ...ਜੁਆਕ ਸਾਡੇ ਕਈ ਦਿਨਾਂ ਦੇ ਭੁੱਖੇ ਭਾਣੇ, ਉਪਰੋਂ ਆਹ ਬਰਸਾਤਾਂ ਨੇ ਕੋਈ ਦਿਹਾੜੀ ਨਹੀਂ ਲੱਗਣ ਦਿੱਤੀ।"

"ਹੋਰ ਕੰਮ ਕਾਰ ਜਾਂ ਨੌਕਰੀ-ਨੂਕਰੀ ਨ੍ਹੀਂ ਕਰਦਾ ਕੋਈ?" ਬਾਊ ਨੇ ਸਵਾਲ ਕੀਤਾ।

"ਮੈਂ ਤਾਂ ਆਪਣੀ ਹੋਸ਼ 'ਚ ਪਹਿਲਾਂ ਆਪਣੇ ਦਾਦੇ ਨੂੰ, ਫੇਰ ਪਿਉ ਨੂੰ, ਹੁਣ ਆਪ ਆਹੀ ਭੱਠ ਝੋਕਦੇ ਦੇਖਿਆ। ਰਾਤੀਂ ਖਾ ਲਈ, ਅਗਲੇ ਦਿਨ ਦਾ ਫਿਕਰ। ਬੱਸ ਰੋਟੀ ਦਾ ਮੱਕੜਜਾਲ...ਇਹ ਵੀ ਮੁਸ਼ਕਲ ਨਾਲ ਚਲਦੀ ਆ, ਹੱਡ ਭੰਨਵੀਂ ਮਿਹਨਤ ਕਰਕੇ। ਪੜ੍ਹਨਾ-ਪੜ੍ਹਾਉਣਾ ਤਾਂ ਕਿਹਨੇ...ਜੇ ਰੋਟੀ ਦੇ ਮਸਲੇ ਹੱਲ ਹੋਣਗੇ ਤਾਂ ਕੁੱਝ ਹੋਰ ਸੋਚਾਂਗੇ।"

"ਠੀਕ ਆ, ਠੀਕ ਆ! ਐਵੇਂ ਦੱਸਿਓ ਨਾ ਕਿਸੇ ਨੂੰ, ਆਪਣੇ ਡੇਰੇ ਤੋਂ ਬਗੈਰ।" ਬਾਊ ਨੇ ਬਜ਼ੁਰਗ ਦੀ ਗੱਲ ਟੋਕਦਿਆਂ ਖਬਰਦਾਰ ਕੀਤਾ।

"ਜੋ ਮਰਜੀ ਕਰਾ ਲਿਉ ਹਵਨ ਕਰਕੇ, ਧਰਮ ਕਿਹੜਾ ਢਿੱਡ ਭਰਦਾ, ਕੋਈ ਹੋਵੇ! ਜਿੱਦਣ ਦਾਣੇ ਮੁੱਕ ਗਏ, ਭਾਵੇਂ ਹੋਰ ਹਵਨ ਕਰਕੇ ਜਿੱਥੇ ਮਰਜੀ ਘਰ ਵਾਪਸੀ ਕਰ ਦਿਉ, ਐਨਾ ਸਮਾਨ ਹੋਰ ਦੇ ਜਾਇਉ।" ਬਾਊ ਦੇ ਤੁਰਨ ਲੱਗਿਆਂ ਬਜ਼ੁਰਗ ਨੇ ਆਖਿਆ।

ਮਨ 'ਚ ਜੇਤੂ ਬਣੀ ਸੋਚ ਲਈ ਬਾਊ ਸਕੂਟਰ ਨੂੰ ਕਿੱਕ ਮਾਰ ਦੂਰ ਤੱਕ ਧੂੜ ਉਡਾਉਂਦਾ ਚਲਾ ਗਿਆ।

ਹਵਨ ਦੇ ਦਿਨ ਤੋਂ ਪਹਿਲਾਂ ਹੀ ਝੁੱਗੀਆਂ ਵਾਲਿਆਂ ਦੇ ਆਪਣੇ ਧਰਮ ਦੇ ਸ਼ਹਿਰੀ ਅਮੀਰ ਠੇਕੇਦਾਰਾਂ ਨੂੰ ਸੂਹ ਮਿਲ ਗਈ। ਉਹ ਅਲੀ ਅਲੀ ਕਰਦੇ ਝੁੱਗੀਆਂ ਵਾਲੇ ਡੇਰੇ ਆ ਪਹੁੰਚੇ। ਉਹੀ ਬਜ਼ੁਰਗ ਮੰਜੇ 'ਤੇ ਬੈਠਾ ਬੋਲਿਆ, "ਆਉ ਜਵਾਨੋ! ਪਛਾਣਿਆ ਨਹੀਂ ਮੈਂ?"

ਇਕ ਲੰਮਾ-ਝੰਮਾ ਜਵਾਨ ਮੁੰਡਾ ਦਸ ਕੁ ਬੰਦਿਆਂ 'ਚੋਂ ਅੱਗੇ ਹੋ ਕੇ ਕਹਿਣ ਲੱਗਾ, "ਮੀਆਂ ਤੇਰੀ ਮੱਤ ਮਾਰੀ ਗਈ, ਅੱਲਾ ਵੱਲ ਪਿੱਠ ਕਰਨ ਲੱਗਾਂ। ਸਾਨੂੰ ਪਤਾ ਲੱਗਾ ਤੂੰ ਆਪ ਤੇ ਬਾਕੀ ਡੇਰੇ ਨੂੰ ਕਾਫਰ ਬਣਾਉਣ ਦੀ ਸੋਚੀ ਬੈਠਾਂ...ਕੀ ਲਾਲਚ ਦੇ ਗਏ?"

"ਅੱਛਾ! ਤੁਹਾਨੂੰ ਖਬਰ ਮਿਲ ਗਈ?" ਬਜ਼ੁਰਗ ਨੇ ਬੜੇ ਠਰੰਮੇ ਨਾਲ ਪੁਛਿਆ।

"ਮੀਆਂ ਅਸੀਂ ਵੀ ਇਥੇ ਈ ਵੱਸਦੇ ਆਂ।"

"ਪਹਿਲਾਂ ਤਾਂ ਤੁਹਾਨੂੰ ਕਦੀ ਵੇਖਿਆ ਨਹੀਂ, ਜਵਾਨੋ! ਫਿਰ ਸੁਣੋ, ਬਾਊ ਵਾਅਦਾ ਕਰਕੇ ਗਿਆ ਸੀ, ਤੁਸੀਂ ਕੀ ਦੇਵੋਂਗੇ...ਕਰਦੇ ਓਂ ਦੁੱਗਣਾ? ਇਨਸਾਨ ਨੂੰ ਰੋਟੀ ਚਾਹੀਦੀ ਏ ਜੀਉਣ ਲਈ, ਧਰਮ ਨੇ ਢਿੱਡ ਨਹੀਂ ਭਰਨਾ, ਭਾਵੇਂ ਕੋਈ ਹੋਵੇ। ਕਰਦੇ ਓਂ ਸਾਡੀ ਰੋਟੀ ਦਾ ਪੱਕਾ ਪ੍ਰਬੰਧ? ਸਾਨੂੰ ਕਿਸੇ ਧਰਮ ਦਾ ਬਣਾ ਦੇਵੋ। ਹੈ ਕੋਈ ਜਵਾਬ!" ਬਜ਼ੁਰਗ ਬੋਲੀ ਜਾ ਰਿਹਾ ਸੀ, ਸਾਰੇ ਨਜ਼ਰਾਂ ਝੁਕਾਈ ਲਾਜਵਾਬ ਹੋਏ ਸੁਣਦੇ ਰਹੇ।




# ਔਰਤ ਕੇਂਦਰਤ ਫਿਲਮ ਦਾ ਰਾਹ ਰੋਕਿਆ

**ਜਗਜੀਤ ਸਿੰਘ ਸੇਖੋਂ**

ਆਪਣੇ ਆਪ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਚਮਚਾ ਆਖਣ ਵਾਲਾ ਫਿਲਮ ਸੈਂਸਰ ਬੋਰਡ ਦਾ ਚੇਅਰਮੈਨ ਪਹਿਲਾਜ ਨਿਹਲਾਨੀ ਇਕ ਵਾਰ ਫਿਰ 'ਸਭਿਆਚਾਰਕ ਪੁਲਸੀਆ' ਬਣ ਗਿਆ ਹੈ। ਇਸ ਨੇ ਫਿਲਮਸਾਜ਼ ਅਲੰਕ੍ਰਿਤਾ ਸ੍ਰੀਵਾਸਤਵ ਦੀ ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਪਾਸ ਕਰਨ ਤੋਂ ਮਨਾ ਕਰ ਦਿੱਤਾ ਹੈ। ਇਸ ਬਾਰੇ ਜਿਹੜਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ, ਉਸ ਵਿਚ ਲਿਖਿਆ ਗਿਆ ਹੈ ਕਿ ਫਿਲਮ ਦੀ ਕਹਾਣੀ ਔਰਤਾਂ 'ਤੇ ਕੇਂਦਰਤ ਹੈ, ਇਹ ਇਨ੍ਹਾਂ ਦੀ ਅਸਲ ਜ਼ਿੰਦਗੀ ਨਾਲੋਂ ਫੈਂਟੇਸੀ ਜ਼ਿਆਦਾ ਹੈ। ਫਿਲਮ ਵਿਚ ਅਸ਼ਲੀਲ ਦ੍ਰਿਸ਼ ਅਤੇ ਗਾਲ੍ਹਾਂ ਹਨ, ਨਾਲ ਹੀ ਇਕ ਖਾਸ ਸਮਾਜ ਬਾਰੇ ਟਿੱਪਣੀਆਂ ਵੀ ਹਨ, ਇਸ ਲਈ ਫਿਲਮ ਪਾਸ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ...।




ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਉਘੇ ਫਿਲਮਸਾਜ਼ ਪ੍ਰਕਾਸ਼ ਝਾਅ ਦੇ ਪ੍ਰੋਡੈਕਸ਼ਨ ਹਾਊਸ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਵਿਚ ਕੋਨਕਨਾ ਸੇਨ ਸ਼ਰਮਾ, ਰਤਨਾ ਪਾਠਕ, ਆਹਨਾ ਕੁਮਰਾ, ਸੁਸ਼ਾਂਤ ਸਿੰਘ ਆਦਿ ਕਲਾਕਾਰਾਂ ਨੇ ਵੱਖ-ਵੱਖ ਕਿਰਦਾਰ ਬਹੁਤ ਖੁਬਸੂਰਤੀ ਨਿਭਾਏ ਹਨ। ਇਹ ਫਿਲਮ ਪਿਛਲੇ ਸਾਲ ਮੁੰਬਈ ਵਿਚ 20 ਤੋਂ 27 ਅਕਤੂਬਰ ਤੱਕ ਲੱਗੇ ਮੁੰਬਈ ਫਿਲਮ ਮੇਲੇ ਅਤੇ 25 ਅਕਤੂਬਰ ਤੋਂ 3 ਨਵੰਬਰ 2016 ਤੱਕ ਲੱਗੇ ਟੋਕੀਓ ਫਿਲਮ ਮੇਲੇ ਵਿਚ ਵੀ ਦਿਖਾਈ ਗਈ। ਦੋਹਾਂ ਹੀ ਮੇਲਿਆਂ ਵਿਚ ਇਸ ਫਿਲਮ ਦੀ ਖੂਬ ਚਰਚਾ ਹੋਈ ਅਤੇ ਸਾਰਿਆਂ ਨੇ ਅਲੰਕ੍ਰਿਤਾ ਸ੍ਰੀਵਾਸਤਵ ਦੇ ਕੰਮ ਦੀ ਤਾਰੀਫ ਕੀਤੀ ਸੀ। ਪ੍ਰਕਾਸ਼ ਝਾਅ ਦਾ ਕਹਿਣਾ ਹੈ ਕਿ ਅਲੰਕ੍ਰਿਤਾ ਉਸ ਦੇ ਸਭ ਤੋਂ ਕਾਬਲ ਐਸੋਸੀਏਟਾਂ ਵਿਚੋਂ ਇਕ ਹੈ। ਇਹ ਫਿਲਮ ਚਾਰ ਔਰਤਾਂ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ। ਇਨ੍ਹਾਂ ਵਿਚੋਂ ਇਕ ਬੁਰਕਾ ਪਾ ਕੇ ਕਾਲਜ ਜਾਂਦੀ ਕੁੜੀ, ਦੂਜੀ ਨੌਜਵਾਨ ਬਿਊਟੀਸ਼ੀਅਨ ਹੈ, ਤੀਜੀ ਤਿੰਨ ਬੱਚਿਆਂ ਦੀ ਮਾਂ ਹੈ ਅਤੇ ਚੌਥੀ 55 ਸਾਲ ਦੀ ਵਿਧਵਾ ਹੈ। ਇਹ ਸਾਰੀਆਂ ਔਰਤਾਂ ਵੱਖ-ਵੱਖ ਮੋੜਾਂ 'ਤੇ ਆਪਣੇ ਪਿਆਰ ਦਾ ਇਜ਼ਹਾਰ ਕਰਦੀਆਂ ਹਨ।

ਉਘੇ ਫ਼ਿਲਮਸਾਜ਼ ਸ਼ਿਆਮ ਬੈਨੇਗਲ, ਸੁਧੀਰ ਮਿਸ਼ਰਾ, ਨੀਰਜ ਘੇਵਨ ਅਤੇ ਹੋਰ ਹਸਤੀਆਂ ਨੇ ਕੇਂਦਰੀ ਫ਼ਿਲਮ ਸਰਟੀਫਿਕੇਸ਼ਨ ਬੋਰਡ (ਸੀ ਬੀ ਐਫ ਸੀ) ਵੱਲੋਂ 'ਲਿਪਸਟਿਕ ਅੰਡਰ ਮਾਈ ਬੁਰਕਾ' ਨੂੰ ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਸ਼ਿਆਮ ਬੈਨੇਗਲ ਨੇ ਸਾਫ ਕਿਹਾ ਹੈ- "ਸੈਂਸਰ ਬੋਰਡ ਨੂੰ ਫ਼ਿਲਮ ਸੈਂਸਰ ਕਰਨ ਦੀ ਥਾਂ ਸਰਟੀਫਿਕੇਟ ਦੇਣਾ ਚਾਹੀਦਾ ਹੈ। ਮੈਂ ਫ਼ਿਲਮਾਂ ਨੂੰ ਸੈਂਸਰ ਕੀਤੇ ਜਾਣ ਦੇ ਖ਼ਿਲਾਫ਼ ਹਾਂ। ਕਿਸੇ ਫ਼ਿਲਮ ਨੂੰ ਰਿਲੀਜ਼ ਹੋਣ ਤੋਂ ਰੋਕਣਾ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ।" ਸੁਧੀਰ ਮਿਸ਼ਰਾ ਮੁਤਾਬਕ, ਬੋਰਡ ਕੋਲ ਕਾਬਲ ਅਤੇ ਨੌਜਵਾਨ ਨਿਰਦੇਸ਼ਕਾਂ ਨੂੰ ਆਪਣਾ ਹੁਨਰ ਦਿਖਾਉਣ ਤੋਂ ਰੋਕਣ ਦਾ ਕੋਈ ਅਧਿਕਾਰ ਨਹੀਂ। ਫਿਲਮ 'ਮਸਾਨ' ਵਾਲੇ ਫ਼ਿਲਮਸਾਜ਼ ਨੀਰਜ ਘੇਵਨ ਕਿਹਾ ਹੈ ਕਿ ਜਿਸ ਫਿਲਮ ਨੇ ਲਿੰਗ ਬਰਾਬਰੀ ਲਈ ਇਨਾਮ ਜਿੱਤਿਆ, ਉਸ ਨੂੰ 'ਔਰਤਾਂ ਪੱਖੀ' ਦੱਸ ਕੇ ਦਬਾਇਆ ਜਾ ਰਿਹਾ ਹੈ। ਯਾਦ ਰਹੇ ਕਿ ਸ਼ਿਆਮ ਬੈਨੇਗਲ ਕਮੇਟੀ ਦੀਆਂ ਸਿਫਾਰਿਸ਼ਾਂ ਸਰਕਾਰ ਨੇ ਅਜੇ ਤੱਕ ਲਾਗੂ ਨਹੀਂ ਕੀਤੀਆਂ ਹਨ।





# ਕਲਾ ਦੀ ਉਡਾਣ ਅਤੇ ਸਿਆਸਤ ਦਾ ਪਿੰਜਰਾ

**ਆਮਨਾ ਕੌਰ**


ਮਹੀਰਾ ਖਾਨ

ਪਾਕਿਸਤਾਨੀ ਟੈਲੀਵਿਜ਼ਨ ਲੜੀਵਾਰ 'ਹਮਸਫ਼ਰ' ਨਾਲ ਜੱਗ-ਜਹਾਨ ਦਾ ਧਿਆਨ ਖਿੱਚਣ ਵਾਲੀ ਅਦਾਕਾਰਾ ਮਹੀਰਾ ਖਾਨ ਦੀ ਹਿੰਦੀ ਫਿਲਮਾਂ ਦੀ ਉਡਾਣ ਫਿਲਹਾਲ ਅਧੂਰੀ ਹੀ ਰਹਿ ਗਈ ਹੈ। ਕੁਝ ਸਾਲ ਪਹਿਲਾਂ ਉਸ ਨੇ ਉਰਦੂ ਪਾਕਿਸਤਾਨੀ ਫਿਲਮ 'ਬੋਲ' ਰਾਹੀਂ ਭਾਰਤੀ ਦਰਸ਼ਕਾਂ ਦਾ ਧਿਆਨ ਖਿੱਚਿਆ ਸੀ। ਯਾਦ ਰਹੇ ਕਿ ਇਹ ਪਾਕਿਸਤਾਨੀ ਫਿਲਮ ਭਾਰਤ ਵਿਚ ਬਾਕਾਇਦਾ ਰਿਲੀਜ਼ ਹੋਈ ਸੀ ਅਤੇ ਇਸ ਦੀ ਤਾਰੀਫ਼ ਵੀ ਖੂਬ ਹੋਈ ਸੀ। ਫਿਰ ਜਦੋਂ ਮਹੀਰਾ ਖਾਨ ਨੂੰ ਹਿੰਦੀ ਫਿਲਮਾਂ ਦੇ ਸਟਾਰ ਅਦਾਕਾਰਾ ਸ਼ਾਹਰੁਖ ਖਾਨ ਨਾਲ ਫਿਲਮ 'ਰਈਸ' ਮਿਲੀ ਤਾਂ ਉਸ ਦੇ ਵਾਰੇ-ਨਿਆਰੇ ਹੋ ਗਏ। ਸਭ ਨੂੰ ਜਾਪ ਰਿਹਾ ਸੀ ਕਿ ਇਹ ਕਲਾਕਾਰ ਹੁਣ ਹਿੰਦੀ ਫਿਲਮਾਂ ਵਿਚ ਉਚੀ ਉਡਾਣ ਭਰੇਗੀ; ਪਰ ਇਸੇ ਦੌਰਾਨ ਉੜੀ (ਜੰਮੂ ਕਸ਼ਮੀਰ) ਵਿਚ ਭਾਰਤੀ ਫੌਜ ਦੇ ਕੈਂਪ ਉਤੇ ਦਹਿਸ਼ਤੀ ਹਮਲੇ ਨੇ ਸਾਰਾ ਕੁਝ ਉਲਟ ਪੁਲਟ ਕਰ ਦਿੱਤਾ। ਭਾਰਤ ਦੀਆਂ ਹਿੰਦੂਤਵੀ ਜਥੇਬੰਦੀਆਂ ਜੋ ਧਰਮ ਦੇ ਆਧਾਰ 'ਤੇ ਅਕਸਰ ਜ਼ਹਿਰ ਉਗਲਦੀਆਂ ਰਹਿੰਦੀਆਂ ਹਨ ਅਤੇ ਪਾਕਿਸਤਾਨ ਦਾ ਨਾਂ ਵਰਤ ਕੇ ਅਕਸਰ ਆਪਣੀ ਸਿਆਸਤ ਚਲਾਉਂਦੀਆਂ ਹਨ, ਨੇ ਪਾਕਿਸਤਾਨੀ ਕਲਾਕਾਰਾਂ ਖਿਲਾਫ਼ ਮੁਹਿੰਮ ਵਿਢ ਲਈ। ਇਨ੍ਹਾਂ ਦੀਆਂ ਫਿਲਮਾਂ ਰਿਲੀਜ਼ ਤੱਕ ਨਾ ਹੋਣ ਦਿੱਤੀਆਂ। ਕਰਨ ਜੌਹਰ ਅਤੇ ਹੋਰ ਫਿਲਮ ਨਿਰਦੇਸ਼ਕਾਂ ਉਤੇ ਉਦੋਂ ਇੰਨਾ ਜ਼ਿਆਦਾ ਜ਼ੋਰ ਪਿਆ ਕਿ ਇਨ੍ਹਾਂ ਨੂੰ ਇਹ ਕਹਿਣਾ ਪਿਆ ਕਿ ਅਗਾਂਹ ਤੋਂ ਇਹ ਪਾਕਿਸਤਾਨੀ ਕਲਾਕਾਰਾਂ ਨੂੰ ਕੰਮ ਨਹੀਂ ਦੇਣਗੇ। ਇਸ ਦਾ ਸਭ ਤੋਂ ਵੱਧ ਨੁਕਸਾਨ ਮਹੀਰਾ ਖਾਨ ਅਤੇ ਉਸ ਦੇ 'ਹਮਸਫ਼ਰ' ਲੜੀਵਾਰ ਵਾਲੇ ਸਹਿ-ਕਲਾਕਾਰ ਫਵਾਦ ਖਾਨ ਨੂੰ ਹੋਇਆ। ਭਾਰਤ ਦੀਆਂ ਕੁਝ ਸੰਜੀਦਾ ਫਿਲਮ ਹਸਤੀਆਂ ਨੇ ਇਸ ਵਿਰੋਧ ਨਾਲ ਤਕੜਾ ਵਿਰੋਧ ਕੀਤਾ। ਇਨ੍ਹਾਂ ਵਿਚ ਮਹੇਸ਼ ਭੱਟ ਅਤੇ ਉਸ ਦਾ ਭਰਾ ਮੁਕੇਸ਼ ਭੱਟ ਵੀ ਸ਼ਾਮਲ ਸਨ। ਹੁਣ ਮਹੇਸ਼ ਭੱਟ ਭਾਰਤ ਅਤੇ ਪਕਿਸਤਾਨ ਵਿਚਕਾਰ ਆਪਸੀ ਸਾਂਝ ਨੂੰ ਦਰਸਾਉਂਦਾ ਇਕ ਗੀਤ ਤਿਆਰ ਕਰ ਰਿਹਾ ਹੈ। ਇਸ ਗੀਤ ਲਈ ਮਹੇਸ਼ ਭੱਟ ਨੇ ਕੁਝ ਪਾਕਿਸਤਾਨੀ ਗਾਇਕਾਂ ਨਾਲ ਰਾਬਤਾ ਬਣਾਇਆ ਹੈ। ਇਨ੍ਹਾਂ ਵਿਚੋਂ ਸ਼ਫ਼ਕਤ ਅਮਾਨਤ ਅਲੀ ਨੇ ਮਹੇਸ਼ ਭੱਟ ਦੀ ਇਹ ਪੇਸ਼ਕਸ ਸਵੀਕਾਰ ਵੀ ਕਰ ਲਈ ਹੈ। ਨਾਲ ਹੀ ਐਲਾਨ ਕੀਤਾ ਹੈ ਕਿ ਉਹ ਬਿਨਾਂ ਕਿਸੇ ਫ਼ੀਸ ਤੋਂ ਇਸ ਪ੍ਰੋਜੈਕਟ ਲਈ ਕੰਮ ਕਰੇਗਾ। ਸ਼ਫ਼ਕਤ ਤੋਂ ਇਲਾਵਾ ਮਹੇਸ਼ ਭੱਟ ਨੇ ਅਲੀ ਜ਼ਫ਼ਰ ਤੱਕ ਵੀ ਪਹੁੰਚ ਕੀਤੀ ਸੀ। ਉਸ ਨੇ ਨੇ ਵੀ ਹਾਂ-ਪੱਖੀ ਹੁੰਗਾਰਾ ਭਰਿਆ ਸੀ। ਇਸ ਪ੍ਰੋਜੈਕਟ ਨਾਲ ਦਿੱਲੀ ਦੇ ਪਿਛੋਕੜ ਵਾਲਾ ਅਦਾਕਾਰ ਇਮਰਾਨ ਜਾਹਿਦ ਵੀ ਜੁੜਿਆ ਹੋਇਆ ਹੈ। ਯਾਦ ਰਹੇ ਕਿ ਇਹ ਗਾਣਾ ਨਾਟਕ 'ਮਿਲਨੇ ਦੋ' ਦਾ ਹਿੱਸਾ ਹੈ ਜਿਸ ਦਾ ਮੰਚਣ ਦਿੱਲੀ ਵਿਚ 8 ਜੂਨ ਨੂੰ ਅਤੇ ਮੁੰਬਈ ਵਿਚ 23 ਜੂਨ ਨੂੰ ਕੀਤਾ ਜਾ ਰਿਹਾ ਹੈ। ਇਹ ਨਾਟਕ ਭਾਰਤ ਅਤੇ ਪਾਕਿਸਤਾਨ ਦੇ ਪਿਛੋਕੜ ਅਤੇ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ।


ਫਵਾਦ ਖਾਨ


ਮਹੇਸ਼ ਭੱਟ

ਨਿਰਵਿਘਨ ਪ੍ਰਕਾਸ਼ਨ ਦਾ 18ਵਾਂ ਸਾਲ (ਪਹਿਲੀ ਜਨਵਰੀ 2000-2017)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 17ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 25 ਮਾਰਚ 2017 ਸਨਿਚਰਵਾਰ ਸ਼ਾਮੀ 6:30 ਵਜੇ

**The Cotillion**

360 South Creek Side,
Palatine, IL 60074
*(Route 14 & 1/2 Block West of 53)*

Limited Seats, Reserve Your Seat.



ਗਾਇਕ ਤਾਰਾ ਮੁਲਤਾਨੀ ਗੀਤਾਂ ਦੀ ਛਹਿਬਰ ਲਾਉਣਗੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਮੁੱਖ ਮਹਿਮਾਨ




ਸ. ਰਘਬੀਰ ਸਿੰਘ ਘੁੰਨ (ਟੈਕਸਸ)
ਮੁੱਖ ਸਪਾਂਸਰ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ
ਮੁੱਖ ਸਪਾਂਸਰ


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ



ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ




ਬਲਵਿੰਦਰ ਕੌਰ (ਨਿੱਕੀ) ਸੇਖੋਂ




ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਹਰਜੀਤ ਸਿੰਘ ਸਾਹੀ



ਬਲਵਿੰਦਰ ਸਿੰਘ ਸੰਧੂ



ਜਗਦੀਸ਼ ਸਿੰਘ ਕਲੇਰ



ਡਾ. ਹਰਗੁਰਮੁਖਪਾਲ ਸਿੰਘ



ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ



ਰਾਜਿੰਦਰ ਸਿੰਘ ਬੈਂਸ



ਜੈਦੇਵ ਸਿੰਘ ਭੱਠਲ



ਜੱਸੀ ਗਿੱਲ




ਦਰਸ਼ਨ ਸਿੰਘ ਗਰੇਵਾਲ



ਸਰਵਣ ਸਿੰਘ ਟਿਵਾਣਾ



ਮਨਦੀਪ ਸਿੰਘ ਭੁਰਾ



ਅਯੁਧਿਆ ਸਲਵਾਨ

ਪੰਜਾਬ ਟਾਈਮਜ਼
Ph: 847-359-0746

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*